BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

22KT GOLD
ANTIQUE JEWELRY
Regal Jewels
773-262-4377 BUY OR ORDER ONLINE 773-517-0574
www.Regaljewels.com

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 36; September 7, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਹੁਣ ਦੀ ਮੰਗ ਭਖੀ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਖ਼ਿਲਾਫ਼ ਲੱਗੇ ਦੋਸ਼ਾਂ ਤਹਿਤ ਤਨਖ਼ਾਹੀਆ ਕਰਾਰ ਦੇਣ ਤੋਂ ਬਾਅਦ ਉਸ ਨੂੰ ਪ੍ਰਧਾਨਗੀ ਦੀ ਕੁਰਸੀ ਤੋਂ ਲਾਂਭੇ ਕਰਨ ਦੀ ਮੰਗ ਨੇ ਜ਼ੋਰ ਫੜ ਲਿਆ ਹੈ। ਅਕਾਲੀ ਦਲ ਦੇ ਬਾਗੀ ਧੜੇ ਦੇ ਆਗੂ ਅਤੇ ਸਾਬਕਾ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦੇਣ ਤੋਂ ਬਾਅਦ ਹੁਣ ਸੁਖਬੀਰ ਸਿੰਘ ਬਾਦਲ ਨੂੰ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਕਰਨ ਦਾ ਕੋਈ ਹੱਕ ਨਹੀਂ। ਪੰਜ ਸਿੰਘ ਸਾਹਿਬਾਨ ਅਤੇ ਅਕਾਲ ਤਖਤ ਦੇ ਫੈਸਲੇ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਹੁਣ ਪੰਥ ਦੇ ਆਗੂ ਨਹੀਂ ਰਹੇ, ਇਸ ਲਈ ਉਨ੍ਹਾਂ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਲਾਂਭੇ ਕਰਨਾ ਜ਼ਰੂਰੀ ਹੈ।



ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ‘ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੁਖਬੀਰ ਨੂੰ ਪਾਰਟੀ ਦੇ ਪ੍ਰਧਾਨਗੀ ਅਹੁਦੇ ਤੋਂ ਤੁਰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਸੁਖਬੀਰ ਸਿੰਘ ਬਾਦਲ ਨੇ ਜੋ ਗੁਨਾਹ ਅਤੇ ਗਲਤੀਆਂ ਕੀਤੀਆਂ ਸਨ, ਉਸ ਨਾਲ ਮਰਿਆਦਾ ਨੂੰ ਢਾਹ ਲੱਗੀ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਨੁਕਸਾਨ ਹੋਇਆ ਸੀ। ਇਸੇ ਦੌਰਾਨ ਸਿੱਖ ਯੂਥ ਫੈਡਰੇਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸੁਖਬੀਰ ਸਿੰਘ ਬਾਦਲ ਬਾਰੇ ਅਕਾਲ ਤਖ਼ਤ ਤੋਂ ਦਿੱਤੇ ਫ਼ੈਸਲੇ ਬਾਰੇ ਕਿਹਾ ਕਿ ਇਸ ਮਾਮਲੇ ਵਿਚ ਜਥੇਦਾਰਾਂ ਦੀ ਪਰਖ ਦੀ ਘੜੀ ਅਜੇ ਵੀ ਬਾਕੀ ਹੈ। ਸੁਖਬੀਰ ਸਿੰਘ ਬਾਦਲ ਨੂੰ ਉਸ ਵੱਲੋਂ ਕੀਤੇ ਗੁਨਾਹ

*(ਬਾਕੀ ਸਫਾ 6 ‘ਤੇ)*

## ਕਬੱਡੀ ਕੱਪ ਦੀ ਜੇਤੂ ਟੀਮ



ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਵਲੋਂ ਕਰਵਾਏ ਗਏ ਕਬੱਡੀ ਕੱਪ ਦੀ ਜੇਤੂ ‘ਨਾਰਥ ਅਮੈਰਿਕਾ ਹਰਖੋਵਾਲ ਕਬੱਡੀ ਕਲੱਬ’ ਦੀ ਟੀਮ ਨੂੰ ਟਰਾਫੀ ਦਿੰਦੇ ਹੋਏ ਮੇਲੇ ਦੇ ਪ੍ਰਬੰਧਕ। -ਵੇਰਵਾ ਅਤੇ ਹੋਰ ਤਸਵੀਰਾਂ: ਸਫਾ 16 ਅਤੇ 17 ’ਤੇ।

ਘਰ ਦੀ ਵਿਕਰੀ ਅਤੇ ਖਰੀਦ ਲਈ ਅੱਜ ਹੀ ਕਾਲ ਕਰੋ
Buying or Selling Home?
Contact PRADEEP SINGH
COLDWELL BANKER REALTY
SCAN TO BEGIN YOUR HOME SEARCH
847-322-5832
ishowhomes@yahoo.com
1501 E Woodfield Rd Ste 113E, Schaumburg 60173


India Palace Restaurant
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

RESTAURANT SUPPLY
WHOLESALER
ਉਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
RAVI KAPOOR
1125 Howard Street. Elk Grove Village. IL 60007
Ph: 847-979-5970. 847-979-5990. 847-228-0150, pragint@aol.com


Devon COME VISIT US
Regal Jewels
773-262-4377 www.Regaljewels.com
LITTLE INDIA CHICAGO
2625 W. Devon Ave. Chicago. IL 60659
www.Regaljewels.com
PH: 773-262-4377 WA: 773-517-0574

# ‘ਸੰਸਾਰ ਦੀਆਂ ਜੰਗਾਂ ਵਿਚ ਸਿੱਖਾਂ ਦੀਆਂ ਬਹਾਦਰੀਆਂ ਅਤੇ ਕੁਰਬਾਨੀਆਂ’ ਪੁਸਤਕ ਬਾਰੇ ਜਾਗਰੂਕਤਾ




**ਪੁਸਤਕ ‘ਸਿੱਖ ਯੋਧਿਆਂ ਦੀਆਂ ਸੰਸਾਰ ਜੰਗਾਂ ਵਿਚ ਬਹਾਦਰੀਆਂ ਅਤੇ ਕੁਰਬਾਨੀਆਂ’ ਬਾਰੇ ਟੋਰਾਂਟੋ, ਓਂਟਾਰੀਓ, ਕੈਨੇਡਾ ਵਿਖੇ ਜਾਗਰੂਕਤਾ ਪੈਦਾ ਕਰਨ ਵਾਲੇ ਸਮੂਹ ਗੁਰਦੁਆਰਾ ਸਾਹਿਬਾਨ, ਮੀਡੀਆ, ਸਰਕਾਰੀ ਸਹਾਇਕਾਂ, ਰੋਇਲ ਕਿੰਗਜ਼ ਯੂ.ਐਸ.ਏ. ਕਬੱਡੀ ਟੂਰਨਾਮੈਂਟ ਦੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ।**

*ਇਸ਼ਤਿਹਾਰ ਐਡੀਟਰ ਨਵਜੋਧ ਸਿੰਘ ਬਾਜਵਾ ਵਲੋਂ ਕੈਨੇਡਾ ਦੀ ਫੇਰੀ ਤੋਂ ਪਹਿਲਾਂ ਜਾਗਰੂਕਤਾ ਪੈਦਾ ਕਰਨ ਵਾਸਤੇ ਇਸ਼ਤਿਹਾਰ ਤਿਆਰ ਕਰਨ ਲਈ ਧੰਨਵਾਦ।



ਆਪਣੀ ਪੁਸਤਕ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਲੇਖਕ ਸ. ਸਤਨਾਮ ਸਿੰਘ ਔਲਖ।




ਅਮਰਜੋਤ ਸਿੰਘ ਸੰਧੂ ਐਮ ਪੀ ਬਰੈਂਪਟਨ ਪੱਛਮ ਨੇ ਸ. ਸਤਨਾਮ ਸਿੰਘ ਔਲਖ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ।




ਰੋਇਲ ਕਿੰਗਜ਼ ਯੂ.ਐਸ.ਏ. ਕਬੱਡੀ ਟੂਰਨਾਮੈਂਟ ਦੇ ਪ੍ਰਬੰਧਕਾਂ ਵਲੋਂ ਪੁਸਤਕ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਕਬੱਡੀ ਟੂਰਨਾਮੈਂਟ ਦੀ ਕੁਮੈਂਟਰੀ ਕਰਨ ਵਾਲੇ ਵੀਰ ਨੇ ਪੁਸਤਕ ਅਤੇ ਲੇਖਕ ਦੀ ਪ੍ਰਸ਼ੰਸਾ ਕਰਦਿਆਂ Guest of Honour ਦੀ ਪਲੇਕ ਨਾਲ ਸਨਮਾਨਿਤ ਕੀਤਾ।



ਰੌਇਲ ਕਿੰਗਜ਼ ਵਲੋਂ ਕਰਵਾਏ ਕਬੱਡੀ ਟੂਰਨਾਮੇਂਟ ਵਿਚ ਸ਼ਿਰਕਤ ਕਰਦੇ ਹੋਏ (ਖੱਬਿਓਂ ਸੱਜੇ) ਰੇਡੀਓ ਹੋਸਟ ਕੁਲਵਿੰਦਰ ਸਿੰਘ ਛੀਨਾ, ਡਿਪਟੀ ਮੇਅਰ ਹਰਕੀਰਤ ਸਿੰਘ, ਨਵਿੰਦਰ ਸਿੰਘ ਓਠੀ, ਸਤਨਾਮ ਸਿੰਘ ਔਲਖ, ਬਲਵਿੰਦਰ ਸਿੰਘ ਗਿੱਲ, ਜਸਪਾਲ ਸਿੰਘ ਓਠੀ, ਸ਼ਿਵਚਰਨ ਸਿੰਘ ਓਠੀ, ਮੁਹਿੰਦਰ ਸਿੰਘ ਓਠੀ।



ਰੇਡੀਓ ਹੋਸਟ ਕੁਲਵਿੰਦਰ ਸਿੰਘ ਛੀਨਾ ਅਤੇ ਜਗਦੀਸ਼ ਸਿੰਘ ਗਰੇਵਾਲ ਨੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਹੀ ਪੁਸਤਕ ਬਾਰੇ ਟੋਰਾਂਟੋ ਵਿਚ ਸਭ ਨੂੰ ਅਗਾਊਂ ਜਾਣਕਾਰੀ ਦੇ ਦਿੱਤੀ ਸੀ, ਜਿਸ ਕਾਰਨ ਪੁਸਤਕ ਨੂੰ ਭਰਵਾਂ ਹੁੰਗਾਰਾ ਮਿਲਿਆ।




ਸ. ਸਤਨਾਮ ਸਿੰਘ ਔਲਖ ਅਤੇ ਬਲਵਿੰਦਰ ਕੌਰ ਔਲਖ ਗਿੱਲ ਪਰਿਵਾਰ ਨੂੰ ਪੁਸਤਕ ਭੇਟ ਕਰਦੇ ਹੋਏ।



ਨਵਜੀਤ ਕੌਰ ਬਰਾੜ ਕੌਂਸਲਰ ਬਰੈਂਪਟਨ (ਪਹਿਲੀ ਦਸਤਾਰਧਾਰੀ ਬੀਬੀ) ਨੂੰ ਆਪਣੀ ਪੁਸਤਕ ਭੇਟ ਕਰਦੇ ਹੋਏ ਸ. ਸਤਨਾਮ ਸਿੰਘ ਔਲਖ ਅਤੇ ਸਹਿਯੋਗੀ।



ਗੁਰਦੁਆਰਾ ਸਿੱਖ ਸੰਗਤ ਬਰੈਂਪਟਨ ਦੀ ਲਾਇਬਰੇਬੀ ਨੂੰ ਕਿਤਾਬਾਂ ਭੇਟ ਕੀਤੇ ਜਾਣ ਦੀ ਤਸਵੀਰ।



ਅਮਰਜੋਤ ਸਿੰਘ ਸੰਧੂ ਐਮ ਪੀ ਬਰੈਂਪਟਨ ਪੱਛਮ ਦੇ ਨਾਲ ਸ. ਸਤਨਾਮ ਸਿੰਘ ਔਲਖ

* **ਸਹਾਇਕ ਅਤੇ ਸਹਿਯੋਗੀ ਗੁਰਦੁਆਰਾ ਸਾਹਿਬਾਨ:** * ਸਿੱਖ ਸਪੀਰਿਚੁਅਲ ਸੈਂਟਰ ਟੋਰਾਂਟੋ ਗੁਰਦੁਆਰਾ *ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੈਂਟਰ ਬਰੈਂਪਟਨ * ਗੁਰਦੁਆਰਾ ਓਂਟਾਰੀਓ ਖਾਲਸਾ ਦਰਬਾਰ ਮਿਸੀਸਾਗਾ, ਓਂਟਾਰੀਓ, ਕੈਨੇਡਾ, * ਗੁਰਦੁਆਰਾ ਸਿੱਖ ਸੰਗਤ ਬਰੈਂਪਟਨ * ਗੁਰਦੁਆਰਾ ਦਸ਼ਮੇਸ਼ ਦਰਬਾਰ ਬਰੈਂਪਟਨ, ਓਂਟਾਰੀਓ।

* **ਬਰੈਂਪਟਨ ਦੇ ਸਰਕਾਰੀ ਸਹਾਇਕ:** ਬਰੈਂਪਟਨ ਸ਼ਹਿਰ ਦੇ ਸਰਕਾਰੀ ਅਫਸਰਾਂ ਦਾਸ ਤਹਿ ਦਿਲੋਂ ਰਿਣੀ ਹੈ, ਜਿਨ੍ਹਾਂ ਪੁਸਤਕ ਦੇ ਲਿਖਾਰੀ ਦੀ ਹੌਸਲਾ ਅਫ਼ਜ਼ਾਈ ਕੀਤੀ।

* **ਦਾਸ ਸਮੂਹ ਗੁਰਦੁਆਰਾ ਸਾਹਿਬਾਨ ਦੇ ਪ੍ਰਧਾਨਾਂ, ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ** ਦਾ ਅਤੀ ਧੰਨਵਾਦੀ ਹੈ ਜ਼ਿਨ੍ਹਾਂ ਆਪਣਾ ਕੀਮਤੀ ਸਮਾਂ ਦੇ ਕੇ ਦਰਬਾਰ ਹਾਲਾਂ ਵਿਚ ਪੁਸਤਕ ਬਾਰੇ ਜਾਣਕਾਰੀ ਸਾਂਝੀ ਕਰਨ ਦਾ ਸਮਾਂ ਦਿੱਤਾ ਤਾਂ ਕਿ ਨੌਜਵਾਨ ਪੀੜ੍ਹੀ ਨੂੰ ਸੰਸਾਰ ਜੰਗਾਂ ਦੇ ਬਹਾਦਰ ਯੋਧਿਆਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ।

* ‘ਪੰਜਾਬ ਟਾਈਮਜ਼’ ਦੀ ਸਮੂਹ ਟੀਮ ਦਾ ਹਮੇਸ਼ਾ ਸਹਿਯੋਗ ਦੇਣ ਲਈ ਧੰਨਵਾਦ।

**ਟੀਚਾ: ਦਾਸ ਦਾ ਟੀਚਾ ਇਸ ਪੁਸਤਕ ਨੂੰ ਸੰਸਾਰ ਭਰ ਵਿਚ ਰਿਲੀਜ਼ ਕਰ ਕੇ ਨਵੀਂ ਪੀੜ੍ਹੀ ਵਿਚ ਸਿੱਖ ਯੋਧਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।**

**ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ**

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

**Restaurant Help Wanted**

Immediately hiring Cook, Tandoori Chef, Helper & Server for Indian restaurant in Murfreesboro, TN.
*Good salary, free accommodation & Food.
*Hiring Bonus $1500
* Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158

**ਰੈਸਟੋਰੈਂਟ ਸਟਾਫ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ। 34-37

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

**SUPER TRAVEL**

847-676-9090, 773-465-5566
*E-mail: supertravel2003@live.com*
Lowest Fares With Excellent Service

*United Airlines*
*British Airways*

For Emergency Call anytime at 847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available



**UMA TRAVELS**

2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
**Call: 773-338-5603**

# Matrimonials

## ਲੜਕੀ ਦੀ ਲੋੜ ਹੈ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, 5'10", ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫੋਨ ਨੰਬਰ +1-510-200-1772 'ਤੇ ਸੰਪਰਕ ਕਰੋ।

36-39

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

36-39

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ, ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਇਨੋਸੈਂਟ ਇਸ਼ੂਲੈਸ, ਡੀਵੋਰਸੀ ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ ਆਈ ਡੀ: cjsingh55@gmail.com 'ਤੇ ਭੇਜ ਸਕਦੇ ਹੋ।

35-38

Kamboj Sikh Family looking for suitable girl living in USA/Canda for their 31-year-old 5'11" son, Innocent Divorce (No Kids). He has done MCA & Diploma in Electrical Engineering; he is currently working as Professional Electrical Techician with National Contractor. He is Canadian PR, currently living in Surrey, BC. Drug free, no alcohol, no smoking. Please contact us at +1225 921 0802 or gillh5162@gmail.com

34-37

Jatt sikh family residing in USA looking for a suitable match for their 24 years 5'11 boy. Caste no bar. He has done his graduation in accounting from Canada and now he is in (Indianapolis) Usa with his family on tourist visa. Family has share in gas station and both brothers are working there. For more information call or Whatsapp to +1 (463) 204-9565 or email Singhkulwinderbb@gmail.com.

32-35

Chhina Family seeks a suitable Companion for 68 years old USA Citizen 5'8" Jatt Sikh from USA/Canada. Well settled in Michigan, USA. Please contact with us for further information at 248-982-2036 or email at: msingh279@yahoo.com

32-35

Inviting a suitable match for a Tonk Kashatria Sikh boy, 1993 born, 5'-8", Software Engineer in the USA. Looking for a well-educated girl working/studying in the USA. For more Information Please contact (605) 786-5657.

32-35

## ਲੜਕੇ ਦੀ ਲੋੜ ਹੈ

Goldsmith/Mair Rathore Rajput family seeks a comparable match from a progressive family for their 27-year-old, 5' 2", daughter. She is MS in Bioinformatics from Indiana University. Required highly qualified boy with good family background and must be green card holder or resident of The US. Age gap should not be more than three years. Please contact with details at abhimanyu.kanda@gmail.com

32-35

Jat Sikh family seeks a suitable match in US/Canada for their amritdhari girl, age 25, height 5'4". Associate of arts and ECEA certificate, currently doing dental receptionist course in Canada. Looking for a well educated amritdhari boy from a sikh family. Please contact us at: (559) 369-6129 or email at apaulsingh1999@gmail.com

32-35

Jat Sikh parents are looking for a suitable match (only from Jat Sikh family) for their beautiful daughter, 1st year medical student in USA, born and raised in USA, 24 years old, 5'.6" tall. Looking for a match from medical field, born and raised in USA/Canada. Canada born please contact only if they are willing to move to USA. Please contact at 262-443-9849 or email at caprisingh8@yahoo.com for more information.

32-35

# ਅਕਾਲ ਤਖਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਤਨਖਾਹੀਆ ਕਰਾਰ



**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਖ਼ਿਲਾਫ਼ ਲੱਗੇ ਦੋਸ਼ਾਂ ਤਹਿਤ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ। ਇਹ ਫ਼ੈਸਲਾ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲ ਤਖ਼ਤ ਦੀ ਫ਼ਸੀਲ ਤੋਂ ਸੰਗਤ ਦੇ ਸਾਹਮਣੇ ਸੁਣਾਇਆ।

ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵਿਚ ਉੱਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਸੁਖਬੀਰ ਸਿੰਘ ਬਾਦਲ ਨੇ ਕਈ ਅਜਿਹੇ ਫੈਸਲੇ ਲਏ, ਜਿਨ੍ਹਾਂ ਨਾਲ ਪੰਥ ਦੇ ਅਕਸ ਨੂੰ ਢਾਹ ਲੱਗੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਕਮਜ਼ੋਰ ਹੋਈ ਹੈ ਅਤੇ ਸਿੱਖ ਹਿੱਤਾਂ ਨੂੰ ਨੁਕਸਾਨ ਪੁੱਜਿਆ ਹੈ। ਇਸ ਲਈ ਸੁਖਬੀਰ ਬਾਦਲ ਨੂੰ ਉਦੋਂ ਤੱਕ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ, ਜਦੋਂ ਤੱਕ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਤੇ ਪੰਜ ਸਿੰਘ ਸਾਹਿਬਾਨ ਤੇ ਸੰਗਤ ਦੇ ਸਾਹਮਣੇ ਪੇਸ਼ ਹੋ ਕੇ ਆਪਣੇ ਗੁਨਾਹਾਂ ਦੀ ਮੁਆਫ਼ੀ ਨਹੀਂ ਮੰਗਦੇ। ਜਥੇਦਾਰ ਨੇ 2007 ਤੋਂ ਲੈ ਕੇ 2017 ਤੱਕ ਅਕਾਲੀ ਸਰਕਾਰ ਵੇਲੇ ਦੇ ਸਿੱਖ ਕੈਬਨਿਟ ਮੰਤਰੀਆਂ ਨੂੰ ਵੀ ਇਸ ਮਾਮਲੇ ਵਿਚ 15 ਦਿਨਾਂ ਵਿਚ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਦੇ ਆਦੇਸ਼ ਦਿੱਤੇ ਹਨ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਪਟਨਾ ਸਾਹਿਬ ਤੋਂ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਹਰਿਮੰਦਰ ਸਾਹਿਬ ਤੋਂ ਗ੍ਰੰਥੀ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਅਤੇ ਅਕਾਲੀ ਸਰਕਾਰ ਵੇਲੇ ਦੇ ਸਿੱਖ ਮੰਤਰੀਆਂ ਨੂੰ ਜੋ ਆਦੇਸ਼ ਦਿੱਤੇ ਗਏ ਹਨ, ਉਹ ਸਿਰ ਮੱਥੇ ਪ੍ਰਵਾਨ ਹਨ ਅਤੇ ਉਨ੍ਹਾਂ ਨੂੰ ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਪੂਰਾ ਕੀਤਾ ਜਾਵੇਗਾ। ਅਕਾਲੀ ਦਲ ਦੇ ਨਾਰਾਜ਼ ਧੜੇ ਨੇ ਅਕਾਲ ਤਖ਼ਤ ਵਿਖੇ ਸ਼ਿਕਾਇਤ ਪੱਤਰ ਦੇ ਕੇ ਦੋਸ਼ ਲਾਇਆ ਸੀ ਕਿ ਅਕਾਲੀ ਸਰਕਾਰ ਵੇਲੇ ਕਈ ਭੁੱਲਾਂ ਚੁੱਕਾਂ ਹੋਈਆਂ ਹਨ, ਜਿਸ ਕਾਰਨ ਪਾਰਟੀ ਨੂੰ ਵੱਡਾ ਨੁਕਸਾਨ ਹੋਇਆ ਅਤੇ ਇਨ੍ਹਾਂ ਭੁੱਲਾਂ ਅਤੇ ਗਲਤੀਆਂ ਲਈ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵਿਚ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਸੁਖਦੇਵ ਸਿੰਘ ਢੀਂਡਸਾ, ਪਰਮਿੰਦਰ ਸਿੰਘ ਢੀਂਡਸਾ ਅਤੇ ਸੁੱਚਾ ਸਿੰਘ ਛੋਟੇਪੁਰ ਸਣੇ ਹੋਰ ਸ਼ਾਮਲ ਹਨ। ਆਗੂਆਂ ਨੇ ਇਕ ਜੁਲਾਈ ਨੂੰ ਅਕਾਲ ਤਖ਼ਤ ਵਿਖੇ ਪੱਤਰ ਦੇ ਕੇ ਦੋਸ਼ ਲਾਇਆ ਸੀ ਕਿ ਅਕਾਲੀ ਸਰਕਾਰ ਵੇਲੇ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਵਾਲੇ ਡੇਰਾ ਸਿਰਸਾ ਦੇ ਮੁਖੀ ਖ਼ਿਲਾਫ਼ ਕੇਸ ਦਰਜ ਹੋਇਆ ਸੀ ਪਰ ਅਕਾਲੀ ਸਰਕਾਰ ਨੇ ਉਸ ਕੇਸ ਨੂੰ ਵਾਪਸ ਲੈ ਲਿਆ। ਇਸੇ ਤਰ੍ਹਾਂ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਅਕਾਲੀ ਸਰਕਾਰ ਦੋਸ਼ੀਆਂ ਖ਼ਿਲਾਫ਼ ਠੋਸ ਕਾਰਵਾਈ ਕਰਨ 'ਚ ਅਸਫ਼ਲ ਰਹੀ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਲਈ ਸਿਆਸੀ ਪ੍ਰਭਾਵ ਦੀ ਵਰਤੋਂ ਕੀਤੀ ਗਈ ਅਤੇ ਇਸ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਵਾਸਤੇ ਸ਼੍ਰੋਮਣੀ ਕਮੇਟੀ ਰਾਹੀਂ ਗੁਰੂ ਦੀ ਗੋਲਕ ਦੇ 90 ਲੱਖ ਰੁਪਏ ਇਸ਼ਤਿਹਾਰਾਂ ਦੇ ਰੂਪ ਵਿਚ ਵਰਤੇ ਗਏ। ਇਸ ਪੱਤਰ ਦੇ ਆਧਾਰ 'ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਸਪੱਸ਼ਟੀਕਰਨ ਮੰਗਿਆ ਸੀ। ਇਸ ਉਪਰੰਤ ਸੁਖਬੀਰ ਸਿੰਘ ਬਾਦਲ ਨੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਆਪਣਾ ਸਪੱਸ਼ਟੀਕਰਨ ਦਿੱਤਾ ਸੀ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਕੱਤਰ ਪ੍ਰਤਾਪ ਸਿੰਘ ਨੇ ਵੀ ਸਪੱਸ਼ਟੀਕਰਨ ਦਿੱਤਾ ਸੀ।

### ਅਕਾਲ ਤਖ਼ਤ 'ਤੇ ਖਿਮਾ ਯਾਚਨਾ ਦਾ ਪੱਤਰ ਸੌਂਪਿਆ

**ਅੰਮ੍ਰਿਤਸਰ:** ਤਨਖ਼ਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਨਿਮਾਣੇ ਸਿੱਖ ਵਜੋਂ ਖਿਮਾ ਯਾਚਨਾ ਸਬੰਧੀ ਪੱਤਰ ਦਿੱਤਾ। ਇਸ ਦੌਰਾਨ ਤਤਕਾਲੀ ਅਕਾਲੀ ਸਰਕਾਰ ਦੇ ਚਾਰ ਮੰਤਰੀਆਂ ਨੇ ਵੀ ਅਕਾਲ ਤਖ਼ਤ 'ਤੇ ਆਪੋ-ਆਪਣਾ ਸਪੱਸ਼ਟੀਕਰਨ ਪੱਤਰ ਸੌਂਪਿਆ। ਉਂਝ ਅਕਾਲ ਤਖ਼ਤ ਦੇ ਸਕੱਤਰੇਤ ਵੱਲੋਂ 2007 ਤੋਂ ਲੈ ਕੇ 2017 ਤੱਕ ਅਕਾਲੀ ਸਰਕਾਰ ਵੇਲੇ ਕੈਬਨਿਟ ਵਿਚ ਸ਼ਾਮਲ ਰਹੇ ਲਗਪਗ ਡੇਢ ਦਰਜਨ ਸਿੱਖ ਆਗੂਆਂ ਨੂੰ ਸਪੱਸ਼ਟੀਕਰਨ ਦੇਣ ਸਬੰਧੀ ਪੱਤਰ ਭੇਜੇ ਹਨ।

### ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦਾ ਸਵਾਗਤ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਬਲਜੀਤ ਸਿੰਘ ਦਾਦੂਵਾਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੱਖ-ਵੱਖ ਮਾਮਲਿਆਂ ਵਿਚ ਦੋਸ਼ੀ ਮੰਨਦਿਆਂ ਅਕਾਲ ਤਖ਼ਤ ਵੱਲੋਂ ਤਨਖ਼ਾਹੀਆ ਕਰਾਰ ਦਿੱਤੇ ਜਾਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਜ਼ਾ ਹੋਣੀ ਅਜੇ ਬਾਕੀ ਹੈ ਪਰ ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਵੱਲੋਂ ਲਿਆ ਗਿਆ ਇਹ ਫੈਸਲਾ ਸਿੱਖ ਕੌਮ ਦੇ ਹਿੱਤ ਵਿਚ ਹੈ।

# ਸਿੱਖ ਕਤਲੇਆਮ: ਟਾਈਟਲਰ ਖਿਲਾਫ ਦੋਸ਼ ਆਇਦ ਕਰਨ ਦੇ ਹੁਕਮ



**ਨਵੀਂ ਦਿੱਲੀ:** ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਮਾਮਲੇ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਵੱਲੋਂ ਮਾਮਲੇ 'ਤੇ 13 ਸਤੰਬਰ ਨੂੰ ਸੁਣਵਾਈ ਕੀਤੀ ਜਾਵੇਗੀ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਕਿਹਾ ਕਿ ਟਾਈਟਲਰ ਵਿਰੁੱਧ ਮੁਕੱਦਮਾ ਚਲਾਉਣ ਲਈ ਪੁਖ਼ਤਾ ਸਬੂਤ ਹਨ।

ਇਕ ਗਵਾਹ ਨੇ ਪਹਿਲਾਂ ਚਾਰਜਸ਼ੀਟ ਵਿਚ ਕਿਹਾ ਸੀ ਕਿ ਟਾਈਟਲਰ ਪਹਿਲੀ ਨਵੰਬਰ, 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਚਿੱਟੀ ਐਂਬੈਸਡਰ ਕਾਰ ਵਿਚੋਂ ਬਾਹਰ ਆਇਆ ਸੀ ਅਤੇ ਉਸ ਨੇ 'ਸਿੱਖਾਂ ਨੂੰ ਮਾਰੋ, ਉਨ੍ਹਾਂ ਨੇ ਸਾਡੀ ਮਾਂ ਨੂੰ ਮਾਰ ਦਿੱਤਾ ਹੈ' ਆਖ ਕੇ ਭੀੜ ਨੂੰ ਭੜਕਾਇਆ ਸੀ। ਭੀੜ ਦੇ ਹਮਲੇ 'ਚ ਤਿੰਨ ਸਿੱਖ ਮਾਰੇ ਗਏ ਸਨ। ਅਦਾਲਤ ਨੇ ਗ਼ੈਰ-ਕਾਨੂੰਨੀ ਇਕੱਠ, ਦੰਗੇ, ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਵਧਾਉਣ, ਘਰ ਵਿਚ ਘੁਸਪੈਠ ਅਤੇ ਚੋਰੀ ਸਮੇਤ ਕਈ ਅਪਰਾਧਾਂ ਲਈ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ।

ਸੁਪਰੀਮ ਕੋਰਟ ਦੇ ਵਕੀਲ ਅਤੇ ਸਿੱਖ ਕਤਲੇਆਮ ਪੀੜਤਾਂ ਦੇ ਕੇਸ ਲੜਨ ਵਾਲੇ ਐਚ.ਐਸ. ਫੂਲਕਾ ਨੇ ਦੱਸਿਆ ਕਿ 1984 ਵਿਚ ਗੁਰਦੁਆਰਾ ਪੁਲ ਬੰਗਸ਼ ਨੇੜੇ ਤਿੰਨ ਸਿੱਖ ਬਾਦਲ ਸਿੰਘ, ਠਾਕੁਰ ਸਿੰਘ ਅਤੇ ਗੁਰਚਰਨ ਸਿੰਘ ਮਾਰੇ ਗਏ ਸਨ ਤੇ ਭੀੜ ਨੇ ਪੁਲ ਬੰਗਸ਼ ਗੁਰਦੁਆਰਾ ਸਾੜ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਗਵਾਹਾਂ ਵਿਚੋਂ ਹਰਪਾਲ ਕੌਰ ਬੇਦੀ, ਹਰਵਿੰਦਰ ਸਿੰਘ ਅਤੇ ਅਬਦੁੱਲ ਵਾਜਿਦ ਨੇ ਟਾਈਟਲਰ ਖ਼ਿਲਾਫ਼ ਗਵਾਹੀ ਦਿੱਤੀ ਸੀ, ਜਦੋਂ ਕਿ ਇਕ ਹੋਰ ਗਵਾਹ ਗਿਆਨੀ ਸੁਰਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਫੈਸਲੇ ਦਾ ਸਵਾਗਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਹੁਕਮਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਖ਼ੀਰ 40 ਸਾਲਾਂ ਬਾਅਦ ਸਿੱਖ ਕੌਮ ਨੂੰ ਇਨਸਾਫ਼ ਮਿਲਣ ਦੀ ਆਸ ਬੱਝੀ ਹੈ।

## 'ਐਮਰਜੈਂਸੀ' ਫਿਲਮ ਸਬੰਧੀ ਸੀ.ਬੀ.ਐਫ.ਸੀ. ਨੂੰ ਕਾਨੂੰਨੀ ਨੋਟਿਸ



**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਨੇ ਕੰਗਨਾ ਰਣੌਤ ਦੀ ਆਉਣ ਵਾਲੀ ਫਿਲਮ 'ਐਮਰਜੈਂਸੀ' ਨੂੰ ਸਰਟੀਫਿਕੇਟ ਦੇਣ ਸਬੰਧੀ ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ (ਸੀ.ਬੀ.ਐਫ.ਸੀ.) ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਅਕਾਲੀ ਦਲ ਨੇ ਇਤਿਹਾਸਕ ਘਟਨਾਵਾਂ ਅਤੇ ਵਿਅਕਤੀਆਂ, ਖਾਸ ਕਰ ਸਿੱਖ ਭਾਈਚਾਰੇ ਨਾਲ ਸਬੰਧਤ, ਦੀ ਗ਼ਲਤ ਪੇਸ਼ਕਾਰੀ 'ਤੇ ਚਿੰਤਾ ਪ੍ਰਗਟ ਕਰਦਿਆਂ ਫਿਲਮ ਦੇ ਰਿਲੀਜ਼ ਹੋਣ 'ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਨੋਟਿਸ ਵਿਚ ਸੀ.ਬੀ.ਐਫ.ਸੀ. ਦੇ ਸੀਨੀਅਰ ਅਧਿਕਾਰੀਆਂ ਨੂੰ ਸੰਬੋਧਿਤ ਕੀਤਾ ਗਿਆ ਹੈ ਅਤੇ ਫ਼ਿਲਮ 'ਐਮਰਜੈਂਸੀ' ਨੂੰ ਦਿੱਤੇ ਸਰਟੀਫਿਕੇਟ ਨੂੰ ਫੌਰੀ ਰੱਦ ਕਰਨ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਇਸ ਦੀ ਰਿਲੀਜ਼ 'ਤੇ ਰੋਕ ਲਗਾਈ ਜਾ ਸਕੇ। ਇਹ ਨੋਟਿਸ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਭੇਜਿਆ ਗਿਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ 'ਐਮਰਜੈਂਸੀ' ਦੇ ਹਾਲ ਹੀ ਵਿਚ ਰਿਲੀਜ਼ ਹੋਏ ਟਰੇਲਰ ਵਿਚ ਇਤਿਹਾਸਕ ਤੱਥਾਂ ਨੂੰ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।

# ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਪਟੀਸ਼ਨ ਸਬੰਧੀ ਰਾਇ ਮੰਗੀ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿਚ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਵਿਚਾਰਿਆ ਗਿਆ ਹੈ ਅਤੇ ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਵਾਸਤੇ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਪਟੀਸ਼ਨ ਵਾਪਸ ਲੈਣ ਸਬੰਧੀ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਬੁੱਧੀਜੀਵੀਆਂ ਅਤੇ ਵਿਦਵਾਨਾਂ ਨੂੰ ਆਪੋ ਆਪਣੀ ਰਾਇ ਸ੍ਰੀ ਅਕਾਲ ਤਖ਼ਤ ਵਿਖੇ ਭੇਜਣ ਲਈ ਆਖਿਆ ਗਿਆ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਦੇ ਖ਼ਿਲਾਫ਼ ਰਾਸ਼ਟਰਪਤੀ ਕੋਲ ਦਾਇਰ ਪਟੀਸ਼ਨ ਵਾਪਸ ਲੈ ਲਈ ਜਾਵੇ, ਕਿਉਂਕਿ ਉਹ ਪਿਛਲੇ ਤਕਰੀਬਨ 30 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਹਨ ਅਤੇ ਪਿਛਲੇ ਲਗਭਗ 18 ਸਾਲ ਤੋਂ ਫਾਂਸੀ ਦੀ ਚੱਕੀ ਵਿਚ ਬੰਦ ਹਨ। ਪਿਛਲੇ ਲਗਭਗ 12 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਦੇ ਖ਼ਿਲਾਫ਼ ਅਪੀਲ ਭਾਰਤ ਸਰਕਾਰ ਕੋਲ ਸੁਣਵਾਈ ਅਧੀਨ ਹੈ ਪਰ ਸਰਕਾਰ ਇਸ ਬਾਰੇ ਕੋਈ ਫੈਸਲਾ ਨਹੀਂ ਲੈ ਰਹੀ।

ਇਸ ਮਾਮਲੇ ਵਿਚ ਯੋਗ ਆਦੇਸ਼ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਵਿਖੇ ਪੱਤਰ ਭੇਜਿਆ ਹੈ, ਜਿਸ ਤੇ ਅੱਜ ਵਿਚਾਰ ਕੀਤੀ ਗਈ ਹੈ। ਇਸ ਤੋਂ ਇਲਾਵਾ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਕੀਤਾ ਗਿਆ ਹੈ ਕਿ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਜੋੜ ਮੇਲੇ ਗੁਰਮਤਿ ਤੋਂ ਸੇਧ ਲੈ ਕੇ ਅਤੇ ਭੈ-ਭਾਵਨੀ ਵਿਚ ਮਨਾਏ ਜਾਣ।

ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਵਿਚ ਬਟਾਲਾ ਵਿਖੇ ਮਨਾਏ ਜਾਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਨਾਚ ਗਾਣੇ, ਹੁਲੜਬਾਜ਼ੀ, ਮਨਮਤੀ ਵਿਆਹਾਂ ਵਾਂਗ ਗੁਰਮਤਿ ਵਿਰੋਧੀ ਕਿਸੇ ਤਰ੍ਹਾਂ ਦੇ ਮਨਮਤੀ ਕਰਮ ਨਾ ਕੀਤੇ ਜਾਣ। ਉਨ੍ਹਾਂ ਕਿਹਾ ਕਿ ਅਜਿਹਾ ਰੁਝਾਨ ਪਹਿਲਾਂ ਸਾਹਮਣੇ ਆਇਆ ਹੈ ਜੋ ਕਿ ਠੀਕ ਨਹੀਂ ਹੈ।

ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਗ੍ਰੰਥੀ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ।

# ਸਿਮਰਨਜੀਤ ਸਿੰਘ ਮਾਨ ਵੱਲੋਂ ਕੰਗਨਾ ਬਾਰੇ ਟਿੱਪਣੀ ਉਤੇ ਵਿਵਾਦ ਭਖਿਆ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੱਲੋਂ ਕਰਨਾਲ ਵਿਚ ਕੰਗਨਾ ਰਣੌਤ ਬਾਰੇ ਕਥਿਤ ਵਿਵਾਦਿਤ ਟਿੱਪਣੀਆਂ ਨਾਲ ਨਵਾਂ ਵਿਵਾਦ ਛਿੜ ਗਿਆ ਹੈ। ਮਾਨ ਨੇ ਹਾਲਾਂਕਿ ਮਗਰੋਂ ਐਕਸ 'ਤੇ ਉਪਰੋਥੱਲੀ ਦੋ ਪੋਸਟਾਂ ਪਾ ਕੇ ਆਪਣੀ ਸਥਿਤੀ ਸਪਸ਼ਟ ਕਰਦਿਆਂ ਕਿਹਾ ਕਿ ਉਹ ਤੇ ਉਨ੍ਹਾਂ ਦੀ ਪਾਰਟੀ ਔਰਤਾਂ ਦੀ ਰੱਖਿਆ ਤੇ ਸੁਰੱਖਿਆ ਲਈ ਹਮੇਸ਼ਾ ਖੜ੍ਹਦੀ ਰਹੀ ਹੈ। ਉਧਰ ਕੰਗਨਾ ਨੇ ਪਲਟਵਾਰ ਕਰਦਿਆਂ ਮਹਿਲਾਵਾਂ ਖ਼ਿਲਾਫ਼ ਅਪਰਾਧ ਨੂੰ 'ਵਡਿਆ ਕੇ' ਪੇਸ਼ ਕਰਨ ਲਈ ਸਿਮਰਨਜੀਤ ਸਿੰਘ ਮਾਨ ਦੀ ਨਿਖੇਧੀ ਕੀਤੀ ਹੈ।

ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਕੰਗਨਾ ਨੇ ਕਿਸਾਨ ਅੰਦੋਲਨ ਬਾਰੇ ਜੋ ਕੁਝ ਕਿਹਾ, ਉਹ ਸ਼ਰਮਨਾਕ ਸੀ, ਪਰ ਮਾਨ ਦੀ ਪ੍ਰਤੀਕਿਰਿਆ 'ਇਸ ਤੋਂ ਵੀ ਸ਼ਰਮਨਾਕ' ਹੈ। ਮਾਨ ਦੀਆਂ ਟਿੱਪਣੀਆਂ ਦਾ ਨੋਟਿਸ ਲੈਣ ਬਾਰੇ ਪੁੱਛਣ 'ਤੇ ਗਿੱਲ ਨੇ ਕਿਹਾ ਕਿ ਉਹ ਦੇਖਣਗੇ ਕਿ ਕੀ ਕਾਰਵਾਈ ਕਰਨੀ ਹੈ। ਉਧਰ ਹਰਿਆਣਾ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਨੇ ਵੀ ਮਾਨ ਦੀਆਂ ਟਿੱਪਣੀਆਂ ਦੀ ਨਿਖੇਧੀ ਕਰਦਿਆਂ ਇਸ ਨੂੰ 'ਧੀਆਂ ਦਾ ਨਿਰਾਦਰ' ਕਰਾਰ ਦਿੱਤਾ ਹੈ। ਸਿਮਰਨਜੀਤ ਮਾਨ ਨੇ ਇਸ ਵਿਵਾਦ ਮਗਰੋਂ ਐਕਸ 'ਤੇ ਪੋਸਟ ਵਿਚ ਕਿਹਾ ਕਿ ਉਹ ਤੇ ਉਨ੍ਹਾਂ ਦੀ ਪਾਰਟੀ ਹਮੇਸ਼ਾ ਮਹਿਲਾਵਾਂ ਦੀ ਰੱਖਿਆ ਤੇ ਸੁਰੱਖਿਆ ਲਈ ਖੜ੍ਹੇ ਹਨ।

### ਕੰਗਨਾ ਕਿਸੇ ਚੰਗੇ ਹਸਪਤਾਲ 'ਚੋਂ ਇਲਾਜ ਕਰਾਏ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੰਗਨਾ ਰਣੌਤ ਵੱਲੋਂ ਕਿਸਾਨਾਂ ਨੂੰ ਲੈ ਕੇ ਦਿੱਤੇ ਬਿਆਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਕੰਗਨਾ ਰਣੌਤ ਦਾ ਮਾਨਸਿਕ ਸੰਤੁਲਨ ਵਿਗੜ ਚੁੱਕਾ ਹੈ ਤੇ ਉਨ੍ਹਾਂ ਨੂੰ ਕਿਸੇ ਚੰਗੇ ਹਸਪਤਾਲ ਤੋਂ ਇਲਾਜ ਕਰਵਾਉਣਾ ਚਾਹੀਦਾ ਹੈ। ਇਸੇ ਲਈ ਉਹ ਵਾਰ-ਵਾਰ ਅਜਿਹੇ ਬਿਆਨ ਦੇਣ ਲੱਗੀ ਹੋਈ ਹੈ।

# 'ਖੇਡਾਂ ਵਤਨ ਪੰਜਾਬ ਦੀਆਂ' ਦਾ ਸ਼ਾਨਦਾਰ ਆਗਾਜ਼, ਪੰਜ ਲੱਖ ਖਿਡਾਰੀ ਲੈਣਗੇ ਹਿੱਸਾ



**ਸੰਗਰੂਰ:** ਇੱਥੋਂ ਦੇ ਵਾਰ ਹੀਰੋਜ਼ ਸਟੇਡੀਅਮ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਭਰ ਵਿਚੋਂ ਆਪਣੀ ਤਰ੍ਹਾਂ ਦੇ ਸਭ ਤੋਂ ਵੱਡੇ ਖੇਡ ਮੁਕਾਬਲਿਆਂ ਵਿਚੋਂ ਇਕ 'ਖੇਡਾਂ ਵਤਨ ਪੰਜਾਬ ਦੀਆਂ' ਦੇ ਤੀਜੇ ਐਡੀਸ਼ਨ ਦੀ ਸ਼ਾਨਦਾਰ ਸ਼ੁਰੂਆਤ ਕੀਤੀ।

ਮੁੱਖ ਮੰਤਰੀ ਨੇ ਵੱਖ-ਵੱਖ ਜ਼ਿਲ੍ਹਿਆਂ ਤੋਂ ਭਾਗ ਲੈਣ ਵਾਲੇ ਖੇਡ ਦਲਾਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ। ਖੇਡ ਮੇਲੇ ਦੇ ਉਦਘਾਟਨ ਦਾ ਰਸਮੀ ਐਲਾਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਹ ਬਹੁਤ ਹੀ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਅੱਜ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਵਸ ਦੀ ਯਾਦ ਵਿਚ ਮਨਾਏ ਜਾਂਦੇ ਕੌਮੀ ਖੇਡ ਦਿਵਸ ਮੌਕੇ ਇਸ ਵੱਕਾਰੀ ਖੇਡ ਮੁਕਾਬਲੇ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ 37 ਖੇਡਾਂ ਦੇ ਨੌਂ ਉਮਰ ਵਰਗਾਂ ਵਿਚ ਪੰਜ ਲੱਖ ਦੇ ਕਰੀਬ ਖਿਡਾਰੀ ਤਗ਼ਮਿਆਂ ਦੀ ਦੌੜ ਵਿਚ ਹਿੱਸਾ ਲੈਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਜੇਤੂਆਂ ਨੂੰ ਨੌਂ ਕਰੋੜ ਰੁਪਏ ਤੋਂ ਵੱਧ ਦੇ ਨਕਦ ਇਨਾਮ ਵੰਡੇ ਜਾਣਗੇ। ਉਨ੍ਹਾਂ ਦੱਸਿਆ ਕਿ ਪਹਿਲੀ ਵਾਰ 'ਖੇਡਾਂ ਵਤਨ ਪੰਜਾਬ ਦੀਆਂ' ਵਿਚ ਪੈਰਾ ਵਰਗ ਵਿਚ ਅਥਲੈਟਿਕਸ, ਬੈਡਮਿੰਟਨ ਅਤੇ ਪਾਵਰਲਿਫਟਿੰਗ ਵਰਗੀਆਂ ਖੇਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

### ਖੇਡਾਂ ਲਈ 30 ਕਰੋੜ ਰੁਪਏ ਦਾ ਬਜਟ ਰੱਖਿਆ: ਮਾਨ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜੇਤੂਆਂ ਨੂੰ ਨੌਂ ਕਰੋੜ ਰੁਪਏ ਤੋਂ ਵੱਧ ਦੇ ਨਕਦ ਇਨਾਮ ਮਿਲਣਗੇ। ਪੰਜਾਬ ਵਿਚ ਖੇਡਾਂ ਨੂੰ ਹੁਲਾਰਾ ਦੇਣ ਲਈ ਸੂਬਾ ਸਰਕਾਰ ਨੇ ਇਸ ਵਿੱਤੀ ਵਰ੍ਹੇ ਦੌਰਾਨ ਖੇਡਾਂ ਵਤਨ ਪੰਜਾਬ ਦੀਆਂ ਲਈ 30 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਇਸ ਮੌਕੇ ਉੱਘੇ ਪੰਜਾਬੀ ਗਾਇਕਾਂ ਗੁਰਦਾਸ ਮਾਨ, ਹਰਭਜਨ ਸ਼ੇਰਾ, ਅਸਮੀਤ ਸਹਿਰਾ, ਪਰੀ ਪੰਧੇਰ, ਬਸੰਤ ਕੌਰ, ਅਰਮਾਨ ਢਿੱਲੋਂ ਤੇ ਹੋਰ ਗਾਇਕਾਂ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।

# ਕਤਰ ਪੁਲਿਸ ਕੋਲੋਂ ਵਾਪਸ ਲਏ ਪਾਵਨ ਸਰੂਪ ਅੰਮ੍ਰਿਤਸਰ ਪੁੱਜੇ



**ਅੰਮ੍ਰਿਤਸਰ:** ਅਰਬ ਮੁਲਕ ਕਤਰ ਵਿਚ ਪੁਲਿਸ ਵੱਲੋਂ ਵਾਪਸ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਦੋਵੇਂ ਪਾਵਨ ਸਰੂਪ ਅੰਮ੍ਰਿਤਸਰ ਪੁੱਜ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੋਵੇਂ ਸਰੂਪ ਦਰਬਾਰ ਸਾਹਿਬ ਸਮੂਹ 'ਚ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਸੁਸ਼ੋਭਿਤ ਕਰ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਪਾਵਨ ਸਰੂਪ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜਣ ਬਾਰੇ ਜਾਣਕਾਰੀ ਮਿਲੀ ਸੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਤੁਰਤ ਕਾਰਵਾਈ ਕਰਦਿਆਂ ਹਵਾਈ ਅੱਡੇ ਤੋਂ ਇਹ ਪਾਵਨ ਸਰੂਪ ਸਬੰਧਤ ਵਿਅਕਤੀਆਂ ਪਾਸੋਂ ਪ੍ਰਾਪਤ ਕਰਕੇ ਪਾਲਕੀ ਸਾਹਿਬ ਵਾਲੀ ਗੱਡੀ ਰਾਹੀਂ ਮਰਿਆਦਾ ਅਤੇ ਸਤਿਕਾਰ ਸਹਿਤ ਲਿਆ ਕੇ ਗੁਰਦੁਆਰੇ 'ਚ ਸੁਸ਼ੋਭਿਤ ਕਰ ਦਿੱਤੇ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਹ ਕਾਰਵਾਈ ਕੀਤੀ ਗਈ ਹੈ। ਮਾਮਲੇ ਦੀ ਰਿਪੋਰਟ ਪਾਵਨ ਸਰੂਪ ਪ੍ਰਾਪਤ ਕਰਨ ਗਏ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਪਾਸੋਂ ਲੈ ਕੇ ਅਕਾਲ ਤਖ਼ਤ ਸਾਹਿਬ ਨੂੰ ਭੇਜ ਦਿੱਤੀ ਜਾਵੇਗੀ। ਦੱਸਣਯੋਗ ਹੈ ਕਿ ਵਿਦੇਸ਼ ਮੰਤਰਾਲੇ ਨੇ ਜਾਣਕਾਰੀ ਦਿੱਤੀ ਸੀ ਕਿ ਭਾਰਤੀ ਦੂਤਘਰ ਨੇ ਦੋਵੇਂ ਪਾਵਨ ਸਰੂਪ ਕਤਰ ਪੁਲਿਸ ਤੋਂ ਵਾਪਸ ਲੈ ਲਏ ਹਨ।

ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਇਹ ਪਾਵਨ ਸਰੂਪ ਅੰਮ੍ਰਿਤਸਰ ਪਹੁੰਚਾਏ ਜਾਣ। ਕਤਰ ਵਿਚ ਰਹਿੰਦੇ ਭਾਰਤੀ ਵੱਲੋਂ ਇਹ ਪਾਵਨ ਸਰੂਪ ਆਪਣੇ ਘਰ ਵਿਚ ਗੁਰਦੁਆਰਾ ਸਥਾਪਤ ਕਰਕੇ ਉੱਥੇ ਰੱਖੇ ਗਏ ਸਨ, ਜਿਨ੍ਹਾਂ ਨੂੰ ਪੁਲਿਸ ਨੇ ਉਥੋਂ ਦੇ ਨਿਯਮਾਂ ਦੀ ਉਲੰਘਣਾ ਕਰਾਰ ਦਿੰਦਿਆਂ ਪਾਵਨ ਸਰੂਪ ਆਪਣੇ ਕਬਜ਼ੇ ਵਿਚ ਲੈ ਲਏ ਸਨ। ਬਰਤਾਨੀਆ ਦੀ ਸਿੱਖ ਜਥੇਬੰਦੀ ਨੇ ਇਹ ਮਾਮਲਾ ਅਕਾਲ ਤਖ਼ਤ ਦੇ ਜਥੇਦਾਰ ਦੇ ਧਿਆਨ ਵਿਚ ਲਿਆਂਦਾ ਸੀ, ਜਿਸ ਮਗਰੋਂ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਢੁਕਵੀਂ ਕਾਰਵਾਈ ਦੇ ਆਦੇਸ਼ ਦਿੱਤੇ ਸਨ।

## ਹੁਨਰ ਵਿਕਾਸ ਲਈ ਨੀਤੀ ਲਿਆਂਦੀ ਜਾਵੇਗੀ: ਅਰੋੜਾ

**ਚੰਡੀਗੜ੍ਹ:** ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਇੱਥੇ ਕਿਹਾ ਕਿ ਪੰਜਾਬ ਸਰਕਾਰ, ਹਵਾਈ-ਜਹਾਜ਼ ਉਦਯੋਗ ਅਤੇ ਰੱਖਿਆ (ਏਅਰੋਸਪੇਸ ਐਂਡ ਡਿਫੈਂਸ) ਸੈਕਟਰ ਵਿਚ ਹੁਨਰ ਵਿਕਾਸ ਲਈ ਵਿਆਪਕ ਨੀਤੀ ਲੈ ਕੇ ਆਵੇਗੀ। ਉਹ ਸੈਂਟਰ ਫਾਰ ਟਰੇਨਿੰਗ ਐਂਡ ਐਂਪਲਾਇਮੈਂਟ ਆਫ ਪੰਜਾਬ ਯੂਥ (ਸੀ-ਪਾਈਟ) ਵੱਲੋਂ ਇੱਥੇ ਐਸੋਚੈਮ ਉੱਤਰੀ ਖੇਤਰ ਦੀ ਮਦਦ ਨਾਲ 'ਏਅਰੋਸਪੇਸ ਤੇ ਡਿਫੈਂਸ ਅਤੇ ਐੱਮ.ਐੱਸ.ਐੱਮ.ਈ. ਸੈਕਟਰ ਲਈ ਹੁਨਰ ਵਿਕਾਸ' ਵਿਸ਼ੇ ਉੱਤੇ ਕਰਵਾਏ ਗਏ ਸੰਮੇਲਨ ਨੂੰ ਸੰਬੋਧਨ ਕੀਤਾ। ਸ੍ਰੀ ਅਰੋੜਾ ਨੇ ਅਧਿਕਾਰੀਆਂ ਨੂੰ ਇਨ੍ਹਾਂ ਖੇਤਰਾਂ ਵਿਚ ਹੁਨਰ ਵਿਕਾਸ ਲਈ ਨੀਤੀ ਤਿਆਰ ਕਰਨ ਵਾਸਤੇ ਸਾਰੇ ਹਿੱਸੇਦਾਰਾਂ ਦਾ ਸਮੂਹ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਉਦਯੋਗਪਤੀਆਂ ਨੂੰ ਇਸ ਖੇਤਰ ਵਿਚ ਨਿਵੇਸ਼ ਕਰਨ ਲਈ ਸੱਦਾ ਦਿੱਤਾ।

# ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾ ਦਿਵਸ ਮਨਾਇਆ

**ਤਲਵੰਡੀ ਸਾਬੋ:** ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 318ਵਾਂ ਸੰਪੂਰਨਤਾ ਦਿਵਸ ਤਖ਼ਤ ਦਮਦਮਾ ਸਾਹਿਬ ਵਿਚ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।



ਸੰਪੂਰਨਤਾ ਦਿਵਸ ਸਬੰਧੀ ਗੁਰਦੁਆਰਾ ਲਿਖਣਸਰ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਅਰਦਾਸ ਕੀਤੀ ਗਈ। ਮਗਰੋਂ ਤਖ਼ਤ ਸਾਹਿਬ ਵਿਚ ਧਾਰਮਿਕ ਸਮਾਗਮ ਆਰੰਭ ਹੋਏ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਜਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ ਦੀਆਂ ਵਧਾਈਆਂ ਦਿੰਦਿਆਂ ਸਿੱਖ ਸੰਸਥਾਵਾਂ 'ਤੇ ਚੁਫੇਰਿਓਂ ਹੋ ਰਹੇ ਹਮਲਿਆਂ ਬਾਰੇ ਕੌਮ ਨੂੰ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਸਿੱਖ ਕੌਮ ਦੇ ਤਖ਼ਤ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੇ ਬੋਰਡ ਬਣਾਏ ਗਏ ਅਤੇ ਹੁਣ ਇਹੀ ਸਾਜ਼ਿਸ਼ਾਂ ਅਕਾਲ ਤਖ਼ਤ ਲਈ ਰਚੀਆਂ ਜਾ ਰਹੀਆਂ ਹਨ ਪਰ ਪੰਥ ਵਿਰੋਧੀ ਤਾਕਤਾਂ ਨੂੰ ਕਦੇ ਵੀ ਉਨ੍ਹਾਂ ਦੇ ਮਨਸੂਬਿਆਂ ਵਿਚ ਕੌਮ ਸਫਲ ਨਹੀਂ ਹੋਣ ਦੇਵੇਗੀ।

ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਦਮਦਮਾ ਸਾਹਿਬ ਦੇ ਇਤਿਹਾਸ ਬਾਰੇ ਚਾਨਣਾ ਪਾਇਆ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਹੇਠ ਗ੍ਰੰਥੀ ਗ੍ਰਿਫ਼ਤਾਰ

**ਪਟਿਆਲਾ:** ਇਥੇ ਲਾਹੌਰੀ ਗੇਟ ਦੀ ਪੁਲਿਸ ਨੇ ਗੁਰਬਖਸ਼ ਕਲੋਨੀ ਵਿਚ ਬਣੇ ਡੇਰੇ 'ਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਦੇ ਦੋਸ਼ ਹੇਠ ਗ੍ਰੰਥੀ ਸਰਬਜੋਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਬੇਅਦਬੀ ਬਾਰੇ ਪਤਾ ਲੱਗਣ ਮਗਰੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਪਾਵਨ ਸਰੂਪ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਲਿਆਂਦਾ। ਗ੍ਰੰਥੀ ਸਰਬਜੋਤ 'ਤੇ ਮਰਿਆਦਾ ਅਨੁਸਾਰ ਸੁੱਖ ਆਸਣ ਨਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਦੱਸਿਆ ਕਿ ਸੰਗਤ ਨੇ ਇਤਰਾਜ਼ ਦਰਜ ਕਰਵਾਇਆ ਕਿ ਸੰਚਾਲਕ ਸਰਬਜੋਤ ਸਿੰਘ ਵੱਲੋਂ ਸਿੱਖ ਧਰਮ ਦੀਆਂ ਪ੍ਰੰਪਰਾਵਾਂ ਦੇ ਉਲਟ ਮਨਮਤ ਕੀਤੀ ਜਾਂਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਸੇਵਾ ਸੰਭਾਲ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ। ਜਾਂਚ ਦੌਰਾਨ ਮਰਿਆਦਾ ਦੀ ਉਲੰਘਣਾ ਸਾਹਮਣੇ ਆਈ, ਜਿਸ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ।

# ਚੰਦਰਯਾਨ-3 ਦੀ ਸਫਲਤਾ 'ਚ ਮੋਗਾ ਦੇ ਨੌਜਵਾਨ ਦਾ ਅਹਿਮ ਯੋਗਦਾਨ

**ਮੋਗਾ:** ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਵੱਕਾਰੀ ਪ੍ਰੋਜੈਕਟ ਚੰਦਰਯਾਨ-3 'ਚ ਮੋਗਾ ਦੇ ਨੌਜਵਾਨ ਨੇ ਅਹਿਮ ਯੋਗਦਾਨ ਪਾਇਆ ਹੈ, ਜਿਸ ਦਾ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਸਨਮਾਨ ਕੀਤਾ ਗਿਆ ਹੈ। ਇਸ ਪ੍ਰਾਪਤੀ 'ਤੇ ਉਸ ਦੇ ਮਾਪਿਆਂ 'ਚ ਖੁਸ਼ੀ ਦੀ ਲਹਿਰ ਹੈ।



ਇਸ ਤੋਂ ਪਹਿਲਾਂ ਵੀ ਮੋਗਾ ਦੇ ਵਿਗਿਆਨੀ ਹਰਜੀਤ ਸਿੰਘ ਦੇ ਚੰਦਰਯਾਨ 'ਚ ਅਹਿਮ ਯੋਗਦਾਨ ਕਾਰਨ ਇਸਰੋ ਨੇ ਸਨਮਾਨ ਵਜੋਂ ਡਾਕ ਟਿਕਟ ਜਾਰੀ ਕੀਤਾ ਸੀ। ਨਿਹਾਲ ਸਿੰਘ ਵਾਲਾ ਸਬ ਡਿਵੀਜ਼ਨ ਅਧੀਨ ਪਿੰਡ ਖਾਈ ਦਾ ਵਸਨੀਕ ਨਵਦੀਪ ਸਿੰਘ ਥਾਪਰ ਕਾਲਜ ਪਟਿਆਲਾ ਤੋਂ ਬੀਟੈੱਕ ਦੀ ਪੜ੍ਹਾਈ ਕਰ ਰਿਹਾ ਹੈ। ਉਸ ਨੂੰ ਇਸਰੋ ਦੇ ਹੈਦਰਾਬਾਦ ਸੈਂਟਰ 'ਚ ਭੇਜਿਆ ਗਿਆ, ਜਿੱਥੇ ਪਿਛਲੇ ਸਾਲ ਚੰਦਰਯਾਨ-3 ਦੇ ਚੰਦ ਉੱਪਰ ਸਫਲ ਉੱਤਰਨ ਤੋਂ ਬਾਅਦ ਅੱਗੇ ਵਧਣ ਵਿਚ ਮੁਸ਼ਕਲ ਆ ਰਹੀ ਸੀ।

ਇਸ ਰੁਕਾਵਟ ਨੂੰ ਹੱਲ ਕਰਨ ਦਾ ਜ਼ਿੰਮਾ ਨਵਦੀਪ ਸਿੰਘ ਨੂੰ ਦਿੱਤਾ ਗਿਆ। ਉਸ ਨੇ ਇਹ ਰੁਕਾਵਟ ਦੂਰ ਕਰਨ ਲਈ ਰੋਡਮੈਪ ਤਿਆਰ ਕੀਤਾ। ਇਸ ਗਾਈਡ ਮੈਪ ਨਾਲ ਹੀ ਚੰਦਰਯਾਨ-3 ਦਾ ਟਰਾਇਲ ਸਫਲ ਹੋਇਆ। ਇਸਰੋ ਨੇ ਨਵਦੀਪ ਸਿੰਘ ਦੇ ਕੰਮ ਦੀ ਸ਼ਲਾਘਾ ਕਰਦਿਆਂ ਉਸ ਦਾ ਨਾਂ ਸਨਮਾਨ ਲਈ ਭੇਜਿਆ ਸੀ। ਨਵਦੀਪ ਸਿੰਘ ਦੇ ਪਿਤਾ ਗੁਰਪ੍ਰੀਤ ਸਿੰਘ ਫੌਜ ਵਿਚ ਸੂਬੇਦਾਰ ਹਨ। ਮਾਪਿਆਂ ਨੇ ਕਿਹਾ ਕਿ ਇਹ ਪਲ ਉਨ੍ਹਾਂ, ਪਿੰਡ ਲਈ, ਪੰਜਾਬ ਅਤੇ ਪੂਰੇ ਭਾਰਤ ਦੇਸ਼ ਲਈ ਮਾਣ ਵਾਲੇ ਹਨ। ਚੰਦਰਯਾਨ ਕਿਸੇ ਪੱਥਰ ਨਾਲ ਟਕਰਾ ਕੇ ਰੁਕ ਜਾਂਦਾ ਸੀ ਜਾਂ ਫਿਰ ਅੱਗੇ ਆਏ ਖੱਡੇ ਵਿਚ ਰੁਕ ਜਾਂਦਾ ਸੀ, ਇਸ ਰੁਕਾਵਟ ਨੂੰ ਦੂਰ ਕਰਨ ਲਈ ਨਵਦੀਪ ਨੇ ਰੋਡਮੈਪ ਤਿਆਰ ਕੀਤਾ, ਜਿਸ ਨਾਲ ਰੁਕਾਵਟ ਦੂਰ ਹੋ ਗਈ।

# ਕੇਂਦਰੀ ਪਾਰਟੀਆਂ ਨੇ ਪੰਜਾਬ ਨਾਲ ਵਿਤਕਰਾ ਹੀ ਕੀਤਾ: ਭੂੰਦੜ



**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਬਣਾਏ ਗਏ ਵਰਕਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਡਾ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਵੱਡੀ ਗਿਣਤੀ ਸਥਾਨਕ ਪਾਰਟੀ ਵਰਕਰਾਂ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋਣ ਪੁੱਜੇ।

ਇਸ ਉਪਰੰਤ ਭੂੰਦੜ ਨੇ ਆਖਿਆ ਕਿ ਪਾਰਟੀ ਵੱਲੋਂ ਜ਼ਿੰਮੇਵਾਰੀ ਦਿੱਤੇ ਜਾਣ ਮਗਰੋਂ ਉਹ ਇਥੇ ਮੱਥਾ ਟੇਕਣ ਆਏ ਹਨ। ਇਸ ਮੌਕੇ ਭੂੰਦੜ ਨੇ ਕੇਂਦਰੀ ਪਾਰਟੀਆਂ 'ਤੇ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਸਮੇਂ ਸਮੇਂ ਤੇ ਵੱਖ-ਵੱਖ ਕੇਂਦਰੀ ਪਾਰਟੀਆਂ ਨੇ ਪੰਜਾਬ ਨਾਲ ਨਾ ਕੇਵਲ ਵਿਤਕਰਾ ਕੀਤਾ ਸਗੋਂ ਪੰਜਾਬ, ਪੰਜਾਬੀਅਤ ਅਤੇ ਸਿੱਖ ਦੇ ਹੱਕਾਂ ਤੇ ਡਾਕਾ ਮਾਰਿਆ।

ਉਨ੍ਹਾਂ ਕਾਂਗਰਸ ਅਤੇ ਭਾਜਪਾ ਸਰਕਾਰਾਂ ਵੱਲੋਂ ਕੀਤੇ ਗਏ ਸਿੱਖ ਵਿਰੋਧੀ ਕੰਮਾਂ ਦਾ ਹਵਾਲਾ ਵੀ ਦਿੱਤਾ। ਇਕ ਸਵਾਲ ਦੇ ਜਵਾਬ ਵਿੱਚ ਭੂੰਦੜ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਸਾਡੇ ਲਈ ਸਰਵਉੱਚ ਹੈ ਤੇ ਜੋ ਵੀ ਹੁਕਮ ਅਕਾਲ ਤਖ਼ਤ ਸਾਹਿਬ ਤੋਂ ਆਇਆ ਹੈ ਉਹ ਖਿੜੇ ਮੱਥੇ ਪ੍ਰਵਾਨ ਕੀਤਾ ਜਾਵੇਗਾ। ਸੂਬਾ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਭੂੰਦੜ ਨੇ ਕਿਹਾ ਕਿ ਲੁਧਿਆਣੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੋਗੀ ਅਤੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਦਿੱਤੇ ਬਿਆਨਾਂ ਤੋਂ ਪੰਜਾਬ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਬਾਰੇ ਪਤਾ ਚੱਲਦਾ ਹੈ। ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸੁਖਬੀਰ ਬਾਦਲ ਦੇ ਮੰਗੇ ਜਾ ਰਹੇ ਅਸਤੀਫੇ ਬਾਰੇ ਭੂੰਦੜ ਨੇ ਕਿਹਾ ਕਿ ਉਹ ਕਿਸੇ ਬਾਰੇ ਕੁਝ ਵੀ ਗਲਤ ਨਹੀਂ ਬੋਲਣਗੇ ਭਾਵੇਂ ਕੋਈ ਬਾਗੀ ਹੋਵੇ ਜਾ ਕੋਈ ਵਿਰੋਧੀ ਹੋਵੇ।

# ਮੂਸੇਵਾਲਾ ਦੇ ਗੀਤ 'ਅਟੈਚ' ਨੂੰ ਇਕ ਮਿੰਟ 'ਚ ਇਕ ਲੱਖ ਵਿਊਜ਼

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਗੀਤ 'ਅਟੈਚ' ਰਿਲੀਜ਼ ਹੋ ਗਿਆ ਹੈ। ਇਸ ਗੀਤ ਨੂੰ ਇਕ ਮਿੰਟ 'ਚ ਇਕ ਲੱਖ ਵਿਊਜ਼ ਮਿਲੇ ਗਏ। ਇਹ ਸ਼ੁਭਦੀਪ ਸਿੰਘ ਸਿੱਧੂ ਦਾ ਉਨ੍ਹਾਂ ਦੀ ਮੌਤ ਤੋਂ ਬਾਅਦ ਰਿਲੀਜ਼ ਹੋਇਆ ਅੱਠਵਾਂ ਗੀਤ ਹੈ। ਨਵੇਂ ਗੀਤ ਦੀ ਜਾਣਕਾਰੀ ਸਿੱਧੂ ਮੂਸੇਵਾਲਾ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਦਿੱਤੀ ਗਈ ਸੀ। ਉਧਰ, ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਗੀਤ ਰਿਲੀਜ਼ ਹੋਣ ਮਗੋਂ ਕਿਹਾ ਕਿ ਉਹ ਮੜਕ ਨਾਲ ਜ਼ਿੰਦਗੀ ਜਿਉਂ ਕੇ ਗਿਆ ਹੈ, ਜਦੋਂ ਵੀ ਉਸ ਦਾ ਕੋਈ ਨਵਾਂ ਗੀਤ ਆਉਂਦਾ ਹੈ ਤਾਂ ਦਿਲ ਨੂੰ ਸਕੂਨ ਮਿਲਦਾ ਹੈ ਅਤੇ ਦੁੱਖ ਵੀ ਹੁੰਦਾ ਹੈ ਕਿ ਗੈਂਗਸਟਰਾਂ ਨੇ ਪੰਜਾਬ ਦੇ ਹੀਰੇ ਨੂੰ ਐਵੇਂ ਲਾਲਚਾਂ ਪਿੱਛੇ ਖ਼ਤਮ ਕਰ ਦਿੱਤਾ। ਸਟੀਲ ਬੈਂਗਲਜ਼ ਅਤੇ ਬ੍ਰਿਟਿਸ਼ ਰੈਪਰ ਫਰੈਡੋ ਦੇ ਸਹਿਯੋਗ ਨਾਲ ਗੀਤ 'ਅਟੈਚ' ਵਿਚ ਹਿੱਪ-ਹੌਪ ਅਤੇ ਰੈਪ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦੀ 29 ਮਈ 2022 ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਖੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹੱਤਿਆ ਤੋਂ ਅਗਲੇ ਮਹੀਨੇ 23 ਜੂਨ ਨੂੰ ਉਸ ਦਾ ਪਹਿਲਾ ਗੀਤ 'ਐਸ.ਵਾਈ.ਐਲ' ਸੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡੇਰਾ ਬਿਆਸ ਮੁਖੀ ਨੇ ਜਸਦੀਪ ਸਿੰਘ ਗਿੱਲ ਨੂੰ ਜਾਨਸ਼ੀਨ ਐਲਾਨਿਆ

**ਰਈਆ:** ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਜਸਦੀਪ ਸਿੰਘ ਗਿੱਲ ਨੂੰ ਆਪਣਾ ਜਾਨਸ਼ੀਨ ਐਲਾਨ ਦਿੱਤਾ ਹੈ। ਡੇਰਾ ਮੁਖੀ ਨੇ ਪਹਿਲਾਂ ਗਿੱਲ ਨੂੰ ਸਾਰੀਆਂ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਸਨ ਪਰ ਡੇਰੇ ਦੀ ਸੰਗਤ ਦੇ ਵਿਰੋਧ ਮਗਰੋਂ ਇਹ ਫੈਸਲਾ ਹੋਇਆ ਕਿ ਜਿੰਨਾ ਚਿਰ ਬਾਬਾ ਗੁਰਿੰਦਰ ਸਿੰਘ ਜੀ ਹਨ, ਜਸਦੀਪ ਸਿੰਘ ਗਿੱਲ ਉਨ੍ਹਾਂ ਦੇ ਨਾਲ ਬੈਠਣਗੇ ਤੇ ਸਹਾਇਕ ਵਜੋਂ ਕੰਮ ਕਰਨਗੇ।

ਜਾਨਸ਼ੀਨ ਐਲਾਨੇ ਜਸਦੀਪ ਸਿੰਘ ਗਿੱਲ ਮੁੰਬਈ ਨਾਲ ਸਬੰਧਤ ਹਨ ਤੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਦੂਰ ਦੀ ਰਿਸ਼ਤੇਦਾਰੀ 'ਚੋਂ ਹਨ। ਇਨ੍ਹਾਂ ਦਾ ਪਰਿਵਾਰ ਇਸ ਸਮੇਂ ਡੇਰਾ ਬਿਆਸ ਵਿਚ ਹੀ ਰਹਿ ਰਿਹਾ ਹੈ। ਉਨ੍ਹਾਂ ਦਵਾਈਆਂ ਦੀ



ਮਸ਼ਹੂਰ ਕੰਪਨੀ ਸਿਪਲਾ ਲਿਮਟਿਡ ਵਿਚ ਉੱਚ ਅਹੁਦੇ 'ਤੇ ਕੰਮ ਕੀਤਾ ਹੈ। ਉਨ੍ਹਾਂ ਪੀ.ਐਚ.ਡੀ. ਕੈਂਬਰਿਜ ਤੋਂ ਅਤੇ ਮਾਸਟਰਜ਼ ਡਿਗਰੀ ਐਮ.ਆਈ.ਟੀ. ਦਿੱਲੀ ਤੋਂ ਕੀਤੀ ਹੈ।

ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਟਰੱਸਟ ਦੇ ਸੈਕਟਰੀ ਦਵਿੰਦਰ ਕੁਮਾਰ ਸੀਕਰੀ ਨੇ ਬਿਆਨ ਵਿਚ ਕਿਹਾ ਕਿ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਜਸਦੀਪ ਸਿੰਘ ਗਿੱਲ ਨੂੰ ਆਪਣਾ ਜਾਨਸ਼ੀਨ ਨਿਯੁਕਤ ਕੀਤਾ ਹੈ। ਬਾਬਾ ਗੁਰਿੰਦਰ ਸਿੰਘ ਦੇ ਰਹਿਣ ਤੱਕ ਜਸਵਿੰਦਰ ਸਿੰਘ ਉਨ੍ਹਾਂ ਦੇ ਸਹਾਇਕ ਵਜੋਂ ਕੰਮ ਕਰਨਗੇ। ਉਨ੍ਹਾਂ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਜਸਦੀਪ ਸਿੰਘ ਗਿੱਲ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

ਬਾਬਾ ਗੁਰਿੰਦਰ ਸਿੰਘ ਢਿੱਲੋਂ ਲੰਮੇ ਸਮੇਂ ਤੋਂ ਕੈਂਸਰ ਤੋਂ ਪੀੜਤ ਹਨ ਅਤੇ ਦਿਲ ਦੇ ਵੀ ਮਰੀਜ਼ ਹਨ। ਦੂਸਰੇ ਪਾਸੇ ਇਹ ਵੀ ਪਤਾ ਲੱਗਾ ਹੈ ਕਿ ਡੇਰੇ ਅੰਦਰ ਕਥਿਤ ਦੋ ਧੜੇ ਚੱਲ ਰਹੇ ਸਨ, ਜਿਨ੍ਹਾਂ ਕਾਰਨ ਉਹ ਦੁਖੀ ਸਨ ਅਤੇ ਡੇਰੇ ਅੰਦਰ ਚੱਲ ਰਹੇ ਕਥਿਤ ਵਿਵਾਦਾਂ ਕਾਰਨ ਉਨ੍ਹਾਂ ਵੱਲੋਂ ਅਚਾਨਕ ਇਹ ਕਦਮ ਚੁੱਕਿਆ ਗਿਆ ਹੈ।

## ਡੇਰਾ ਚਰਨ ਘਾਟ ਦਾ ਮੁਖੀ ਜਬਰ ਜਨਾਹ ਦੇ ਦੋਸ਼ ਹੇਠ ਗ੍ਰਿਫਤਾਰ

**ਜਗਰਾਉਂ:** ਇਥੋਂ ਨੇੜੇ ਅਖਾੜਾ ਨਹਿਰ ਕਿਨਾਰੇ ਬਣੇ ਡੇਰੇ ਦੇ ਮੁਖੀ ਨੂੰ ਜਬਰ ਜਨਾਹ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਡੇਰੇ ਨੂੰ ਸੀਲ ਕਰ ਦਿੱਤਾ। ਇਸ ਤੋਂ ਇਲਾਵਾ ਪੁਲਿਸ ਨੇ ਡੇਰੇ ਵਿਚ ਰੱਖੇ ਪਾਵਨ ਸਰੂਪ ਵੀ ਨੇੜਲੇ ਗੁਰਦੁਆਰੇ ਵਿਚ ਭਿਜਵਾ ਦਿੱਤੇ ਹਨ। ਜਾਣਕਾਰੀ ਅਨੁਸਾਰ ਅਬੋਹਰ ਬ੍ਰਾਂਚ ਨਹਿਰੀ ਪੁਲ ਅਖਾੜਾ ਨੇੜੇ ਨਾਨਕਸਰ ਸੰਪ੍ਰਦਾਇ ਨਾਲ ਸਬੰਧਤ ਔਖਤੀ ਬਾਬੇ ਬਲਜਿੰਦਰ ਸਿੰਘ ਨੇ 'ਚਰਨ ਘਾਟ' ਨਾਂ ਦਾ ਡੇਰਾ ਸਥਾਪਿਤ ਕੀਤਾ ਸੀ। ਉਹ ਕਾਫੀ ਸਮਾਂ ਪਹਿਲਾਂ ਵੀ ਕਥਿਤ ਸਮਾਜ ਵਿਰੋਧੀ ਗਤੀਵਿਧੀਆਂ ਕਾਰਨ ਚਰਚਾ 'ਚ ਰਿਹਾ ਸੀ। ਹੁਣ ਔਰਤ ਵੱਲੋਂ ਬਾਬੇ 'ਤੇ ਜਬਰ ਜਨਾਹ ਦੇ ਦੋਸ਼ ਲਾਏ ਗਏ ਹਨ, ਜਿਨ੍ਹਾਂ ਦੀ ਪੜਤਾਲ ਸਿੱਖ ਜਥੇਬੰਦੀ ਵੱਲੋਂ ਕੀਤੀ ਗਈ। ਜਥੇਬੰਦੀ ਨੇ ਦੋਸ਼ ਸਾਬਤ ਹੋਣ ਉਪਰੰਤ ਉਸ ਖਿਲਾਫ਼ ਪੀੜਤ ਔਰਤ ਵੱਲੋਂ ਪੁਲਿਸ ਕੋਲ ਬਿਆਨ ਦਿਵਾ ਕੇ ਕੇਸ ਦਰਜ ਕਰਵਾ ਦਿੱਤਾ, ਜਿਸ ਨੂੰ ਗ੍ਰਿਫ਼ਤਾਰ ਕਰਨ ਦੀ ਪੁਸ਼ਟੀ ਡੀ.ਐਸ.ਪੀ. ਜਸਜੋਤ ਸਿੰਘ ਨੇ ਕਰਦਿਆਂ ਦੱਸਿਆ ਕਿ ਪੁਲਿਸ ਨੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਹੈ।

# ਸੁਪਰੀਮ ਕੋਰਟ ਨੇ ਸ਼ੰਭੂ ਬਾਰਡਰ ਮਾਮਲੇ 'ਤੇ ਬਣਾਈ ਕਮੇਟੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ਼ੰਭੂ ਬਾਰਡਰ ਉਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜਸਟਿਸ ਨਵਾਬ ਸਿੰਘ ਦੀ ਅਗਵਾਈ ਹੇਠ ਉੱਚ ਤਾਕਤੀ ਕਮੇਟੀ ਬਣਾ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਕਿਸਾਨਾਂ ਦੇ ਪ੍ਰਦਰਸ਼ਨ ਦੇ ਮੁੱਦੇ ਦਾ ਸਿਆਸੀਕਰਨ ਨਹੀਂ ਹੋਣਾ ਚਾਹੀਦਾ ਹੈ।

ਜਸਟਿਸ ਸੂਰਿਆਕਾਂਤ ਅਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਕਮੇਟੀ ਨੂੰ ਨਿਰਦੇਸ਼ ਦਿੱਤਾ ਕਿ ਉਹ ਹਫ਼ਤੇ ਦੇ ਅੰਦਰ ਆਪਣੀ ਪਹਿਲੀ ਮੀਟਿੰਗ ਸੱਦੇ। ਬੈਂਚ ਨੇ ਕਮੇਟੀ ਨੂੰ ਇਹ ਵੀ ਕਿਹਾ ਕਿ ਉਹ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਸ਼ੰਭੂ ਬਾਰਡਰ ਤੋਂ ਟਰੈਕਟਰ ਤੇ ਟਰਾਲੀਆਂ ਆਦਿ ਫੌਰੀ ਹਟਾਉਣ ਲਈ ਆਖਿਆ ਜਾਵੇ ਤਾਂ ਜੋ ਆਮ ਲੋਕਾਂ ਨੂੰ ਰਾਹਤ ਮਿਲੇ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਕਮੇਟੀ ਨੂੰ ਸੁਝਾਅ ਦੇਣ ਦੀ ਖੁੱਲ੍ਹ ਹੋਵੇਗੀ। ਬੈਂਚ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਚੌਕਸ ਕੀਤਾ ਕਿ ਉਹ ਸਿਆਸੀ ਪਾਰਟੀਆਂ ਤੋਂ ਦੂਰੀ ਬਣਾ ਕੇ ਰੱਖਣ ਅਤੇ ਅਜਿਹੀਆਂ ਮੰਗਾਂ 'ਤੇ ਜ਼ੋਰ ਨਾ ਪਾਉਣ ਜੋ ਵਿਹਾਰਕ ਨਹੀਂ ਹਨ।

ਸਿਖਰਲੀ ਅਦਾਲਤ ਨੇ ਕਿਹਾ ਕਿ ਕਿਸਾਨਾਂ ਦੇ ਮੁੱਦਿਆਂ ਦਾ ਸਿਆਸੀਕਰਨ ਨਹੀਂ ਹੋਣਾ ਚਾਹੀਦਾ ਹੈ ਅਤੇ ਕਮੇਟੀ ਨੂੰ ਉਨ੍ਹਾਂ 'ਤੇ ਪੜਾਅਵਾਰ ਢੰਗ ਨਾਲ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣਾ ਸ਼ਾਂਤੀਪੂਰਨ ਅੰਦੋਲਨ ਕਿਸੇ ਹੋਰ ਬਦਲਵੀਂ ਥਾਂ 'ਤੇ ਲਿਜਾਣ ਦੀ ਖੁੱਲ੍ਹ ਹੋਵੇਗੀ।

ਸੁਪਰੀਮ ਕੋਰਟ ਵੱਲੋਂ ਹਰਿਆਣਾ ਸਰਕਾਰ ਦੀ ਅਰਜ਼ੀ 'ਤੇ ਸੁਣਵਾਈ ਕੀਤੀ ਜਾ ਰਹੀ ਹੈ, ਜਿਸ 'ਚ ਉਨ੍ਹਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਸ਼ੰਭੂ ਬਾਰਡਰ 'ਤੇ ਖੜ੍ਹੇ ਕੀਤੇ ਗਏ ਅੜਿੱਕੇ ਇਕ ਹਫ਼ਤੇ ਅੰਦਰ ਹਟਾਉਣ ਦੇ ਹੁਕਮ ਦਿੱਤੇ ਸਨ।

# ਅਕਾਲ ਤਖ਼ਤ ਵੱਲੋਂ ਅਕਾਲੀ ਆਗੂਆਂ ਨੂੰ ਸਪਸ਼ਟੀਕਰਨ ਲਈ ਪੱਤਰ

**ਅੰਮ੍ਰਿਤਸਰ:** ਅਕਾਲੀ ਸਰਕਾਰ ਵੇਲੇ ਹੋਈਆਂ ਗਲਤੀਆਂ ਅਤੇ ਭੁੱਲਾਂ ਚੁੱਕਾਂ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਣੇ ਉਸ ਵੇਲੇ ਦੀ ਸਰਕਾਰ ਵਿਚ ਰਹੇ ਲਗਭਗ ਡੇਢ ਦਰਜਨ ਸਿੱਖ ਮੰਤਰੀਆਂ ਨੂੰ ਸਪੱਸ਼ਟੀਕਰਨ ਲਈ ਪੱਤਰ ਭੇਜੇ ਗਏ ਹਨ। ਇਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਆਗੂ ਵੀ ਸ਼ਾਮਲ ਹਨ।

ਸ੍ਰੀ ਅਕਾਲ ਤਖ਼ਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਅਤੇ 2007 ਤੋਂ ਲੈ ਕੇ 2017 ਤੱਕ ਅਕਾਲੀ ਸਰਕਾਰ ਵਿਚ ਰਹੇ ਮੰਤਰੀਆਂ ਨੂੰ ਇਸ ਮਾਮਲੇ ਵਿਚ ਸਪੱਸ਼ਟੀਕਰਨ ਦੇਣ ਲਈ 15 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਇਸ ਮਗਰੋਂ ਇਕ ਦਿਨ ਬਾਅਦ ਹੀ ਸੁਖਬੀਰ ਬਾਦਲ ਨੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਪਣਾ ਖਿਮਾ ਯਾਚਨਾ ਪੱਤਰ ਦਿੱਤਾ ਸੀ। ਉਨ੍ਹਾਂ ਨਾਲ ਹੀ ਉਸ ਵੇਲੇ ਦੀ ਸਰਕਾਰ ਵਿਚ ਰਹੇ ਚਾਰ ਸਾਬਕਾ ਮੰਤਰੀਆਂ ਡਾ. ਦਲਜੀਤ ਸਿੰਘ ਚੀਮਾ, ਮਹੇਸ਼ ਇੰਦਰ ਸਿੰਘ ਗਰੇਵਾਲ, ਗੁਲਜ਼ਾਰ ਸਿੰਘ ਰਣੀਕੇ ਅਤੇ ਸ਼ਰਨਜੀਤ ਸਿੰਘ ਢਿੱਲੋਂ ਨੇ ਆਪਣਾ ਸਪੱਸ਼ਟੀਕਰਨ ਸੌਂਪਿਆ ਸੀ। ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਸਣੇ ਲਗਭਗ 17 ਅਕਾਲੀ ਆਗੂਆਂ ਨੂੰ ਪੱਤਰ ਭੇਜੇ ਗਏ ਹਨ। ਇਨ੍ਹਾਂ ਵਿਚੋਂ ਬਿਕਰਮ ਸਿੰਘ ਮਜੀਠੀਆ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸੁੱਚਾ ਸਿੰਘ ਲੰਗਾਹ ਤੇ ਹੋਰ ਸ਼ਾਮਲ ਹਨ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵਿਚੋਂ ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸਰਵਣ ਸਿੰਘ ਫਿਲੌਰ ਤੇ ਹੋਰ ਸ਼ਾਮਲ ਹਨ।

# ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਹੁਣ ਦੀ ਮੰਗ ਭਖੀ

*(ਪਹਿਲੇ ਸਫੇ ਦੀ ਬਾਕੀ)*

ਤੇ ਗਲਤੀਆਂ ਆਦਿ ਵਾਸਤੇ ਖਾਲਸਾ ਪੰਥ ਵਿਚੋਂ ਤੁਰੰਤ ਖਾਰਜ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਕੋਈ ਅਜਿਹਾ ਗੁਨਾਹ ਨਾ ਕਰ ਸਕੇ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਬਲਜੀਤ ਸਿੰਘ ਦਾਦੂਵਾਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੱਖ-ਵੱਖ ਮਾਮਲਿਆਂ ਵਿਚ ਦੋਸ਼ੀ ਮੰਨਦਿਆਂ ਅਕਾਲ ਤਖ਼ਤ ਵੱਲੋਂ ਤਨਖਾਹੀਆ ਕਰਾਰ ਦਿੱਤੇ ਜਾਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਜ਼ਾ ਹੋਣੀ ਅਜੇ ਬਾਕੀ ਹੈ ਪਰ ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਦਾ ਫੈਸਲਾ ਸਿੱਖ ਕੌਮ ਦੇ ਹਿੱਤ ਵਿਚ ਹੈ। ਦੱਸ ਦਈਏ ਕਿ ਫੈਸਲਾ ਸੁਣਾਉਂਦੇ ਹੋਏ ਸਿੰਘ ਸਾਹਿਬਾਨ ਨੇ ਆਖਿਆ ਹੈ ਕਿ ਅਕਾਲੀ ਸਰਕਾਰ ਵਿਚ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਸੁਖਬੀਰ ਸਿੰਘ ਬਾਦਲ ਨੇ ਕਈ ਅਜਿਹੇ ਫੈਸਲੇ ਕੀਤੇ ਜਿਨ੍ਹਾਂ ਨਾਲ ਪੰਥ ਦੇ ਅਕਸ ਨੂੰ ਢਾਹ ਲੱਗੀ ਹੈ। ਅਕਾਲੀ ਦਲ ਦੀ ਹਾਲਤ ਕਮਜ਼ੋਰ ਹੋਈ ਹੈ ਅਤੇ ਸਿੱਖਾਂ ਦੇ ਹਿੱਤਾਂ ਨੂੰ ਨੁਕਸਾਨ ਪੁੱਜਿਆ ਹੈ। ਇਸ ਲਈ ਸੁਖਬੀਰ ਬਾਦਲ ਨੂੰ ਉਦੋਂ ਤੱਕ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ, ਜਦੋਂ ਤੱਕ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਤੇ ਪੰਜ ਸਿੰਘ ਸਾਹਿਬਾਨ ਤੇ ਸੰਗਤ ਦੇ ਸਾਹਮਣੇ ਪੇਸ਼ ਹੋ ਕੇ ਆਪਣੇ ਗੁਨਾਹਾਂ ਦੀ ਮੁਆਫ਼ੀ ਨਹੀਂ ਮੰਗਦੇ।

## 'ਐਮਰਜੈਂਸੀ' ਖਿਲਾਫ ਦਾਇਰ ਪਟੀਸ਼ਨ ਰੱਦ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਅਨਿਲ ਕਸ਼ੇਤਰਪਾਲ ਦੇ ਬੈਂਚ ਨੇ ਅਦਾਕਾਰ ਤੋਂ ਸਿਆਸਤਦਾਨ ਬਣੀ ਕੰਗਨਾ ਰਣੌਤ ਦੀ ਨਿਰਦੇਸ਼ਕ ਵਜੋਂ ਪਹਿਲੀ ਫ਼ਿਲਮ 'ਐਮਰਜੈਂਸੀ' ਖਿਲਾਫ਼ ਦਾਇਰ ਪਟੀਸ਼ਨ ਖਾਰਜ ਕਰ ਦਿੱਤੀ ਹੈ। ਵਧੀਕ ਸੌਲੀਸਿਟਰ ਜਨਰਲ ਸਤਿਆ ਪਾਲ ਜੈਨ ਨੇ ਪਟੀਸ਼ਨਰਾਂ ਨੂੰ ਯਕੀਨ ਦਿਵਾਇਆ ਕਿ ਇਸ ਮਾਮਲੇ ਵਿਚ ਸਾਰੇ ਕਾਨੂੰਨੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ। ਪਟੀਸ਼ਨਰਾਂ ਵਿਚ ਸ਼ਾਮਲ ਗੁਰਿੰਦਰ ਸਿੰਘ ਨੇ ਦਾਅਵਾ ਕੀਤਾ ਸੀ ਕਿ ਫ਼ਿਲਮ ਵਿਚਲੇ ਕੁਝ ਦ੍ਰਿਸ਼ਾਂ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੇਗੀ। ਪਟੀਸ਼ਨਰਾਂ ਨੇ ਮੰਗ ਕੀਤੀ ਸੀ ਕਿ ਕੇਂਦਰ ਸਰਕਾਰ ਤੇ ਸੀ.ਬੀ.ਐਫ.ਸੀ. ਨੂੰ ਫ਼ਿਲਮ ਦਾ ਸਰਟੀਫਿਕੇਸ਼ਨ ਵਾਪਸ ਲੈਣ ਸਬੰਧੀ ਹਦਾਇਤਾਂ ਕੀਤੀਆਂ ਜਾਣ ਤੇ 'ਵਿਵਾਦਿਤ' ਦ੍ਰਿਸ਼ ਫ਼ਿਲਮ 'ਚੋਂ ਹਟਾਉਣ ਲਈ ਕਿਹਾ ਜਾਵੇ। ਉਨ੍ਹਾਂ ਸਿੱਖ ਬੁੱਧੀਜੀਵੀਆਂ ਦੀ ਕਮੇਟੀ ਵੱਲੋਂ ਫ਼ਿਲਮ 'ਤੇ ਨਜ਼ਰਸਾਨੀ ਕੀਤੇ ਜਾਣ ਦੀ ਮੰਗ ਵੀ ਕੀਤੀ ਸੀ।

# ਕਿਸਾਨ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਨਿੱਤਰੇ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਮੰਗਾਂ ਲਈ ਸਰਕਾਰ ਖਿਲਾਫ ਸੰਘਰਸ਼ ਤਿੱਖਾ ਕਰ ਦਿੱਤਾ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਰਾਜਧਾਨੀ ਚੰਡੀਗੜ੍ਹ ਵਿਚ ਵੱਡੇ ਇਕੱਠ ਕੀਤੇ। ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ) ਦੇ ਬੈਨਰ ਹੇਠ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਪਹਿਲੇ ਦਿਨ ਚੰਡੀਗੜ੍ਹ ਵਿਚ ਮਹਾਂ ਪੰਚਾਇਤ ਕਰ ਕੇ ਪੰਜਾਬ ਦੇ ਪਾਣੀ ਤੇ ਖੇਤੀ ਸੰਕਟ ਨਾਲ ਜੁੜੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਮੰਗ ਕੀਤੀ।

ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸੈਕਟਰ-34 ਦੇ ਮੇਲਾ ਗਰਾਊਂਡ ਵਿਚ ਖੇਤੀ ਨੀਤੀ ਨੂੰ ਲੈ ਕੇ ਪੰਜ ਰੋਜ਼ਾ 'ਖੇਤੀ ਨੀਤੀ ਮੋਰਚਾ' ਲਗਾਇਆ ਗਿਆ। ਐਸ.ਕੇ.ਐਮ. ਵੱਲੋਂ ਵੀ ਸੈਕਟਰ 34 ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਾਹਮਣੇ ਗਰਾਊਂਡ 'ਚ ਕਿਸਾਨ ਮਹਾਂ ਪੰਚਾਇਤ ਕੀਤੀ ਗਈ। ਇਸ ਮੌਕੇ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ, ਕਿਸਾਨ, ਮਜ਼ਦੂਰ, ਬੀਬੀਆਂ ਤੇ ਬਜ਼ੁਰਗ ਪਹੁੰਚੇ ਜਿਨ੍ਹਾਂ ਨੇ ਪੰਜਾਬ ਦੇ ਪਾਣੀ ਅਤੇ ਖੇਤੀ ਸੰਕਟ ਨਾਲ ਜੁੜੇ ਮੁੱਦਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ ਸਟੇਜ ਤੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਏਕੇ ਦਾ ਹੋਕਾ ਦਿੱਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# 'ਗਲੋਬਲ ਪੰਜਾਬੀ ਮਿਲਾਪ' 21 ਸਤੰਬਰ ਨੂੰ

**ਸ਼ਿਕਾਗੋ:** ਇਸ ਵਾਰ ਗਲੋਬਲ ਪੰਜਾਬੀ ਮਿਲਾਪ 21 ਸਤੰਬਰ 2024, ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2 ਤੋਂ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਮਿਲਾਪ 2003 ਵਿਚ ਸ਼ੁਰੂ ਹੋਇਆ ਸੀ, ਜਿਸ ਦਾ ਮੁੱਖ ਉਦੇਸ਼ 1947 ਵਿਚ ਵਿਛੜੇ ਪੰਜਾਬੀਆਂ ਨੂੰ ਮਿਲਾ ਕੇ ਅੱਲੇ ਜ਼ਖਮਾਂ 'ਤੇ ਮੱਲ੍ਹਮ ਲਾਉਣਾ ਸੀ। ਹੌਲੀ ਹੌਲੀ ਇਸ ਦਾ ਉਦੇਸ਼ ਭਾਈਚਾਰੇ ਨੂੰ ਇਕੱਠਾ ਕਰ ਕੇ ਕਿਸੇ ਇਕ ਵਿਸ਼ੇ 'ਤੇ ਵਿਚਾਰ ਵਟਾਂਦਰਾ ਕਰਨਾ ਬਣ ਗਿਆ। ਹੁਣ ਵੱਖ-ਵੱਖ ਦੇਸ਼ਾਂ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਲੋਕ 'ਮਿਲਾਪ' ਵਿਚ ਸ਼ਾਮਲ ਹੁੰਦੇ ਹਨ ਅਤੇ ਪੰਜਾਬ, ਪੰਜਾਬੀ ਜ਼ਬਾਨ ਅਤੇ ਪੰਜਾਬੀਅਤ ਬਾਰੇ ਗੱਲਾਂ ਕਰਦੇ ਹਨ। ਬੁਲਾਰੇ ਚੁਣੇ ਹੋਏ ਵਿਸ਼ੇ 'ਤੇ ਗੱਲਾਂ ਕਰਦੇ ਹਨ ਅਤੇ ਕਵੀ ਆਪਣੀਆਂ ਨਜ਼ਮਾਂ ਸੁਣਾਉਂਦੇ ਹਨ। ਉਂਜ ਤਾਂ ਮਿਲਾਪ ਅਗਸਤ ਮਹੀਨੇ ਕਰਵਾਇਆ ਜਾਂਦਾ ਹੈ ਪਰ ਕੁਝ ਕਾਰਨਾਂ ਕਰਕੇ ਇਸ ਵਾਰ ਇਹ ਸਤੰਬਰ ਵਿਚ ਕਰਵਾਇਆ ਜਾ ਰਿਹਾ ਹੈ।

ਇਸ ਵਾਰ ਮਿਲਾਪ ਦਾ ਵਿਸ਼ਾ 'ਸਾਡੀਆਂ ਸਾਂਝਾਂ' ਰੱਖਿਆ ਗਿਆ ਹੈ, ਜਿਸ ਵਿਚ ਬੁਲਾਰੇ ਪੰਜਾਬੀਆਂ ਦੀ ਆਪਸੀ ਸਾਂਝ ਬਾਰੇ ਗੱਲਾਂ-ਬਾਤਾਂ ਕਰਨਗੇ ਤੇ ਕਵੀ ਨਜ਼ਮਾਂ ਪੇਸ਼ ਕਰਨਗੇ। ਪ੍ਰੁਗਰਾਮ ਦਾ ਸਮਾਂ ਸੀਮਤ ਹੁੰਦਾ ਹੈ ਤੇ ਸਾਡੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਨਵੇਂ ਚਿਹਰਿਆਂ ਨੂੰ ਸਮਾਂ ਜ਼ਰੂਰ ਦਿੱਤਾ ਜਾਵੇ।




ਪਹਿਲਾਂ ਹੋ ਚੁੱਕੇ ਮਿਲਾਪ ਪ੍ਰੋਗਰਾਮਾਂ ਵਿਚ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਬਾਬਾ ਸ਼ੇਖ ਫਰੀਦ ਵਰਗੇ ਵਿਸ਼ੇ ਚੁਣੇ ਗਏ ਸਨ। ਵਾਰਿਸ਼ ਸ਼ਾਹ ਤੇ ਬਾਬਾ ਬੁੱਲ੍ਹੇ ਸ਼ਾਹ ਬਹੁਤ ਮਕਬੂਲ ਰਹੇ।

ਇਸ ਵਾਰ 'ਮਿਲਾਪ' ਕੇ.ਕੇ. ਪੰਮਾ ਦੇ ਇਟਾਸਕਾ ਸ਼ਹਿਰ ਵਿਚ ਟੱਚ ਆਫ ਸਪਾਈਸ 913 ਵੈਸਟ ਇਰਵਿੰਗ ਪਾਰਕ ਸੜਕ 'ਤੇ ਜੋ ਰੋਲਿੰਗ ਸੜਕ ਦੇ ਕਰਾਸ 'ਤੇ ਹੈ ਵਿਖੇ ਹੋਵੇਗਾ। ਚਾਹ ਤੇ ਹਲਕਾ ਖਾਣ-ਪੀਣ ਦਾ ਇੰਤਜ਼ਾਮ ਕੀਤਾ ਗਿਆ ਹੈ।

ਮਿਲਾਪ ਦੇ ਪ੍ਰਬੰਧਕਾਂ ਨੇ ਸਮੇਂ ਸਮੇਂ 'ਤੇ ਕਿਤਾਬਾਂ ਦੀ ਘੁੰਡ-ਚੁਕਾਈ ਵੀ ਕਰਾਈ ਹੈ। ਇਸ ਵਾਰ ਉਘੇ ਕਵੀ ਰਵਿੰਦਰ ਸਹਿਰਾਅ ਦੀਆਂ ਦੋ ਕਿਤਾਬਾਂ ਦੀ ਘੁੰਡ ਚੁਕਾਈ ਕੀਤੀ ਜਾਏਗੀ। ਰਵਿੰਦਰ ਸਹਿਰਾਅ ਲੰਮੇ ਸਮੇਂ ਤੋਂ ਮਿਲਾਪ ਨਾਲ ਜੁੜੇ ਹੋਏ ਹਨ। ਪ੍ਰੋਗਰਾਮ ਦੇ ਮੁੱਖ ਮਹਿਮਾਨ ਸੰਸਾਰ ਪ੍ਰਸਿੱਧ ਪੰਜਾਬੀ ਨਾਟਕਕਾਰ ਡਾ. ਆਤਮਜੀਤ ਹੋਣਗੇ। ਮਿਲਾਪ ਨੂੰ ਹਮੇਸ਼ਾ ਪੰਜਾਬੀ ਮੀਡੀਆ ਦਾ ਭਰਪੂਰ ਸਹਿਯੋਗ ਮਿਲਿਆ ਹੈ। ਪਰ ਬਦਕਿਸਮਤੀ ਇਹ ਹੈ ਕਿ ਸਾਹਿਤਕ ਸਰਗਰਮੀਆਂ ਦੇ ਚਾਹੁਣ ਵਾਲੇ ਬਹੁਤ ਘੱਟ ਹਨ। ਇਸੇ ਲਈ 'ਮਿਲਾਪ' ਵਿਚ ਨਾ ਤਾਂ ਕਦੀ ਟਿਕਟ ਲਾਈ ਗਈ ਹੈ ਅਤੇ ਨਾ ਹੀ ਫੰਡ ਇਕੱਠੇ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪ੍ਰਸ਼ੰਸਕ ਆਪਣੇ ਆਪ ਹੀ ਹਿੱਸਾ ਪਾ ਜਾਂਦੇ ਹਨ। ਚੜ੍ਹਦੇ ਪੰਜਾਬ ਦੀ ਅਗਵਾਈ ਠਾਕਰ ਸਿੰਘ ਬਸਾਤੀ ਕਰਦੇ ਹਨ ਅਤੇ ਲਹਿੰਦੇ ਪੰਜਾਬ ਦੀ ਅਗਵਾਈ ਸਾਜਿਦ ਚੌਧਰੀ ਵਲੋਂ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਈ ਲਈ ਠਾਕਰ ਸਿੰਘ ਬਸਾਤੀ ਨੂੰ ਫੋਨ ਨੰਬਰ 847-736-6092 ਜਾਂ ਈ-ਮੇਲ tsbasati@gmail.com 'ਤੇ ਜਾਂ ਸਾਜਿਦ ਚੌਧਰੀ ਨੂੰ ਫੋਨ ਨੰਬਰ 773-213-3775 ਜਾਂ ਈ-ਮੇਲ sajchaudhry@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਠਾਕਰ ਸਿੰਘ ਬਸਾਤੀ*





## Change of Name

**This is to certify that I, AKASHDEEP, son of LAKHBIR SINGH, formerly residing at H. No. 613/ 10 KUMHARAN MOHALLA,JIND,PIN CODE 126102, HARYANA INDIA and currently residing at 508 DALE VIEW AVE BELMONT CA 94002 USA , have legally changed my name from AKASHDEEP to AKASHDEEP SINGH. All concerned parties are requested to note this change.**









# ਰੂਸ ਵੱਲੋਂ 150 ਤੋਂ ਵੱਧ ਯੂਕਰੇਨੀ ਡਰੋਨ ਡੇਗਣ ਦਾ ਦਾਅਵਾ



**ਮਾਸਕੋ:** ਰੂਸੀ ਰੱਖਿਆ ਮੰਤਰਾਲੇ ਨੇ ਰੂਸ ਦੀਆਂ ਹਵਾਈ ਸੈਨਾਵਾਂ ਵੱਲੋਂ 158 ਯੂਕਰੇਨੀ ਡਰੋਨ ਸੁੱਟ ਲੈਣ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਿਚੋਂ ਦੋ ਡਰੋਨ ਮਾਸਕੋ ਸ਼ਹਿਰ ਉਤੇ ਅਤੇ 9 ਮਾਸਕੋ ਖੇਤਰ ਦੇ ਆਲੇ ਦੁਆਲੇ ਫੁੰਡਣ ਦਾ ਦਾਅਵਾ ਕੀਤਾ ਗਿਆ ਹੈ।

ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਵਿਚੋਂ 46 ਡਰੋਨ ਕੁਰਸਕ ਖੇਤਰ ਉਤੇ ਸਨ। ਇਹ ਉਹ ਖੇਤਰ ਹੈ ਜਿੱਥੇ ਹਾਲੀਆ ਹਫ਼ਤਿਆਂ ਦੌਰਾਨ ਯੂਕਰੇਨ ਨੇ ਆਪਣੀਆਂ ਫੌਜਾਂ ਭੇਜ ਕੇ ਦੂਜੀ ਆਲਮੀ ਜੰਗ ਮਗਰੋਂ ਰੂਸ ਦੇ ਵੱਡੇ ਖੇਤਰਫਲ 'ਤੇ ਕਬਜ਼ਾ ਕੀਤਾ ਹੈ। ਇਸੇ ਤਰ੍ਹਾਂ ਯੂਕਰੇਨ ਦੀ ਸਰਹੱਦ ਨਾਲ ਲੱਗਦੇ ਬ੍ਰਾਇੰਸਕ ਖੇਤਰ 'ਚ 34 ਤੋਂ ਵੱਧ, ਵੋਰੋਨੇਜ਼ ਖੇਤਰ 'ਚ 28 ਤੇ ਬੈਲਗੋਰੋਡ ਖੇਤਰ ਵਿਚ 14 ਤੋਂ ਵੱਧ ਡਰੋਨ ਫੁੰਡੇ ਗਏ ਹਨ। ਉਧਰ ਯੂਕਰੇਨੀ ਹਵਾਈ ਸੈਨਾ ਨੇ ਰੂਸ ਵੱਲੋਂ ਛੱਡੇ 11 ਡਰੋਨਾਂ 'ਚੋਂ ਅੱਠ ਫੁੰਡਣ ਦਾ ਦਾਅਵਾ ਕੀਤਾ ਹੈ। ਦੇਸ਼ ਦੇ ਉੱਤਰ-ਪੂਰਬੀ ਖਾਰਕੀਵ ਖੇਤਰ ਵਿਚ ਗੋਲਾਬਾਰੀ ਦੌਰਾਨ ਪੰਜ ਵਿਅਕਤੀ ਜ਼ਖ਼ਮੀ ਹੋ ਗਏ। ਰੂਸੀ ਫੌਜ ਨੇ ਦੇਸ਼ ਦੇ ਧੁਰ ਅੰਦਰ ਵੀ ਕੁਝ ਯੂਕਰੇਨੀ ਡਰੋਨ ਸੁੱਟਣ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਿਚੋਂ ਇਕ ਮਾਸਕੋ ਦੇ ਉੱਤਰ ਪੱਛਮ 'ਚ ਟਵੇਰ ਖੇਤਰ ਅਤੇ ਦੂਜਾ ਰੂਸੀ ਰਾਜਧਾਨੀ ਤੋਂ ਉੱਤਰ-ਪੂਰਬ ਵਿਚ ਇਵਾਨੋਵੋ ਖੇਤਰ ਵਿਚ ਫੁੰਡਿਆ ਗਿਆ ਹੈ। ਇਸ ਸਾਲ ਦੀ ਸ਼ੁਰੂਆਤ ਤੋਂ ਯੂਕਰੇਨ ਨੇ ਰੂਸੀ ਸਰਜ਼ਮੀਨ 'ਤੇ ਹਵਾਈ ਹਮਲੇ ਕਰਦਿਆਂ ਕਰੈਮਲਿਨ ਦੇ ਹਮਲਿਆਂ ਦੀ ਰਫ਼ਤਾਰ ਘਟਾਉਣ ਲਈ ਰਿਫਾਇਨਰੀਆਂ ਤੇ ਤੇਲ ਟਰਮੀਨਲਾਂ ਨੂੰ ਨਿਸ਼ਾਨਾ ਬਣਾਇਆ ਹੈ।

# ਕੇਂਦਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਸੱਤ ਯੋਜਨਾਵਾਂ ਨੂੰ ਮਨਜ਼ੂਰੀ



**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਨੇ ਖੇਤੀ ਖੇਤਰ ਨਾਲ ਸਬੰਧਤ ਸੱਤ ਵੱਡੇ ਪ੍ਰੋਗਰਾਮਾਂ ਲਈ ਤਕਰੀਬਨ 14,000 ਕਰੋੜ ਰੁਪਏ ਦੇ ਖਰਚੇ ਨੂੰ ਮਨਜ਼ੂਰੀ ਦਿੱਤੀ ਹੈ। ਇਸ ਵਿਚ ਡਿਜੀਟਲ ਖੇਤੀ ਮਿਸ਼ਨ ਅਤੇ ਫਸਲ ਵਿਗਿਆਨ ਲਈ ਯੋਜਨਾ ਵੀ ਸ਼ਾਮਲ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਿਚ ਇੱਥੇ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ। ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਮੰਤਰੀ ਮੰਡਲ ਵਿਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ 2817 ਰੁਪਏ ਦੇ ਡਿਜੀਟਲ ਖੇਤੀ ਮਿਸ਼ਨ ਅਤੇ ਫਸਲ ਵਿਗਿਆਨ ਲਈ 3979 ਕਰੋੜ ਰੁਪਏ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਖੇਤੀ ਸਿੱਖਿਆ ਤੇ ਪ੍ਰਬੰਧਨ ਨੂੰ ਮਜ਼ਬੂਤ ਕਰਨ ਲਈ 2291 ਕਰੋੜ ਰੁਪਏ ਦੇ ਪ੍ਰੋਗਰਾਮ ਦੇ ਨਾਲ ਪਸ਼ੂ ਧਨ ਦੀ ਟਿਕਾਊ ਸਿਹਤ ਲਈ 1702 ਕਰੋੜ ਰੁਪਏ ਦੀ ਯੋਜਨਾ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਬਾਗਬਾਨੀ ਖੇਤਰ ਦੇ ਟਿਕਾਊ ਵਿਕਾਸ ਲਈ 860 ਕਰੋੜ ਰੁਪਏ ਦੀ ਇਕ ਹੋਰ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਮੰਤਰੀ ਮੰਡਲ ਨੇ ਖੇਤੀ ਵਿਗਿਆਨ ਕੇਂਦਰਾਂ ਲਈ 1202 ਕਰੋੜ ਰੁਪਏ ਅਤੇ ਕੁਦਰਤੀ ਸਰੋਤ ਪ੍ਰਬੰਧਨ ਨੂੰ ਮਜ਼ਬੂਤੀ ਦੇਣ ਲਈ 1115 ਕਰੋੜ ਰੁਪਏ ਦੀ ਯੋਜਨਾ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਸੱਤੋਂ ਪ੍ਰੋਗਰਾਮਾਂ ਲਈ ਕੁੱਲ 13,960 ਕਰੋੜ ਰੁਪਏ ਤੋਂ ਵੱਧ ਜਾਰੀ ਕੀਤੇ ਜਾਣੇ ਹਨ।

# ਰੂਸ ਵੱਲੋਂ ਪੱਤਰਕਾਰਾਂ ਸਣੇ 92 ਅਮਰੀਕੀਆਂ ਦੇ ਦਾਖਲੇ 'ਤੇ ਪਾਬੰਦੀ



**ਮਾਸਕੋ:** ਰੂਸੀ ਵਿਦੇਸ਼ ਮੰਤਰਾਲੇ ਨੇ 92 ਹੋਰ ਅਮਰੀਕੀਆਂ ਦੇ ਦੇਸ਼ ਵਿਚ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਵਿਚ ਕੁਝ ਕਾਰੋਬਾਰੀ, ਕਾਨੂੰਨ ਏਜੰਸੀਆਂ ਦੇ ਲੋਕ ਤੇ ਪੱਤਰਕਾਰ ਵੀ ਸ਼ਾਮਲ ਹਨ, ਜੋ ਪਹਿਲਾਂ ਰੂਸ ਵਿਚ ਕੰਮ ਕਰ ਚੁੱਕੇ ਹਨ।

ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਪਾਬੰਦੀ ਬਾਇਡਨ ਪ੍ਰਸ਼ਾਸਨ ਵੱਲੋਂ ਰੂਸ ਖਿਲਾਫ਼ ਪੜ੍ਹਾਏ ਜਾਂਦੇ ਪਾਠ ਦੀ ਜਵਾਬੀ ਕਾਰਵਾਈ ਵਜੋਂ ਕੀਤੀ ਗਈ ਹੈ। ਬਿਆਨ ਵਿਚ ਕਿਹਾ ਗਿਆ ਕਿ ਜਿਨ੍ਹਾਂ ਪੱਤਰਕਾਰਾਂ 'ਤੇ ਪਾਬੰਦੀ ਲਾਈ ਗਈ ਹੈ, ਉਹ ਮੋਹਰੀ ਲਿਬਰਲ-ਆਲਮੀ ਪ੍ਰਕਾਸ਼ਨਾਵਾਂ ਨਾਲ ਸਬੰਧਤ ਹਨ ਅਤੇ ਰੂਸ ਤੇ ਰੂਸੀ ਫ਼ੌਜ ਖਿਲਾਫ਼ ਫ਼ਰਜ਼ੀ ਤੇ ਗਲਤ ਜਾਣਕਾਰੀ ਛਾਪਣ ਵਿਚ ਸ਼ਾਮਲ ਹਨ। ਅਮਰੀਕੀਆਂ 'ਤੇ ਪਾਬੰਦੀ ਸਬੰਧੀ ਨਵੀਂ ਲਿਸਟ ਵਿਚ ਵਾਲ ਸਟਰੀਟ ਜਰਨਲ ਦੀ ਮੁੱਖ ਸੰਪਾਦਕ ਐਮਾ ਟਕਰ ਸਣੇ 11 ਮੌਜੂਦਾ ਜਾਂ ਸਾਬਕਾ ਸਟਾਫ਼ ਮੈਂਬਰ ਸ਼ਾਮਲ ਹਨ। ਟਕਰ ਵਾਲ ਸਟਰੀਟ ਜਰਨਲ ਦੇ ਰਿਪੋਰਟਰ ਈਵਾਨ ਗਰਸ਼ਕੋਵਿਚ ਦੀ ਜਾਸੂਸੀ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰੀ ਤੇ ਸਜ਼ਾ ਲਈ ਰੂਸ ਦੀ ਲਗਾਤਾਰ ਨੁਕਤਾਚੀਨੀ ਕਰਦੀ ਰਹੀ ਹੈ। ਗਰਸ਼ਕੋਵਿਚ ਨੂੰ 16 ਮਹੀਨੇ ਸਲਾਖਾਂ ਪਿੱਛੇ ਰਹਿਣ ਮਗਰੋਂ ਇਸੇ ਮਹੀਨੇ ਕੈਦੀਆਂ ਦੀ ਅਦਲਾ-ਬਦਲੀ ਰਹਿਤ ਰਿਹਾਅ ਕੀਤਾ ਗਿਆ ਹੈ। ਇਸੇ ਤਰ੍ਹਾਂ ਕੀਵ ਦੇ ਬਿਊਰੋ ਚੀਫ਼ ਐਂਡਰਿਊ ਕਰੈਮਰ ਸਣੇ ਨਿਊ ਯਾਰਕ ਟਾਈਮਜ਼ ਦੇ ਪੰਜ ਪੱਤਰਕਾਰ ਅਤੇ ਦਿ ਵਾਸ਼ਿੰਗਟਨ ਪੋਸਟ ਦੇ ਚਾਰ ਪੱਤਰਕਾਰ ਪਾਬੰਦੀਸ਼ੁਦਾ ਪੱਤਰਕਾਰਾਂ ਵਿਚ ਸ਼ਾਮਲ ਹਨ। ਸੂਚੀ ਵਿਚ ਸ਼ਾਮਲ ਹੋਰਨਾਂ ਅਮਰੀਕੀਆਂ ਵਿਚ ਕਾਨੂੰਨ ਏਜੰਸੀਆਂ, ਅਕਾਦਮਿਕ ਅਤੇ ਕਾਰੋਬਾਰੀ ਤੇ ਥਿੰਕ ਟੈਂਕ ਨਾਲ ਸਬੰਧਤ ਲੋਕ ਹਨ। ਵਿਦੇਸ਼ ਮੰਤਰਾਲੇ ਦੀ ਸੂਚੀ ਮੁਤਾਬਕ ਰੂਸ ਹੁਣ ਤੱਕ 2000 ਅਮਰੀਕੀਆਂ ਦੇ ਮੁਲਕ ਵਿਚ ਦਾਖਲੇ 'ਤੇ ਪਾਬੰਦੀ ਲਾ ਚੁੱਕਾ ਹੈ।

## ਪਿਛਲੇ ਮਹੀਨੇ 1.75 ਲੱਖ ਕਰੋੜ ਰੁਪਏ ਜੀ.ਐਸ.ਟੀ. ਇਕੱਤਰ ਹੋਇਆ

**ਨਵੀਂ ਦਿੱਲੀ:** ਪਿਛਲੇ ਮਹੀਨੇ ਅਗਸਤ ਵਿਚ ਜੀ.ਐਸ.ਟੀ. 10 ਫ਼ੀਸਦੀ ਵਧ ਕੇ ਕਰੀਬ 1.75 ਲੱਖ ਕਰੋੜ ਰੁਪਏ ਇਕੱਤਰ ਹੋਇਆ। ਸਰਕਾਰੀ ਅੰਕੜਿਆਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐਸ.ਟੀ.) ਮਾਲੀਆ ਪਿਛਲੇ ਸਾਲ ਅਗਸਤ 'ਚ 1.59 ਲੱਖ ਕਰੋੜ ਰੁਪਏ ਇਕੱਤਰ ਹੋਇਆ ਸੀ। ਇਸ ਸਾਲ ਜੁਲਾਈ ਵਿਚ ਇਹ 1.82 ਲੱਖ ਕਰੋੜ ਰੁਪਏ ਸੀ। ਅਗਸਤ 2024 'ਚ ਘਰੇਲੂ ਮਾਲੀਆ 9.2 ਫ਼ੀਸਦੀ ਵਧ ਕੇ ਲਗਭ 1.25 ਲੱਖ ਕਰੋੜ ਰੁਪਏ ਹੋ ਗਿਆ ਹੈ। ਵਸਤਾਂ ਦੀ ਦਰਾਮਦ ਤੋਂ ਕੁੱਲ ਜੀ.ਐਸ.ਟੀ. ਮਾਲੀਆ 12.1 ਫ਼ੀਸਦੀ ਵਧ ਕੇ 49,976 ਕਰੋੜ ਰੁਪਏ ਹੋ ਗਿਆ ਹੈ। ਸਮੀਖਿਆ ਅਧੀਨ ਮਹੀਨੇ 'ਚ 24,460 ਕਰੋੜ ਰੁਪਏ ਦੇ ਰਿਫੰਡ ਜਾਰੀ ਕੀਤੇ ਗਏ ਜੋ ਸਾਲਾਨਾ ਆਧਾਰ 'ਤੇ 38 ਫ਼ੀਸਦੀ ਜ਼ਿਆਦਾ ਹੈ। ਇਸੇ ਮਹੀਨੇ ਦੌਰਾਨ ਰਿਫੰਡ ਐਡਜਸਟਮੈਂਟ ਤੋਂ ਬਾਅਦ ਸ਼ੁੱਧ ਜੀ.ਐਸ.ਟੀ. ਮਾਲੀਆ 6.5 ਫ਼ੀਸਦੀ ਵਧ ਕੇ 1.5 ਲੱਖ ਕਰੋੜ ਰੁਪਏ ਹੋ ਗਿਆ।

# ਪਾਕਿਸਤਾਨ ਵਿਚ ਐਮਪੌਕਸ ਵਾਇਰਸ ਨੇ ਪੈਰ ਪਸਾਰੇ




**ਇਸਲਾਮਾਬਾਦ:** ਪਾਕਿਸਤਾਨ 'ਚ ਮੰਕੀਪੌਕਸ (ਐਮਪੌਕਸ) ਵਾਇਰਸ ਦਾ ਇਕ ਹੋਰ ਕੇਸ ਸਾਹਮਣੇ ਆਉਣ ਨਾਲ ਕੁੱਲ ਕੇਸਾਂ ਦੀ ਗਿਣਤੀ ਵਧ ਕੇ ਚਾਰ ਹੋ ਗਈ ਹੈ। ਚੌਥਾ ਕੇਸ ਖ਼ੈਬਰ ਪਖਤੂਨਖਵਾ ਪ੍ਰਾਂਤ 'ਚ ਸਾਹਮਣੇ ਆਇਆ ਹੈ ਜਦਕਿ ਅਧਿਕਾਰੀ ਪਹਿਲਾਂ ਹੀ ਤਿੰਨ ਕੇਸਾਂ ਦੀ ਪੁਸ਼ਟੀ ਕਰ ਚੁੱਕੇ ਹਨ।

ਖ਼ੈਬਰ ਪਖਤੂਨਖਵਾ ਦੇ ਸਿਹਤ ਡਾਇਰੈਕਟਰ ਡਾਕਟਰ ਇਰਸ਼ਾਦ ਅਲੀ ਰੋਗਾਨੀ ਨੇ ਕਿਹਾ ਕਿ ਪਿਸ਼ਾਵਰ ਹਵਾਈ ਅੱਡੇ 'ਤੇ ਮੈਡੀਕਲ ਟੀਮ ਨੇ ਮਰੀਜ਼ ਨੂੰ ਪੁਲਿਸ ਅਤੇ ਸਰਵਿਸਿਜ਼ ਹਸਪਤਾਲ 'ਚ ਤਬਦੀਲ ਕਰ ਦਿੱਤਾ। ਰੋਗਾਨੀ ਨੇ ਕਿਹਾ ਕਿ ਮਰੀਜ਼ ਦੇ ਜ਼ਖ਼ਮ ਤੋਂ ਨਮੂਨੇ ਲੈ ਕੇ ਲੈਬਾਰਟਰੀ 'ਚ ਭੇਜੇ ਗਏ ਸਨ ਜਿਨ੍ਹਾਂ ਚ ਐਮਪੌਕਸ ਦੀ ਪੁਸ਼ਟੀ ਹੋਈ ਹੈ। ਮਰੀਜ਼ ਦੀ ਹਾਲਤ ਸਥਿਰ ਦੱਸੀ ਗਈ ਹੈ। ਅਧਿਕਾਰੀਆਂ ਮੁਤਾਬਕ ਸਾਰੇ ਮਰੀਜ਼ ਵਿਦੇਸ਼ ਤੋਂ ਪਰਤੇ ਹਨ ਅਤੇ ਸਥਾਨਕ ਪੱਧਰ 'ਤੇ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ ਹੈ। ਵਿਦੇਸ਼ ਤੋਂ ਪਰਤੇ ਮਰੀਜ਼ਾਂ ਦੇ ਐਮਪੌਕਸ ਲਈ ਪਾਜ਼ੇਟਿਵ ਨਿਕਲਣ ਮਗਰੋਂ ਪਾਕਿਸਤਾਨ ਨੇ ਹਵਾਈ ਅੱਡਿਆਂ 'ਤੇ ਇਹਤਿਆਤੀ ਕਦਮ ਵਜੋਂ ਸਕਰੀਨਿੰਗ ਸਿਸਟਮ ਦਾ ਪ੍ਰਬੰਧ ਕੀਤਾ ਹੈ। ਹਸਪਤਾਲ ਵਿਚ ਅਗਾਊਂ ਪ੍ਰਬੰਧ ਵਜੋਂ ਅਜਿਹੇ ਮਰੀਜ਼ਾਂ ਲਈ ਵਿਸ਼ੇਸ਼ ਵਾਰਡ ਤਿਆਰ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਵਿਸ਼ਵ ਸਿਹਤ ਸੰਗਠਨ ਨੇ ਪਿਛਲੇ ਮਹੀਨੇ ਅਫ਼ਰੀਕਾ 'ਚ ਐਮਪੌਕਸ ਫੈਲਣ ਦੀ ਚਿਤਾਵਨੀ ਜਾਰੀ ਕੀਤੀ ਸੀ। ਕਾਂਗੋ 'ਚ ਪਿਛਲੇ ਸਾਲ ਜਨਵਰੀ 'ਚ ਵਾਇਰਸ ਫੈਲਣ ਮਗਰੋਂ ਹੁਣ ਤੱਕ ਐਮਪੌਕਸ ਦੇ 27 ਹਜ਼ਾਰ ਮਾਮਲੇ ਸਾਹਮਣੇ ਆ ਚੁੱਕੇ ਹਨ ਅਤੇ 1,100 ਤੋਂ ਵਧ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ।

## ਹੁਰੀਅਤ ਆਗੂ ਸਈਦ ਸਲੀਮ ਗਿਲਾਨੀ ਪੀ.ਡੀ.ਪੀ. 'ਚ ਸ਼ਾਮਲ

**ਸ੍ਰੀਨਗਰ:** ਵੱਖਵਾਦੀ ਆਗੂ ਤੇ ਹੁਰੀਅਤ ਮੈਂਬਰ ਸਈਦ ਸਲੀਮ ਗਿਲਾਨੀ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਮੁਖੀ ਮਹਿਬੂਬਾ ਮੁਫ਼ਤੀ ਦੀ ਹਾਜ਼ਰੀ ਵਿਚ ਪਾਰਟੀ 'ਚ ਸ਼ਾਮਲ ਹੋ ਗਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ, "ਪੀ.ਡੀ.ਪੀ. ਅਜਿਹੀ ਪਾਰਟੀ ਹੈ ਜੋ ਜਮਹੂਰੀ, ਮਨੁੱਖੀ ਅਧਿਕਾਰਾਂ ਤੇ ਸਿਆਸੀ ਅਧਿਕਾਰਾਂ ਦੀ ਗੱਲ ਕਰਦੀ ਹੈ। ਇਹ ਕਸ਼ਮੀਰ ਮਸਲੇ ਦੇ ਸਿਆਸੀ ਹੱਲ ਦੀ ਗੱਲ ਕਰਦੀ ਹੈ। ਇਸ ਲਈ ਮੈਨੂੰ ਇਸ ਪਾਰਟੀ 'ਚ ਸ਼ਾਮਲ ਹੋਣਾ ਸਹੀ ਲੱਗਾ।"

ਉਨ੍ਹਾਂ ਇਹ ਵੀ ਕਿਹਾ ਕਿ ਕਸ਼ਮੀਰ ਮਸਲੇ ਦਾ ਹੱਲ ਸਿਆਸੀ ਢੰਗ ਨਾਲ ਹੀ ਹੋ ਸਕਦਾ ਹੈ। ਬੰਦੂਕ ਨਾਲ ਕੋਈ ਹੱਲ ਨਹੀਂ ਨਿਕਲ ਸਕਦਾ। ਗਿਲਾਨੀ ਦਾ ਸਵਾਗਤ ਕਰਦਿਆਂ ਮੁਫ਼ਤੀ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਸਾਬਕਾ ਵੱਖਵਾਦੀ ਆਗੂ ਕਸ਼ਮੀਰ ਮਸਲੇ ਦਾ ਸ਼ਾਂਤੀਪੂਰਨ ਹੱਲ ਚਾਹੁੰਦੇ ਹਨ।

# ਯੂ.ਏ.ਈ: ਭਾਰਤੀ ਮਿਸ਼ਨ ਵੱਲੋਂ ਆਮ ਮੁਆਫ਼ੀ ਸਕੀਮ ਦਾ ਐਲਾਨ

**ਦੁਬਈ:** ਦੁਬਈ ਸਥਿਤ ਭਾਰਤੀ ਕੌਂਸੁਲੇਟ ਜਨਰਲ ਨੇ ਯੂ.ਏ.ਈ. ਵਿਚ ਰਹਿ ਰਹੇ ਭਾਰਤੀਆਂ ਨੂੰ ਆਮ ਮੁਆਫ਼ੀ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ ਹੈ। ਭਾਰਤੀ ਕੌਂਸੁਲੇਟ ਜਨਰਲ ਨੇ ਸਕੀਮ ਤਹਿਤ ਕਈ ਉਪਰਾਲਿਆਂ ਦਾ ਐਲਾਨ ਕੀਤਾ ਹੈ ਜਿਸ ਤਹਿਤ ਯੂ.ਏ.ਈ. ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਆਪਣੇ ਰਿਹਾਇਸ਼ੀ ਸਟੇਟਸ ਨੂੰ ਨਿਯਮਤ ਕਰ ਸਕਦੇ ਹਨ ਜਾਂ ਫਿਰ ਬਿਨਾਂ ਕਿਸੇ ਸਜ਼ਾ ਜਾਂ ਜੁਰਮਾਨੇ ਦੇ ਦੇਸ਼ ਛੱਡ ਸਕਦੇ ਹਨ। ਇਹ ਆਮ ਮੁਆਫ਼ੀ ਪ੍ਰੋਗਰਾਮ ਕਈ ਵੀਜ਼ਾ ਸ਼੍ਰੇਣੀਆਂ ਉਤੇ ਲਾਗੂ ਹੁੰਦਾ ਹੈ, ਜਿਸ ਵਿਚ ਮਿਆਦ ਪੁਗਾ ਚੁੱਕੇ ਰੈਜ਼ੀਡੈਂਸੀ ਤੇ ਟੂਰਿਸਟ ਵੀਜ਼ੇ ਦੇ ਨਾਲ ਉਹ ਲੋਕ ਵੀ ਸ਼ਾਮਲ ਹਨ, ਜੋ ਬਿਨਾਂ ਦਸਤਾਵੇਜ਼ਾਂ ਦੇ ਰਹਿ ਰਹੇ ਹਨ। ਹਾਲਾਂਕਿ ਗੈਰਕਾਨੂੰਨੀ ਢੰਗ ਨਾਲ ਯੂ.ਏ.ਈ. ਦਾਖਲ ਹੋਏ ਵਿਅਕਤੀਆਂ ਨੂੰ ਇਸ ਪ੍ਰੋਗਰਾਮ 'ਚੋਂ ਬਾਹਰ ਰੱਖਿਆ ਗਿਆ ਹੈ।

ਇਸ ਪ੍ਰੋਗਰਾਮ ਤਹਿਤ ਅਜਿਹੇ ਵਿਅਕਤੀ ਜੋ ਆਪਣੇ ਵੀਜ਼ੇ ਦਾ ਸਟੇਟਸ ਬਦਲਣਾ ਚਾਹੁੰਦੇ ਹਨ, ਜੁਰਮਾਨੇ ਤੇ ਫੀਸ ਮੁਆਫ਼ੀ ਦਾ ਲਾਭ ਲੈ ਸਕਦੇ ਹਨ ਤੇ ਉਨ੍ਹਾਂ ਕੋਲ ਯਾਤਰਾ ਪਾਬੰਦੀ ਤੋਂ ਬਗੈਰ ਮੁਲਕ ਛੱਡਣ ਦਾ ਵਿਕਲਪ ਵੀ ਮੌਜੂਦ ਹੈ। ਪ੍ਰੋਗਰਾਮ ਤਹਿਤ ਕੋਈ ਅਰਜ਼ੀਕਾਰ ਜੋ ਭਾਰਤ ਵਾਪਸ ਜਾਣ ਦਾ ਇੱਛੁਕ ਹੈ, ਐਮਰਜੈਂਸੀ ਸਰਟੀਫਿਕੇਟ (ਈਸੀ) ਲਈ ਅਪਲਾਈ ਕਰ ਸਕਦਾ ਹੈ ਅਤੇ ਜਿਹੜੇ ਆਪਣੇ ਰੈਜ਼ੀਡੈਂਸੀ ਸਟੇਟਸ ਨੂੰ ਨਿਯਮਤ ਕਰਨਾ ਚਾਹੁੰਦੇ ਹਨ ਉਹ ਥੋੜ੍ਹੀ ਮਿਆਦ ਦੇ ਪਾਸਪੋਰਟ ਲਈ ਅਪਲਾਈ ਕਰ ਸਕਦੇ ਹਨ। ਇਸ ਪ੍ਰੋਗਰਾਮ ਦਾ ਲਾਭ ਲੈਣ ਲਈ ਦੁਬਈ ਸਥਿਤ ਭਾਰਤੀ ਕੌਂਸੁਲੇਟ ਜਨਰਲ ਤੇ ਦੁਬਈ ਦੇ ਆਵਰ ਇਮੀਗ੍ਰੇਸ਼ਨ ਸੈਂਟਰ ਵਿਚ ਕਾਊਂਟਰ ਸਥਾਪਿਤ ਕੀਤੇ ਗਏ ਹਨ। ਅਰਜ਼ੀਕਾਰ ਅਰਜ਼ੀ ਦਾਖ਼ਲ ਕਰਨ ਦੇ ਅਗਲੇ ਦਿਨ ਭਾਰਤੀ ਕੌਂਸੁਲੇਟ ਜਨਰਲ ਦੁਬਈ ਤੋਂ ਈਸੀ'ਜ਼ ਲੈ ਸਕਦੇ ਹਨ। ਅਰਜ਼ੀਕਾਰ ਥੋੜ੍ਹੀ ਮਿਆਦ ਦੇ ਪਾਸਪੋਰਟਾਂ ਵਾਸਤੇ ਅਪਲਾਈ ਕਰਨ ਲਈ ਦੁਬਈ ਤੇ ਉੱਤਰੀ ਅਮੀਰਾਤ ਦੇ ਬੀ.ਐਲ.ਐਸ. ਸੈਂਟਰਾਂ ਤੱਕ ਪਹੁੰਚ ਕਰ ਸਕਦੇ ਹਨ ਤੇ ਇਸ ਲਈ ਅਗਾਊਂ ਸਮਾਂ ਲੈਣ ਦੀ ਵੀ ਲੋੜ ਨਹੀਂ ਹੈ।

# ਲਾਓਸ ਦੇ ਸਾਈਬਰ ਘਪਲਾ ਕੇਂਦਰਾਂ 'ਚੋਂ 47 ਭਾਰਤੀ ਬਚਾਏ

**ਵਿਏਨਟਿਏਨ:** ਲਾਓਸ ਦੇ ਸਾਈਬਰ ਘਪਲਾ ਕੇਂਦਰਾਂ ਵਿਚ ਫਸੇ 47 ਭਾਰਤੀਆਂ ਨੂੰ ਮੁਲਕ ਦੇ ਬੋਕੇਓ ਪ੍ਰਾਂਤ 'ਚੋਂ ਬਚਾਇਆ ਗਿਆ ਹੈ। ਭਾਰਤੀ ਸਫ਼ਾਰਤਖਾਨੇ ਨੇ ਇਹ ਜਾਣਕਾਰੀ ਦਿੱਤੀ।

ਭਾਰਤੀ ਅਧਿਕਾਰੀ ਲਾਓਸ 'ਚ ਆਪਣੇ ਨਾਗਰਿਕਾਂ ਨੂੰ ਫਰਜ਼ੀ ਨੌਕਰੀਆਂ ਦੀਆਂ ਪੇਸ਼ਕਸ਼ਾਂ ਪ੍ਰਤੀ ਪਹਿਲਾਂ ਤੋਂ ਖ਼ਬਰਦਾਰ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਅਪੀਲ ਕੀਤੀ ਹੈ ਕਿ ਭਾਰਤੀ ਧੋਖਾਧੜੀ ਤੋਂ ਬਚਣ ਲਈ ਪਹਿਲਾਂ ਮੁਕੰਮਲ ਜਾਂਚ-ਪੜਤਾਲ ਕਰ ਲੈਣ। ਭਾਰਤੀ ਮਿਸ਼ਨ ਨੇ ਹੁਣ ਤੱਕ 635 ਭਾਰਤੀਆਂ ਨੂੰ ਬਚਾਅ ਕੇ ਸੁਰੱਖਿਅਤ ਵਤਨ ਭੇਜਿਆ ਹੈ।

ਭਾਰਤੀ ਸਫ਼ਾਰਤਖਾਨੇ ਨੇ 'ਐਕਸ' ਉਤੇ ਪੋਸਟ 'ਚ ਦੱਸਿਆ ਕਿ ਬੋਕੇਓ ਪ੍ਰਾਂਤ 'ਚ ਗੋਲਡਨ ਟ੍ਰਾਈਐਂਗਲ ਵਿਸ਼ੇਸ਼ ਆਰਥਿਕ ਜ਼ੋਨ ਦੇ ਸਾਈਬਰ ਸਕੈਮ ਕੇਂਦਰਾਂ 'ਚ ਫਸੇ 29 ਵਿਅਕਤੀਆਂ ਨੂੰ ਸਫ਼ਾਰਤਖਾਨੇ ਹਵਾਲੇ ਕਰ ਦਿੱਤਾ ਸੀ, ਜਦਕਿ 18 ਹੋਰਾਂ ਨੇ ਮਦਦ ਦੀ ਅਪੀਲ ਕੀਤੀ ਸੀ।

ਲਾਓਸ 'ਚ ਭਾਰਤੀ ਸਫ਼ੀਰ ਪ੍ਰਸ਼ਾਂਤ ਅਗਰਵਾਲ ਨੇ ਬਚਾਏ ਗਏ ਭਾਰਤੀਆਂ ਨਾਲ ਮੁਲਾਕਾਤ ਕੀਤੀ। ਦੂਤਾਵਾਸ ਨੇ ਦੱਸਿਆ ਕਿ ਭਾਰਤੀਆਂ ਦੀ ਮਦਦ ਲਈ ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਵਿਏਨਟਿਏਨ ਲਿਆਂਦਾ ਗਿਆ। ਹੁਣ ਤੱਕ 30 ਵਿਅਕਤੀ ਭਾਰਤ ਪੁੱਜ ਚੁੱਕੇ ਹਨ, ਜਦੋਂ ਕਿ ਬਾਕੀ 17 ਵੀ ਛੇਤੀ ਹੀ ਮੁਲਕ ਛੱਡ ਦੇਣਗੇ।

# ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਹਰਨਾਮ ਸਿੰਘ ਧੁੰਮਾ ਨੂੰ ਦਮਦਮੀ ਟਕਸਾਲ ਦਾ ਆਗੂ ਮੰਨਣ ਤੋਂ ਇਨਕਾਰੀ

## ਕਿਸੇ ਯੋਗ ਸ਼ਖ਼ਸੀਅਤ ਨੂੰ ਜ਼ਿੰਮੇਵਾਰੀ ਸੌਂਪਣ ਦੀ ਅਪੀਲ

ਨਿਊਯਾਰਕ: ਅਮਰੀਕਾ ਭਰ ਦੀਆਂ ਪੰਥਕ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਅਤੇ ਪੰਥ ਪ੍ਰਸਤਾਂ ਦੀ ਹੰਗਾਮੀ ਟੈਲੀਕਾਨਫਰੰਸ ਸੱਦੀ ਗਈ ਜਿਸ ਵਿਚ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਨੇ ਵੱਡੀ ਤਾਦਾਦ ਵਿਚ ਹਿੱਸਾ ਲਿਆ।

ਇਸ ਮੀਟਿੰਗ ਵਿਚ ਸ. ਹਰਜਿੰਦਰ ਸਿੰਘ (ਮੀਡੀਆ ਸਪੋਕਸਮੈਨ ਛਛਓਛ), ਸ. ਹਿੰਮਤ ਸਿੰਘ (ਕੋਆਰਡੀਨੇਟਰ ਫ), ਡਾ. ਪ੍ਰਿਤਪਾਲ ਸਿੰਘ (ਸਿੱਖ ਕਾਕਸ ਕਮੇਟੀ), ਸ. ਜਸਵੰਤ ਸਿੰਘ ਹੋਠੀ (ਪ੍ਰਧਾਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ), ਡਾ. ਬਖਸ਼ੀਸ਼ ਸਿੰਘ ਸੰਧੂ (ਕੌਂਸਲ ਆਫ ਖਾਲਿਸਤਾਨ), ਸ. ਪ੍ਰਿਤਪਾਲ ਸਿੰਘ (ਕੋਆਰਡੀਨੇਟਰ ਦਲ ਖਾਲਸਾ), ਸ. ਟਹਿਲ ਸਿੰਘ (ਸਾਬਕਾ ਪ੍ਰਧਾਨ ਸਿੱਖ ਕਲਚਰਲ ਸੁਸਾਇਟੀ), ਸ. ਸੁਰਜੀਤ ਸਿੰਘ ਕੁਲਾਰ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ), ਸ. ਰਜਿੰਦਰ ਸਿੰਘ (ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸੁਸਾਇਟੀ), ਸ. ਜੋਗਾ ਸਿੰਘ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ), ਸ. ਕਿਰਪਾਲ ਸਿੰਘ ਬਲਿੰਗ ਨਿਊਯਾਰਕ, ਡਾ. ਹਰਦਮ ਸਿੰਘ ਆਜ਼ਾਦ ਸਿੱਖ ਨੈਸ਼ਨਲ ਸੈਂਟਰ ਟੈਕਸਸ, ਸ. ਗੁਰਮੇਲ ਸਿੰਘ (ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ), ਸ. ਬਲਵਿੰਦਰ ਸਿੰਘ ਚੱਠਾ ਵਰਜੀਨੀਆ, ਸ. ਨਰਿੰਦਰ ਸਿੰਘ ਵਰਜੀਨੀਆ, ਸ. ਹਰਮਿੰਦਰ ਸਿੰਘ ਆਹਲੂਵਾਲੀਆ, ਸ. ਸੰਤੋਖ ਸਿੰਘ, ਮੱਖਣ ਸਿੰਘ ਕਲੇਰ ਸ਼ਿਕਾਗੋ, ਹਰਪਾਲ ਸਿੰਘ ਸਿਆਟਲ, ਸਾਹਿਬ ਸਿੰਘ ਸਿਆਟਲ, ਸੁਖਵਿੰਦਰ ਸਿੰਘ ਠਾਣਾ ਕੈਲੀਫੋਰਨੀਆ, ਭਰਪੂਰ ਸਿੰਘ ਇੰਡੀਆਨਾ ਅਤੇ ਗੁਰਮੇਲ ਸਿੰਘ ਢੇਸੀ ਟੈਕਸਸ ਨੇ ਹਾਜ਼ਰੀ ਭਰੀ ਅਤੇ ਕਿਹਾ ਕਿ ਦਮਦਮੀ ਟਕਸਾਲ ਜਿਸਨੂੰ ਯੋਧਿਆਂ ਦੀ ਖਾਣ ਵੀ ਕਿਹਾ ਜਾਂਦਾ ਹੈ, ਪੰਥ ਦੀ ਸਤਿਕਾਰਤ ਜਥੇਬੰਦੀ ਹੈ ਜਿਸ ਉਪਰ ਸਰਕਾਰੀ ਸਰਪ੍ਰਸਤੀ ਨਾਲ ਕਾਬਜ਼ ਹੋਏ ਬੈਠੇ ਭਾਈ ਹਰਨਾਮ ਸਿੰਘ ਧੁੰਮਾ ਕਿਰਦਾਰ ਪੱਖੋਂ ਸਰਕਾਰਾਂ ਅਤੇ ਪ੍ਰਧਾਨ ਮੰਤਰੀਆਂ ਅੱਗੇ ਖਲੋਣ ਵਾਲੇ ਟਕਸਾਲ ਦੇ ਪੁਰਾਣੇ ਮੁਖੀਆਂ ਸਾਹਮਣੇ ਬਿਲਕੁਲ ਬੌਣੇ ਕਿਰਦਾਰ ਦੇ ਨਜ਼ਰ ਆ ਰਹੇ ਹਨ। ਉਹ ਦਾਅਵਾ ਤਾਂ ਵੀਹਵੀਂ ਸਦੀ ਦੇ ਮਹਾਨ ਸਿੱਖ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਉਤਰਾਧਿਕਾਰੀ ਹੋਣ ਦਾ ਕਰਦੇ ਹਨ ਪਰ ਜਦੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਮੇਂ ਹਰ ਸਿੱਖ ਦਾ ਕਲੇਜਾ ਪਾਟ ਗਿਆ ਸੀ ਤਾਂ ਹਰਨਾਮ ਸਿੰਘ ਧੁੰਮਾ ਚੁੱਪ ਰਹਿ ਕੇ ਸਰਕਾਰ ਅਤੇ ਬਾਦਲਾਂ ਨਾਲ ਵਫਾਦਾਰੀ ਨਿਭਾਉਂਦੇ ਰਹੇ। ਇਸ ਲਈ ਉਹ ਟਕਸਾਲ ਦੇ ਆਗੂ ਕਹਾਉਣ ਦੇ ਬਿਲਕੁਲ ਵੀ ਯੋਗ ਨਹੀਂ ਹਨ। ਹਰਨਾਮ ਸਿੰਘ ਧੁੰਮਾ ਨੇ ਸਿੱਖਾਂ ਦੇ ਪਾਤਸ਼ਾਹੀ ਦਾਅਵੇ ਨੂੰ ਮੁੜ ਸੁਰਜੀਤ ਕਰਕੇ ਮੌਜੂਦਾ ਸੰਘਰਸ਼ ਨੂੰ ਰੁਸ਼ਨਾਉਣ ਵਾਲੇ ਸੰਤ ਸਿਪਾਹੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਰਸਤੇ ਤੋਂ ਉਲਟ ਚੱਲ ਕੇ ਦਮਦਮੀ ਟਕਸਾਲ ਅਤੇ ਸਿੱਖਾਂ, ਦੋਵਾਂ ਨੂੰ ਢਾਹ ਲਾਈ ਹੈ। ਇੱਕ ਸਮੇਂ ਸਿੱਖ ਸੰਘਰਸ਼ ਦਾ ਧੁਰਾ ਰਹੀ ਟਕਸਾਲ ਨੂੰ ਕਾਬੂ ਕਰਨਾ ਸਰਕਾਰੀ ਏਜੰਡੇ ਵਿਚ ਨੰਬਰ ਇੱਕ ਉਤੇ ਸੀ ਜਿਸ ਕੰਮ ਨੂੰ ਹਰਨਾਮ ਸਿੰਘ ਧੁੰਮਾ ਦੇ ਕਾਬਜ਼ ਹੋਣ ਨਾਲ ਸੌਖਿਆਂ ਹੀ ਅੰਜਾਮ ਤੱਕ ਪਹੁੰਚਾਉਣ ਵਿਚ ਮਦਦ ਮਿਲੀ।

ਬੁਲਾਰਿਆਂ ਨੇ ਕਿਹਾ ਕਿ ਸਰਕਾਰੀ ਏਜੰਸੀਆਂ ਨੇ ਹਰਨਾਮ ਸਿੰਘ ਧੁੰਮਾ ਦੀ ਮਦਦ ਨਾਲ ਧਾਰਮਿਕ ਅਤੇ ਸਿਆਸੀ ਤੌਰ 'ਤੇ ਸਿੱਖਾਂ ਦਾ ਨੁਕਸਾਨ ਕੀਤਾ। ਇਨ੍ਹਾਂ ਸਰਕਾਰੀ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਦਾ ਜ਼ਿਕਰ ਆਈ.ਬੀ. ਦੇ ਅਧਿਕਾਰੀ ਰਹੇ ਮਲੋਆ ਕ੍ਰਿਸ਼ਨ ਧਰ ਨੇ ਆਪਣੀ ਕਿਤਾਬ ਖੁੱਲ੍ਹੇ ਭੇਤ (ਓਪਨ ਸੀਕਰਿਟਸ) ਵਿਚ ਵੀ ਵਿਸਤਾਰ ਨਾਲ ਕੀਤਾ ਹੈ। ਸਿੱਖਾਂ ਦੀ ਇੱਕੋ-ਇੱਕ ਰਾਜਸੀ ਜਥੇਬੰਦੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾ ਕੇ ਅਤੇ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾ ਕੇ ਸ਼ਹੀਦ ਕਰਨ ਵਾਲੇ ਬਾਦਲਾਂ ਨਾਲ ਹਰਨਾਮ ਸਿੰਘ ਧੁੰਮਾ ਦੀ ਹਮੇਸ਼ਾ ਨੇੜਤਾ ਰਹੀ। ਬਾਦਲਾਂ ਦੇ ਹਰ ਕੌਮ ਘਾਤੀ ਕਾਰੇ ਵਿਚ ਧੁੰਮਾ ਬਰਾਬਰ ਦੇ ਭਾਈਵਾਲ ਰਹੇ। ਪ੍ਰਕਾਸ਼ ਸਿੰਘ ਬਾਦਲ ਦੇ ਪੈਰਾਂ ਵਿਚ ਬੈਠਣ ਤੋਂ ਲੈ ਕੇ, ਆਲਮ ਸੈਨਾ ਬਣਾ ਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਣ



ਵਾਲੇ ਸੁਮੇਧ ਸੈਣੀ, ਇਜ਼ਹਾਰ ਆਲਮ ਅਤੇ ਘੋਟਣੇ ਨਾਲ ਹਰਨਾਮ ਸਿੰਘ ਧੁੰਮਾ ਦੀ ਸਾਂਝ ਦੀਆਂ ਫੋਟੋਆਂ ਕਿਸਨੇ ਨਹੀਂ ਦੇਖੀਆਂ? ਆਰ.ਐਸ.ਐਸ ਨਾਲ ਹਰਨਾਮ ਸਿੰਘ ਧੁੰਮਾ ਦੀ ਨੇੜਤਾ ਬਾਰੇ ਵੀ ਜੱਗ ਜਾਣਦਾ ਹੈ।

ਉਨ੍ਹਾਂ ਕਿਹਾ ਕਿ 2015 ਵਿਚ ਡੇਰਾ ਸਿਰਸਾ ਦੇ ਮੁਖੀ ਨੂੰ ਬਿਨਾਂ ਮੰਗੇ ਮੁਆਫ਼ੀ ਦੇਣ, ਉਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਵੇਲੇ ਜਦੋਂ ਹਰ ਸਿੱਖ ਖੂਨ ਦੇ ਹੰਝੂ ਰੋ ਰਿਹਾ ਸੀ ਤੇ ਪੂਰਾ ਸਿੱਖ ਜਗਤ ਸੜਕਾਂ 'ਤੇ ਉਤਰ ਆਇਆ ਸੀ, ਉਸ ਸਮੇਂ ਵੀ ਆਪਣੇ ਸਿਆਸੀ ਮਾਲਕਾਂ ਦੇ ਹਿੱਤਾਂ ਦੀ ਪੂਰਤੀ ਕਰਦਿਆਂ ਹਰਨਾਮ ਸਿੰਘ ਧੁੰਮਾ ਨੇ ਚੁੱਪ ਰਹਿ ਕੇ ਸਿੱਖਾਂ ਨਾਲ ਧ੍ਰੋਹ ਕਮਾਇਆ। ਉਹ ਤਾਂ ਸਗੋਂ ਉਲਟਾ ਆਪਣੇ ਸਿਆਸੀ ਆਕਾਵਾਂ ਬਾਦਲਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਦੀ ਸਿੱਖ ਸੰਗਤ ਨੂੰ ਅਪੀਲ ਕਰਦੇ ਰਹੇ।

ਕਾਨਫਰੰਸ ਦੌਰਾਨ ਕਿਹਾ ਗਿਆ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਲਹਾਉਣ ਵਾਲੇ ਅਤੇ ਉਨ੍ਹਾਂ ਨੂੰ ਅਤਿਵਾਦੀ ਕਹਿਣ ਵਾਲੇ ਭਾਜਪਾ ਲੀਡਰ ਮਨੋਹਰ ਲਾਲ ਖੱਟੜ ਨੂੰ ਸਿਰੋਪਾ ਦੇ ਕੇ ਧੁੰਮਾ ਜੀ ਨੇ ਬਹੁਤ ਲਾਹਣਤਾਂ ਖੱਟੀਆਂ। ਉਸ ਤੋਂ ਬਾਅਦ ਭਾਰਤੀ ਅੰਬੈਸਡਰ ਤਰਨਜੀਤ ਸੰਧੂ ਜਿਸਦੇ ਸੇਵਾਕਾਲ ਮੌਕੇ ਖਾਲਿਸਤਾਨੀ ਆਗੂਆਂ 'ਤੇ ਹਮਲੇ ਦੀਆਂ ਸਾਜ਼ਿਸ਼ਾਂ ਤੇ ਸ਼ਹਾਦਤਾਂ ਵੀ ਹੋਈਆਂ, ਉਸੇ ਸੰਧੂ ਨੂੰ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਧੁੰਮਾ ਨੇ ਸਿਰੋਪਾ ਦੇ ਕੇ ਉਸਦੀ ਅੰਮ੍ਰਿਤਸਰ ਸਾਹਿਬ ਤੋਂ ਵੋਟਾਂ ਵਿਚ ਮਦਦ ਕਰਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਪਾਇਆ।

ਬੁਲਾਰਿਆਂ ਨੇ ਕਿਹਾ ਕਿ ਹਰ ਸਮੇਂ ਸਰਕਾਰੀ ਤੰਤਰ ਦਾ ਸਾਥ ਦੇਣ ਬਦਲੇ, ਸਿੱਖਾਂ ਵਿਚ ਹਰਨਾਮ ਸਿੰਘ ਧੁੰਮਾ ਦੀ ਛਵੀ ਬਣਾਈ ਰੱਖਣ ਲਈ ਸ਼ਹੀਦੀ ਯਾਦਗਾਰ ਬਣਾਉਣ ਦੀ ਉਸਨੂੰ ਖੁੱਲ੍ਹ ਦਿੱਤੀ ਗਈ ਤਾਂ ਕਿ ਸਮਾਂ ਆਉਣ 'ਤੇ ਇਸ ਕੰਮ ਨੂੰ ਢਾਲ ਵਜੋਂ ਵਰਤਿਆ ਜਾ ਸਕੇ ਪਰ ਸਰਕਾਰੀ ਤੰਤਰ ਇਹ ਗੱਲ ਭੁੱਲ ਗਿਆ ਕਿ ਜੇ ਅਕਾਲ ਤਖ਼ਤ ਸਾਹਿਬ ਨੂੰ ਆਪ ਹੀ ਢਾਹ ਕੇ ਦੁਬਾਰਾ ਬਣਵਾਉਣ ਨਾਲ ਸਿੱਖ ਸਰਕਾਰੀ ਛਲਾਵੇ ਵਿਚ ਨਹੀਂ ਆਏ, ਦੂਜਾ ਬਾਦਲਾਂ ਵੱਲੋਂ ਆਪਣੇ ਕੁਕਰਮਾਂ 'ਤੇ ਪਰਦਾ ਪਾਉਣ ਲਈ ਬਣਾਏ ਵਿਰਾਸਤ-ਏ-ਖਾਲਸਾ, ਚੱਪੜਚਿੜੀ ਦੀ ਯਾਦਗਾਰ, ਦਰਬਾਰ ਸਾਹਿਬ ਗਲਿਆਰਾ ਤੇ ਹੋਰ ਕੰਮਾਂ ਤੋਂ ਸਿੱਖ ਕਿਸੇ ਭੁਲੇਖੇ ਵਿਚ ਨਹੀਂ ਪਏ ਤਾਂ ਬਾਦਲਾਂ ਦੀ ਸਹਿਮਤੀ ਨਾਲ ਹੋਏ ਘੱਲੂਘਾਰੇ ਅਤੇ ਕੇ.ਪੀ.ਐਸ. ਗਿੱਲ, ਸੈਣੀ, ਆਲਮ ਤੇ ਘੋਟਣੇ ਵਰਗਿਆਂ ਦੁਆਰਾ ਸ਼ਹੀਦ ਕੀਤੇ ਸਿੰਘਾਂ ਦੀ ਸ਼ਹੀਦੀ ਯਾਦਗਾਰ ਦੀ ਕਾਰ ਸੇਵਾ ਵੀ ਹਰਨਾਮ ਸਿੰਘ ਧੁੰਮਾ ਕੋਲੋਂ ਕਰਵਾ ਕੇ ਸਿੱਖਾਂ ਵਿਚ ਉਸਨੂੰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਉਤਰਾਧਿਕਾਰੀ ਹੋਣ ਦਾ ਭੁਲੇਖਾ ਪਾਉਣ ਵਿਚ ਵੀ ਕਾਮਯਾਬੀ ਨਹੀਂ ਹੋ ਸਕਦੀ।

ਤਕਰੀਬਨ 4 ਘੰਟੇ ਚੱਲੀ ਇਸ ਕਾਨਫਰੰਸ ਵਿਚ ਸਾਰੇ ਬੁਲਾਰਿਆਂ ਨੇ ਇਕਮੱਤ ਹੋ ਕੇ ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਇੱਕ ਦੂਜੇ ਨਾਲ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਬਣਾਈ ਰੱਖਣ। ਸਿੱਖ ਕਾਰਕੁਨਾਂ ਅਤੇ ਪੰਥਕ ਜਥੇਬੰਦੀਆਂ ਨੂੰ ਸਰਕਾਰੀ ਤੰਤਰ ਦੀਆਂ ਚਾਲਾਂ ਜਿਨ੍ਹਾਂ ਨਾਲ ਬਾਹਰਲੇ ਸਿੱਖਾਂ ਨੂੰ ਭਾਰਤ ਦੀ ਅਧੀਨਗੀ ਅਤੇ ਮਿਲਵਰਤਣ ਕਰ ਕੇ ਨਾਲ ਚੱਲਣ ਲਈ ਸਹਿਮਤ ਕਰਨ ਅਤੇ ਆਪਸ ਵਿਚ ਪਾਟੋ-ਧਾੜ ਕਰਨ ਦੀਆਂ ਜੋ ਸਾਜ਼ਿਸ਼ਾਂ ਹੋ ਰਹੀਆਂ ਹਨ, ਤੋਂ ਵੀ ਸੁਚੇਤ ਰਹਿਣ ਲਈ ਕਿਹਾ ਗਿਆ।

ਟੈਲੀਕਾਨਫਰੰਸ ਵਿਚ ਸ਼ਾਮਲ ਸਮੂਹ ਨੁਮਾਇੰਦਿਆਂ ਨੇ ਦਮਦਮੀ ਟਕਸਾਲ ਨੂੰ ਪੰਥ ਦੀ ਬਹੁਤ ਸਤਿਕਾਰਤ ਜਥੇਬੰਦੀ ਐਲਾਨਦਿਆਂ ਪਿਛਲੇ ਸਮੇਂ ਵਿਚ ਕੌਮੀ ਅਗਵਾਈ ਕਰਨ ਲਈ ਬੇਹੱਦ ਸ਼ਲਾਘਾ ਕੀਤੀ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਚਨਾਂ ਉਤੇ ਆਖਰੀ ਸਾਹਾਂ ਤੱਕ ਪਹਿਰਾ ਦੇਣ ਦੀ ਵਚਨਬੱਧਤਾ ਦੁਹਰਾਈ। ਨਾਲ ਹੀ ਸਾਰਿਆਂ ਨੇ ਇੱਕ ਆਵਾਜ਼ ਵਿਚ ਦਮਦਮੀ ਟਕਸਾਲ ਦੇ ਸੁਹਿਰਦ ਟਕਸਾਲੀ ਸਿੰਘਾਂ ਨੂੰ ਵੀ ਅਪੀਲ ਕੀਤੀ ਕਿ ਉਹ ਗੁਰੂ ਮਹਾਰਾਜ ਦੇ ਓਟ ਆਸਰੇ ਨਾਲ ਇਕਜੁੱਟ ਹੋ ਕੇ ਇਸ ਮਾਣਮੱਤੀ ਜਥੇਬੰਦੀ ਨੂੰ ਸਰਕਾਰੀ ਪ੍ਰਭਾਵ ਤੋਂ ਮੁਕਤ ਕਰਾਉਣ ਲਈ ਤਤਪਰ ਹੋਣ ਤਾਂ ਕਿ ਗੁਰੂ ਸਾਹਿਬ ਦੀ ਅਗੰਮੀ ਬਖ਼ਸ਼ਿਸ਼ ਦੇ ਪਾਤਰ ਉਚੇ ਜੀਵਨ ਵਾਲੇ ਕਿਸੇ ਯੋਗ ਜਰਨੈਲ ਨੂੰ ਦਮਦਮੀ ਟਕਸਾਲ ਦੀ ਅਗਵਾਈ ਦਿੱਤੀ ਜਾਵੇ। ਇਉਂ ਸਿੱਖ ਪਿਛਲੇ ਸਮੇਂ ਵਾਂਗ ਉਸ ਅਗਵਾਈ ਵਿਚ ਆਪਣੇ ਅਗਲੇਰੇ ਸੰਘਰਸ਼ ਲਈ ਕਮਰਕੱਸੇ ਕਰਕੇ ਆਪਣੀ ਮੰਜ਼ਲ ਤੱਕ ਪਹੁੰਚਣ ਵਿਚ ਕਾਮਯਾਬ ਹੋ ਸਕਣਗੇ।

# ਮਹਾਪੰਚਾਇਤ: ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਲਈ ਡਟੇ ਰਹਿਣ ਦਾ ਅਹਿਦ

**ਚੰਡੀਗੜ੍ਹ:** ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਪਿਛਲੇ 200 ਦਿਨਾਂ ਤੋਂ ਵੱਧ ਸਮੇਂ ਤੋਂ ਪੰਜਾਬ ਤੇ ਹਰਿਆਣਾ ਦੀਆਂ ਸਰਹੱਦਾਂ ਉਤੇ ਪੱਕਾ ਮੋਰਚਾ ਲਗਾਈ ਬੈਠੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਉੱਤਰ ਪ੍ਰਦੇਸ਼ ਦੇ ਸੰਭਲ ਵਿਚ ਕਿਸਾਨ ਮਹਾਪੰਚਾਇਤ ਕੀਤੀ ਗਈ।

ਇਸ ਦੌਰਾਨ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਕਿਸਾਨੀ ਮੰਗਾਂ ਨੂੰ ਛੇਤੀ ਪੂਰਾ ਕਰਨ ਦੀ ਮੰਗ ਕੀਤੀ ਗਈ। ਇਸ ਮਹਾਪੰਚਾਇਤ ਦੀ ਪ੍ਰਧਾਨਗੀ ਚੌਧਰੀ ਹਰਪਾਲ ਬਿਲਾਰੀ ਨੇ ਕੀਤੀ। ਇਸ ਮੌਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਅਭਿਮੰਨਿਊ ਕੋਹਾੜ, ਲਖਵਿੰਦਰ ਸਿੰਘ ਔਲਖ ਤੇ ਅਰੁਣ ਸਿਨਹਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਕਿਸਾਨ ਆਗੂਆਂ ਨੇ 15 ਸਤੰਬਰ ਨੂੰ ਹਰਿਆਣਾ ਦੇ ਉਚਾਨਾ ਦੀ ਨਵੀਂ ਅਨਾਜ ਮੰਡੀ ਤੇ 22 ਸਤੰਬਰ ਨੂੰ ਪਿੱਪਲੀ ਵਿਚ ਮਹਾਪੰਚਾਇਤ ਕਰਨ



ਦਾ ਐਲਾਨ ਕੀਤਾ।

ਕਿਸਾਨ ਆਗੂਆਂ ਨੇ ਕਿਹਾ ਕਿ ਮੋਰਚੇ ਵੱਲੋਂ ਦਿੱਤੇ ਗਏ ਹਰ ਇਕ ਪ੍ਰੋਗਰਾਮ ਚਾਹੇ ਉਹ ਸ਼ੁਭਕਰਨ ਸਿੰਘ ਦੀ ਅਸਥੀ ਕਲਸ਼ ਯਾਤਰਾ, 15 ਅਗਸਤ ਨੂੰ ਟਰੈਕਟਰ ਮਾਰਚ ਅਤੇ ਕੇਂਦਰ ਸਰਕਾਰ ਦੇ ਪੁਤਲੇ ਫੂਕਣ ਦਾ ਪ੍ਰੋਗਰਾਮ ਹੋਵੇ, ਸਾਰੇ ਪ੍ਰੋਗਰਾਮਾਂ ਨੂੰ ਉੱਤਰ ਪ੍ਰਦੇਸ਼ ਵਿਚ ਪੂਰੇ ਜ਼ੋਰ ਸ਼ੋਰ ਨਾਲ ਲਾਗੂ ਕੀਤਾ ਗਿਆ। ਨਤੀਜੇ ਵਜੋਂ ਭਾਜਪਾ ਨੂੰ ਲੋਕ ਸਭਾ ਚੋਣਾਂ ਦੌਰਾਨ ਯੂਪੀ ਵਿਚ ਮੂੰਹ ਦੀ ਖਾਣੀ ਪਈ ਹੈ।

ਕਿਸਾਨ ਆਗੂਆਂ ਨੇ ਕਿਹਾ, 'ਸਾਡੇ ਅੰਦੋਲਨ ਦਾ ਕੋਈ ਵੀ ਸਿਆਸੀ ਮਕਸਦ ਨਹੀਂ ਹੈ ਅਤੇ ਅਸੀਂ ਇਹ ਅੰਦੋਲਨ ਕਿਸਾਨੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਲੜ ਰਹੇ ਹਾਂ।' ਕਿਸਾਨ ਆਗੂਆਂ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਦੇ ਮੁੱਦੇ 'ਤੇ 13 ਫਰਵਰੀ ਨੂੰ ਸ਼ੁਰੂ ਹੋਏ ਅੰਦੋਲਨ ਦੌਰਾਨ ਹਰਿਆਣਾ ਪੁਲਿਸ ਵੱਲੋਂ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਅਤੇ ਪੁਲਿਸ ਵੱਲੋਂ ਕੀਤੇ ਗਏ ਅਣਮਨੁੱਖੀ ਤਸ਼ੱਦਦ ਵਿਚ ਹੋਰ 5 ਕਿਸਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ ਅਤੇ 433 ਕਿਸਾਨ ਜ਼ਖ਼ਮੀ ਹੋਏ ਸਨ। ਕਿਸਾਨ ਆਗੂਆਂ ਨੇ ਕਿਹਾ ਕਿ ਇਕ ਪਾਸੇ ਤਾਂ ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦਾ 14 ਲੱਖ 56 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦਿੱਤਾ ਗਿਆ ਅਤੇ ਦੂਜੇ ਪਾਸੇ ਓ.ਈ.ਸੀ.ਡੀ. ਦੀ ਰਿਪੋਰਟ ਮੁਤਾਬਕ ਸਰਕਾਰ ਵੱਲੋਂ ਐਲਾਨੀ ਗਈ ਐਮ.ਐਸ.ਪੀ. ਨਾ ਮਿਲਣ ਕਾਰਨ ਕਿਸਾਨਾਂ ਨੂੰ ਸਾਲ 2022-23 ਵਿਚ ਹੀ 14 ਲੱਖ 78 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

### ਅੰਦੋਲਨ ਨੂੰ ਹੋਰ ਤੇਜ਼ ਕਰਨ ਦੀ ਰਣਨੀਤੀ

**ਚੰਡੀਗੜ੍ਹ:** ਕਿਸਾਨ ਆਗੂਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸ ਅੰਦੋਲਨ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ ਅਤੇ ਇਸ ਦਾ ਵਿਸਥਾਰ ਕੀਤਾ ਜਾਵੇਗਾ। ਇਸ ਸਬੰਧੀ ਦੇਸ਼ ਭਰ ਵਿਚ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਭਾਰਤ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ, 'ਸਾਡੇ ਅੰਦੋਲਨ ਦਾ ਕੋਈ ਵੀ ਸਿਆਸੀ ਮਕਸਦ ਨਹੀਂ ਹੈ ਅਤੇ ਅਸੀਂ ਇਹ ਅੰਦੋਲਨ ਕਿਸਾਨੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਲੜ ਰਹੇ ਹਾਂ।'

# ਨਿਰਮਲ ਭੰਗੂ ਦੀ ਧੀ ਨੇ ਹਰ ਨਿਵੇਸ਼ਕ ਦਾ ਪੈਸਾ ਮੋੜਨ ਦਾ ਵਾਅਦਾ ਕੀਤਾ

**ਚੰਡੀਗੜ੍ਹ:** ਨਿਵੇਸ਼ਕਾਂ ਨਾਲ 45,000 ਕਰੋੜ (ਨਿਵੇਸ਼ਕਾਂ ਅਨੁਸਾਰ 60,000 ਕਰੋੜ) ਤੋਂ ਵੱਧ ਦੀ ਧੋਖਾਧੜੀ ਕਰਨ ਵਾਲੇ ਪਰਲ ਗਰੁੱਪ ਆਫ ਕੰਪਨੀਜ਼ ਦੇ ਮੈਨੇਜਿੰਗ ਡਾਇਰੈਕਟਰ ਨਿਰਮਲ ਸਿੰਘ ਭੰਗੂ ਦੀ ਮੌਤ ਤੋਂ ਬਾਅਦ ਉਸ ਦੀ ਧੀ ਨੇ ਜਨਤਕ ਨੋਟਿਸ ਜਾਰੀ ਕੀਤਾ ਹੈ, ਜਿਸ ਵਿਚ ਵਾਅਦਾ ਕੀਤਾ ਗਿਆ ਹੈ ਕਿ ਉਹ ਹਰ ਨਿਵੇਸ਼ਕ ਦਾ ਪੈਸਾ ਮੋੜੇਗੀ।



ਅਖ਼ਬਾਰਾਂ ਵਿਚ ਜਾਰੀ ਜਨਤਕ ਨੋਟਿਸ ਵਿਚ ਭਾਵਨਾਤਮਕ ਅਪੀਲ ਕਰਦੇ ਹੋਏ ਉਸ ਨੇ ਕਿਹਾ, 'ਸਰਦਾਰ ਨਿਰਮਲ ਸਿੰਘ ਭੰਗੂ ਦਾ ਜੀਵਨ ਪਰਲਜ਼ ਗਰੁੱਪ ਦੇ ਹਰੇਕ ਨਿਵੇਸ਼ਕ ਨੂੰ ਪੈਸੇ ਦੀ ਮੁੜ ਅਦਾਇਗੀ ਲਈ ਸਮਰਪਿਤ ਸੀ। ਉਸ ਨੇ ਕਿਹਾ ਕਿ ਪੀ.ਏ.ਸੀ.ਐਲ. ਅਤੇ ਪੀ.ਜੀ.ਐਫ. ਲਿਮਟਿਡ ਦੇ ਨਿਵੇਸ਼ਕਾਂ ਨੂੰ ਪੈਸੇ ਦੀ ਵਾਪਸੀ ਨਾਲ ਸਬੰਧਤ ਮੁੱਦਿਆਂ ਉਤੇ ਸੁਪਰੀਮ ਕੋਰਟ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਨੇ 2 ਕਮੇਟੀਆਂ ਬਣਾਈਆਂ ਹਨ, ਜੋ ਨਿਵੇਸ਼ਕਾਂ ਨੂੰ ਪੈਸੇ ਵਾਪਸ ਕਰਨ ਦੀ ਨਿਗਰਾਨੀ ਕਰ ਰਹੀਆਂ ਹਨ। ਪਰਲ ਗਰੁੱਪ ਪਰਿਵਾਰ ਵੱਲੋਂ ਤੇ ਆਪਣੇ ਪਿਆਰੇ ਪਿਤਾ ਦੇ ਸਨਮਾਨ ਵਿਚ ਮੈਂ ਤੁਹਾਨੂੰ ਭਰੋਸਾ ਦਿੰਦੀ ਹਾਂ ਕਿ ਅਸੀ ਹਰ ਸੰਭਵ ਕੋਸ਼ਿਸ਼ ਕਰਾਂਗੇ ਹਰ ਨਿਵੇਸ਼ਕ ਦਾ ਪੈਸਾ ਮੁੜੇ।'

# ਐਮਰਜੈਂਸੀ: ਪੰਜਾਬ ਭਾਜਪਾ ਨੇ ਕੰਗਨਾ ਤੋਂ ਪਾਸਾ ਵੱਟਿਆ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਕਿਸੇ ਦੇ ਵਪਾਰ ਲਈ ਪਾਰਟੀ ਨੂੰ ਕੁਰਬਾਨ ਨਹੀਂ ਹੋਣ ਦਿੱਤਾ ਜਾਵੇਗਾ। ਕੰਗਨਾ ਰਣੌਤ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, "ਸੰਸਦ ਮੈਂਬਰ ਬਣਨ ਨਾਲ ਕੋਈ ਆਗੂ ਨਹੀਂ ਬਣ ਜਾਂਦਾ। ਹਰ ਸੰਸਦ ਮੈਂਬਰ ਜਾਂ ਵਿਧਾਇਕ ਆਗੂ ਨਹੀਂ ਹੁੰਦਾ। ਪਾਰਟੀ ਦੀ ਵਿਚਾਰਧਾਰਾ ਨਾਲ ਇਕ ਦਿਨ 'ਚ ਨਹੀਂ ਜੁੜਿਆ ਜਾਂਦਾ, ਇਸ ਲਈ ਕਈ-ਕਈ ਸਾਲ ਲੱਗ ਜਾਂਦੇ ਹਨ।"




ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਦੇ ਬਿਆਨ ਦਾ ਉਹ ਪਹਿਲੇ ਦਿਨ ਤੋਂ ਵਿਰੋਧ ਕਰ ਰਹੇ ਹਨ। ਕਿਸੇ ਦੇ ਵਪਾਰ ਲਈ ਪਾਰਟੀ ਨੂੰ ਕੁਰਬਾਨ ਨਹੀਂ ਹੋਣ ਦਿੱਤਾ ਜਾਵੇਗਾ। ਫਿਲਮ ਬਣਾਉਣੀ ਅਦਾਕਾਰਾ ਦੇ ਹੱਥ ਜਦਕਿ ਫਿਲਮ ਪਾਸ ਕਰਨੀ ਜਾਂ ਨਹੀਂ ਕਰਨੀ ਸੈਂਸਰ ਬੋਰਡ ਦੇ ਹੱਥ ਹੈ। ਇਸ ਨਾਲ ਪਾਰਟੀ ਦਾ ਕੋਈ ਸਬੰਧ ਨਹੀਂ। ਉਨ੍ਹਾਂ ਕਿਹਾ ਕਿ ਜਿਹੜਾ ਵੀ ਵਿਅਕਤੀ ਖਾਲਸਾ ਤੇ ਪੰਜਾਬ ਦੇ ਖ਼ਿਲਾਫ਼ ਬੋਲੇਗਾ ਭਾਜਪਾ ਵੱਲੋਂ ਉਸ ਦਾ ਵਿਰੋਧ ਜਾਰੀ ਰਹੇਗਾ।

ਗਰੇਵਾਲ ਨੇ ਕਿਹਾ ਕਿ ਭਾਜਪਾ ਹਾਈਕਮਾਂਡ ਨੇ ਕੰਗਨਾ ਨੂੰ ਫਟਕਾਰ ਲਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਸਾਨੀ ਅੰਦੋਲਨ ਬਾਰੇ ਕਿਹਾ ਕਿ ਅੰਦੋਲਨ ਖ਼ਤਮ ਹੋਣ ਤੋਂ ਪਹਿਲਾਂ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਸਨ ਪਰ ਕੁਝ ਲੋਕਾਂ ਨੇ ਅੰਦੋਲਨ ਖ਼ਤਮ ਨਹੀਂ ਹੋਣ ਦਿੱਤਾ। ਉਨ੍ਹਾਂ ਦੁਹਰਾਇਆ ਕਿ ਤਿੰਨੋਂ ਖੇਤੀ ਕਾਨੂੰਨ ਚੰਗੇ ਸਨ ਪਰ ਭਾਜਪਾ ਕਿਸਾਨਾਂ ਨੂੰ ਸਮਝਾਉਣ ਵਿਚ ਨਾਕਾਮ ਰਹੀ।

# ਇਸ ਵਾਰ ਪਾਰਟੀਆਂ ਦੇ ਚੋਣ ਨਿਸ਼ਾਨ ਬਗੈਰ ਹੋਣਗੀਆਂ ਪੰਚਾਇਤੀ ਚੋਣਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਪੰਚਾਇਤੀ ਚੋਣਾਂ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨ ਤੋਂ ਬਗੈਰ ਕਰਵਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿਚ 'ਪੰਜਾਬ ਪੰਚਾਇਤੀ ਚੋਣਾਂ ਨਿਯਮ 1994' ਦੀ ਧਾਰਾ 12 ਵਿਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

ਇਸ ਨਾਲ ਉਮੀਦਵਾਰ ਹੁਣ ਪੰਚਾਇਤੀ ਰਾਜ ਸੰਸਥਾਵਾਂ ਵਿਚ ਸਰਪੰਚ ਤੇ ਪੰਚ ਦੀਆਂ ਚੋਣਾਂ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨਾਂ ਉਤੇ ਨਹੀਂ ਲੜ ਸਕਣਗੇ। ਉਨ੍ਹਾਂ ਨੂੰ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ ਚੋਣ ਨਿਸ਼ਾਨ 'ਤੇ ਹੀ ਚੋਣ ਲੜਨੀ ਪਵੇਗੀ। ਸੋਧ ਸਬੰਧੀ ਬਿੱਲ ਹੁਣ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾਵੇਗਾ, ਜਿੱਥੋਂ ਪ੍ਰਵਾਨਗੀ ਤੋਂ ਬਾਅਦ ਇਸ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਮੰਤਰੀ ਮੰਡਲ ਨੇ ਸੈਸ਼ਨ ਡਿਵੀਜ਼ਨ, ਮਾਲੇਰਕੋਟਲਾ ਕਾਇਮ ਕਰਨ, ਡਿਊਟੀ ਦੌਰਾਨ ਫੌਤ ਹੋਏ ਡੀ.ਐਸ.ਪੀ. ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਤੇ ਉਮਰ ਕੈਦ ਦੀ ਸਜ਼ਾ ਕੱਟ ਰਹੇ ਤਿੰਨ ਕੈਦੀਆਂ ਦੀ ਅਗਾਊਂ ਰਿਹਾਈ ਸਬੰਧੀ ਕੁਝ ਹੋਰ ਫੈਸਲਿਆਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ।



ਪੰਜਾਬ ਦੇ ਵਿੱਤ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਚਾਇਤੀ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨਾਂ ਉਤੇ ਚੋਣਾਂ ਲੜਨ ਨਾਲ ਅਣਸੁਖਾਵੀਆਂ ਘਟਨਾਵਾਂ ਹੁੰਦੀਆਂ ਹਨ। ਇਸ ਨਾਲ ਪੰਚਾਇਤਾਂ ਵਿਚ ਸਿਆਸੀ ਧੜੇਬੰਦੀ ਵਧਦੀ ਹੈ, ਜਿਸ ਨਾਲ ਫੰਡ ਤੇ ਗਰਾਂਟਾਂ ਅਣਵਰਤੀਆਂ ਰਹਿ ਜਾਂਦੀਆਂ ਹਨ, ਜਦੋਂ ਕਿ ਇਸ ਪੈਸੇ ਨੂੰ ਪੇਂਡੂ ਇਲਾਕਿਆਂ ਵਿਚ ਵਿਕਾਸ ਲਈ ਖਰਚਿਆ ਜਾ ਸਕਦਾ ਹੈ। ਸਿਆਸੀ ਧੜੇਬੰਦੀ ਨਾਲ ਪੰਚਾਇਤਾਂ ਵਿਚ ਵੰਡੀਆਂ ਪੈਂਦੀਆਂ ਹਨ, ਜਿਸ ਨਾਲ ਕੋਰਮ ਅਧੂਰਾ ਰਹਿ ਜਾਂਦਾ ਹੈ ਅਤੇ ਗਰਾਂਟਾਂ ਅਣਵਰਤੀਆਂ ਚਲੀਆਂ ਜਾਂਦੀਆਂ ਹਨ। ਕਈ ਵਾਰ ਹਿੰਸਕ ਝੜਪਾਂ ਵੀ ਹੁੰਦੀਆਂ ਹਨ, ਜਿਸ ਕਾਰਨ ਕਾਨੂੰਨ ਵਿਵਸਥਾ ਦੀ ਸਮੱਸਿਆ ਖੜ੍ਹੀ ਹੁੰਦੀ ਹੈ ਅਤੇ ਪੇਂਡੂ ਸਮਾਜ ਦੇ ਸਮਾਜਿਕ ਤਾਣੇ-ਬਾਣੇ ਉਤੇ ਮਾੜੇ ਅਸਰ ਪੈਂਦੇ ਹਨ। ਇਸੇ ਨੂੰ ਵੇਖਦਿਆਂ ਸੂਬਾ ਸਰਕਾਰ ਨੇ 'ਪੰਜਾਬ ਪੰਚਾਇਤੀ ਚੋਣਾਂ ਨਿਯਮ 1994' ਦੀ ਧਾਰਾ 12 ਵਿਚ ਸੋਧ ਕਰਕੇ ਸਰਪੰਚ ਤੇ ਪੰਚ ਦੀ ਚੋਣ ਸਿਆਸੀ ਪਾਰਟੀ ਦੇ ਚੋਣ ਨਿਸ਼ਾਨ ਤੋਂ ਬਗੈਰ ਕਰਵਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਨਿਯਮ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ 'ਤੇ ਲਾਗੂ ਨਹੀਂ ਹੋਣਗੇ।

ਗੌਰਤਲਬ ਹੈ ਕਿ ਪੰਜਾਬ ਵਿਚ ਪੰਚਾਇਤੀ ਚੋਣਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਨਹੀਂ ਕਰਵਾਈਆਂ ਜਾਂਦੀਆਂ ਹਨ। ਹਾਲਾਂਕਿ 'ਪੰਜਾਬ ਪੰਚਾਇਤੀ ਚੋਣਾਂ ਨਿਯਮ 1994' ਅਨੁਸਾਰ ਉਮੀਦਵਾਰ ਵੱਲੋਂ ਚੋਣਾਂ ਲੜਨ ਸਮੇਂ ਪਾਰਟੀ ਦੇ ਚੋਣ ਨਿਸ਼ਾਨ ਦੀ ਮੰਗ ਕਰਨ 'ਤੇ ਉਸ ਨੂੰ ਰਾਜਸੀ ਪਾਰਟੀ ਦਾ ਚੋਣ ਨਿਸ਼ਾਨ ਜਾਰੀ ਕੀਤਾ ਜਾਂਦਾ ਹੈ। ਹੁਣ 'ਪੰਜਾਬ ਪੰਚਾਇਤੀ ਚੋਣਾਂ ਨਿਯਮ 1994' ਦੀ ਧਾਰਾ 12 ਵਿੱਚ ਸੋਧ ਤੋਂ ਬਾਅਦ ਸਰਪੰਚ ਤੇ ਪੰਚ ਦੀ ਚੋਣ ਵਿਚ ਕਿਸੇ ਨੂੰ ਵੀ ਰਾਜਸੀ ਪਾਰਟੀ ਦਾ ਚੋਣ ਨਿਸ਼ਾਨ ਨਹੀਂ ਮਿਲੇਗਾ। ਸੂਤਰਾਂ ਮੁਤਾਬਕ ਸੂਬਾ ਸਰਕਾਰ ਜਲਦ ਹੀ ਪੰਜਾਬ ਵਿਚ 13,241 ਪਿੰਡਾਂ ਲਈ ਪੰਚਾਇਤੀ ਚੋਣਾਂ ਕਰਵਾ ਸਕਦੀ ਹੈ। ਮੰਤਰੀ ਮੰਡਲ ਨੇ ਧਰਤੀ ਹੇਠ ਪਾਣੀ ਦਾ ਪੱਧਰ ਵਧਾਉਣ ਲਈ ਪਿੰਡ ਚੰਦੋ ਵਿਚ ਘੱਗਰ ਦਰਿਆ ਦੇ ਨਾਲ-ਨਾਲ ਛੱਪੜਾਂ ਦੇ ਨਿਰਮਾਣ ਨੂੰ ਵੀ ਮਨਜ਼ੂਰੀ ਦੇ ਦਿੱਤੀ। ਇਨ੍ਹਾਂ ਛੱਪੜਾਂ ਨੂੰ ਹੜ੍ਹਾਂ ਦੌਰਾਨ ਘੱਗਰ ਦਰਿਆ ਦੇ ਪਾਣੀ ਨਾਲ ਭਰਿਆ ਜਾ ਸਕੇਗਾ ਅਤੇ ਆਮ ਦਿਨਾਂ ਵਿਚ ਇਸ ਪਾਣੀ ਦੀ ਤਰਕਸੰਗਤ ਵਰਤੋਂ ਕੀਤੀ ਜਾ ਸਕੇਗੀ। ਮੰਤਰੀ ਮੰਡਲ ਨੇ ਸੈਸ਼ਨ ਡਿਵੀਜ਼ਨ, ਮਾਲੇਰਕੋਟਲਾ ਕਾਇਮ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ, ਜਿਸ ਨਾਲ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਸਾਮੀ ਸਮੇਤ 36 ਨਵੀਆਂ ਪੋਸਟਾਂ ਸਿਰਜੀਆਂ ਜਾਣਗੀਆਂ।

## ਪੀ.ਸੀ.ਐਸ. ਅਫਸਰਾਂ ਦੀਆਂ ਨਵੀਆਂ ਆਸਾਮੀਆਂ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਪੰਜਾਬ ਸਿਵਲ ਸਰਵਿਸਿਜ਼ (ਐਗਜ਼ੀਕਿਊਟਿਵ ਬਰਾਂਚ) ਕਾਡਰ ਦੀ ਮੌਜੂਦਾ ਸਮਰੱਥਾ ਵਿਚ 59 ਆਸਾਮੀਆਂ ਦਾ ਵਾਧਾ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਨਾਲ ਹੁਣ ਪੰਜਾਬ ਵਿਚ ਪੀ.ਸੀ.ਐਸ. ਅਫ਼ਸਰਾਂ ਦੀਆਂ ਆਸਾਮੀਆਂ 310 ਤੋਂ ਵਧ ਕੇ 369 ਕਰ ਦਿੱਤੀਆਂ ਗਈਆਂ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਫੈਸਲਾ ਨਵੇਂ ਜ਼ਿਲ੍ਹੇ ਤੇ ਨਵੀਆਂ ਸਬ-ਡਿਵੀਜ਼ਨਾਂ ਬਣਨ ਅਤੇ ਪ੍ਰਬੰਧਕੀ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਲਿਆ ਗਿਆ ਹੈ।

# ਬਦਲੀਆਂ ਲਈ ਅਪਲਾਈ ਕਰਨ ਤੋਂ ਵਾਂਝੇ ਅਧਿਆਪਕਾਂ ਨੂੰ ਰਾਹਤ

**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਟੀਸ਼ਨਰ ਅਧਿਆਪਕਾਂ ਨੂੰ ਰਾਹਤ ਦਿੰਦਿਆਂ ਸਿੱਖਿਆ ਵਿਭਾਗ ਨੂੰ ਹੁਕਮ ਦਿੱਤੇ ਹਨ ਕਿ ਬਦਲੀਆਂ ਸਬੰਧੀ ਆਨਲਾਈਨ ਪੋਰਟਲ ਉਤੇ ਅਪਲਾਈ ਕਰਨ ਤੋਂ ਵਾਂਝੇ ਰਹਿ ਗਏ ਪਟੀਸ਼ਨਰਾਂ ਨੂੰ ਅਗਲੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ਅਤੇ ਬਦਲੀਆਂ ਦੀ ਸੂਚੀ ਜਾਰੀ ਕਰਨ ਤੋਂ ਪਹਿਲਾਂ ਅੰਕੜੇ ਦਰੁਸਤ ਕੀਤੇ ਜਾਣ।

ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਪੰਜਾਬ ਨੇ ਜੂਨ 2019 ਦੀ ਨੀਤੀ ਵਿਚ ਫਰਵਰੀ ਮਹੀਨੇ ਸੋਧ ਕਰ ਕੇ ਜੁਲਾਈ ਵਿਚ ਵੱਖ-ਵੱਖ ਕੈਟੇਗਰੀ ਦੇ ਅਧਿਆਪਕਾਂ ਤੋਂ ਆਨਲਾਈਨ ਅਰਜ਼ੀਆਂ ਮੰਗੀਆਂ ਸਨ। ਸਿੱਖਿਆ ਵਿਭਾਗ ਵੱਲੋਂ ਹਾਲੇ ਅਧਿਆਪਕਾਂ ਦੀਆਂ ਬਦਲੀਆਂ ਕਰਨ ਦਾ ਕੰਮ ਸ਼ੁਰੂ ਹੀ ਕੀਤਾ ਸੀ ਕਿ ਅਧਿਆਪਕ ਆਪਣੇ ਹੱਕ ਲੈਣ ਲਈ ਹਾਈ ਕੋਰਟ ਚਲੇ ਗਏ। ਵਿਭਾਗ ਨੇ ਜੁਲਾਈ ਵਿਚ ਆਨਲਾਈਨ ਪੋਰਟਲ ਰਾਹੀਂ ਅਧਿਆਪਕਾਂ ਨੂੰ ਬਦਲੀ ਲਈ ਅਪਲਾਈ ਕਰਨ ਲਈ ਕਿਹਾ ਸੀ। ਪਹਿਲੇ ਪੜਾਅ ਦੀਆਂ ਬਦਲੀਆਂ ਤੋਂ ਪਹਿਲਾਂ ਹੀ ਬਹੁਤ ਸਾਰੇ ਅਧਿਆਪਕਾਂ ਦਾ ਡੇਟਾ ਮਿਸਮੈਚ ਹੋ ਗਿਆ।



ਹਾਲਾਂਕਿ ਅਧਿਆਪਕ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਨੂੰ ਸਿਸਟਮ ਠੀਕ ਕਰਨ ਲਈ ਅਪੀਲ ਵੀ ਕੀਤੀ ਗਈ ਸੀ ਪਰ ਅਧਿਕਾਰੀਆਂ ਨੇ ਜਲਦਬਾਜ਼ੀ ਕਰਦਿਆਂ ਬਦਲੀਆਂ ਸਬੰਧੀ ਪਹਿਲੀ ਵਾਲੀ ਸੂਚੀ ਜਾਰੀ ਕਰ ਦਿੱਤੀ ਜਿਸ ਕਾਰਨ ਸੈਂਕੜੇ ਅਧਿਆਪਕ ਆਨਲਾਈਨ ਪੋਰਟਲ 'ਤੇ ਅਲਪਾਈ ਕਰਨ ਤੋਂ ਵਾਂਝੇ ਰਹਿ ਗਏ। ਹੁਣ ਸਿੱਖਿਆ ਵਿਭਾਗ ਨੇ ਦੂਜੇ ਪੜਾਅ ਦੀਆਂ ਬਦਲੀਆਂ ਦੀ ਸੂਚੀ ਵੀ ਲਗਭਗ ਤਿਆਰ ਕਰ ਲਈ ਸੀ ਕਿ ਪੀੜਤ ਅਧਿਆਪਕਾਂ 'ਚੋਂ ਕਈਆਂ ਨੇ ਹਾਈ ਕੋਰਟ ਵਿਚ ਰਿੱਟ ਪਟੀਸ਼ਨ ਦਾਇਰ ਕੀਤੀ ਜਿਸ ਤਹਿਤ ਪੀੜਤ ਅਧਿਆਪਕਾਂ ਦੇ ਵਕੀਲ ਪ੍ਰਿੰਸ ਗੋਇਲ ਨੇ ਪ੍ਰਿੰਸੀਪਲ ਤਰਸੇਮ ਲਾਲ ਗੁਪਤਾ ਦੀ ਮਦਦ ਨਾਲ ਪਟੀਸ਼ਨ ਦਾਇਰ ਕੀਤੀ ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਅਤੇ ਪਟੀਸ਼ਨਰ ਅਧਿਆਪਕਾਂ ਨੂੰ ਰਾਹਤ ਦਿੰਦਿਆਂ ਸਿੱਖਿਆ ਵਿਭਾਗ ਨੂੰ ਹੁਕਮ ਜਾਰੀ ਕੀਤੇ ਗਏ ਕਿ ਸਿੱਖਿਆ ਵਿਭਾਗ ਬਦਲੀਆਂ ਸਬੰਧੀ ਜਾਰੀ ਹੋਣ ਵਾਲੀ ਅਗਲੀ ਲਿਸਟ ਵਿਚ ਪਟੀਸ਼ਨਰ ਅਧਿਆਪਕਾਂ ਨੂੰ (ਸਾਰਿਆਂ ਨੂੰ ਨਹੀਂ) ਵੀ ਸ਼ਾਮਲ ਕੀਤਾ ਜਾਵੇ।

## ਪੰਜਾਬ ਸਰਕਾਰ ਹੁਣ ਨਿਲਾਮੀ ਨਾਲ 2 ਹਜ਼ਾਰ ਕਰੋੜ ਜੁਟਾਏਗੀ

**ਮੁਹਾਲੀ:** ਪੰਜਾਬ ਸਰਕਾਰ ਰਿਹਾਇਸ਼ੀ, ਵਪਾਰਕ ਅਤੇ ਹੋਰ ਥਾਵਾਂ ਦੀ ਨਿਲਾਮੀ ਰਾਹੀਂ 2 ਹਜ਼ਾਰ ਕਰੋੜ ਰੁਪਏ ਜੁਟਾਏਗੀ। ਇਹ ਨਿਲਾਮੀ ਪ੍ਰਕਿਰਿਆ ਪੁੱਡਾ ਅਤੇ ਛੇ ਹੋਰ ਖੇਤਰੀ ਵਿਕਾਸ ਅਥਾਰਿਟੀਆਂ ਰਾਹੀਂ 6 ਤੋਂ 16 ਸਤੰਬਰ ਤੱਕ ਜਾਰੀ ਰਹੇਗੀ। ਇਹ ਥਾਵਾਂ ਮੁਹਾਲੀ, ਨਿਊ ਚੰਡੀਗੜ੍ਹ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਬਟਾਲਾ ਅਤੇ ਗੁਰਦਾਸਪੁਰ ਸਣੇ 21 ਸ਼ਹਿਰਾਂ 'ਚ ਮੌਜੂਦ ਹਨ। ਜ਼ਮੀਨ ਦੀ ਅਲਾਟਮੈਂਟ ਮਿਲਣ 'ਤੇ 10 ਫ਼ੀਸਦ ਰਕਮ ਦੀ ਅਦਾਇਗੀ ਕਰਨੀ ਪਵੇਗੀ ਜਦਕਿ 25 ਫ਼ੀਸਦ ਰਕਮ ਕਬਜ਼ਾ ਮਿਲਣ 'ਤੇ ਅਦਾ ਕਰਨੀ ਹੋਵੇਗੀ।

# ਸਰਕਾਰ ਦਾ ਅਕਸ ਵਿਗਾੜਨ ਉਤੇ ਤੁਲੇ ਅਫਸਰਾਂ ਨੂੰ ਤਾੜਨਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੀ ਅਫ਼ਸਰਸ਼ਾਹੀ ਤੋਂ ਕਾਫ਼ੀ ਖ਼ਫ਼ਾ ਹਨ, ਜਿਸ ਨੂੰ ਹੁਣ ਆਖ਼ਰੀ ਤਾੜਨਾ ਕੀਤੀ ਗਈ ਹੈ। ਉਨ੍ਹਾਂ ਉੱਚ ਅਫ਼ਸਰਾਂ 'ਤੇ ਨਿਗ੍ਹਾ ਰੱਖੀ ਜਾਣ ਲੱਗੀ ਹੈ, ਜਿਹੜੇ ਪੰਜਾਬ ਸਰਕਾਰ ਦਾ ਅਕਸ ਵਿਗਾੜਨ ਲਈ ਕੋਈ ਨਾ ਕੋਈ ਸ਼ਗੂਫ਼ਾ ਛੱਡ ਰਹੇ ਹਨ।

ਤਾਜ਼ਾ ਮਾਮਲਾ ਪੰਜਾਬ ਦੇ ਅੱਠ ਵਿਰਾਸਤੀ ਕਾਲਜਾਂ ਨੂੰ ਖ਼ੁਦਮੁਖ਼ਤਾਰ ਬਣਾਏ ਜਾਣ ਬਾਰੇ ਲਏ ਫ਼ੈਸਲੇ ਦਾ ਹੈ। ਉਚੇਰੀ ਸਿੱਖਿਆ ਦੇ ਸਕੱਤਰ ਵੱਲੋਂ ਮੁੱਖ ਮੰਤਰੀ ਦੀ ਪ੍ਰਵਾਨਗੀ ਬਿਨਾਂ ਪੰਜਾਬ ਦੇ ਅੱਠ ਸਰਕਾਰੀ ਕਾਲਜਾਂ ਨੂੰ ਖ਼ੁਦਮੁਖ਼ਤਾਰ ਬਣਾਏ ਜਾਣ ਵਾਸਤੇ ਹਰੀ ਝੰਡੀ ਦਿੱਤੇ ਜਾਣ ਕਾਰਨ ਸੂਬਾ ਸਰਕਾਰ ਨੂੰ ਨਮੋਸ਼ੀ ਝੱਲਣੀ ਪਈ ਸੀ। ਮੁੱਖ ਮੰਤਰੀ ਨੂੰ ਇਸ ਦਾ ਪਤਾ ਲੱਗਿਆ ਤਾਂ ਉਨ੍ਹਾਂ ਫ਼ੌਰੀ ਫ਼ੈਸਲਾ ਕੀਤਾ ਕਿ ਕਿਸੇ ਵੀ ਸਰਕਾਰੀ ਕਾਲਜ ਨੂੰ ਖ਼ੁਦਮੁਖ਼ਤਾਰ ਨਹੀਂ ਬਣਾਇਆ ਜਾਵੇਗਾ। ਉਸ ਮਗਰੋਂ ਮੁੱਖ ਮੰਤਰੀ ਨੇ ਅਜਿਹਾ ਫ਼ੈਸਲਾ ਲੈਣ ਵਾਲੇ ਅਫ਼ਸਰਾਂ ਦੀ ਕਲਾਸ ਲਾਈ।

ਮੁੱਖ ਮੰਤਰੀ ਨੇ ਆਪਣੇ ਪ੍ਰਮੁੱਖ ਸਕੱਤਰ ਅਤੇ ਮੁੱਖ ਸਕੱਤਰ ਨੂੰ ਬੁਲਾ ਕੇ ਹਦਾਇਤਾਂ ਦਿੱਤੀਆਂ ਤੇ ਇਹ ਵੀ ਕਿਹਾ ਕਿ ਜੇ ਭਵਿੱਖ 'ਚ ਕੋਈ ਕੋਤਾਹੀ ਹੁੰਦੀ ਹੈ ਤਾਂ ਉਹ (ਮੁੱਖ ਸਕੱਤਰ ਤੇ ਪ੍ਰਮੁੱਖ ਸਕੱਤਰ) ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਣਗੇ। ਮੁੱਖ ਸਕੱਤਰ ਨੇ 27 ਅਗਸਤ ਨੂੰ ਹੀ ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਕਿ ਜਦੋਂ ਵੀ ਕਿਸੇ ਵਿਭਾਗ ਵਿਚ ਕੋਈ ਨਵੀਂ ਨੀਤੀ ਲਾਗੂ ਕੀਤੀ ਜਾਵੇ ਜਾਂ ਕਿਸੇ ਪੁਰਾਣੀ ਨੀਤੀ ਵਿਚ ਕੋਈ ਤਬਦੀਲੀ ਕੀਤੀ ਜਾਵੇ ਤਾਂ ਉਸ ਨੂੰ ਪਹਿਲਾਂ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਜਾਵੇ।



ਮੁੱਖ ਮੰਤਰੀ ਨੇ ਆਪਣੇ ਦਫ਼ਤਰ ਨੂੰ ਹਦਾਇਤ ਦਿੱਤੀ ਹੈ ਕਿ ਭਵਿੱਖ ਵਿਚ ਅਜਿਹਾ ਕੁਝ ਵੀ ਧਿਆਨ ਵਿਚ ਆਉਂਦਾ ਹੈ ਤਾਂ ਸਬੰਧਤ ਅਧਿਕਾਰੀ ਖ਼ਿਲਾਫ਼ ਬਕਾਇਦਾ ਕਾਰਵਾਈ ਵਿੱਢੀ ਜਾਵੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਸਕੂਲ ਸਿੱਖਿਆ ਵਿਭਾਗ ਨਾਲ ਉਸ ਵਕਤ ਵੀ ਨਾਰਾਜ਼ ਹੋਏ ਸਨ ਜਦੋਂ ਉਨ੍ਹਾਂ ਵੱਲੋਂ ਕੀਤੇ ਐਲਾਨ ਮੁਤਾਬਕ ਸਿੱਖਿਆ ਵਿਭਾਗ ਨੇ ਸਕੂਲਾਂ ਵਿਚ ਮਿਡ-ਡੇਅ ਮੀਲ ਤਹਿਤ ਮੌਸਮੀ ਫਲ ਕਿੰਨੂ ਦੇਣ ਮਗਰੋਂ ਮੌਸਮੀ ਫਲ ਦੇਣੇ ਬੰਦ ਕਰ ਦਿੱਤੇ ਸਨ। ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਕਿਹਾ ਹੈ ਕਿ ਉਨ੍ਹਾਂ ਵੱਲੋਂ ਕੀਤੇ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮੀਖਿਆ ਮੀਟਿੰਗਾਂ ਰੈਗੂਲਰ ਕੀਤੀਆਂ ਜਾਣ।

# ਕੇਂਦਰ ਨੇ ਰਾਜਪੁਰਾ ਸਣੇ 12 ਸ਼ਹਿਰਾਂ 'ਚ ਸਨਅਤੀ ਕੌਰੀਡੋਰ ਬਣਾਉਣ ਲਈ ਪ੍ਰਵਾਨਗੀ ਦਿੱਤੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਗ੍ਰੇਟਰ ਨੋਇਡਾ (ਯੂਪੀ) ਤੇ ਧੋਲੇਰਾ (ਗੁਜਰਾਤ) ਦੀ ਤਰਜ਼ ਉਤੇ 12 ਨਵੇਂ ਸਨਅਤੀ ਕੌਰੀਡੋਰ ਸਥਾਪਿਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਨਵੇਂ ਸਨਅਤੀ ਸ਼ਹਿਰਾਂ ਵਿਚ ਪੰਜਾਬ ਦਾ ਰਾਜਪੁਰਾ ਵੀ ਸ਼ਾਮਲ ਹੈ ਤੇ ਇਨ੍ਹਾਂ ਸਨਅਤੀ ਇਲਾਕਿਆਂ ਵਿਚ 28,602 ਕਰੋੜ ਰੁਪਏ ਦੇ ਅਨੁਮਾਨਿਤ ਨਿਵੇਸ਼ ਨਾਲ ਸਥਾਨਕ ਉਤਪਾਦਨ (ਮੈਨੂਫੈਕਚਰਿੰਗ) ਨੂੰ ਹੁਲਾਰਾ ਮਿਲੇਗਾ।

ਇਹ ਸਨਅਤੀ ਕੌਰੀਡੋਰ ਉੱਤਰਾਖੰਡ ਦੇ ਖੁਰਪੀਆ, ਪੰਜਾਬ ਵਿਚ ਰਾਜਪੁਰਾ (ਜ਼ਿਲ੍ਹਾ ਪਟਿਆਲਾ), ਮਹਾਰਾਸ਼ਟਰ 'ਚ ਡਿੱਗੀ, ਕੇਰਲਾ ਦੇ ਪਲੱਕੜ, ਯੂਪੀ ਵਿਚ ਆਗਰਾ ਤੇ ਪ੍ਰਯਾਗਰਾਜ, ਬਿਹਾਰ ਵਿਚ ਗਯਾ, ਤਿਲੰਗਾਨਾ ਦੇ ਜ਼ਹੀਰਾਬਾਦ, ਆਂਧਰਾ ਪ੍ਰਦੇਸ਼ ਵਿਚ ਓਰਵਾਕਲ ਤੇ ਕੋਪਰਥੀ, ਰਾਜਸਥਾਨ ਦੇ ਜੋਧਪੁਰ-ਪਾਲੀ ਤੇ ਇਕ ਹਰਿਆਣਾ ਵਿਚ ਬਣਾਏ ਜਾਣਗੇ। ਨਵੇਂ ਸਨਅਤੀ ਕੇਂਦਰ ਬਣਾਉਣ ਸਬੰਧੀ ਫੈਸਲਾ ਇਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਬੈਠਕ ਵਿਚ ਲਿਆ ਗਿਆ।



ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਬੈਠਕ ਉਪਰੰਤ ਕਿਹਾ, "ਕੇਂਦਰੀ ਕੈਬਨਿਟ ਨੇ ਕੌਮੀ ਸਨਅਤੀ ਕੌਰੀਡੋਰ ਵਿਕਾਸ ਪ੍ਰੋਗਰਾਮ (ਐਨ.ਆਈ.ਸੀ.ਡੀ.ਪੀ.) ਤਹਿਤ 28,602 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਵਾਲੇ 12 ਨਵੇਂ ਪ੍ਰੋਜੈਕਟਾਂ ਸਬੰਧੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ।"

ਉਨ੍ਹਾਂ ਕਿਹਾ ਕਿ ਐਨ.ਆਈ.ਸੀ.ਡੀ.ਪੀ. ਨੂੰ ਇਨ੍ਹਾਂ ਪ੍ਰੋਜੈਕਟਾਂ ਜ਼ਰੀਏ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਹੋਣ ਦੀ ਆਸ ਹੈ। ਇਨ੍ਹਾਂ ਤਜਵੀਜ਼ਤ ਸਨਅਤੀ ਇਲਾਕਿਆਂ ਨਾਲ ਦਸ ਲੱਖ ਲੋਕਾਂ ਨੂੰ ਸਿੱਧੇ ਤੇ 30 ਲੱਖ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲਣ ਦਾ ਅਨੁਮਾਨ ਹੈ। ਇਹ ਪ੍ਰੋਜੈਕਟ 1.52 ਲੱਖ ਕਰੋੜ ਰੁਪਏ ਦਾ ਨਿਵੇਸ਼ ਪੈਦਾ ਕਰਨ ਦੇ ਸਮਰੱਥ ਹਨ। ਕਾਬਿਲੇਗੌਰ ਹੈ ਕਿ ਸਰਕਾਰ ਨੇ ਇਸ ਸਾਲ ਦੇ ਕੇਂਦਰੀ ਬਜਟ ਵਿਚ ਮੈਨੂਫੈਕਚਰਿੰਗ ਨੂੰ ਹੁਲਾਰਾ ਦੇਣ ਦੇ ਇਰਾਦੇ ਨਾਲ ਰਾਜਾਂ ਤੇ ਪ੍ਰਾਈਵੇਟ ਸੈਕਟਰ ਦੀ ਭਾਈਵਾਲੀ ਨਾਲ 100 ਸ਼ਹਿਰਾਂ ਵਿਚ ਜਾਂ ਇਨ੍ਹਾਂ ਦੇ ਨੇੜੇ 'ਪਲੱਗ ਐਂਡ ਪਲੇਅ' ਸਨਅਤੀ ਪਾਰਕ ਵਿਕਸਤ ਕਰਨ ਦਾ ਐਲਾਨ ਕੀਤਾ ਸੀ। ਭਾਰਤ ਦੇ ਅੱਠ ਅਜਿਹੇ ਸ਼ਹਿਰ ਪਹਿਲਾਂ ਹੀ ਇਸ ਯੋਜਨਾ ਨੂੰ ਲਾਗੂ ਕਰਨ ਦੇ ਵੱਖ ਵੱਖ ਪੜਾਵਾਂ ਵਿਚ ਹਨ।

## ਤਿੰਨ ਰੇਲ ਪ੍ਰੋਜੈਕਟਾਂ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ ਨੇ 6456 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਵਾਲੇ ਤਿੰਨ ਰੇਲ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰਾਲੇ ਮੁਤਾਬਕ ਇਨ੍ਹਾਂ ਪ੍ਰਵਾਨਿਤ ਪ੍ਰੋਜੈਕਟਾਂ ਨਾਲ ਉਨ੍ਹਾਂ ਇਲਾਕਿਆਂ ਨੂੰ ਜੋੜਨ ਵਿਚ ਮਦਦ ਮਿਲੇਗੀ, ਜੋ ਅਜੇ ਤੱਕ ਰੇਲਵੇ ਨੈੱਟਵਰਕ ਤੋਂ ਬਾਹਰ ਸਨ। ਇਨ੍ਹਾਂ ਪ੍ਰੋਜੈਕਟਾਂ ਨਾਲ ਮੌਜੂਦਾ ਲਾਈਨ ਸਮਰੱਥਾ ਵਧੇਗੀ ਤੇ ਟਰਾਂਸਪੋਰਟੇਸ਼ਨ ਨੈੱਟਵਰਕ ਦਾ ਵਿਸਤਾਰ ਹੋਵੇਗਾ। ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਤਿੰਨ ਪ੍ਰੋਜੈਕਟਾਂ ਤਹਿਤ ਚਾਰ ਰਾਜਾਂ- ਉੜੀਸਾ, ਝਾਰਖੰਡ, ਪੱਛਮੀ ਬੰਗਾਲ ਤੇ ਛੱਤੀਸਗੜ੍ਹ ਦੇ ਸੱਤ ਜ਼ਿਲ੍ਹੇ ਕਵਰ ਕੀਤੇ ਜਾਣਗੇ ਤੇ ਭਾਰਤੀ ਰੇਲਵੇ ਦਾ ਮੌਜੂਦਾ ਨੈੱਟਵਰਕ 300 ਕਿਲੋਮੀਟਰ ਤੱਕ ਵਧੇਗਾ।

# ਪੰਜਾਬ ਵਿਚ ਹੁਣ ਡੀ.ਏ.ਪੀ. ਖਾਦ ਦਾ ਸੰਕਟ ਖੜ੍ਹਾ ਹੋਣ ਦਾ ਖਦਸ਼ਾ



**ਚੰਡੀਗੜ੍ਹ:** ਪੰਜਾਬ ਵਿਚ ਐਤਕੀਂ ਹਾੜ੍ਹੀ ਦੇ ਸੀਜ਼ਨ ਵਿਚ ਡੀ.ਏ.ਪੀ. ਖਾਦ ਦਾ ਸੰਕਟ ਪੈਦਾ ਹੋਣ ਦੀ ਸੰਭਾਵਨਾ ਹੈ ਕਿਉਂਕਿ ਪੰਜਾਬ ਨੂੰ ਡੀ.ਏ.ਪੀ. ਖਾਦ ਦੇਣ 'ਚ ਕੇਂਦਰ ਢਿੱਲ-ਮੱਠ ਦਿਖਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਖਾਦ ਮੰਤਰੀ ਜੇਪੀ ਨੱਢਾ ਕੋਲ ਖਾਦ ਦੀ ਕਮੀ ਦਾ ਮਾਮਲਾ ਉਠਾਇਆ ਹੈ।

ਮੁੱਖ ਮੰਤਰੀ ਨੇ ਨੱਢਾ ਨੂੰ ਫੋਨ ਕਰ ਕੇ ਡੀ.ਏ.ਪੀ. ਖਾਦ ਦੀ ਸਪਲਾਈ ਕਰਨ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਡੀ.ਏ.ਪੀ. ਖਾਦ ਦੀ ਸਪਲਾਈ ਲੈਣ ਲਈ ਖੇਤੀ ਮਹਿਕਮੇ ਦੀ ਇਕ ਟੀਮ ਸੀਨੀਅਰ ਅਧਿਕਾਰੀ ਕੇ.ਏ.ਪੀ. ਸਿਨਹਾ ਦੀ ਅਗਵਾਈ ਹੇਠ ਦਿੱਲੀ ਵੀ ਭੇਜ ਦਿੱਤੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਨੂੰ ਹਾੜ੍ਹੀ ਦੇ ਸੀਜ਼ਨ ਲਈ 5.50 ਲੱਖ ਮੀਟਰਕ ਟਨ ਡੀ.ਏ.ਪੀ. ਖਾਦ ਦੀ ਲੋੜ ਹੈ। ਇਸ 'ਚੋਂ ਕਰੀਬ ਇਕ ਲੱਖ ਟਨ ਡੀ.ਏ.ਪੀ. ਦੀ ਜ਼ਰੂਰਤ ਤਾਂ ਤਕਰੀਬਨ 55,000 ਹੈਕਟੇਅਰ ਆਲੂਆਂ ਦੀ ਬਿਜਾਂਦ ਲਈ ਹੁੰਦੀ ਹੈ। ਪੰਜਾਬ ਕੋਲ ਇਸ ਵੇਲੇ ਸਿਰਫ਼ 85,000 ਮੀਟਰਕ ਟਨ ਡੀ.ਏ.ਪੀ. ਖਾਦ ਹੈ। ਕੇਂਦਰ ਸਰਕਾਰ ਨੇ ਅਗਸਤ ਮਹੀਨੇ ਲਈ 1.10 ਲੱਖ ਮੀਟਰਕ ਟਨ ਡੀ.ਏ.ਪੀ. ਖਾਦ ਦਿੱਤੀ ਸੀ ਪ੍ਰੰਤੂ ਅਗਸਤ 'ਚ ਸਿਰਫ਼ 27,000 ਮੀਟਰਕ ਟਨ ਡੀ.ਏ.ਪੀ. ਦੀ ਸਪਲਾਈ ਦਿੱਤੀ ਗਈ ਹੈ। ਹਾਲਾਂਕਿ, ਪੰਜਾਬ ਸਰਕਾਰ ਨੇ ਅਗਸਤ ਮਹੀਨੇ ਲਈ 1.50 ਲੱਖ ਮੀਟਰਕ ਟਨ ਡੀ.ਏ.ਪੀ. ਦੀ ਮੰਗ ਕੀਤੀ ਸੀ।

ਪੰਜਾਬ ਵਿਚ 15 ਸਤੰਬਰ ਤੋਂ ਆਲੂਆਂ ਦੀ ਬਿਜਾਈ ਅਤੇ ਉਸ ਮਗਰੋਂ ਅਕਤੂਬਰ ਦੇ ਅਖੀਰਲੇ ਹਫ਼ਤੇ ਕਣਕ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ। ਗੁਆਂਢੀ ਸੂਬੇ ਹਰਿਆਣਾ ਵਿਚ ਕਣਕ ਦੀ ਬਿਜਾਈ ਲੇਟ ਹੁੰਦੀ ਹੈ ਅਤੇ ਬਾਕੀ ਸੂਬਿਆਂ ਵਿਚ ਨਵੰਬਰ ਮਹੀਨੇ 'ਚ ਬਿਜਾਈ ਹੁੰਦੀ ਹੈ। ਡੀ.ਏ.ਪੀ. ਖਾਦ ਦੇ ਸੰਕਟ ਦੀ ਸੰਭਾਵਨਾ ਦਾ ਕਾਰਨ ਕੇਂਦਰ ਸਰਕਾਰ ਵੱਲੋਂ ਹਾੜ੍ਹੀ ਦੀ ਖਾਦ ਸਬਸਿਡੀ ਨੀਤੀ ਜਾਰੀ ਨਾ ਕੀਤਾ ਜਾਣਾ ਦੱਸਿਆ ਜਾ ਰਿਹਾ ਹੈ। ਖਾਦ ਦੇ ਕੌਮਾਂਤਰੀ ਬਾਜ਼ਾਰ ਵਿਚ ਭਾਅ ਵੱਧ ਹਨ। ਪਹਿਲਾਂ ਜਿਹੜੀ ਡੀ.ਏ.ਪੀ. ਖਾਦ 510 ਡਾਲਰ ਪ੍ਰਤੀ ਟਨ ਸੀ, ਉਸ ਦਾ ਭਾਅ ਅੱਜ 610 ਡਾਲਰ ਪ੍ਰਤੀ ਟਨ ਨੂੰ ਪਾਰ ਕਰ ਗਿਆ ਹੈ। ਖਾਦ ਕੰਪਨੀਆਂ ਵੱਲੋਂ ਬਾਹਰੋਂ ਖਾਦ ਨਹੀਂ ਮੰਗਵਾਈ ਜਾ ਰਹੀ ਹੈ ਕਿਉਂਕਿ ਕੇਂਦਰ ਨੇ ਅਜੇ ਤੱਕ ਖਾਦ ਸਬਸਿਡੀ ਨੀਤੀ ਜਾਰੀ ਨਹੀਂ ਕੀਤੀ ਹੈ।

ਕੰਪਨੀਆਂ ਦੀ ਦਲੀਲ ਹੈ ਕਿ ਪਿਛਲੇ ਸਮੇਂ ਦੌਰਾਨ ਉਨ੍ਹਾਂ ਨੇ ਨੀਤੀ ਜਾਰੀ ਹੋਣ ਤੋਂ ਪਹਿਲਾਂ ਹੀ ਖਾਦ ਬਾਹਰੋਂ ਮੰਗਵਾ ਲਈ ਸੀ ਜਿਸ ਕਰ ਕੇ ਉਨ੍ਹਾਂ ਨੂੰ ਭਾਰੀ ਘਾਟਾ ਝੱਲਣਾ ਪਿਆ। ਕੰਪਨੀਆਂ ਨੂੰ ਉਡੀਕ ਹੈ ਕਿ ਸਰਕਾਰ ਸਬਸਿਡੀ ਨੀਤੀ ਜਾਰੀ ਕਰੇ ਅਤੇ ਉਹ ਉਸ ਮਗਰੋਂ ਹੀ ਆਰਡਰ ਕਰਨਗੀਆਂ। ਇੱਧਰ, ਪੰਜਾਬ ਸਰਕਾਰ ਵੱਲੋਂ ਅਗਸਤ ਤੇ ਸਤੰਬਰ ਮਹੀਨਿਆਂ ਵਿਚ ਹੀ ਖਾਦ ਅਗਾਊਂ ਸਟਾਕ ਕੀਤੀ ਜਾਂਦੀ ਹੈ। ਹੁਣ ਹਾੜ੍ਹੀ ਦਾ ਸੀਜ਼ਨ ਆਉਣ ਵਾਲਾ ਹੈ ਪ੍ਰੰਤੂ ਡੀ.ਏ.ਪੀ. ਖਾਦ ਦੇ ਭੰਡਾਰ ਊਣੇ ਪਏ ਹਨ। ਪੰਜਾਬ ਸਰਕਾਰ ਲਈ ਕਾਫ਼ੀ ਪ੍ਰੇਸ਼ਾਨੀ ਬਣੀ ਹੋਈ ਹੈ।

## ਪੰਜਾਬ ਸਰਕਾਰ ਨੇ ਕੇਂਦਰ ਕੋਲ ਪਹੁੰਚ ਕੀਤੀ

**ਨਵੀਂ ਦਿੱਲੀ:** ਆਗਾਮੀ ਹਾੜ੍ਹੀ ਸੀਜ਼ਨ ਲਈ ਪੰਜਾਬ ਦੇ ਕਿਸਾਨਾਂ ਨੂੰ ਖਾਦਾਂ ਦੀ ਲੋੜੀਂਦੀ ਸਪਲਾਈ ਯਕੀਨੀ ਬਣਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਨਵੀਂ ਦਿੱਲੀ ਵਿਚ ਕੇਂਦਰੀ ਰਸਾਇਣ ਅਤੇ ਖਾਦ ਮੰਤਰੀ ਜੇਪੀ ਨੱਢਾ ਨਾਲ ਮੁਲਾਕਾਤ ਕੀਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਟੈਲੀਫ਼ੋਨ ਰਾਹੀਂ ਗੱਲਬਾਤ ਕਰ ਕੇ ਕੇਂਦਰੀ ਮੰਤਰੀ ਸ੍ਰੀ ਨੱਢਾ ਨੂੰ ਅਗਸਤ ਮਹੀਨੇ ਵਿਚ ਡੀ.ਏ.ਪੀ. ਖਾਦ ਦੀ ਅਲਾਟਮੈਂਟ ਦੇ ਮੁਕਾਬਲੇ ਘੱਟ ਸਪਲਾਈ ਬਾਰੇ ਜਾਣੂ ਕਰਵਾਉਣ ਮਗਰੋਂ ਵਿਸ਼ੇਸ਼ ਮੁੱਖ ਸਕੱਤਰ ਦੀ ਅਗਵਾਈ ਹੇਠ ਵਫ਼ਦ ਕੇਂਦਰੀ ਮੰਤਰੀ ਨਾਲ ਗੱਲਬਾਤ ਕਰਨ ਲਈ ਦਿੱਲੀ ਪੁੱਜਿਆ। ਇਸ ਮੁਲਾਕਾਤ ਦੌਰਾਨ ਸ੍ਰੀ ਸਿਨਹਾ ਨੇ ਹਾੜ੍ਹੀ ਸੀਜ਼ਨ 2024-25 ਲਈ ਸੂਬੇ ਦੀਆਂ ਖਾਦ ਸਬੰਧੀ ਜ਼ਰੂਰਤਾਂ ਦੱਸੀਆਂ।

## ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

**ਤਰਨ ਤਾਰਨ:** ਇਲਾਕੇ ਦੇ ਪਿੰਡ ਰਟੌਲ ਵਿਚ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਕਾਰਨ ਨਾਲ ਮੌਤ ਹੋ ਗਈ। ਮ੍ਰਿਤਕ ਦੀ ਸ਼ਨਾਖ਼ਤ ਜੋਬਨਜੀਤ ਸਿੰਘ (27) ਵਜੋਂ ਹੋਈ ਹੈ। ਪਰਿਵਾਰ ਨੂੰ ਉਸ ਦੀ ਲਾਸ਼ ਪਿੰਡ ਦੇ ਸਰਕਾਰੀ ਸਕੂਲ ਦੇ ਖੇਡ ਮੈਦਾਨ ਤੋਂ ਮਿਲੀ। ਉਹ ਅਸਾਮ 'ਚ ਕੰਮ ਕਰਦਾ ਸੀ ਅਤੇ ਪਿੰਡ ਪਰਤਿਆ ਸੀ। ਉਸ ਨੇ ਪਰਿਵਾਰ ਤੋਂ ਨਸ਼ਾ ਕਰਨ ਲਈ ਪੈਸਿਆਂ ਦੀ ਮੰਗ ਕੀਤੀ, ਜਿਸ ਨੂੰ ਉਨ੍ਹਾਂ ਇਨਕਾਰ ਕਰ ਦਿੱਤਾ। ਇਸ ਮਗਰੋਂ ਉਹ ਘਰੋਂ ਬਾਹਰ ਚਲਾ ਗਿਆ ਅਤੇ ਰਾਤ ਘਰ ਨਾ ਆਇਆ। ਮ੍ਰਿਤਕ ਦੇ ਪਿਤਾ ਅਮਰਜੀਤ ਸਿੰਘ ਨੇ ਪੁਲਿਸ ਚੌਕੀ ਦੋਬੁਰਜੀ ਦੇ ਇੰਚਾਰਜ ਸਬ ਇੰਸਪੈਕਟਰ ਨਰੇਸ਼ ਕੁਮਾਰ ਨੂੰ ਦਰਜ ਕਰਵਾਏ ਬਿਆਨ ਵਿਚ ਦੱਸਿਆ ਕਿ ਉਸ ਦੇ ਪੁੱਤ ਦੀ ਲਾਸ਼ ਨੇੜਿਓਂ ਸਰਿੰਜ ਵੀ ਬਰਾਮਦ ਹੋਈ ਹੈ।

# ਈਥਾਨੋਲ ਬਣਾਉਣ ਲਈ ਖੁੱਲ੍ਹੇ ਬਾਜ਼ਾਰ 'ਚੋਂ ਚੌਲ ਖਰੀਦਣ ਦੀ ਛੋਟ

**ਚੰਡੀਗੜ੍ਹ:** ਚੌਲਾਂ ਦੇ ਵਾਧੂ ਸਟਾਕ ਨਾਲ ਜੂਝ ਰਹੀ ਭਾਰਤ ਸਰਕਾਰ ਨੇ ਆਪਣੀ ਖੁਰਾਕੀ ਨੀਤੀ ਵਿਚ ਵੱਡਾ ਫੇਰਬਦਲ ਕੀਤਾ ਹੈ। ਹੁਣ ਪ੍ਰਾਈਵੇਟ ਈਥਾਨੋਲ ਡਿਸਟਿਲਰੀਆਂ ਨੂੰ ਓਪਨ ਮਾਰਕੀਟ ਸੇਲ ਸਕੀਮ (ਓ.ਐਮ.ਐਸ.ਐਸ.) ਤਹਿਤ ਅਨਾਜ ਦੀ ਈ-ਨਿਲਾਮੀ ਵਿਚ ਹਿੱਸਾ ਲੈਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸਰਕਾਰ ਨੇ ਪਿਛਲੇ ਸਾਲ ਈਥਾਨੋਲ ਬਣਾਉਣ ਲਈ ਚੌਲ ਦੀ ਵਰਤੋਂ 'ਤੇ ਪਾਬੰਦੀ ਲਾ ਦਿੱਤੀ ਸੀ। ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ, ਅਗਸਤ ਤੋਂ ਅਕਤੂਬਰ ਦਰਮਿਆਨ ਓ.ਐਮ.ਐਸ.ਐਸ. ਨਿਲਾਮੀ ਦੌਰਾਨ ਡਿਸਟਿਲਰੀਆਂ ਨੂੰ 23 ਲੱਖ ਟਨ ਚੌਲ ਚੁੱਕਣ ਦੀ ਇਜਾਜ਼ਤ ਦਿੱਤੀ ਗਈ ਹੈ।

ਇਸ ਮਹੀਨੇ ਦੇ ਸ਼ੁਰੂ ਵਿਚ ਸਰਕਾਰ ਨੇ ਮਲੇਸ਼ੀਆ ਨੂੰ ਗੈਰ-ਬਾਸਮਤੀ ਚਿੱਟਾ ਚੌਲ ਬਰਾਮਦ ਕਰਨ ਦੀ ਵੀ ਇਜਾਜ਼ਤ ਦੇ ਦਿੱਤੀ ਸੀ। ਕੁੱਲ ਦੋ ਲੱਖ ਟਨ ਚੌਲ ਦੀ ਬਰਾਮਦ ਦੀ ਇਜਾਜ਼ਤ ਦਿੱਤੀ ਗਈ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਕੋਲ ਇਸ ਸਮੇਂ ਚੌਲ ਦਾ ਸਟਾਕ ਲਗਭਗ 540 ਲੱਖ ਟਨ ਹੈ। ਸਿੱਟੇ ਵਜੋਂ ਸਰਕਾਰ 2023-24 ਵਿਚ ਖਰੀਦੇ ਝੋਨੇ ਤੋਂ ਤਿਆਰ ਚੌਲ ਨੂੰ ਸਟੋਰ ਕਰਨ ਲਈ ਥਾਂ ਦਾ ਪ੍ਰਬੰਧ ਕਰਨ ਵਿਚ ਜੁਟੀ ਹੈ। ਝੋਨੇ ਦਾ ਅਗਲਾ ਖਰੀਦ ਸੀਜ਼ਨ ਸਤੰਬਰ ਵਿਚ ਸ਼ੁਰੂ ਹੋਣ ਵਾਲਾ ਹੈ। ਅਜਿਹੇ ਵਿੱਚ ਚੌਲ ਨੂੰ ਸਟੋਰ ਕਰਨ ਲਈ ਥਾਂ ਦੀ ਕਾਫ਼ੀ ਘਾਟ ਹੈ।



ਇਕੱਲੇ ਪੰਜਾਬ ਵਿਚ ਚੌਲ ਦੇ ਭੰਡਾਰਨ ਲਈ ਉਪਲੱਬਧ ਕੁੱਲ 125 ਲੱਖ ਟਨ ਵਿਚੋਂ 124 ਲੱਖ ਟਨ ਥਾਂ ਭਰ ਚੁੱਕੀ ਹੈ। ਭਾਰਤੀ ਖੁਰਾਕ ਨਿਗਮ ਨੂੰ 2023-24 ਸੀਜ਼ਨ ਲਈ ਮਿੱਲਰਜ਼ ਤੋਂ 2.5 ਲੱਖ ਮੀਟਰਕ ਟਨ ਚੌਲ ਦੀ ਡਲਿਵਰੀ ਲੈਣੀ ਬਾਕੀ ਹੈ। ਅਗਲੇ ਸਾਉਣੀ ਸੀਜ਼ਨ (2024-25) ਵਿਚ ਨਵੰਬਰ ਤੋਂ ਮਾਰਚ 2025 ਦਰਮਿਆਨ ਐਫ.ਸੀ.ਆਈ. ਨੂੰ 122 ਲੱਖ ਟਨ ਚੌਲ ਹੋਰ ਡਿਲੀਵਰ ਹੋਣ ਦੀ ਉਮੀਦ ਹੈ ਜਿਸ ਲਈ ਥਾਂ ਨਹੀਂ ਹੈ।

# ਸਿੱਧੂ ਮੂਸੇਵਾਲਾ ਦੇ ਪਿਤਾ ਦੀ ਸੁਰੱਖਿਆ 'ਚ ਤਾਇਨਾਤ ਗੰਨਮੈਨਾਂ ਵਿਚਾਲੇ ਝੜਪ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦੀ ਸੁਰੱਖਿਆ ਵਿਚ ਤਾਇਨਾਤ ਗੰਨਮੈਨਾਂ ਦਰਮਿਆਨ ਦੇਰ ਰਾਤ ਹੋਈ ਤਕਰਾਰ ਖ਼ੂਨੀ ਝੜਪ ਵਿਚ ਬਦਲ ਗਈ, ਜਿਸ ਵਿਚ ਗੰਨਮੈਨ ਗੁਰਦੀਪ ਸਿੰਘ ਜ਼ਖ਼ਮੀ ਹੋ ਗਿਆ। ਉਸ ਨੂੰ ਇੱਥੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।

ਪੁਲਿਸ ਨੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਸਿੱਧੂ ਮੂਸੇਵਾਲਾ ਦੇ ਕਤਲ ਮਗਰੋਂ ਉਸ ਦੇ ਪਿਤਾ ਬਲਕੌਰ ਸਿੰਘ ਨੂੰ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਸੁਰੱਖਿਆ ਮੁਹੱਈਆ ਕਰਵਾਈ ਹੈ, ਜਿਸ ਵਿਚ ਕਮਾਂਡੋ ਦੇ ਅੱਧੀ ਦਰਜਨ ਤੋਂ ਵੱਧ ਜਵਾਨ ਤਾਇਨਾਤ ਹਨ। ਇਨ੍ਹਾਂ ਵਿਚੋਂ ਕਈ ਗੰਨਮੈਨ ਰਾਤ ਨੂੰ ਸਿੱਧੂ ਮੂਸੇਵਾਲਾ ਦੀ ਹਵੇਲੀ ਵਿਚ ਤਾਇਨਾਤ ਰਹਿੰਦੇ ਹਨ। ਜਾਣਕਾਰੀ ਮੁਤਾਬਕ ਰਾਤ ਗੰਨਮੈਨਾਂ ਵਿਚ ਡਿਊਟੀ ਨੂੰ ਲੈ ਕੇ ਤਕਰਾਰ ਹੋ ਗਈ, ਜੋ ਹੱਥੋਪਾਈ ਵਿਚ ਬਦਲ ਗਈ। ਉਨ੍ਹਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਇਕ-ਦੂਜੇ 'ਤੇ ਹਮਲਾ ਕਰ ਦਿੱਤਾ। ਇਸ ਘਟਨਾ ਵਿਚ ਗੰਨਮੈਨ ਗੁਰਦੀਪ ਸਿੰਘ ਜ਼ਖ਼ਮੀ ਹੋ ਗਿਆ। ਉਸ ਨੂੰ ਰਾਤ ਨੂੰ ਹੀ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਉਸ ਦੇ ਸਿਰ 'ਚ ਕਈ ਟਾਂਕੇ ਲੱਗੇ ਹਨ। ਥਾਣਾ ਸਦਰ ਮਾਨਸਾ ਦੇ ਐਸ.ਐਚ.ਓ. ਗੁਰਬੀਰ ਸਿੰਘ ਨੇ ਹਸਪਤਾਲ ਪਹੁੰਚ ਕੇ ਉਸ ਤੋਂ ਘਟਨਾ ਬਾਰੇ ਜਾਣਕਾਰੀ ਲਈ ਅਤੇ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ। ਮਾਨਸਾ ਦੇ ਡੀ.ਐਸ.ਪੀ. ਗੁਰਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਆਪਸੀ ਰੰਜਿਸ਼ ਕਾਰਨ ਇਹ ਝਗੜਾ ਹੋਇਆ। ਕਸੂਰਵਾਰ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾਵੇਗਾ।

# ਸੇਵਾ ਕੇਂਦਰ ਦਾ ਮੁਲਜ਼ਮ ਰਿਸ਼ਵਤ ਲੈਂਦਾ ਕਾਬੂ

**ਬਠਿੰਡਾ:** ਪੰਜਾਬ ਵਿਜੀਲੈਂਸ ਬਿਊਰੋ ਨੇ ਬਠਿੰਡਾ ਜ਼ਿਲ੍ਹੇ ਦੇ ਬੱਲੂਆਣਾ ਸਥਿਤ ਸੇਵਾ ਕੇਂਦਰ ਵਿਚ ਤਾਇਨਾਤ ਕੰਪਿਊਟਰ ਅਪਰੇਟਰ ਲਾਭਪ੍ਰੀਤ ਸਿੰਘ ਨੂੰ 12 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਜਸਪ੍ਰੀਤ ਸਿੰਘ ਵਾਸੀ ਬੱਲੂਆਣਾ ਜ਼ਿਲ੍ਹਾ ਬਠਿੰਡਾ ਵੱਲੋਂ ਦਰਜ ਕਰਵਾਏ ਬਿਆਨ ਤੇ ਰਿਕਾਰਡਿੰਗ ਦੇ ਆਧਾਰ 'ਤੇ ਮੁਲਜ਼ਮ ਕੰਪਿਊਟਰ ਅਪਰੇਟਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੋਸ਼ ਲਗਾਇਆ ਕਿ ਕੰਪਿਊਟਰ ਅਪਰੇਟਰ ਨੇ ਉਸ ਦੇ ਚਾਚੇ ਦੀ ਮੌਤ ਦਾ ਸਰਟੀਫਿਕੇਟ ਜਾਰੀ ਕਰਨ ਲਈ ਉਸ ਦੀ ਮਦਦ ਕਰਨ ਬਦਲੇ 12 ਹਜ਼ਾਰ ਰੁਪਏ ਦੀ ਮੰਗ ਕੀਤੀ ਸੀ। ਇਸ ਗੱਲਬਾਤ ਨੂੰ ਸ਼ਿਕਾਇਤਕਰਤਾ ਵੱਲੋਂ ਆਪਣੇ ਮੋਬਾਈਲ ਵਿਚ ਰਿਕਾਰਡ ਕਰ ਲਿਆ ਗਿਆ, ਜੋ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ। ਇਸ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਬਠਿੰਡਾ ਰੇਂਜ ਦੀ ਟੀਮ ਨੇ ਮੁਲਜ਼ਮ ਲਾਭਪ੍ਰੀਤ ਸਿੰਘ ਨੂੰ ਰੰਗੇ ਹੱਥੀਂ ਕਾਬੂ ਕਰਨ ਲਈ ਜਾਲ ਵਿਛਾਇਆ ਅਤੇ ਮੁਲਜ਼ਮ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਸ਼ਿਕਾਇਤਕਰਤਾ ਤੋਂ 12 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਾ ਫੜਿਆ ਗਿਆ।



## ਵਿਕਾਸ ਕਾਰਜਾਂ ਦੀ ਜਾਂਚ ਸ਼ੁਰੂ

**ਲਹਿਰਾਗਾਗਾ:** ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਨਗਰ ਕੌਂਸਲ ਵੱਲੋਂ 2017 ਤੋਂ 2021 ਤੱਕ ਕਰਵਾਏ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ 'ਚ ਕਥਿਤ ਭ੍ਰਿਸ਼ਟਾਚਾਰ ਦੀ ਜਾਂਚ ਸਬੰਧੀ ਵਿਜੀਲੈਂਸ ਦੀ ਟੀਮ ਲਹਿਰਾਗਾਗਾ ਪਹੁੰਚੀ। ਟੀਮ ਨੇ ਸਮੁੱਚਾ ਰਿਕਾਰਡ ਕਬਜ਼ੇ 'ਚ ਲੈ ਲਿਆ ਹੈ।

ਵਿਜੀਲੈਂਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਾਰਡ ਨੰਬਰ 13 ਦੇ ਸੰਦੀਪ ਸਿੰਘ ਨੇ ਭ੍ਰਿਸ਼ਟਾਚਾਰ ਬਾਰੇ ਸ਼ਿਕਾਇਤ ਕੀਤੀ ਸੀ। ਸ਼ਿਕਾਇਤਕਰਤਾ ਅਨੁਸਾਰ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ 'ਤੇ ਪੰਜਾਬ ਸਰਕਾਰ ਦੇ ਪੈਸੇ ਦੀ ਦੁਰਵਰਤੋਂ ਹੋਈ ਹੈ। ਕੰਮਾਂ ਦਾ ਵੇਰਵਾ ਵੀ ਟੀਮ ਨੂੰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੌਕੇ 'ਤੇ ਕੌਂਸਲਰ ਕਿਰਪਾਲ ਸਿੰਘ ਨਾਥਾ ਨੇ ਵੀ ਲਿਖਤੀ ਰੂਪ 'ਚ ਉਕਤ ਸਮੇਂ ਦੌਰਾਨ ਹੋਏ ਕੰਮਾਂ 'ਚ ਕਥਿਤ ਭ੍ਰਿਸ਼ਟਾਚਾਰ ਦੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕੰਮਾਂ ਦੀ ਨਿਰਪੱਖ ਜਾਂਚ ਕਰ ਕੇ ਦੋਸ਼ੀ ਪਾਏ ਜਾਣ 'ਤੇ ਕਿਸੇ ਵੀ ਭ੍ਰਿਸ਼ਟ ਅਧਿਕਾਰੀ ਜਾਂ ਠੇਕੇਦਾਰ ਨੂੰ ਬਖਸ਼ਿਆ ਨਹੀਂ ਜਾਵੇਗਾ। ਨਗਰ ਕੌਂਸਲ ਦੀ ਪ੍ਰਧਾਨ ਕਾਂਤਾ ਗੋਇਲ ਨੇ ਕਿਹਾ ਕਿ ਉਹ ਪਾਰਦਰਸ਼ੀ ਕੰਮ ਕਰਨ ਲਈ ਵਚਨਬੱਧ ਹਨ ਅਤੇ ਵਿਜੀਲੈਂਸ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

# ਡਿੰਪੀ ਢਿੱਲੋਂ ਦੇ 'ਆਪ' ਵਿਚ ਸ਼ਾਮਲ ਹੋਣ ਨਾਲ ਟਕਸਾਲੀ ਵਰਕਰ ਨਿਰਾਸ਼

**ਸ੍ਰੀ ਮੁਕਤਸਰ ਸਾਹਿਬ:** ਗਿੱਦੜਬਾਹਾ ਤੋਂ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਰਦੀਪ ਸਿੰਘ ਡਿੰਪੀ ਢਿੱਲੋਂ ਕਾਰਨ 'ਆਪ' ਦੇ ਟਕਸਾਲੀ ਆਗੂ ਤੇ ਵਰਕਰ ਨਿਰਾਸ਼ ਹਨ। ਸੂਤਰਾਂ ਅਨੁਸਾਰ ਆਪਣਾ ਦਰਦ ਲੈ ਕੇ ਗਿੱਦੜਬਾਹਾ ਹਲਕੇ ਦੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਦਿੱਲੀ ਵਿਚ ਸੀਨੀਅਰ ਆਗੂਆਂ ਕੋਲ ਪੁੱਜ ਚੁੱਕੇ ਹਨ।

ਗਿੱਦੜਬਾਹਾ ਦੇ ਹਲਕਾ ਇੰਚਾਰਜ ਤੇ ਬੀਤੀਆਂ ਚੋਣਾਂ ਦੌਰਾਨ ਇਸ ਹਲਕੇ ਤੋਂ 'ਆਪ' ਦੀ ਟਿਕਟ 'ਤੇ ਚੋਣ ਲੜ ਚੁੱਕੇ ਐਡਵੋਕੇਟ ਪ੍ਰਿਤਪਾਲ ਸ਼ਰਮਾ ਅਤੇ ਯੂਥ ਦੇ ਜ਼ਿਲ੍ਹਾ ਆਗੂ ਸਰਬਜੀਤ ਸਿੰਘ ਨੇ ਦੱਸਿਆ ਕਿ ਉਹ ਪਾਰਟੀ ਦਾ ਹਰ ਹੁਕਮ ਮੰਨਣਗੇ ਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਹਰ ਕੰਮ ਕਰਦੇ ਰਹਿਣਗੇ ਪਰ ਡਿੰਪੀ ਢਿੱਲੋਂ ਨੂੰ ਪਾਰਟੀ 'ਚ ਸ਼ਾਮਲ ਕਰਨ ਬਾਰੇ ਉਨ੍ਹਾਂ ਕੋਲੋਂ ਕੁਝ ਨਹੀਂ ਪੁੱਛਿਆ ਗਿਆ। ਡਿੰਪੀ ਢਿੱਲੋਂ ਦੇ 'ਆਪ' ਵਿਚ ਸ਼ਾਮਲ ਹੋਣ ਨਾਲ ਸਾਰੇ ਵਰਕਰ ਔਖੇ ਹਨ। ਉਨ੍ਹਾਂ ਕਿਹਾ ਕਿ ਹੁਣ ਗਲਤ ਬੰਦੇ 'ਆਪ' ਵਿਚ ਸ਼ਾਮਲ ਕਰ ਲਏ ਗਏ ਹਨ। ਇਨ੍ਹਾਂ ਤੋਂ ਦੁਖੀ ਹੋ ਕੇ ਹੀ ਲੋਕਾਂ ਨੇ ਆਮ ਆਦਮੀ ਪਾਰਟੀ ਚੁਣੀ ਸੀ। 'ਆਪ' ਵਰਕਰਾਂ ਨੇ ਰੋਸ ਜਤਾਇਆ ਕਿ ਉਹ ਨਿੱਕੇ-ਨਿੱਕੇ ਸਾਧਨਾਂ ਨਾਲ ਪਿਛਲੇ 10 ਸਾਲਾਂ ਤੋਂ ਪਾਰਟੀ ਦੀ ਬਿਹਤਰੀ ਲਈ ਲੱਗੇ ਹੋਏ ਹਨ ਤੇ ਨਿੱਕੇ-ਨਿੱਕੇ ਅਹੁਦਿਆਂ 'ਤੇ ਕੰਮ ਕਰ ਰਹੇ ਹਨ ਪਰ ਹੁਣ ਪੰਚਾਇਤੀ ਚੋਣਾਂ ਆ ਗਈਆਂ ਹਨ, ਇਸ ਦਾ ਉਨ੍ਹਾਂ 'ਤੇ ਵੀ ਅਸਰ ਪਵੇਗਾ। ਉਹ ਇਹ ਮਸਲਾ ਆਮ ਆਦਮੀ ਪਾਰਟੀ ਦੀ ਕੌਮੀ ਕਮੇਟੀ ਦੇ ਧਿਆਨ ਵਿਚ ਵੀ ਲਿਆਉਣਗੇ।

ਇਧਰ, ਡਿੰਪੀ ਢਿੱਲੋਂ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਤੇ ਵਰਕਰ ਜੋ ਹੁਣ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ, ਉਹ ਆਮ ਆਦਮੀ ਪਾਰਟੀ ਦੇ ਟਕਸਾਲੀ ਆਗੂਆਂ ਤੇ ਵਰਕਰਾਂ ਪਿੱਛੇ ਚੱਲਣਗੇ ਅਤੇ ਉਨ੍ਹਾਂ ਦੀ ਕਮਾਂਡ ਹੇਠ ਕੰਮ ਕਰਨਗੇ। ਡਿੰਪੀ ਨੇ ਇਹ ਵੀ ਕਿਹਾ ਕਿ ਉਹ 'ਆਪ' ਵਰਕਰਾਂ ਦਾ ਪੂਰਾ ਮਾਣ-ਸਨਮਾਨ ਯਕੀਨੀ ਬਣਾਉਣਗੇ।

ਪੰਜਾਬ ਟਾਈਮਜ਼

ਸ਼ਨਿਚਰਵਾਰ, 7 ਸਤੰਬਰ, 2024

# ਸਿੱਖ ਸਿਆਸਤ ਦਾ ਮੋੜ

ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਨਾਲ ਸਿੱਖ ਸਿਆਸਤ ਨਾਲ ਇਕ ਹੋਰ ਅਧਿਆਇ ਜੁੜ ਗਿਆ ਹੈ। ਇਹ ਫ਼ੈਸਲਾ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲ ਤਖਤ ਦੀ ਫਸੀਲ ਤੋਂ ਸੁਣਾਇਆ। ਆਪਣੇ ਫੈਸਲੇ ਵਿਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵਿਚ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਸੁਖਬੀਰ ਸਿੰਘ ਬਾਦਲ ਨੇ ਕਈ ਅਜਿਹੇ ਫੈਸਲੇ ਕੀਤੇ ਜਿਨ੍ਹਾਂ ਨਾਲ ਪੰਥ ਦੇ ਅਕਸ ਨੂੰ ਢਾਹ ਲੱਗੀ। ਇਨ੍ਹਾਂ ਫੈਸਲਿਆਂ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਕਮਜ਼ੋਰ ਹੋਈ ਅਤੇ ਸਿੱਖਾਂ ਦੇ ਹਿੱਤਾਂ ਨੂੰ ਨੁਕਸਾਨ ਪੁੱਜਿਆ। ਸੁਖਬੀਰ ਸਿੰਘ ਬਾਦਲ ਨੂੰ ਉਦੋਂ ਤੱਕ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ ਜਦੋਂ ਤੱਕ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਤੇ ਪੰਜ ਸਿੰਘ ਸਾਹਿਬਾਨ ਤੇ ਸੰਗਤ ਦੇ ਸਾਹਮਣੇ ਪੇਸ਼ ਹੋ ਕੇ ਆਪਣੇ ਗੁਨਾਹਾਂ ਦੀ ਮੁਆਫ਼ੀ ਨਹੀਂ ਮੰਗਦੇ। ਜਥੇਦਾਰ ਨੇ 2007 ਤੋਂ 2017 ਤੱਕ ਅਕਾਲੀ ਸਰਕਾਰ ਵੇਲੇ ਦੇ ਸਿੱਖ ਕੈਬਨਿਟ ਮੰਤਰੀਆਂ ਨੂੰ ਵੀ ਇਸ ਮਾਮਲੇ ਵਿਚ 15 ਦਿਨਾਂ ਵਿਚ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦੇ ਆਦੇਸ਼ ਦਿੱਤੇ ਹਨ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਪਟਨਾ ਸਾਹਿਬ ਤੋਂ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਹਰਿਮੰਦਰ ਸਾਹਿਬ ਤੋਂ ਗ੍ਰੰਥੀ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ।

ਯਾਦ ਰਹੇ ਕਿ ਅਕਾਲੀ ਦਲ ਦੇ ਨਾਰਾਜ਼ ਧੜੇ ਨੇ ਅਕਾਲ ਤਖ਼ਤ ਵਿਖੇ ਸ਼ਿਕਾਇਤ ਦੇ ਕੇ ਦੋਸ਼ ਲਾਇਆ ਸੀ ਕਿ ਅਕਾਲੀ ਸਰਕਾਰ ਵੇਲੇ ਕਈ ਭੁੱਲਾਂ ਹੋਈਆਂ ਜਿਸ ਕਾਰਨ ਪਾਰਟੀ ਨੂੰ ਨੁਕਸਾਨ ਹੋਇਆ ਅਤੇ ਇਨ੍ਹਾਂ ਭੁੱਲਾਂ ਤੇ ਗਲਤੀਆਂ ਲਈ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਦੱਸਿਆ ਗਿਆ ਸੀ। ਅਕਾਲੀ ਦਲ ਦੇ ਨਾਰਾਜ਼ ਧੜੇ ਵਿਚ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਸੁਖਦੇਵ ਸਿੰਘ ਢੀਂਡਸਾ, ਪਰਮਿੰਦਰ ਸਿੰਘ ਢੀਂਡਸਾ ਅਤੇ ਸੁੱਚਾ ਸਿੰਘ ਛੋਟੇਪੁਰ ਸਣੇ ਹੋਰ ਆਗੂ ਸ਼ਾਮਲ ਹਨ। ਇਨ੍ਹਾਂ ਆਗੂਆਂ ਨੇ ਪਹਿਲੀ ਜੁਲਾਈ ਨੂੰ ਅਕਾਲ ਤਖ਼ਤ ਵਿਖੇ ਪੱਤਰ ਦੇ ਕੇ ਦੋਸ਼ ਲਾਇਆ ਸੀ ਕਿ ਅਕਾਲੀ ਸਰਕਾਰ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਵਾਲੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ ਕੇਸ ਦਰਜ ਹੋਇਆ ਸੀ ਪਰ ਅਕਾਲੀ ਸਰਕਾਰ ਨੇ ਇਹ ਕੇਸ ਵਾਪਸ ਲੈ ਲਿਆ। ਇਸੇ ਤਰ੍ਹਾਂ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਅਕਾਲੀ ਸਰਕਾਰ ਦੋਸ਼ੀਆਂ ਖਿਲਾਫ ਠੋਸ ਕਾਰਵਾਈ ਕਰਨ ਵਿਚ ਅਸਫਲ ਰਹੀ। ਡੇਰਾ ਮੁਖੀ ਨੂੰ ਮੁਆਫ਼ੀ ਲਈ ਸਿਆਸੀ ਰਸੂਖ ਵਰਤਿਆ ਗਿਆ ਅਤੇ ਇਸ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ 90 ਲੱਖ ਰੁਪਏ ਇਸ਼ਤਿਹਾਰਾਂ ਦੇ ਰੂਪ ਵਿਚ ਵਰਤੇ ਗਏ। ਨਾਰਾਜ਼ ਧੜੇ ਦੇ ਆਗੂਆਂ ਦੇ ਇਸ ਪੱਤਰ ਦੇ ਆਧਾਰ 'ਤੇ ਹੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਸਪਸ਼ਟੀਕਰਨ ਮੰਗਿਆ ਸੀ। ਸੁਖਬੀਰ ਸਿੰਘ ਬਾਦਲ ਨੇ ਖੁਦ ਪੇਸ਼ ਹੋ ਕੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਪਸ਼ਟੀਕਰਨ ਸੌਂਪਿਆ ਸੀ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਕੱਤਰ ਪ੍ਰਤਾਪ ਸਿੰਘ ਨੇ ਵੀ ਸਪਸ਼ਟੀਕਰਨ ਦਿੱਤਾ ਸੀ। ਇਸੇ ਦੌਰਾਨ ਤਨਖਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਖਿਮਾ ਯਾਚਨਾ ਪੱਤਰ ਦਿੱਤਾ। ਅਕਾਲੀ ਸਰਕਾਰ ਦੇ ਚਾਰ ਮੰਤਰੀਆਂ ਨੇ ਵੀ ਅਕਾਲ ਤਖ਼ਤ 'ਤੇ ਆਪੋ-ਆਪਣਾ ਸਪਸ਼ਟੀਕਰਨ ਪੱਤਰ ਸੌਂਪ ਦਿੱਤਾ।

ਅਕਾਲੀ ਦਲ ਪਿਛਲੇ ਕਈ ਸਾਲਾਂ ਤੋਂ ਹਰ ਖੇਤਰ ਵਿਚ ਬੁਰੀ ਤਰ੍ਹਾਂ ਪਛੜ ਰਿਹਾ ਹੈ, ਇਥੋਂ ਤੱਕ ਕਿ ਟਕਸਾਲੀ ਕਾਰਕੁਨ ਅਤੇ ਆਗੂ ਵੀ ਬਾਦਲ ਪਰਿਵਾਰ ਨੂੰ ਹੁਣ ਮੂੰਹ ਨਹੀਂ ਲਾ ਰਹੇ। ਇਸੇ ਕਾਰਨ ਬਾਦਲ ਪਰਿਵਾਰ ਖਿਲਾਫ ਬਗਾਵਤ ਲਗਾਤਾਰ ਵਧ ਰਹੀ ਹੈ ਅਤੇ ਸੁਖਬੀਰ ਸਿੰਘ ਬਾਦਲ ਉਤੇ ਅਕਾਲੀ ਦਲ ਦੀ ਪ੍ਰਧਾਨਗੀ ਛੱਡਣ ਲਈ ਦਬਾਅ ਵਧ ਰਿਹਾ ਹੈ। ਇਸੇ ਦੌਰਾਨ ਪੰਜਾਬ ਦੀ ਸਿਆਸਤ ਵਿਚ ਇਕ ਹੋਰ ਮੋੜ ਇਹ ਆਇਆ ਹੈ ਕਿ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖਾਲਸਾ ਦੀ ਜਿੱਤ ਨੇ ਸਿੱਖ ਸਿਆਸਤ ਵਿਚ ਨਵੇਂ ਸਮੀਕਰਨ ਉਭਾਰੇ ਹਨ। ਉਧਰ, ਭਾਰਤੀ ਜਨਤਾ ਪਾਰਟੀ ਵੀ ਪੰਜਾਬ ਵਿਚ ਘਾਤ ਲਗਾ ਕੇ ਬੈਠੀ ਹੈ। ਇਸ ਨੇ ਪੰਜਾਬ ਵਿਚ ਆਪਣੇ ਪੈਰ ਲਾਉਣ ਲਈ ਹਰ ਹੀਲਾ-ਵਸੀਲਾ ਕੀਤਾ ਹੈ। ਵੱਖ-ਵੱਖ ਪਾਰਟੀਆਂ ਦੇ ਸੀਨੀਅਰ ਆਗੂਆਂ ਨੂੰ ਪਾਰਟੀ ਵਿਚ ਸ਼ਮਿਲ ਕੀਤਾ ਗਿਆ ਹੈ ਜਿਸ ਕਾਰਨ ਪਾਰਟੀ ਦੇ ਟਕਸਾਲੀ ਆਗੂ ਵੀ ਨਾਰਾਜ਼ ਹਨ। ਹੋਰ ਤਾਂ ਹੋਰ, ਕਿਸੇ ਵੇਲੇ ਪੰਜਾਬ ਕਾਂਗਰਸ ਦਾ ਪ੍ਰਧਾਨ ਰਿਹਾ ਆਗੂ ਸੁਨੀਲ ਜਾਖੜ ਅੱਜ ਕੱਲ੍ਹ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਹੈ। ਕੁਝ ਸਿਆਸੀ ਵਿਸ਼ਲੇਸ਼ਕਾਂ ਦਾ ਆਖਣਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅੱਖ 2027 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਹੈ। ਪਾਰਟੀ ਦੀ ਕੋਸ਼ਿਸ਼ ਹੈ ਕਿ ਇਨ੍ਹਾਂ ਚੋਣਾਂ ਵਿਚ ਵੱਧ ਤੋਂ ਵੱਧ ਸੀਟਾਂ ਜਿੱਤ ਕੇ ਵਿਧਾਨ ਸਭਾ ਵਿਚ ਹਾਜ਼ਰੀ ਵਧਾਈ ਜਾਵੇ। ਇਸ ਦੇ ਨਾਲ-ਨਾਲ ਇਹ ਪੰਜਾਬ ਦੀ ਸਿਆਸਤ ਨੂੰ ਆਪਣੇ ਹਿੰਦੂਤਵੀ ਏਜੰਡੇ ਮੁਤਾਬਿਕ ਢਾਲਣ ਲਈ ਵੀ ਹੱਥ-ਪੈਰ ਮਾਰ ਰਹੀ ਹੈ। ਆਉਣ ਵਾਲੇ ਸਮੇਂ ਅੰਦਰ ਭਾਰਤੀ ਜਨਤਾ ਪਾਰਟੀ ਪੰਜਾਬ ਅੰਦਰ ਕਿਸ ਤਰ੍ਹਾਂ ਦੀ ਸਿਆਸਤ ਲੈ ਕੇ ਆਵੇਗੀ, ਇਹ ਤਾਂ ਸਮਾਂ ਹੀ ਦੱਸੇਗਾ ਪਰ ਤੱਥ ਇਹ ਹੈ ਕਿ ਹਰ ਪਾਰਟੀ ਅੰਦਰ ਉਥਲ-ਪੁਥਲ ਨਾਲ ਪੰਜਾਬ ਦਾ ਸਿਆਸੀ ਪਿੜ ਲਗਾਤਾਰ ਬਦਲ ਰਿਹਾ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਸੱਚਮੁੱਚ ਪੰਜਾਬ ਵਿਚ ਨਵੀਂ ਸਿਆਸਤ ਲੈ ਕੇ ਆਉਣ ਦੀ ਕਨਸੋਅ ਦੇ ਰਹੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਾਮ-ਕ੍ਰੋਧ ਦੇ ਡੰਗ!

ਦੇਖ ਦੇਖ ਕੇ ਸੱਚ ਲਾਚਾ ਹੁੰਦਾ, ਮੂੰਹ ਕਰ ਲਿਆ ਬੰਦ ਸਚਿਆਰਿਆਂ ਨੇ।
ਗੱਲ ਗਿਆਨ ਦੀ ਸੁਣੀ-ਅਣਸੁਣੀ ਕੀਤੀ, ਰੀਤਾਂ ਤੋਰੀਆਂ ਆਪ-ਮੁਹਾਰਿਆਂ ਨੇ।
ਜੀਣਾ ਭਲਿਆਂ ਦਾ ਕੀਤਾ ਮੁਹਾਲ ਇਥੇ, ਜਾਇਦਾਦ ਦੇ ਲੋਭੀ ਹੰਕਾਰਿਆਂ ਨੇ।
ਚਕਾ-ਚੌਂਧ ਨੇ ਦਿਲੋਂ ਵਿਸਾਰ ਦਿੱਤਾ, ਇਕ ਦਿਨ ਵੱਜਣਾ ਕਾਲ ਨਗਾਰਿਆਂ ਨੇ।
ਤਮ੍ਹਾਂ ਹਿਰਸ ਦੀ ਅੱਗ ਦੇ ਸਾੜਿਆਂ ਨੂੰ, ਕਰਨਾ ਸ਼ਾਂਤ ਕੀ ਠੰਡੇ ਫੁਹਾਰਿਆਂ ਨੇ।
ਕਰਕੇ ਰੱਖ'ਤੀ ਜਾਣੋ ਬੇਹੋਸ਼ ਦੁਨੀਆਂ, ਕਾਮ-ਕ੍ਰੋਧ ਦੇ ਜ਼ਹਿਰੀ ਫੁੰਕਾਰਿਆਂ ਨੇ!

# ਖੇਤੀ ਨੀਤੀ ਅਤੇ ਪੰਜਾਬ ਦੀ 'ਆਪ' ਸਰਕਾਰ ਦੀ ਪਹੁੰਚ

**ਆਮ ਆਦਮੀ ਪਾਰਟੀ ਨੇ ਖੇਤੀ ਸੰਕਟ ਦੇ ਹੱਲ ਲਈ ਖੇਤੀ ਨੀਤੀ ਬਣਾਉਣ ਦਾ ਚੋਣ ਵਾਅਦਾ ਕੀਤਾ ਸੀ ਪਰ ਸਰਕਾਰ ਬਣਾਉਣ ਤੋਂ ਬਾਅਦ ਅਜੇ ਤੱਕ ਖੇਤੀ ਨੀਤੀ ਬਣਾਈ ਨਹੀਂ ਗਈ ਹੈ।**

ਖੇਤੀ ਨੀਤੀ ਲਾਗੂ ਕਰਨ ਦੀ ਮੰਗ ਖਾਤਰ ਕਿਸਾਨ ਜਥੇਬੰਦੀਆਂ ਵੱਲੋਂ ਚੰਡੀਗੜ੍ਹ ਵਿਚ ਦਿੱਤੇ ਧਰਨਿਆਂ ਨਾਲ ਪੰਜਾਬ ਪੱਖੀ ਖੇਤੀ ਨੀਤੀ ਦੀ ਚਰਚਾ ਮੁੜ ਭਖ ਗਈ ਹੈ। ਕਿਸੇ ਸਮੇਂ ਦੇਸ਼ ਦੇ ਅਨਾਜ ਭੰਡਾਰ ਭਰਨ ਦੇ ਮੰਤਵ ਨਾਲ ਪੰਜਾਬ ਵਿਚ ਲਾਗੂ ਕੀਤੇ ਅਖੌਤੀ 'ਹਰੇ ਇਨਕਲਾਬ' ਨੇ ਇੱਥੋਂ ਦੀ ਧਰਤੀ, ਵਾਤਾਵਰਨ, ਪਾਣੀ ਪਲੀਤ ਕਰ ਦਿੱਤੇ ਜਿਸ ਕਾਰਨ ਪੰਜਾਬੀ ਕੈਂਸਰ, ਕਾਲੇ ਪੀਲੀਏ ਵਰਗੀਆਂ ਬਿਮਾਰੀਆਂ ਦੀ ਮਾਰ ਹੇਠ ਆ ਗਏ। ਕਿਸਾਨ, ਮਜ਼ਦੂਰ ਖੁਦਕੁਸ਼ੀਆਂ ਵੀ ਉਸ ਹਰੇ ਇਨਕਲਾਬ ਦੇ ਨਾਮ ਹੇਠ ਲਾਗੂ ਕੀਤੀ ਖੇਤੀ ਨੀਤੀ ਦਾ ਸਿੱਟਾ ਹਨ। ਸੂਬੇ ਦੇ ਜਮਹੂਰੀ ਹਲਕੇ ਲੰਮੇ ਸਮੇਂ ਤੋਂ ਵਾਤਾਵਰਨ ਤੇ ਕਿਸਾਨ, ਮਜ਼ਦੂਰ ਪੱਖੀ ਖੇਤੀ ਨੀਤੀ ਦੀ ਮੰਗ ਕਰ ਰਹੇ ਹਨ। ਇਸ ਮੰਗ ਖਾਤਰ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ 1 ਤੋਂ 5 ਸਤੰਬਰ ਤੱਕ ਚੰਡੀਗੜ੍ਹ ਦੇ ਸੈਕਟਰ 34 ਵਿਚ ਧਰਨਾ ਦਿੱਤਾ। ਇਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚੇ ਨੇ 2 ਸਤੰਬਰ ਨੂੰ ਚੰਡੀਗੜ੍ਹ ਦੇ ਸੈਕਟਰ 34 ਵਿਚ ਰੋਸ ਪ੍ਰਦਰਸ਼ਨ ਕਰ ਕੇ ਖੇਤੀ ਨੀਤੀ ਦੀ ਮੰਗ ਉਭਾਰੀ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਦਰਅਸਲ, ਆਮ ਆਦਮੀ ਪਾਰਟੀ ਨੇ ਖੇਤੀ ਸੰਕਟ ਦੇ ਹੱਲ ਲਈ ਨਵੀਂ ਖੇਤੀ ਨੀਤੀ ਬਣਾਉਣ ਦਾ ਚੋਣ ਵਾਅਦਾ ਕੀਤਾ ਸੀ। ਚੋਣਾਂ ਤੋਂ ਪਹਿਲਾਂ ਤਾਂ 'ਆਪ' ਦੇ ਕਈ ਆਗੂ ਪੰਜ ਮਿੰਟਾਂ ਵਿਚ ਫਸਲਾਂ 'ਤੇ ਐੱਮ.ਐੱਸ.ਪੀ. ਦੇਣ ਦਾ ਦਾਅਵਾ ਕਰਦੇ ਰਹੇ। ਸੂਬੇ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਵੀ ਖੇਤੀ ਨੀਤੀ ਬਣਾਉਣ ਦੀ ਮੰਗ ਖਾਤਰ 'ਆਪ' ਸਰਕਾਰ ਨੂੰ ਖੇਤੀ ਨੀਤੀ ਦੇ ਖਰੜੇ ਸੌਂਪ ਕੇ ਲੋਕ ਪੱਖੀ ਖੇਤੀ ਨੀਤੀ ਬਣਾਉਣ ਦੀ ਮੰਗ ਕੀਤੀ ਸੀ। ਇਨ੍ਹਾਂ ਜਥੇਬੰਦੀਆਂ ਦੇ ਦਬਾਅ ਕਾਰਨ ਜਨਵਰੀ 2023 ਵਿਚ ਪੰਜਾਬ ਦੇ ਉਸ ਸਮੇਂ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ 11 ਮੈਂਬਰੀ ਕਮੇਟੀ ਬਣਾਈ ਅਤੇ 31 ਮਾਰਚ 2023 ਤੱਕ ਖੇਤੀਬਾੜੀ ਨੀਤੀ ਲਾਗੂ ਕਰਨ ਦਾ ਐਲਾਨ ਕੀਤਾ। ਕਮੇਟੀ ਵਿਚ ਖੇਤੀਬਾੜੀ ਸਕੱਤਰ ਰਾਹੁਲ ਤਿਵਾੜੀ, ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐੱਸ.ਐੱਸ. ਗੋਸਲ, ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਇੰਦਰਜੀਤ ਸਿੰਘ, ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੂੰ ਸ਼ਾਮਲ ਕੀਤਾ ਗਿਆ। ਖੇਤੀ ਨੀਤੀ ਬਣਾਉਣ ਲਈ ਬਣਾਈ ਕਮੇਟੀ ਨੇ ਪਿਛਲੇ ਸਾਲ ਖੇਤੀ ਨੀਤੀ ਤਿਆਰ ਕਰ ਕੇ ਸਰਕਾਰ ਨੂੰ ਸੌਂਪਣ ਦੇ ਬਾਵਜੂਦ ਸਰਕਾਰ ਨੇਂ ਅਜੇ ਤੱਕ ਉਸ ਖਰੜੇ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਦੀ ਆਰਥਿਕਤਾ ਦਾ ਧੁਰਾ ਅਤੇ ਰੁਜ਼ਗਾਰ ਦਾ ਮੁੱਖ ਸਾਧਨ ਖੇਤੀਬਾੜੀ ਹੈ। ਭੂਗੋਲਿਕ ਸਥਿਤੀ, ਵਾਤਾਵਰਨ, ਨਹਿਰੀ ਪਾਣੀ ਦੇ ਹਿਸਾਬ ਨਾਲ ਸਾਡੇ ਅਣਵੰਡੇ ਪੰਜਾਬ ਦੀ ਧਰਤੀ ਦੁਨੀਆ ਦੀ ਸਭ ਤੋਂ ਉਪਜਾਊ ਧਰਤੀ ਹੈ। ਇਸ ਧਰਤੀ ਨੇ ਦੁਨੀਆ ਦੇ ਵੱਡੇ ਹਿੱਸੇ ਤੱਕ ਖਾਦ ਪਦਾਰਥ ਪਹੁੰਚਾਏ। ਆਜ਼ਾਦੀ ਤੋਂ ਬਾਅਦ ਭਾਰਤੀ ਹਕੂਮਤ ਵੱਲੋਂ ਦੇਸ਼ ਦੇ ਅਨਾਜ ਭੰਡਾਰ ਭਰਨ ਲਈ ਪੰਜਾਬ, ਹਰਿਆਣਾ,ਪੱਛਮੀ ਉਤਰ ਪ੍ਰਦੇਸ਼ ਦੀ ਧਰਤੀ 'ਤੇ ਅਖੌਤੀ ਹਰਾ ਇਨਕਲਾਬ ਲਿਆਂਦਾ ਗਿਆ। ਝੋਨਾ ਪੰਜਾਬ ਦੀ ਫਸਲ ਨਹੀਂ ਸੀ, ਇੱਥੋਂ ਦਾ ਵਾਤਾਵਰਨ ਝੋਨੇ ਦੇ ਹਿਸਾਬ ਨਾਲ ਸਹੀ ਨਹੀਂ ਸੀ ਪਰ ਦੇਸ਼ ਦੇ ਹਾਕਮਾਂ ਵੱਲੋਂ ਦੂਜੇ ਸੂਬਿਆਂ ਦੀਆਂ ਅਨਾਜ ਲੋੜਾਂ ਦੀ ਪੂਰਤੀ ਲਈ ਝੋਨਾ ਪੰਜਾਬ ਉਪਰ ਥੋਪਿਆ ਗਿਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇਸ ਹਰੇ ਇਨਕਲਾਬ ਨਾਲ ਦੇਸ਼ ਦੇ ਅਨਾਜ ਭੰਡਾਰ ਤਾਂ ਭਰ ਗਏ ਪਰ ਪੰਜਾਬ ਅਤੇ ਇਸ ਦੇ ਨੇੜਲੇ ਖੇਤਰ ਹਰ ਪੱਖੋਂ ਸੰਕਟ ਵਿਚ ਆ ਗਏ। ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ, ਕਰਜ਼ੇ ਦਾ ਜਾਲ, ਹਵਾ, ਪਾਣੀ ਅਤੇ ਜ਼ਮੀਨ ਦਾ ਦੂਸ਼ਿਤ ਹੋਣਾ ਹਰੇ ਇਨਕਲਾਬ ਦੀ ਦੇਣ ਹੈ। ਬਣਦਾ ਇਹ ਸੀ ਕਿ ਸਮਾਂ ਰਹਿੰਦਿਆਂ ਫਸਲੀ ਵੰਨ-ਸਵੰਨਤਾ ਨੂੰ ਅਪਣਾਇਆ ਜਾਂਦਾ ਲੇਕਿਨ ਸੂਬੇ ਦੀ ਸੱਤਾ ਉਪਰ ਕਾਬਜ਼ ਰਹੀਆਂ ਧਿਰਾਂ ਵੱਲੋਂ ਇਸ ਸੰਕਟ ਦੇ ਅਸਲ ਕਾਰਨਾਂ ਉਪਰ ਉਂਗਲ ਧਰਨ ਦੀ ਤਾਂ ਲਿਪਾ-ਪੋਚੀ ਕਰਨ ਨਾਲ ਇਹ ਸੰਕਟ ਹੋਰ ਵੱਧ ਗੰਭੀਰ ਹੁੰਦਾ ਗਿਆ।

ਬਾਕੀ ਫਸਲਾਂ ਦੇ ਮੁਕਾਬਲੇ ਝੋਨੇ ਦੀ ਖਰੀਦ ਗਾਰੰਟੀ ਹੋਣ ਕਾਰਨ ਕਿਸਾਨ ਝੋਨੇ ਦੀ ਬਿਜਾਈ ਕਰ ਰਹੇ ਹਨ। ਕਿਸਾਨਾਂ ਨੂੰ ਜਿੰਨੀ ਆਮਦਨ ਝੋਨੇ ਤੋਂ ਹੁੰਦੀ ਹੈ ਘੱਟੋ-ਘੱਟ ਓਨੀ ਆਮਦਨ ਜੇ ਫ਼ਸਲੀ ਵੰਨ-ਸਵੰਨਤਾ ਅਪਣਾਉਣ ਨਾਲ ਹੋਵੇਗੀ ਤਾਂ



ਕਿਸਾਨ ਝੋਨਾ ਛੱਡ ਦੇਵੇਗਾ। ਇਸ ਦੇ ਲਈ ਪਹਿਲੀ ਗੱਲ ਤਾਂ ਸੂਬਾ ਸਰਕਾਰ ਨੂੰ ਸੀ.ਸੀ.ਐੱਲ. ਲਿਮਿਟ ਵਿਚੋਂ ਝੋਨੇ ਦੀ ਫਸਲ ਤੋਂ ਇਲਾਵਾ ਹੋਰ ਫ਼ਸਲਾਂ ਸ਼ਾਮਿਲ ਕਰਨ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਦੂਜਾ, ਕੇਰਲਾ ਵਾਂਗ ਪੰਜਾਬ ਸਰਕਾਰ ਨੂੰ ਆਪਣਾ ਬੰਦੋਬਸਤ ਕਰਨਾ ਚਾਹੀਦਾ ਹੈ ਤਾਂ ਜੋ ਸੂਬਾ ਵੀ ਐੱਮ.ਐੱਸ.ਪੀ. 'ਤੇ ਦਾਲਾਂ ਬਗੈਰਾ ਦੀ ਖਰੀਦ ਸਕੇ। ਤੀਜਾ, ਹਰ ਕਿਸਾਨ ਵੱਲੋਂ ਝੋਨੇ ਦੇ ਬਦਲ ਵਜੋਂ ਪੈਦਾ ਕੀਤੀਆਂ ਜਾਣ ਵਾਲੀਆਂ ਫਸਲਾਂ ਤੋਂ ਹੋਣ ਵਾਲੀ ਆਮਦਨ ਦਾ ਝੋਨੇ ਦੀ ਫਸਲ ਦੇ ਮੁਕਾਬਲੇ ਪੈਣ ਵਾਲਾ ਘਾਟਾ ਸਰਕਾਰ ਪੂਰਾ ਕਰੇ। ਇਸ ਤਰ੍ਹਾਂ ਦੇ ਬਦਲ ਤਲਾਸ਼ ਕੇ ਬਦਲਵੀਆਂ ਫਸਲਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ; ਭਾਵ, ਜਦੋਂ ਤੱਕ ਸਰਕਾਰਾਂ ਝੋਨੇ ਦੇ ਬਦਲ ਵਜੋਂ ਬਿਜਾਈ ਕੀਤੇ ਕਪਾਹ, ਨਰਮਾ ਦਾਲਾਂ, ਮੋਟੇ ਅਨਾਜ, ਮੱਕੀ, ਤੇਲ ਬੀਜਾਂ ਦੀ ਕਾਸ਼ਤ ਆਦਿ ਦੀ ਘਾਟਾ ਪੂਰਤੀ ਦੀ ਜ਼ਿੰਮੇਵਾਰੀ ਨਹੀਂ ਲੈਂਦੀਆਂ, ਤਦ ਤੱਕ ਖੇਤੀ ਵੰਨ-ਸਵੰਨਤਾ ਦੇ ਨਾਅਰੇ ਖੋਖਲੇ ਹੀ ਰਹਿਣਗੇ। ਇਹ ਹੋ ਸਕਦਾ ਹੈ ਕਿ ਸਰਕਾਰ ਸੂਬੇ ਦੀ ਸਿਰਫ ਛੋਟੀ ਤੇ ਦਰਮਿਆਨੀ ਕਿਸਾਨੀ ਦਾ ਘਾਟਾ ਝੱਲੇ ਕਿਉਂਕਿ ਧਨਾਢ ਕਿਸਾਨ ਨੂੰ ਝੋਨੇ ਦੇ ਬਦਲ ਨਾਲ ਘਟੀ ਆਮਦਨ ਕਾਰਨ ਕੋਈ ਬਹੁਤਾ ਫਰਕ ਨਹੀਂ ਪਵੇਗਾ।

ਤੱਥ ਇਹ ਹੈ ਕਿ ਹਰੇ ਇਨਕਲਾਬ ਦੀ ਦੇਣ ਕਣਕ ਝੋਨੇ ਦੇ ਫਸਲੀ ਚੱਕਰ ਅਤੇ ਖੇਤੀ ਖੇਤਰ ਵਿਚ ਥੋਪੀ ਲੋੜੋਂ ਵੱਧ ਮਸ਼ੀਨਰੀ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਇਕ ਹਿੱਸਾ ਖੇਤੀ ਖੇਤਰ ਵਿਚੋਂ ਬਾਹਰ ਕਰ ਕੇ ਬੇਰਜ਼ੁਗਾਰੀ ਦੀ ਦਲਦਲ ਵਿਚ ਧੱਕ ਦਿੱਤਾ। ਹੁਣ ਜਦ ਨਵੀਂ ਖੇਤੀ ਨੀਤੀ ਬਣਾਈ ਜਾ ਰਹੀ ਹੈ ਤਾਂ ਉਸ ਦੀ ਬੁਨਿਆਦ ਖੇਤੀ ਖੇਤਰ ਵਿਚ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵੱਲ ਸੇਧਿਤ ਹੋਣੀ ਚਾਹੀਦੀ ਹੈ। ਜਦ ਅਸੀਂ ਇਹ ਮੰਨਦੇ ਹਾਂ ਕਿ ਪੰਜਾਬ ਦੀ ਧਰਤੀ ਦੁਨੀਆ ਦੀ ਸਭ ਤੋਂ ਜ਼ਰਖੇਜ਼ ਧਰਤੀ ਹੈ ਤਾਂ ਇਸ ਧਰਤੀ ਉਪਰ ਖੇਤੀ ਅਤੇ ਖੇਤੀ ਆਧਾਰਿਤ ਸਨਅਤਾਂ ਤੋਂ ਬਗੈਰ ਹੋਰ ਪ੍ਰੋਜੈਕਟ ਲਾਉਣ ਬਾਰੇ ਸੋਚਣਾ ਵੀ ਨਹੀਂ ਚਾਹੀਦਾ। ਮੁੱਖ ਮੰਤਰੀ ਨੂੰ ਬੀ.ਐੱਮ.ਡਬਲਿਊ. ਵਰਗੀਆਂ ਕੰਪਨੀਆਂ ਨੂੰ ਗਲੀਚੇ ਵਿਛਾ ਕੇ ਸੱਦਣ ਦੀ ਬਜਾਇ ਖੇਤੀ ਆਧਾਰਿਤ ਸਨਅਤਾਂ ਵੱਲ ਤੁਰਨਾ ਚਾਹੀਦਾ ਹੈ।

ਝੋਨੇ ਕਣਕ ਦੇ ਫਸਲੀ ਚੱਕਰ ਦੇ ਬਦਲ ਵਜੋਂ ਲਿਆਂਦੇ ਕਪਾਹ, ਨਰਮਾ, ਦਾਲਾਂ, ਮੋਟੇ ਅਨਾਜ, ਮੱਕੀ, ਤੇਲ ਬੀਜਾਂ, ਆਲੂ, ਪਿਆਜ਼ ਆਦਿ ਦਾ ਸਾਡੀ ਸਰਕਾਰ ਪਾਕਿਸਤਾਨ ਰਾਹੀਂ ਸੌਖਿਆਂ ਹੀ ਦੇਸ਼ ਤੋਂ ਬਾਹਰ ਬਰਾਮਦ ਕਰ ਸਕਦੀ ਹੈ। ਜੇ ਪਾਕਿਸਤਾਨ ਨਾਲ ਅਟਾਰੀ/ਵਾਹਗਾ ਅਤੇ ਹੁਸੈਨੀਵਾਲਾ/ਸੁਲੇਮਾਨ ਬਾਰਡਰ ਦੇ ਸੜਕੀ ਲਾਂਘਿਆਂ ਰਾਹੀਂ ਵਪਾਰ ਖੋਲ੍ਹਿਆ ਜਾਵੇ ਤਾਂ ਖੇਤੀ ਖੇਤਰ ਨੂੰ ਵੱਡਾ ਹੁਲਾਰਾ ਮਿਲੇਗਾ। ਮੁੱਖ ਮੰਤਰੀ ਨੂੰ ਭਾਜਪਾ ਵਾਲਾ ਬਿਰਤਾਂਤ ਛੱਡ ਕੇ ਪਾਕਿਸਤਾਨ ਨਾਲ ਸੜਕੀ ਰਸਤੇ ਵਪਾਰ ਲਈ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕਰਦਿਆਂ ਕੇਂਦਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਪੈਰਵੀ ਕਰਨੀ ਚਾਹੀਦੀ ਹੈ।

ਵੈਸੇ ਇਹ ਪਹਿਲੀ ਵਾਰ ਨਹੀਂ ਕਿ ਸੂਬਾ ਸਰਕਾਰ ਖੇਤੀ ਨੀਤੀ ਬਣਾਉਣ ਦੇ ਰਾਹ ਤੁਰੀ ਹੈ ਬਲਕਿ ਖੇਤੀ ਖੇਤਰ ਵਿਚ ਨਵੀਆਂ ਨੀਤੀਆਂ ਲਾਗੂ ਕਰਨ ਲਈ ਪਹਿਲਾਂ ਵੀ ਕਈ ਵਾਰ ਕੇਂਦਰੀ ਤੇ ਸੂਬਾਈ ਪੱਧਰ ਉਪਰ ਬਣੀਆਂ ਕਮੇਟੀਆਂ ਸੁਝਾਅ ਦਿੰਦੀਆਂ ਰਹੀਆਂ ਹਨ ਪਰ ਹੁੰਦਾ ਇਹ ਆਇਆ ਹੈ ਕਿ ਸਰਕਾਰਾਂ ਸਿਰਫ ਆਪਣੇ ਪੱਖ ਦਾ ਸੁਝਾਅ ਲਾਗੂ ਕਰ ਕੇ ਕਿਸਾਨ, ਮਜ਼ਦੂਰ ਪੱਖੀ ਸੁਝਾਅ ਲਾਗੂ ਕਰਨ ਤੋਂ ਕਿਨਾਰਾ ਕਰਦੀਆਂ ਰਹੀਆਂ ਹਨ, ਜਿਵੇਂ ਕੌਮੀ ਕਿਸਾਨ ਕਮਿਸ਼ਨ ਦੀ 2005 ਵਿਚ ਜਾਰੀ ਸਵਾਮੀਨਾਥਨ ਰਿਪੋਰਟ ਲਾਗੂ ਨਹੀਂ ਕੀਤੀ ਗਈ। 2013 ਦੀ ਰਮੇਸ਼ ਚੰਦ ਕਮੇਟੀ ਦੀਆਂ ਫ਼ਸਲੀ ਲਾਗਤਾਂ ਸਬੰਧੀ ਰਿਪੋਰਟ ਦੀਆਂ ਸਿਫਾਰਸ਼ਾਂ ਨੂੰ ਅਣਗੌਲਿਆ ਕਰ ਦਿੱਤਾ ਗਿਆ। ਪੰਜਾਬ ਵਿਚ ਫਸਲੀ ਵੰਨ-ਸਵੰਨਤਾ ਬਾਰੇ ਡਾ. ਐੱਸ.ਐੱਸ. ਜੌਹਲ ਦੀ ਅਗਵਾਈ ਹੇਠ ਪੇਸ਼ ਕੀਤੀਆਂ ਰਿਪੋਰਟਾਂ ਦਫਤਰਾਂ ਦੀ ਧੂੜ ਫੱਕ ਰਹੀਆਂ ਹਨ। ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਤਿਆਰ ਖੇਤੀ ਨੀਤੀ ਖਰੜਿਆਂ ਵੱਲ ਕਦੇ ਧਿਆਨ ਹੀ ਨਹੀਂ ਦਿੱਤਾ ਗਿਆ।

ਹਕੀਕਤ ਇਹ ਹੈ ਕਿ ਕਾਰਪੋਰੇਟ ਘਰਾਣੇ ਖੇਤੀ ਦੇ ਉਤਪਾਦਨ ਅਤੇ ਮੰਡੀਕਰਨ ਵਿਚ ਨਿਵੇਸ਼ ਲਈ ਤਤਪਰ ਹਨ। ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਨ ਲਈ ਕੰਮ ਕਰਦੀਆਂ ਸਾਡੀਆਂ ਸਰਕਾਰਾਂ ਦੀ ਮਨਸ਼ਾ ਖੇਤੀ ਨੂੰ ਕੰਪਨੀਆਂ ਦੇ ਸਪੁਰਦ ਕਰਨ ਦੀ ਹੈ। ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਸੰਸਾਰ ਵਪਾਰ ਸੰਸਥਾ, ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਦੀਆਂ ਨੀਤੀਆਂ ਮੁੱਖ ਰੂਪ ਵਿਚ ਖੇਤੀ ਖੇਤਰ ਨੂੰ ਪ੍ਰਭਾਵਿਤ ਕਰਦੀਆਂ ਹਨ।

ਪੰਜਾਬ ਵਿਚ ਖੇਤੀ ਨੀਤੀ ਬਣਾਉਣ ਦੀ ਬੁਨਿਆਦ ਨਹਿਰੀ ਪਾਣੀ ਦੀ ਵਰਤੋਂ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਟਾਹਰਾਂ ਤਾਂ ਬਹੁਤ ਮਾਰੀਆਂ ਕਿ ਟੇਲਾਂ ਤੱਕ ਪਾਣੀ ਪਹੁੰਚਾ ਦਿੱਤਾ ਹੈ ਪਰ ਤੱਥ ਇਹ ਹਨ ਕਿ ਅਜੇ ਵੀ ਮੁੱਖ ਰੂਪ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰ ਰਿਹਾ ਹੈ। ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨਾ ਖੇਤੀ ਨੀਤੀ ਦਾ ਹਿੱਸਾ ਹੋਣਾ ਚਾਹੀਦਾ ਹੈ। ਸਹਿਕਾਰੀ ਲਹਿਰ ਨੂੰ ਮਜ਼ਬੂਤ ਕਰਦਿਆਂ ਵੇਰਕਾ, ਮਿਲਕਫੈਡ ਸਮੇਤ ਸਹਿਕਾਰੀ ਅਦਾਰਿਆਂ ਵਿਚ ਫੈਲੇ ਵਿਆਪਕ ਭ੍ਰਿਸ਼ਟਾਚਾਰ ਨੂੰ ਨੱਥ ਪਾਉਂਦਿਆਂ ਸਹਿਕਾਰੀ ਸੁਸਾਇਟੀਆਂ ਨੂੰ ਸਮੇਂ ਦੇ ਹਾਣ ਦੀਆਂ ਕਰਨ ਦੀ ਲੋੜ ਹੈ।

ਨਰਮੇ ਨੂੰ ਹਰ ਸਾਲ ਪੈ ਰਹੀ ਸੁੰਡੀ ਦਾ ਅਹਿਮ ਕਾਰਨ ਨਕਲੀ ਬੀਜ ਹਨ। ਸਰਕਾਰ ਨੂੰ ਨਕਲੀ ਬੀਜ ਵੇਚਣ ਵਾਲੀਆਂ ਕੰਪਨੀਆਂ ਖਿਲਾਫ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ। ਕੈਮੀਕਲ ਖਾਦਾਂ ਅਤੇ ਦਵਾਈਆਂ ਨੇ ਸਾਡੇ ਵਾਤਾਵਰਨ, ਧਰਤੀ ਨੂੰ ਪਲੀਤ ਕਰਦਿਆਂ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਿੱਤੀਆਂ ਹਨ, ਇਸ ਲਈ ਨਵੀਂ ਖੇਤੀ ਨੀਤੀ ਵਿਚ ਕੈਮੀਕਲ ਖਾਦਾਂ, ਦਵਾਈਆਂ ਦੀ ਘੱਟ ਤੋਂ ਘੱਟ ਵਰਤੋਂ ਅਤੇ ਜੈਵਿਕ ਖਾਦਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧ ਕਰਨੇ ਚਾਹੀਦੇ ਹਨ। ਨਵੀਂ ਖੇਤੀ ਨੀਤੀ ਰਾਹੀਂ ਸਰਲ ਸਰਕਾਰੀ ਫਸਲ ਬੀਮਾ ਯੋਜਨਾ ਲਾਗੂ ਕਰਨੀ ਚਾਹੀਦੀ ਹੈ।

ਕਿਸੇ ਸਮੇਂ ਖੇਤੀ ਖੇਤਰ ਭਾਰਤ ਦੀ ਜੀ.ਡੀ.ਪੀ. ਵਿਚ ਸਭ ਤੋਂ ਵੱਡੀ ਭੂਮਿਕਾ ਅਦਾ ਕਰਦਾ ਰਿਹਾ ਹੈ। ਹੁਣ ਵੀ ਦੁਨੀਆ ਭਰ ਵਿਚ ਅੰਨ ਸੰਕਟ ਵਧ ਰਿਹਾ ਹੈ। ਇਸ ਸੂਰਤ ਵਿਚ ਇਸ ਖੇਤਰ ਅੰਦਰ ਅਥਾਹ ਸੰਭਾਵਨਾਵਾਂ ਹਨ। ਇਸ ਲਈ ਪੰਜਾਬ ਸਰਕਾਰ ਨੂੰ ਫੋਕੀ ਬਿਆਨਬਾਜ਼ੀ ਛੱਡ ਕੇ ਸੂਬੇ ਦੇ ਹਿੱਤਾਂ ਵਾਲੀ ਖੇਤੀ ਨੀਤੀ ਲਿਆਉਣੀ ਚਾਹੀਦੀ ਹੈ।

# ਜਮਹੂਰੀ ਕਾਰਕੁਨਾਂ ਉਪਰ ਐੱਨ.ਆਈ.ਏ. ਦੇ ਛਾਪੇ

***ਅਜਿਹੀਆਂ ਗ੍ਰਿਫ਼ਤਾਰੀਆਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਸਤਬੰਰ 2009 ਵਿਚ ਦਿੱਲੀ ਤੋਂ ਕੋਬਾਦ ਗਾਂਧੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸ ਨੂੰ ਖ਼ੂੰਖ਼ਾਰ ਦਹਿਸ਼ਤਵਾਦੀ ਦੇ ਰੂਪ 'ਚ ਪੇਸ਼ ਕੀਤਾ ਗਿਆ। ਤਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਉਸ ਦੀ ਗ੍ਰਿਫ਼ਤਾਰੀ ਨੂੰ 'ਵੱਡੀ ਪ੍ਰਾਪਤੀ' ਦੱਸਿਆ ਸੀ। ਬਾਅਦ ਵਿਚ ਅਦਾਲਤਾਂ ਵਿਚ ਉਸ ਉਪਰ ਜਾਂਚ ਏਜੰਸੀਆਂ ਵੱਲੋਂ ਪਾਏ ਸਾਰੇ ਕੇਸ ਝੂਠੇ ਸਾਬਤ ਹੋਏ ਅਤੇ ਉਸ ਨੂੰ ਬਰੀ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਹੁਤ ਸਾਰੇ ਹੋਰ 'ਮਾਓਵਾਦੀ' ਬਰੀ ਹੋਏ।***

ਪਿਛਲੇ ਸਾਲ ਹੀ ਸੰਕੇਤ ਆਉਣੇ ਸ਼ੁਰੂ ਹੋ ਗਏ ਸਨ ਕਿ ਕੇਂਦਰੀ ਖ਼ੁਫ਼ੀਆ ਏਜੰਸੀਆਂ ਭੀਮਾ-ਕੋਰੇਗਾਓਂ ਤਰਜ਼ 'ਤੇ ਇਕ ਹੋਰ 'ਸਾਜ਼ਿਸ਼' ਕੇਸ ਘੜ ਰਹੀਆਂ ਹਨ। ਯੂ.ਪੀ. ਸਮੇਤ ਕੁਝ ਰਾਜਾਂ ਦੇ ਕਾਰਕੁਨਾਂ ਦੇ ਘਰਾਂ 'ਚ ਛਾਪੇ ਮਾਰ ਕੇ ਉਨ੍ਹਾਂ ਦੇ ਡਿਜੀਟਲ ਡਿਵਾਈਸ ਕਬਜ਼ੇ 'ਚ ਲੈਣਾ ਅਤੇ ਹਰਿਆਣੇ ਤੋਂ ਕਾਰਕੁਨ ਅਜੈ ਕੁਮਾਰ ਬਾਰੇ ਵਾਰ-ਵਾਰ ਪੁੱਛਗਿੱਛ ਕਰਨਾ ਇਕ ਤਰ੍ਹਾਂ ਨਾਲ ਭੀਮਾ-ਕੋਰੇਗਾਓਂ-2 ਦੀ ਜ਼ਮੀਨ ਤਿਆਰ ਦਾ ਸੰਕੇਤ ਸੀ। ਹੁਣ 30 ਅਗਸਤ ਨੂੰ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਸਵੇਰੇ-ਸਾਝਰੇ ਚੰਡੀਗੜ੍ਹ, ਪੰਜਾਬ, ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਵਿਚ ਇੱਕੋ ਸਮੇਂ 9 ਥਾਵਾਂ ਉਪਰ ਛਾਪੇ ਮਾਰ ਕੇ ਜਾਂਚ ਅਤੇ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਵਿੱਢ ਦਿੱਤਾ ਹੈ। ਫੋਨ, ਲੈਪਟਾਪ, ਪੈਨ ਡਰਾਈਵਾਂ, ਹਾਰਡ ਡਿਸਕਾਂ ਆਦਿ ਡਿਜੀਟਲ ਡਿਵਾਈਸ ਅਤੇ ਕਿਤਾਬਾਂ-ਪੈਂਫਲੈੱਟ ਆਦਿ ਕਬਜ਼ੇ 'ਚ ਲਏ ਗਏ ਹਨ।

ਇਸ ਸਿਲਸਿਲੇ ਵਿਚ ਇਲਾਹਾਬਾਦ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਦਵੇਂਦਰ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਆਜ਼ਾਦ ਦੇ ਕਮਰੇ 'ਚ ਛਾਪਾ ਮਾਰਿਆ ਅਤੇ ਜਾਂਚ ਲਈ ਐੱਨ.ਆਈ.ਏ. ਅੱਗੇ ਪੇਸ਼ ਹੋਣ ਦਾ ਹੁਕਮ ਸੁਣਾ ਦਿੱਤਾ। ਚੰਡੀਗੜ੍ਹ ਵਿਚ ਐਡਵੋਕੇਟ ਆਰਤੀ ਅਤੇ ਐਡਵੋਕੇਟ ਅਜੈ ਕੁਮਾਰ ਦੇ ਘਰ ਛਾਪਾ ਮਾਰਿਆ। ਉਨ੍ਹਾਂ ਨੂੰ ਜਾਂਚ ਲਈ ਐੱਨ.ਆਈ.ਏ. ਦੇ ਮੁਹਾਲੀ ਸਥਿਤ ਦਫ਼ਤਰ (ਬੁੜੈਲ ਜੇਲ੍ਹ) ਲਿਜਾਇਆ ਗਿਆ। ਤੜਕੇ ਤਿੰਨ ਵਜੇ ਤੱਕ ਲੰਮੀ ਪੁੱਛਗਿੱਛ ਤੋਂ ਬਾਅਦ ਅਜੈ ਕੁਮਾਰ ਦੀ ਗ੍ਰਿਫ਼ਤਾਰੀ ਪਾ ਕੇ ਅਤੇ ਫਿਰ ਤਿੰਨ ਦਿਨ ਪੁਲਿਸ ਹਿਰਾਸਤ ਵਿਚ ਇੰਟੈਰੋਗੇਟ ਕਰ ਕੇ ਉਸ ਨੂੰ ਜੁਡੀਸ਼ੀਅਲ ਹਿਰਾਸਤ 'ਚ ਭੇਜ ਦਿੱਤਾ ਗਿਆ। ਐਡਵੋਕੇਟ ਮਨਦੀਪ ਸਿੰਘ ਦੇ ਘਰ ਛਾਪਾ ਮਾਰ ਕੇ ਉਸ ਨੂੰ 18 ਅਗਸਤ ਨੂੰ ਐੱਨ.ਆਈ.ਏ. ਦੇ ਲਖਨਊ ਦਫ਼ਤਰ ਵਿਚ ਜਾਂਚ ਲਈ ਸੱਦਿਆ ਹੈ। ਸੋਨੀਪਤ ਤੋਂ ਐਡਵੋਕੇਟ ਪੰਕਜ ਤਿਆਗੀ ਨੂੰ ਹਿਰਾਸਤ 'ਚ ਲੈ ਕੇ ਭਾਵੇਂ ਛੱਡ ਦਿੱਤਾ ਗਿਆ ਪਰ ਉਸ ਨੂੰ ਵੀ ਲਖਨਊ 'ਚ ਐੱਨ.ਆਈ.ਏ. ਅੱਗੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਪੰਜਾਬ ਵਿਚ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੀ ਜਨਰਲ ਸਕੱਤਰ ਸੁਖਵਿੰਦਰ ਕੌਰ ਦੇ ਘਰ ਛਾਪਾ ਮਾਰ ਕੇ ਡਿਜੀਟਲ ਡਿਵਾਈਸ ਕਬਜ਼ੇ 'ਚ ਲੈ ਲਏ।

ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਕੌਮੀ ਜਾਂਚ ਏਜੰਸੀ ਨੇ ਜੋ ਪ੍ਰੈੱਸ ਬਿਆਨ ਜਾਰੀ ਕੀਤਾ, ਉਹ ਅਜੈ ਕੁਮਾਰ ਉਪਰ ਕੇਂਦਰਤ ਹੈ। ਇਸ ਵਿਚ ਕਿਹਾ ਗਿਆ ਹੈ ਕਿ ਉਸ ਦੇ ਮੁੱਖ ਮਾਓਵਾਦੀ ਆਗੂਆਂ ਨਾਲ ਸੰਪਰਕ ਹਨ ਅਤੇ ਉਹ ਉਤਰੀ ਭਾਰਤ (ਯੂ.ਪੀ., ਉਤਰਾਖੰਡ, ਪੰਜਾਬ, ਹਰਿਆਣਾ, ਦਿੱਲੀ ਤੇ ਹਿਮਾਚਲ ਪ੍ਰਦੇਸ਼) ਵਿਚ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਲਈ ਰੰਗਰੂਟ ਭਰਤੀ ਕਰਨ ਅਤੇ ਫੰਡਾਂ ਦਾ ਮੁੱਖ ਜ਼ਰੀਆ ਹੈ। ਉਹ ਇੱਥੇ ਮਾਓਵਾਦੀ ਪਾਰਟੀ ਦੇ ਟੁੱਟ ਚੁੱਕੇ ਤਾਣੇਬਾਣੇ ਨੂੰ ਮੁੜ-ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ।

ਇਸ ਸਮੁੱਚੇ ਬਿਰਤਾਂਤ ਤੋਂ ਵੱਧ ਤੋਂ ਵੱਧ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਅਜੈ ਕੁਮਾਰ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਿਤ ਹੈ। ਮਹਿਜ਼ ਪਾਬੰਦੀਸ਼ੁਦਾ ਜਥੇਬੰਦੀ ਨਾਲ ਜੁੜੇ ਹੋਣ ਤੋਂ ਸਿਵਾਇ ਐੱਨ.ਆਈ.ਏ. ਦੀ ਕਹਾਣੀ ਵਿਚ ਉਸ ਦੇ ਕਿਸੇ ਹਿੰਸਕ ਜੁਰਮ ਵਿਚ ਸ਼ਾਮਲ ਹੋਣ ਦਾ ਕੋਈ ਵੇਰਵਾ ਨਹੀਂ ਹੈ, ਸਬੂਤ ਦੀ ਤਾਂ ਗੱਲ ਛੱਡੋ। ਕਬਜ਼ੇ 'ਚ ਲਏ ਡਿਜੀਟਲ ਡਿਵਾਈਸਾਂ ਵਿਚੋਂ ਏਜੰਸੀ ਕਿਸ ਤਰ੍ਹਾਂ ਦੇ 'ਸਬੂਤ' ਲੱਭੇਗੀ, ਇਹ ਆਉਣ ਵਾਲੇ ਦਿਨਾਂ 'ਚ ਪਤਾ ਲੱਗੇਗਾ।

ਹਕੂਮਤੀ ਬਿਰਤਾਂਤ ਦੇ ਉਲਟ ਕਾਰਕੁਨ ਦੇ ਰੂਪ 'ਚ ਅਜੈ ਕੁਮਾਰ ਦੀ ਕੀ ਤਸਵੀਰ ਉਭਰਦੀ ਹੈ? ਉਸ ਨੇ ਆਪਣੀ ਜ਼ਿੰਦਗੀ ਦੇ ਤਿੰਨ ਦਹਾਕੇ ਦੱਬੇ-ਕੁਚਲੇ ਤੇ ਲੁਟੀਂਦੇ ਲੋਕਾਂ ਦੇ ਹਿਤਾਂ ਲਈ ਸੰਘਰਸ਼ ਦੇ ਲੇਖੇ ਲਗਾਏ ਹਨ। ਉਹ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਵਿਦਿਆਰਥੀ ਹੋਣ ਦੇ ਸਮੇਂ ਤੋਂ ਹੀ ਵੱਖ-ਵੱਖ ਜਨਤਕ ਜਮਹੂਰੀ ਸੰਘਰਸ਼ਾਂ ਵਿਚ ਸਰਗਰਮ ਹੈ। ਕਥਿਤ ਵਿਕਾਸ ਪ੍ਰੋਜੈਕਟਾਂ ਖਿਲਾਫ ਉਜਾੜੇ ਤੋਂ ਪੀੜਤ ਲੋਕਾਂ ਦੇ ਅੰਦੋਲਨਾਂ ਨਾਲ ਉਹ ਹਮੇਸ਼ਾ ਖੜ੍ਹਦਾ ਰਿਹਾ ਹੈ। ਇਨ੍ਹਾਂ 'ਵਿਕਾਸ' ਪ੍ਰੋਜੈਕਟਾਂ ਨੂੰ ਪ੍ਰਸਿੱਧ ਅਰਥ ਸ਼ਾਸਤਰੀ ਅਮਿਤ ਭਾਦੁੜੀ ਨੇ 'ਵਿਕਾਸ ਦਾ ਦਹਿਸ਼ਤਵਾਦ' ਨਾਂ ਦਿੱਤਾ ਹੈ। 2007 'ਚ ਮੁਲਕ ਦੀਆਂ 50 ਤੋਂ ਵੱਧ ਸੰਸਥਾਵਾਂ ਵੱਲੋਂ ਮਿਲ ਕੇ ਬਣਾਇਆ 'ਵਿਸਥਾਪਨ ਵਿਰੋਧੀ ਜਨ ਵਿਕਾਸ ਅੰਦੋਲਨ' (ਵੀ.ਵੀ.ਜੇ.ਵੀ.ਏ.) ਜੋ ਕਾਰਪੋਰੇਟ ਪ੍ਰੋਜੈਕਟਾਂ (ਵੱਡੇ-ਵੱਡੇ ਡੈਮਾਂ, ਉਦਯੋਗਿਕ ਪ੍ਰੋਜੈਕਟਾਂ, ਖਾਣਾਂ, ਵਿਸ਼ੇਸ਼ ਆਰਥਿਕ ਜ਼ੋਨਾਂ, ਹਾਈਵੇਅ ਪ੍ਰੋਜੈਕਟਾਂ, ਨੈਸ਼ਨਲ ਪਾਰਕਾਂ, ਸਮਾਰਟ ਸਿਟੀ ਪ੍ਰੋਜੈਕਟਾਂ ਆਦਿ ਵਿਰੁੱਧ) ਕਿਸਾਨਾਂ, ਆਦਿਵਾਸੀਆਂ ਤੇ ਹੋਰ ਹਾਸ਼ੀਏ 'ਤੇ ਧੱਕੇ ਨਿਤਾਣੇ ਹਿੱਸਿਆਂ ਦੀ ਆਵਾਜ਼ ਬਣਿਆ, ਨੂੰ ਬਣਾਉਣ ਤੇ ਚਲਾਉਣ 'ਚ ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਡਾ. ਬੀ.ਡੀ. ਸ਼ਰਮਾ, ਫਾਦਰ ਸਟੈਨ ਸਵਾਮੀ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਜੀ.ਐੱਨ. ਸਾਈਬਾਬਾ ਆਦਿ ਉਘੀਆਂ ਸ਼ਖਸੀਅਤਾਂ ਦੇ ਨਾਲ ਅਜੈ ਕੁਮਾਰ ਦੀ ਵੀ ਸਰਗਰਮ ਭੂਮਿਕਾ ਸੀ। ਝਾਰਖੰਡ ਹੋਵੇ ਭਾਵੇਂ ਉੜੀਸਾ ਅਤੇ ਹੋਰ ਰਾਜਾਂ ਵਿਚ ਕਾਰਪੋਰੇਟ ਪ੍ਰੋਜੈਕਟ ਹੋਣ, ਆਦਿਵਾਸੀ ਟਾਕਰੇ ਵਿਰੁੱਧ ਸਲਵਾ ਜੁਡਮ ਹੋਵੇ ਜਾਂ ਅਪਰੇਸ਼ਨ ਗ੍ਰੀਨ ਹੰਟ, ਅਜੈ ਕੁਮਾਰ ਵਰਗੇ ਜਮਹੂਰੀ ਕਾਰਕੁਨ ਮੁਲਕ ਦੀਆਂ ਇਨਸਾਫ਼ਪਸੰਦ ਤਾਕਤਾਂ ਨੂੰ ਲਾਮਬੰਦ ਕਰਨ ਦੇ ਜ਼ੋਰਦਾਰ ਉਪਰਾਲੇ ਕਰਨ 'ਚ ਮੋਹਰੀ ਰਹੇ ਹਨ। ਹਕੂਮਤੀ ਲਸ਼ਕਰਾਂ ਅਤੇ ਸਲਵਾ ਜੁਡਮ ਨਾਂ ਦੇ ਕਾਰਪੋਰੇਟ-ਸਰਪ੍ਰਸਤੀ ਵਾਲੇ ਲਾਕਾਨੂੰਨੀ ਗੈਂਗ ਵੱਲੋਂ ਆਦਿਵਾਸੀਆਂ ਦੀ ਨਸਲਕੁਸ਼ੀ ਦਾ ਵਿਰੋਧ ਕਰਨ ਲਈ ਜੋ 'ਲੋਕਾਂ ਵਿਰੁੱਧ ਜੰਗ ਵਿਰੋਧੀ ਮੰਚ' ਬਣਾਇਆ ਗਿਆ ਸੀ, ਉਹ ਵੀ ਅਜਿਹੇ ਸੂਝਵਾਨ ਕਾਰਕੁਨਾਂ ਦੇ ਸਾਂਝੇ ਯਤਨਾਂ ਦਾ ਹੀ ਸਿੱਟਾ ਸੀ। ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਅਜਿਹਾ ਜਮਹੂਰੀ ਵਿਰੋਧ ਉਸਾਰਨ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਭਾਰਤੀ ਸਟੇਟ ਨੂੰ ਕਿਉਂ ਚੁਭਦੇ ਹਨ।




ਬਤੌਰ ਲੋਕ ਪੱਖੀ ਵਕੀਲ ਅਤੇ ਕਾਰਕੁਨ ਉਹ ਸੱਭਿਆਚਾਰਕ ਕਾਮੇ ਜੀਤਨ ਮਰੰਡੀ ਨੂੰ ਦਿੱਤੀ ਮੌਤ ਦੀ ਸਜ਼ਾ ਵਿਰੁੱਧ, ਭੀਮਾ-ਕੋਰੇਗਾਓਂ ਕੇਸ ਵਿਚ ਜੇਲ੍ਹਾਂ 'ਚ ਡੱਕੇ ਬੁੱਧੀਜੀਵੀਆਂ ਤੇ ਹੋਰ ਰਾਜਨੀਤਕ ਕੈਦੀਆਂ ਦੀ ਰਿਹਾਈ ਅਤੇ ਕਸ਼ਮੀਰੀਆਂ ਦੇ ਸੰਘਰਸ਼ ਦੇ ਹੱਕ 'ਚ ਚਲਾਈਆਂ ਮੁਹਿੰਮਾਂ 'ਚ ਸਰਗਰਮ ਰਿਹਾ ਹੈ। ਪੈਲੇਟ ਗੰਨਾਂ ਰਾਹੀਂ ਕਸ਼ਮੀਰੀਆਂ ਦੇ ਘਾਣ ਦਾ ਵਿਰੋਧ ਕਰਨਾ ਹੋਵੇ ਜਾਂ ਜਮਹੂਰੀ ਕਾਰਕੁਨਾਂ ਵੱਲੋਂ ਕਸ਼ਮੀਰ ਦੇ ਹਾਲਾਤ ਨੂੰ ਦੁਨੀਆ ਸਾਹਮਣੇ ਪੇਸ਼ ਕਰਨ ਲਈ ਤੱਥ ਖੋਜ ਮਿਸ਼ਨ 'ਤੇ ਜਾਣਾ ਹੋਵੇ, ਜਾਂ ਧਾਰਾ 370 ਨੂੰ ਖ਼ਤਮ ਕੀਤੇ ਜਾਣ ਦੇ ਤਾਨਾਸ਼ਾਹ ਫ਼ੈਸਲੇ ਜਾਂ ਜਾਬਰ ਸੀ.ਏ.ਏ.-ਐੱਨ.ਆਰ.ਸੀ.-ਐੱਨ.ਪੀ.ਆਰ. ਖਿਲਾਫ਼ ਲੋਕ ਰਾਇ ਖੜ੍ਹੀ ਕਰਨ ਅਤੇ ਪ੍ਰਦਰਸ਼ਨ ਜਥੇਬੰਦ ਕਰਨ ਲਈ ਹੰਭਲਾ ਮਾਰਨਾ ਹੋਵੇ, ਇਤਿਹਾਸਕ ਕਿਸਾਨ ਅੰਦੋਲਨ ਨੂੰ ਹਮਾਇਤੀ ਹੁੰਗਾਰਾ ਦੇਣਾ ਹੋਵੇ ਜਾਂ ਪੰਚਕੂਲਾ (ਹਰਿਆਣਾ) ਵਿਚ ਹੋਏ ਜਾਤਪਾਤੀ ਜ਼ੁਲਮਾਂ ਵਿਰੁੱਧ ਅੰਦੋਲਨ ਜਥੇਬੰਦ ਕਰਨਾ ਹੋਵੇ, ਅਜੈ ਕੁਮਾਰ ਵਰਗੇ ਲੋਕ ਪੱਖੀ ਕਾਰਕੁਨ ਹਮੇਸ਼ਾ ਅੱਗੇ ਲੱਗ ਕੇ ਕੰਮ ਕਰਦੇ ਦੇਖੇ ਜਾ ਸਕਦੇ ਹਨ। ਉਹ ਦਿੱਲੀ ਦੀਆਂ ਅਤੇ ਹੋਰ ਪ੍ਰਮੁੱਖ ਯੂਨੀਵਰਸਿਟੀਆਂ ਤੇ ਹੋਰ ਜਨਤਕ ਮੰਚਾਂ ਤੋਂ ਹਕੂਮਤੀ ਏਜੰਡਿਆਂ ਵਿਰੁੱਧ ਲੋਕ ਰਾਇ ਤਿਆਰ ਕਰਦੇ ਹਨ ਅਤੇ ਲੋਕਾਂ ਨੂੰ ਦਰਪੇਸ਼ ਖ਼ਤਰਿਆਂ ਬਾਰੇ ਖ਼ਬਰਦਾਰ ਕਰਦੇ ਹਨ।

ਹਰਿਆਣਾ ਵਿਚ ਖੇਤੀ ਪੈਦਾਵਾਰੀ ਸਬੰਧਾਂ, ਖਾਪ ਪੰਚਾਇਤਾਂ ਬਾਰੇ ਸਮਾਜਿਕ ਇਤਿਹਾਸਕ ਜਾਣਕਾਰੀ, ਜਾਟ ਰਾਖਵਾਂਕਰਨ ਦੀ ਮੰਗ ਦੀ ਰਾਜਨੀਤਕ ਆਰਥਿਕਤਾ, ਤਕਨੀਕੀ ਵਿਕਾਸ ਦੇ ਸਮਾਜਿਕ ਆਰਥਿਕ ਪ੍ਰਭਾਵ, ਕੇਂਦਰੀ ਭਾਰਤ ਦੇ ਫ਼ੌਜੀਕਰਨ, ਲਾਲਗੜ੍ਹ ਅੰਦੋਲਨ, ਰਾਜ ਦੀ ਹਿੰਸਾ, ਹਰਿਆਣਾ ਦੀ ਨਵੀਂ ਸਿੱਖਿਆ ਨੀਤੀ ਅਤੇ ਸਮਾਜਿਕ ਬਾਈਕਾਟ ਵਰਗੇ ਮੁੱਦਿਆਂ ਉਪਰ ਅਜੈ ਕੁਮਾਰ ਦੀਆਂ ਖੋਜ ਭਰਪੂਰ ਲਿਖਤਾਂ ਉਸ ਦੀ ਲੋਕ ਹਿਤਾਂ ਨਾਲ ਵਚਨਬੱਧਤਾ ਅਤੇ ਬੌਧਿਕ ਕਾਬਲੀਅਤ ਦਾ ਨਮੂਨਾ ਹਨ।

ਇਸੇ ਤਰ੍ਹਾਂ ਦੇ ਜੀਵਨ ਵੇਰਵੇ ਐਡਵੋਕੇਟ ਮਨਦੀਪ ਸਿੰਘ, ਐਡਵੋਕੇਟ ਪੰਕਜ ਤਿਆਗੀ ਅਤੇ ਹੋਰ ਕਾਰਕੁਨਾਂ ਦੇ ਹਨ ਜਿਨ੍ਹਾਂ ਪਿੱਛੇ ਕੇਂਦਰ ਸਰਕਾਰ ਨੇ ਕੌਮੀ ਜਾਂਚ ਏਜੰਸੀ ਲਗਾਈ ਹੋਈ ਹੈ। ਹਕੂਮਤ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਅਜਿਹੇ ਕਾਰਕੁਨਾਂ ਨੂੰ ਭਾਰਤੀ ਹੁਕਮਰਾਨ ਆਪਣੇ ਰਾਹ ਵਿਚ ਵੱਡਾ ਅੜਿੱਕਾ ਸਮਝਦੇ ਹਨ। ਹੁਕਮਰਾਨ ਭਾਵੇਂ ਕੁਝ ਵੀ ਦਾਅਵੇ ਕਰਨ, ਉਨ੍ਹਾਂ ਵੱਲੋਂ ਯੂ.ਏ.ਪੀ.ਏ. ਅਤੇ ਕੌਮੀ ਜਾਂਚ ਏਜੰਸੀ ਵਰਗੇ ਕਾਨੂੰਨੀ ਸੰਦ ਅਜਿਹੇ 'ਵਿਕਾਸ ਵਿਰੋਧੀਆਂ' ਨਾਲ ਨਜਿੱਠਣ ਲਈ ਹੀ ਈਜ਼ਾਦ ਕੀਤੇ ਗਏ ਹਨ। ਅਜਿਹੇ ਕਾਰਕੁਨਾਂ ਦੀ ਜ਼ਮਾਨਤ ਨਾ ਹੋਣ ਦੇਣ ਅਤੇ ਜ਼ਿਆਦਾਤਰ ਕੇਸਾਂ 'ਚ ਬਿਨਾਂ ਮੁਕੱਦਮਾ ਚਲਾਏ ਹੀ ਉਨ੍ਹਾਂ ਨੂੰ ਵੱਧ ਤੋਂ ਵੱਧ ਸਮੇਂ ਤੱਕ ਜੇਲ੍ਹਾਂ ਵਿਚ ਸਾੜਨ ਲਈ ਸਰਕਾਰ ਚੋਟੀ ਦੇ ਕਾਨੂੰਨ ਮਾਹਿਰਾਂ ਦੀ ਮਦਦ ਲੈਂਦੀ ਹੈ।

ਅਜਿਹੀਆਂ ਗ੍ਰਿਫ਼ਤਾਰੀਆਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਸਤਬੰਰ 2009 'ਚ ਦਿੱਲੀ ਤੋਂ ਕੋਬਾਦ ਗਾਂਧੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸ ਨੂੰ ਖ਼ੂੰਖ਼ਾਰ ਦਹਿਸ਼ਤਵਾਦੀ ਦੇ ਰੂਪ 'ਚ ਪੇਸ਼ ਕੀਤਾ ਗਿਆ। ਤਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਉਸ ਦੀ ਗ੍ਰਿਫ਼ਤਾਰੀ ਨੂੰ 'ਵੱਡੀ ਪ੍ਰਾਪਤੀ' ਦੱਸਿਆ। ਬਾਅਦ ਵਿਚ ਅਦਾਲਤਾਂ ਵਿਚ ਉਸ ਉਪਰ ਜਾਂਚ ਏਜੰਸੀਆਂ ਦੇ ਪਾਏ ਸਾਰੇ ਕੇਸ ਝੂਠੇ ਸਾਬਤ ਹੋਏ ਅਤੇ ਉਸ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਹੁਤ ਸਾਰੇ ਹੋਰ 'ਮਾਓਵਾਦੀ' ਬਰੀ ਹੋਏ।

***ਸਮਾਜ ਨੂੰ ਬਦਲਣ ਦੀ ਵੱਖਰੀ ਵਿਚਾਰਧਾਰਾ ਵਾਲਿਆਂ ਨਾਲ ਵਿਚਾਰਧਾਰਕ-ਰਾਜਨੀਤਕ ਸੰਵਾਦ ਕਰਨ ਅਤੇ ਉਨ੍ਹਾਂ ਨੂੰ ਵਿਚਾਰਾਂ ਦੇ ਦਮ 'ਤੇ ਹਰਾਉਣ ਦੀ ਬਜਾਇ ਹੁਕਮਰਾਨ ਜਮਾਤ ਦੀ ਨੀਤੀ ਉਨ੍ਹਾਂ ਨੂੰ .ਗੈਰ-ਕਾਨੂੰਨੀ ਕਰਾਰ ਦੇ ਕੇ ਕੁਚਲਨ, ਜੇਲ੍ਹਾਂ 'ਚ ਸਾੜਨ ਜਾਂ ਸੱਚੇ/ਝੂਠੇ ਮੁਕਾਬਲਿਆਂ 'ਚ ਮਾਰ ਦੇਣ ਦੀ ਹੈ। ਅਜਿਹੀਆਂ ਸੈਂਕੜੇ ਮਿਸਾਲਾਂ ਹੁਕਮਰਾਨ ਜਮਾਤ ਅਤੇ ਇਸ ਵੱਲੋਂ ਉਸਾਰੇ ਰਾਜ ਢਾਂਚੇ ਦੇ ਫਾਸਿਸਟ ਸੁਭਾਅ ਦੀ ਹਕੀਕਤ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ।***

ਅਜਿਹੇ ਕੇਸਾਂ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੂੰ ਕਹਿਣਾ ਪਿਆ ਕਿ ਜਦੋਂ ਤੱਕ ਕੋਈ ਸ਼ਖਸ ਕਿਸੇ ਹਿੰਸਕ ਕਾਰਵਾਈ ਵਿਚ ਸ਼ਾਮਲ ਨਹੀਂ, ਮਹਿਜ਼ ਉਸ ਦੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਨੂੰ ਜੁਰਮ ਨਹੀਂ ਮੰਨਿਆ ਜਾ ਸਕਦਾ। ਜਿੱਥੋਂ ਤੱਕ ਅਜਿਹੇ ਉਚ ਅਦਾਲਤੀ ਆਦੇਸ਼ਾਂ ਨੂੰ ਮੰਨਣ ਦਾ ਸਵਾਲ ਹੈ, ਕੇਂਦਰ ਸਰਕਾਰ ਦਾ ਸੰਦ ਬਣ ਕੇ ਕੰਮ ਕਰ ਰਹੀ ਐੱਨ.ਆਈ.ਏ. ਦੀ ਜਵਾਬਦੇਹੀ ਸੰਵਿਧਾਨ ਲਈ ਨਹੀਂ ਮੌਕੇ ਦੀ ਹਕੂਮਤ ਨਾਲ ਹੈ। ਇਸੇ ਲਈ ਐੱਨ.ਆਈ.ਏ. ਜਾਂ ਹੋਰ ਏਜੰਸੀਆਂ ਨੂੰ ਉਚ ਅਦਾਲਤਾਂ ਦੇ ਅਜਿਹੇ ਆਦੇਸ਼ਾਂ ਦੀ ਕੋਈ ਪ੍ਰਵਾਹ ਨਹੀਂ। ਉਨ੍ਹਾਂ ਦਾ ਇੱਕੋ-ਇਕ ਉਦੇਸ਼ ਵਿਚਾਰਾਂ ਦੀ ਆਜ਼ਾਦੀ ਨੂੰ ਕੁਚਲਣ ਦੇ ਸੱਤਾਧਾਰੀ ਧਿਰ ਦੇ ਏਜੰਡੇ ਨੂੰ ਅੰਜਾਮ ਦੇਣਾ ਹੈ। ਕੇਂਦਰ ਸਰਕਾਰ ਜਿਸ ਨੂੰ ਕੁਚਲਣਾ ਚਾਹੇ, ਉਸ ਨੂੰ 'ਗ਼ੈਰ-ਕਾਨੂੰਨੀ' ਕਰਾਰ ਦੇ ਕੇ ਏਜੰਸੀ ਨੂੰ ਉਸ ਦੇ ਕਾਰਕੁਨਾਂ ਪਿੱਛੇ ਲਗਾ ਦਿੰਦੀ ਹੈ। ਇਨ੍ਹਾਂ ਏਜੰਸੀਆਂ ਦੇ ਅਧਿਕਾਰੀ ਭਲੀਭਾਂਤ ਜਾਣਦੇ ਹਨ ਕਿ ਉਹ ਜਿਨ੍ਹਾਂ 'ਦੇਸ਼ਧ੍ਰੋਹੀਆਂ' ਵਿਰੁੱਧ ਕਾਰਵਾਈ ਕਰ ਰਹੇ ਹਨ, ਉਨ੍ਹਾਂ ਉਪਰ ਲਗਾਏ ਜਾ ਰਹੇ ਦੋਸ਼ਾਂ ਦੀ ਸਚਾਈ ਕੀ ਹੈ। ਜਦੋਂ ਪਿੱਛੇ ਜਿਹੇ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਨਵੇਂ ਸਿਖਲਾਈ ਯਾਫ਼ਤਾ ਆਈ.ਪੀ.ਐੱਸ. ਅਧਿਕਾਰੀਆਂ ਨੂੰ 'ਸਿਵਲ ਸੁਸਾਇਟੀ ਵਿਰੁੱਧ ਜੰਗ' ਦੇ ਨਵੇਂ ਮੁਹਾਜ਼ ਦੀ ਜ਼ਰੂਰਤ ਸਮਝਾਈ ਸੀ ਤਾਂ ਉਸ ਦੀ ਮੁਰਾਦ ਇਸੇ ਭੂਮਿਕਾ ਤੋਂ ਸੀ। ਐੱਨ.ਆਈ.ਏ. ਅਤੇ ਹੋਰ ਕੇਂਦਰੀ ਏਜੰਸੀਆਂ ਇਹ ਭੂਮਿਕਾ ਬਖ਼ੂਬੀ ਨਿਭਾਅ ਰਹੀਆਂ ਹਨ।

ਮਾਓਵਾਦੀ ਟੈਗ ਦੇ ਨਾਲ-ਨਾਲ ਭਗਵਾ ਹਕੂਮਤ ਨੇ ਨਵਾਂ ਟੈਗ 'ਅਰਬਨ ਨਕਸਲ-ਓਵਰਗਰਾਊਂਡ ਵਰਕਰ' ਈਜ਼ਾਦ ਕੀਤਾ ਹੈ। ਇਹ ਟੈਗ ਲਗਾਉਣ ਦੀ ਵਾਹਦ ਤਾਕਤ ਸਰਕਾਰ ਦੇ ਹੱਥ 'ਚ ਹੈ ਜਿਸ ਦੀ ਸੰਵਿਧਾਨਕ ਤੌਰ 'ਤੇ ਕੋਈ ਜਵਾਬਦੇਹੀ ਨਹੀਂ। ਇਸ ਲਈ ਉਹ ਜਦੋਂ ਵੀ ਚਾਹੇ, ਜਿਸ ਨੂੰ ਵੀ ਚਾਹੇ 'ਅਰਬਨ ਨਕਸਲ' ਕਰਾਰ ਦੇ ਕੇ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਸਾੜ ਸਕਦੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 2026 ਤੱਕ ਮਾਓਵਾਦ ਖ਼ਤਮ ਕਰਨ ਦਾ ਟੀਚਾ ਐਲਾਨਿਆ ਹੈ। ਜਲ, ਜੰਗਲ, ਜ਼ਮੀਨ ਦੀ ਰਾਖੀ ਲਈ ਲੜ ਰਹੀਆਂ ਜਨਤਕ ਜਥੇਬੰਦੀਆਂ ਨੂੰ ਮਾਓਵਾਦੀ ਪਾਰਟੀ ਦੀਆਂ ਫਰੰਟ ਜਥੇਬੰਦੀਆਂ ਅਤੇ ਕਾਰਕੁਨਾਂ ਨੂੰ 'ਓਵਰਗਰਾਊਂਡ ਵਰਕਰ' ਕਰਾਰ ਦੇ ਕੇ ਪੁਰਅਮਨ, ਹੱਕੀ ਸੰਘਰਸ਼ਾਂ ਨੂੰ ਕੁਚਲਣਾ ਆਮ ਦਸਤੂਰ ਬਣ ਗਿਆ ਹੈ। ਸ਼ਹਿਰਾਂ ਵਿਚ ਵੱਖ-ਵੱਖ ਵਿਚਾਰਧਾਰਾਵਾਂ ਨਾਲ ਹਮਦਰਦੀ ਰੱਖਦੇ ਬੁੱਧੀਜੀਵੀ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਵਿਚਾਰਾਂ ਵਾਲੇ ਲੋਕ ਰਹਿੰਦੇ ਹਨ ਪਰ ਭਗਵਾ ਹਕੂਮਤ ਨੂੰ ਸਮੱਸਿਆ ਸਿਰਫ਼ 'ਸ਼ਹਿਰੀ ਨਕਸਲੀ' ਤੋਂ ਹੈ; ਭਾਵ, ਉਨ੍ਹਾਂ ਬੌਧਿਕ ਕਾਬਲੀਅਤ ਵਾਲੇ ਲੋਕਾਂ ਤੋਂ ਜੋ ਹਕੂਮਤੀ ਨੀਤੀਆਂ ਵਿਰੁੱਧ ਜੁਅਰਤ ਨਾਲ ਸਵਾਲ ਉਠਾਉਂਦੇ ਹਨ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਹੱਕਾਂ ਲਈ ਡਟ ਕੇ ਬੋਲਦੇ ਹਨ।

ਸਮਾਜ ਨੂੰ ਬਦਲਣ ਦੀ ਵੱਖਰੀ ਵਿਚਾਰਧਾਰਾ ਵਾਲਿਆਂ ਨਾਲ ਵਿਚਾਰਧਾਰਕ-ਰਾਜਨੀਤਕ ਸੰਵਾਦ ਕਰਨ ਅਤੇ ਉਨ੍ਹਾਂ ਨੂੰ ਵਿਚਾਰਾਂ ਦੇ ਦਮ 'ਤੇ ਹਰਾਉਣ ਦੀ ਬਜਾਇ ਹੁਕਮਰਾਨ ਜਮਾਤ ਦੀ ਨੀਤੀ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਕੁਚਲਣ, ਜੇਲ੍ਹਾਂ 'ਚ ਸਾੜਨ ਜਾਂ ਸੱਚੇ/ਝੂਠੇ ਮੁਕਾਬਲਿਆਂ 'ਚ ਮਾਰ ਦੇਣ ਦੀ ਹੈ। ਅਜਿਹੀਆਂ ਸੈਂਕੜੇ ਮਿਸਾਲਾਂ ਹੁਕਮਰਾਨ ਜਮਾਤ ਅਤੇ ਇਸ ਵੱਲੋਂ ਉਸਾਰੇ ਰਾਜ ਢਾਂਚੇ ਦੇ ਫਾਸਿਸਟ ਸੁਭਾਅ ਦੀ ਹਕੀਕਤ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਭਾਰਤ ਦੀ ਹੁਕਮਰਾਨ ਜਮਾਤ ਜੋ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਦਾਅਵੇ ਕਰਦੀ ਹੈ, ਕੋਲ ਸਥਾਪਤੀ ਵਿਰੋਧੀ ਹਰ ਸਮਾਜਿਕ-ਰਾਜਨੀਤਕ ਅੰਦੋਲਨ ਦਾ ਇੱਕੋ-ਇਕ ਜਵਾਬ ਲਾਠੀ-ਗੋਲੀ, ਕਾਲੇ ਕਾਨੂੰਨਾਂ, ਮੁਕਾਬਲਿਆਂ, ਜੇਲ੍ਹਾਂ ਦੇ ਰੂਪ 'ਚ ਰਾਜਕੀ ਦਹਿਸ਼ਤਵਾਦ ਹੈ। ਪੈਗਾਸਸ ਵਰਗੇ ਮਹਿੰਗੇ ਸਾਫ਼ਟਵੇਅਰਾਂ ਦੀ ਮਦਦ ਨਾਲ ਅਜਿਹੇ ਕਾਰਕੁਨਾਂ ਦੀ ਜਾਸੂਸੀ ਕਰਨ ਲਈ ਹਕੂਮਤ ਕਰੋੜਾਂ ਰੁਪਏ ਖ਼ਰਚਦੀ ਹੈ। ਜਿਵੇਂ ਭੀਮਾ-ਕੋਰੇਗਾਓਂ ਕੇਸ ਵਿਚ ਫਸਾਏ ਬੁੱਧੀਜੀਵੀਆਂ ਤੇ ਕਾਰਕੁਨਾਂ ਬਾਰੇ ਖ਼ੁਲਾਸਾ ਹੋਇਆ ਸੀ, ਉਸੇ ਤਰ੍ਹਾਂ ਅਕਤੂਬਰ 2019 'ਚ ਕੈਨੇਡਾ ਦੀ ਸਿਟੀਜ਼ਨਜ਼ ਲੈਬ ਦੇ ਸੀਨੀਅਰ ਖੋਜਕਾਰ ਜੌਹਨ ਸਕਾਟ ਰੇਲਟਨ ਅਤੇ ਫਿਰ ਵੱਟਸਐਪ ਨੇ ਪੁਸ਼ਟੀ ਕੀਤੀ ਕਿ ਪੈਗਾਸਸ ਨਾਲ ਅਜੈ ਕੁਮਾਰ ਦੇ ਫੋਨ 'ਚ ਸੰਨ੍ਹ ਲਾਈ ਗਈ।

ਲਿਹਾਜ਼ਾ, ਬੌਧਿਕ ਤੇ ਜਨਤਕ ਜਮਹੂਰੀ ਸਰਗਰਮੀਆਂ ਕਾਰਨ ਜਿਵੇਂ ਬੀਤੇ ਸਮੇਂ 'ਚ ਡਾ. ਬਿਨਾਇਕ ਸੇਨ, ਪ੍ਰੋਫੈਸਰ ਸਾਈਬਾਬਾ, ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਸ਼ਾਮਲ 16 ਕਾਰਕੁਨਾਂ ਅਤੇ ਦਿੱਲੀ ਵਿਚ ਫਿਰਕੂ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਤੇ ਕਾਰਕੁਨਾਂ ਨੂੰ ਝੂਠੇ ਕੇਸਾਂ 'ਚ ਫਸਾਇਆ ਗਿਆ, ਉਸੇ ਤਰ੍ਹਾਂ ਲੋਕ ਹੱਕਾਂ ਦੀ ਪਹਿਰੇਦਾਰੀ ਤੇ ਲੋਕ ਹਿਤਾਂ ਨਾਲ ਸਰੋਕਾਰ ਰੱਖਣ ਕਾਰਨ ਬਹੁਤ ਸਾਰੇ ਹੋਰ ਕਾਰਕੁਨ ਹਕੂਮਤ ਦੇ ਨਿਸ਼ਾਨੇ 'ਤੇ ਹਨ।

ਸਵਾਲ ਇਹ ਹੈ ਕਿ ਬਤੌਰ ਮਾਓਵਾਦੀ ਕਾਰਕੁਨ ਅਜੈ ਕੁਮਾਰ ਜਾਂ ਹੋਰਾਂ ਦੀ 'ਗ਼ੈਰ-ਕਾਨੂੰਨੀ' ਭੂਮਿਕਾ ਕੀ ਹੈ? ਮਹਿਜ਼ ਮਾਓਵਾਦੀ ਪਾਰਟੀ ਨਾਲ ਸਬੰਧਿਤ ਹੋਣਾ? ਜੇ ਗ਼ੈਰ-ਕਾਨੂੰਨੀ ਕਰਾਰ ਦੇਣ ਦਾ ਪੈਮਾਨਾ ਦੇਸ਼ਧ੍ਰੋਹ, ਦਹਿਸ਼ਤਵਾਦ, ਹਿੰਸਾ ਅਤੇ ਨਫ਼ਰਤ ਦਾ ਪ੍ਰਚਾਰ-ਪ੍ਰਸਾਰ ਹੈ ਤਾਂ ਇਸ ਮੁਤਾਬਿਕ ਸਭ ਤੋਂ ਵੱਡੀ ਗ਼ੈਰ-ਕਾਨੂੰਨੀ ਤਾਕਤ ਆਰ.ਐੱਸ.ਐੱਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਹਨ। ਸਿਤਮਜ਼ਰੀਫ਼ੀ ਇਹ ਹੈ ਕਿ 'ਚੁਣੀ ਹੋਈ' ਫਾਸਿਸਟ ਤਾਕਤ ਦੇ ਰੂਪ 'ਚ ਇਸ ਕੋਲ ਕਿਸੇ ਨੂੰ ਵੀ 'ਦੇਸ਼ਧ੍ਰੋਹੀ', ਦਹਿਸ਼ਤਵਾਦੀ ਅਤੇ ਇੰਝ 'ਗ਼ੈਰ-ਕਾਨੂੰਨੀ' ਕਰਾਰ ਦੇਣ ਅਤੇ ਕੁਚਲਣ ਦੀ ਸੰਵਿਧਾਨਕ ਤਾਕਤ ਹੈ। ਆਪਣੇ ਝੂਠੇ ਬਿਰਤਾਂਤ ਨੂੰ ਪ੍ਰਚਾਰਨ ਲਈ ਇਸ ਕੋਲ ਗੋਦੀ ਮੀਡੀਆ ਅਤੇ ਭਗਵਾ ਪ੍ਰਚਾਰਤੰਤਰ ਦੇ ਰੂਪ 'ਚ ਧੜਵੈਲ ਪ੍ਰਚਾਰ ਮਸ਼ੀਨਰੀ ਹੈ।

ਚੰਡੀਗੜ੍ਹ ਅਤੇ ਰਾਮਪੁਰਾ ਵਿਚ ਐੱਨ.ਆਈ.ਏ. ਦਾ ਛਾਪਿਆਂ ਰਾਹੀਂ ਦਹਿਸ਼ਤ ਪਾਉਣ ਦਾ ਉਦੇਸ਼ ਬੇਸ਼ੱਕ ਇੱਛਤ ਨਤੀਜੇ ਨਹੀਂ ਕੱਢ ਸਕਿਆ ਅਤੇ ਟੀਮਾਂ ਨੂੰ ਜਮਹੂਰੀ ਸ਼ਖ਼ਸੀਅਤਾਂ ਤੇ ਕਿਸਾਨ ਜਥੇਬੰਦੀ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰ ਪੰਜਾਬ ਦੀਆਂ ਸਾਰੀਆਂ ਹੀ ਜਮਹੂਰੀ ਨਿਆਂਪਸੰਦ ਤਾਕਤਾਂ ਨੂੰ ਐੱਨ.ਆਈ.ਏ. ਦੇ ਫੈਲਾਏ ਜਾ ਰਹੇ ਜਾਲ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਇਸ ਵਿਰੁੱਧ ਵੱਡੀ ਲੋਕ ਲਾਮਬੰਦੀ ਕਰਨੀ ਜ਼ਰੂਰੀ ਹੈ। ਇਹ ਨਿਰਾ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਸਵਾਲ ਨਹੀਂ; ਐੱਨ.ਆਈ.ਏ. ਦੀਆਂ ਤਾਕਤਾਂ ਐਨੀਆਂ ਵਸੀਹ ਹਨ ਕਿ ਇਸ ਦੇ ਅਧਿਕਾਰੀਆਂ ਨੂੰ ਕਿਸੇ ਵੀ ਰਾਜ ਵਿਚ ਜਾ ਕੇ ਕਾਰਵਾਈ ਕਰਨ ਲਈ ਕੋਈ ਇਜਾਜ਼ਤ ਨਹੀਂ ਲੈਣੀ ਪੈਂਦੀ। ਇਹ ਰਾਜਾਂ ਦੇ ਅਧਿਕਾਰ ਖੇਤਰ ਵਿਚ ਕੇਂਦਰ ਦੀ ਧੌਂਸਬਾਜ਼ ਅਤੇ ਬੇਰੋਕ-ਟੋਕ ਦਖ਼ਲਅੰਦਾਜ਼ੀ ਦੀ ਸੂਚਕ ਵੀ ਹੈ। ਰਾਜਾਂ ਦੀ ਪੁਲਿਸ ਵੀ ਭਾਵੇਂ ਕੋਈ ਨਿਆਂਪਸੰਦ ਫੋਰਸ ਨਹੀਂ ਪਰ ਐੱਨ.ਆਈ.ਏ. ਦੀ ਬੇਲਗਾਮ ਤਾਕਤ ਅੱਗੇ ਰਾਜਾਂ ਦੀ ਪੁਲਿਸ ਅਤੇ ਹੋਰ ਰਾਜਕੀ ਵਿਵਸਥਾ ਦੀ ਵੀ ਕੋਈ ਵੁੱਕਤ ਨਹੀਂ ਹੈ।

ਜਦੋਂ 2008 'ਚ ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਸਰਕਾਰ ਨੇ ਐੱਨ.ਆਈ.ਏ. ਬਣਾਈ ਸੀ ਉਦੋਂ ਕਈ ਰਾਜ ਸਰਕਾਰਾਂ ਅਤੇ ਖੇਤਰੀ ਪਾਰਟੀਆਂ ਨੇ ਕੇਂਦਰੀਕ੍ਰਿਤ ਅਧਿਕਾਰਾਂ ਵਾਲੀ ਅਜਿਹੀ ਏਜੰਸੀ ਬਣਾਉਣ ਦਾ ਵਿਰੋਧ ਕੀਤਾ ਸੀ ਅਤੇ ਰਾਜਾਂ ਦੇ ਅਧਿਕਾਰ ਖੇਤਰ 'ਚ ਦਖ਼ਲ ਦੇ ਖ਼ਦਸ਼ੇ ਜ਼ਾਹਿਰ ਕੀਤੇ ਸਨ। ਹੁਣ ਸਾਰੀਆਂ ਰਾਜ ਸਰਕਾਰਾਂ ਏਜੰਸੀ ਦੇ ਛਾਪਿਆਂ ਬਾਰੇ ਚੁੱਪ ਹਨ। ਇਹ ਸਾਰੇ ਪੱਖ ਗੰਭੀਰ ਚਰਚਾ ਅਤੇ ਜਾਗਰੂਕਤਾ ਦੀ ਮੰਗ ਕਰਦੇ ਹਨ।

# ਰਾਮ ਸਰੂਪ ਅਣਖ਼ੀ ਦੀਆਂ ਮੁਹੱਬਤਾਂ, ਦਰਿਆ-ਦਿਲੀ ਤੇ ਆਪਣੇ ਦਿਲ ਦੀਆਂ ਗੱਲਾਂ!

**ਜਨਮ ਦਿਨ 'ਤੇ ਵਿਸ਼ੇਸ਼**


**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296




ਅੱਜ ਸਾਡੀ ਜ਼ਬਾਨ ਦੇ ਮਹਾਨ ਗਲਪਕਾਰ ਰਾਮ ਸਰੂਪ ਅਣਖੀ ਹੁਰਾਂ ਦਾ ਜਨਮ ਦਿਹਾੜਾ ਹੈ। ਮੈਂ ਉਨ੍ਹਾਂ ਦੀ ਲਿਖਤ ਦਾ ਸ਼ੈਦਾਈ ਸਾਂ। ਉਹ ਏਨੀ ਸਾਦਗੀ ਨਾਲ ਗੱਲ ਸ਼ੁਰੂ ਕਰਦਾ ਕਿ ਤੁਹਾਨੂੰ ਲੱਗਦਾ ਉਹ ਤੁਹਾਡੇ ਆਸੇ-ਪਾਸੇ ਦੀ, ਤੁਹਾਡੇ ਅੰਦਰ ਦੀ ਹੀ ਬਾਤ ਪਾ ਰਿਹਾ ਹੈ। ਤੁਹਾਡੇ ਅੰਦਰ ਦੀਆਂ ਹਨੇਰੀਆਂ ਨੁੱਕਰਾਂ ਬੜੇ ਹੀ ਸਹਿਜ ਨਾਲ ਰੌਸ਼ਨ ਕਰੀ ਜਾਂਦਾ ਹੈ। ਉਹਦੀ ਰਚਨਾ ਪੜ੍ਹ ਕੇ ਕਈ ਚਿਰ ਉਹਦੇ ਜਾਦੂਈ ਪ੍ਰਭਾਵ ਵਿਚੋਂ ਨਿਕਲਣਾ ਔਖਾ ਸੀ। ਉਹਦੇ ਪਾਤਰ ਕਈ ਦਿਨ ਤੁਹਾਡੇ ਚੇਤਿਆਂ ਵਿਚ ਤੁਰੇ ਫਿਰਦੇ ਰਹਿੰਦੇ। ਜਿਵੇਂ ਚੰਗੀ ਸ਼ਰਾਬ ਦਾ ਨਸ਼ਾ ਕਈ ਚਿਰ ਚੜ੍ਹਿਆ ਰਹਿੰਦਾ ਹੈ।

ਜਦੋਂ ਅਣਛਪੇ ਨਾਵਲ 'ਪਰਤਾਪੀ' ਦਾ ਪਹਿਲਾ ਕਾਂਡ 'ਆਰਸੀ' ਵਿਚ ਛਪਿਆ ਤਾਂ ਉਹਦੇ ਵਿਚ ਏਨੀ ਧੂਹ-ਪਾਊ ਖਿੱਚ ਤੇ ਜਗਿਆਸਾ ਸੀ ਕਿ ਪੂਰੇ ਨਾਵਲ ਨੂੰ ਛਪਣ ਲਈ ਉਡੀਕਣਾ ਮੁਸ਼ਕਿਲ ਹੋ ਗਿਆ ਸੀ। ਜਦੋਂ 'ਦੁੱਲੇ ਦੀ ਢਾਬ' ਵਾਲਾ ਦੁੱਲਾ ਢੋਲ ਵਜਾਉਂਦਾ ਤਾਂ ਉਹਦੀ ਉਦਾਸੀ ਏਨੀ ਧੁਰ ਅੰਦਰ ਤੱਕ ਖੁਭ ਗਈ ਕਿ ਅੱਜ ਵੀ ਕਿਧਰੇ ਉਹ ਉਦਾਸੀ ਅੰਦਰ ਪਈ ਹੈ। 'ਸੁਲਘਦੀ ਰਾਤ' ਤਾਂ ਮੈਂ ਇੱਕੋ ਬੈਠਕ ਵਿਚ ਸਾਹ ਰੋਕ ਕੇ ਪੜ੍ਹ ਗਿਆ। 'ਕੋਠੇ 'ਖੜਕ ਸਿੰਘ' ਤੋਂ ਲੈ ਕੇ ਆਖਰੀ ਨਾਵਲ ਤੱਕ ਮੈਂ ਉਹਦਾ ਅੱਖਰ ਅੱਖਰ ਪੜ੍ਹਿਆ। ਮੈਨੂੰ ਤਾਂ ਛੇਵੇਂ ਦਹਾਕੇ ਵਿਚ 'ਪ੍ਰੀਤ ਲੜੀ' ਵਿਚ ਛਪੀ ਉਹਦੀ ਚਿੱਠੀ ਵੀ ਯਾਦ ਹੈ, ਜਿਸ ਵਿਚ ਉਸਨੇ ਦੁੱਖ ਜ਼ਾਹਿਰ ਕੀਤਾ ਸੀ ਕਿ ਉਹਨੂੰ ਹਿੰਦੂ ਹੋਣ ਕਰ ਕੇ ਨਨਕਾਣਾ ਸਾਹਿਬ ਦੀ ਯਾਤਰਾ ਲਈ ਜਾਣ ਵਾਲੇ ਜਥੇ ਵਿਚ ਸ਼ਾਮਲ ਕਰਨੋਂ ਇਨਕਾਰ ਕਰ ਦਿੱਤਾ ਗਿਆ ਸੀ। ਉਹਦਾ ਲਿਖਿਆ ਸਭ-ਕੁਝ ਯਾਦ ਹੈ। ਸੰਘਰਸ਼ ਭਰੀ ਆਤਮ-ਕਥਾ ਵੀ। 'ਭੀੜੀ ਗਲੀ' ਵਰਗੀ ਕਲਾਸਿਕ ਕਹਾਣੀ ਅਣਖ਼ੀ ਤੋਂ ਬਿਨਾਂ ਕੌਣ ਲਿਖ ਸਕਦਾ ਹੈ!

ਉਹਦੇ ਕਿਹੜੇ ਕਿਹੜੇ ਨਾਵਲ ਤੇ ਕਿਹੜੀ ਕਿਹੜੀ ਰਚਨਾ ਦੀ ਗੱਲ ਕਰੀਏ। ਵਾਰਤਕ ਲਿਖਦਾ ਜਾਂ ਕਹਾਣੀ ਸਭ ਪਾਸੇ ਕਮਾਲ ਕਰੀ ਜਾਂਦਾ। ਮੈਂ ਉਹਦੀਆਂ ਲਿਖਤਾਂ ਦਾ ਤਾਂ ਮੁਰੀਦ ਹੀ ਸਾਂ, ਪਰ ਉਸ ਦੀ ਸਾਦਾ ਦਿਲੀ ਤੇ ਇਨਸਾਨੀ ਖ਼ੂਬਸੂਰਤੀ ਦਾ ਵੀ ਕੋਈ ਮੁਕਾਬਲਾ ਨਹੀਂ। ਏਡੇ ਵੱਡੇ ਲੇਖਕ ਹੋਣ ਦਾ ਰਤੀ ਭਰ ਵੀ ਗੁਮਾਨ ਨਹੀਂ ਸੀ। ਸਾਡੇ ਵਰਗੇ ਨਵਿਆਂ ਨੂੰ ਵੀ ਉਹ ਏਨੇ ਮੋਹ ਅਤੇ ਅਪਣੱਤ ਨਾਲ ਮਿਲਦਾ, ਇੰਜ ਲੱਗਦਾ ਜਿਵੇਂ ਤੁਹਾਡਾ ਸਕਾ ਵੱਡਾ ਭਰਾ ਦਿਲ ਦੇ ਪੂਰੇ ਮੋਹ ਨਾਲ ਤੁਹਾਨੂੰ ਮੁਖ਼ਾਤਬ ਹੋ ਰਿਹਾ ਹੋਵੇ!

ਅਣਖ਼ੀ ਸਾਹਿਬ ਦੀ ਸਦਾ ਮੇਰੇ 'ਤੇ ਮੁਹੱਬਤੀ ਬਾਰਸ਼ ਹੁੰਦੀ ਰਹੀ। ਉਹ ਮੈਨੂੰ ਏਨੀ ਮੁਹੱਬਤ ਕਰਦੇ ਸਨ ਕਿ ਜਦ ਮੇਰੀ ਪਹਿਲੀ ਕਿਤਾਬ 'ਲੋਹੇ ਦੇ ਹੱਥ' ਛਪੀ ਤਾਂ ਉਨ੍ਹਾਂ ਨੇ 'ਅਜੀਤ' ਅਖ਼ਬਾਰ ਦੇ ਕਾਲਮ ਵਿਚ ਮੇਰੇ ਬਾਰੇ ਲਿਖਿਆ, 'ਜੇ ਹੁਣ ਤੱਕ ਛਪੇ ਸਾਰੇ ਕਹਾਣੀ-ਸੰਗ੍ਰਹਿ ਤੱਕੜੀ ਦੇ ਇੱਕ ਪਲੜੇ ਵਿਚ ਰੱਖ ਦਿਤੇ ਜਾਣ ਤੇ ਦੂਜੇ ਪਲੜੇ ਵਿਚ ਨਿੱਕੀ ਜਿਹੀ ਪੁਸਤਕ 'ਲੋਹੇ ਦੇ ਹੱਥ' ਰੱਖ ਦਿੱਤੀ ਜਾਵੇ ਤਾਂ 'ਲੋਹੇ ਦੇ ਹੱਥ' ਵਾਲਾ ਪਲੜਾ ਭਾਰੀ ਹੋਵੇਗਾ।'

-ਜ਼ਾਹਿਰ ਹੈ ਇਹ ਪ੍ਰਸ਼ੰਸਾ ਆਪਣੇ ਕਿਸੇ ਬਹੁਤੇ ਹੀ ਪਿਆਰੇ ਨੂੰ ਵਡਿਆਉਣ-ਲਡਾਉਣ ਲਈ ਅਤਿਕਥਨੀ ਅੰਦਾਜ਼ ਵਿਚ ਹੀ ਕੀਤੀ ਗਈ ਸੀ, ਪਰ ਮੇਰੇ ਵਰਗੇ ਅਸਲੋਂ ਨਵੇਂ ਲੇਖਕ ਨੂੰ ਅਣਖੀ ਹੁਰਾਂ ਵਰਗਾ ਵੱਡਾ ਗਲਪਕਾਰ ਉਹਦੇ ਪੈਰਾਂ ਹੇਠਾਂ ਹੱਥ ਰੱਖ ਕੇ ਉੱਚਾ ਚੁੱਕ ਕੇ ਵਿਖਾ ਰਿਹਾ ਸੀ, ਇਹ ਉਨ੍ਹਾਂ ਦੇ ਸਮੁੰਦਰੀ ਦਿਲ ਦੀ ਵਿਸ਼ਾਲਤਾ ਹੀ ਸੀ। ਬਾਅਦ ਵਿਚ ਜਦ ਮੈਂਰਾ ਥੋੜਾ ਬਹੁਤ ਨਾਂ-ਥਾਂ ਬਣ ਗਿਆ ਤਾਂ ਉਨ੍ਹਾਂ ਨੇ ਮੇਰੇ ਬਾਰੇ ਇੱਕ ਆਰਟੀਕਲ ਲਿਖਿਆ, 'ਮੇਰਾ ਮਹਿਬੂਬ ਕਥਾਕਾਰ-ਵਰਿਆਮ ਸਿੰਘ ਸੰਧੂ' ਜਿਸਦਾ ਅੰਗਰੇਜ਼ੀ ਰੂਪ 'ਦਾ ਟ੍ਰਿਬਊਨ' ਵਿਚ ਛਪਿਆ। ਇਸ ਆਰਟੀਕਲ ਵਿਚ ਉਨ੍ਹਾਂ ਨੇ ਮੇਰੇ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਮੇਰੀਆਂ ਕਹਾਣੀਆਂ ਬਾਰੇ ਭਰਵੀਂ ਤਾਰੀਫ਼ ਕੀਤੀ।

ਉਨ੍ਹਾਂ ਨੇ ਲਿਖਿਆ ਕਿ 1971 ਵਿਚ ਉਹ ਅੰਬਰਸਰ ਗੁਰਸ਼ਰਨ ਸਿੰਘ ਕੋਲ ਆਏ ਬਲਰਾਜ ਸਾਹਨੀ ਨੂੰ ਮਿਲਣਾ ਚਾਹੁੰਦੇ ਸਨ। ਉਹ ਗੁਰਸ਼ਰਨ ਸਿੰਘ ਹੁਰਾਂ ਦੇ ਘਰ ਗਏ। ਜਦ ਉਹ ਉਨ੍ਹਾਂ ਦੇ ਘਰ ਪਹੁੰਚੇ ਤਾਂ ਪਤਾ ਲੱਗਾ ਕਿ ਬਲਰਾਜ ਸਾਹਨੀ ਤੇ ਗੁਰਸ਼ਰਨ ਸਿੰਘ ਘਰੋਂ ਬਾਹਰ ਗਏ ਨੇ ਤੇ ਕੁਝ ਦੇਰ ਬਾਅਦ ਆਉਣ ਹੀ ਵਾਲੇ ਨੇ। ਗੁਰਸ਼ਰਨ ਸਿੰਘ ਦੀ ਪਤਨੀ ਕੈਲਾਸ਼ ਕੌਰ ਹੁਰਾਂ ਨੇ ਅਣਖੀ ਹੁਰਾਂ ਨੂੰ ਚੁਬਾਰੇ ਵਿਚ ਉਡੀਕ ਕਰਨ ਲਈ ਕਿਹਾ। ਅਣਖੀ ਜੀ ਲਿਖਦੇ ਹਨ:



'ਚੁਬਾਰੇ ਵਿਚ ਗਿਆ ਤਾਂ ਕਾਰਨਿਸ 'ਤੇ ਪੰਜ-ਸੱਤ ਕਿਤਾਬਾਂ ਪਈਆਂ ਵੇਖੀਆਂ। ਇੱਕ ਨਿੱਕੀ ਜਿਹੀ ਕਿਤਾਬ ਚੁੱਕ ਲਿਆਇਆ ਤੇ ਮੰਜੇ ਉਤੇ ਪੈ ਕੇ ਪੜ੍ਹਨ ਲੱਗਿਆ। ਛੋਟੀਆਂ ਛੋਟੀਆਂ ਕਹਾਣੀਆਂ ਸਨ। ਪੜ੍ਹਨ ਲੱਗਿਆ ਤਾਂ ਦਿਲਚਸਪ ਸਨ। ਭਾਸ਼ਾ ਮਾਂਜੀ-ਸਵਾਰੀ ਤੇ ਸੰਵਾਦ ਬਹੁਤ ਚੁਸਤ ਸਨ। ਕਥਾ-ਵਸਤੂ ਅਨੂਠੀ। ਬੰਬਈ ਵਾਲਿਆਂ ਦੀ ਉਡੀਕ ਯਾਦ ਨਹੀਂ ਰਹੀ। ਲਗਾਤਾਰ ਕਹਾਣੀਆਂ ਪੜ੍ਹਦਾ ਜਾ ਰਿਹਾ ਸਾਂ। ਇਹ ਸੀ ਵਰਿਆਮ ਸਿੰਘ ਸੰਧੂ ਦਾ ਪਹਿਲਾ ਕਹਾਣੀ-ਸੰਗ੍ਰਹਿ 'ਲੋਹੇ ਦੇ ਹੱਥ (1971)। ਮੈਂ ਉਹਨੂੰ ਪਹਿਲੀ ਵਾਰ ਪੜ੍ਹਿਆ ਸੀ। ਉਤਸੁਕਤਾ ਜਾਗਣ ਲੱਗੀ-ਕੌਣ ਹੋਇਆ ਉਹ ਮੁੰਡਾ?

ਅੱਗੇ ਜਾ ਕੇ ਸਾਡੀ ਪਹਿਲੀ ਮਿਲਣੀ ਦਾ ਵੇਰਵਾ ਦਿੰਦੇ ਹਨ:

'1975 ਦਾ ਮਹੀਨਾ ਸੀ ਕੋਈ। ਮੇਰਾ ਛੋਟਾ ਨਾਵਲ 'ਸੁਲਗਦੀ ਰਾਤ' 'ਦ੍ਰਿਸ਼ਟੀ' ਮਾਸਿਕ-ਪੱਤਰ ਵਿਚ ਛਪ ਚੁੱਕਾ ਸੀ। ਇਹਦੀ ਚੰਗੀ ਚਰਚਾ ਹੋਈ ਸੀ। ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵਿਚ ਕਹਾਣੀ-ਦਰਬਾਰ ਸੀ। ਅਸੀਂ ਕਈ ਕਹਾਣੀਕਾਰ ਸਾਂ। ਕੁਲਵੰਤ ਸਿੰਘ ਵਿਰਕ ਨੇ ਪ੍ਰਧਾਨਗੀ ਕੀਤੀ। ਉਥੇ ਮਿਲਿਆ ਵਰਿਆਮ ਸਿੰਘ ਸੰਧੂ। ਉੱਚਾ ਲੰਮਾ ਗੱਭਰੂ ਤੇ ਛਾਂਟਿਆ ਹੋਇਆ ਸਰੀਰ। ਹੱਸਦਾ ਤਾਂ ਮੂੰਹੋਂ ਖਿੱਲਾਂ-ਮਖਾਣੇ ਝੜ ਝੜ ਪੈਂਦੇ। ਅਸੀਂ ਮਿਲੇ ਤਾਂ ਉਹ 'ਸੁਲਗਦੀ ਰਾਤ' ਦੀ ਤਾਰੀਫ਼ ਕਰ ਰਿਹਾ ਸੀ। ਮੈਨੂੰ ਉਹਦੀਆਂ 'ਲੋਹੇ ਦੇ ਹੱਥ' ਵਾਲੀਆਂ ਕਹਾਣੀਆਂ ਦੀ ਪ੍ਰਸ਼ੰਸਾ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਸ਼ਾਇਦ ਮੈਂ ਉਹਦੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਨਸ਼ਿਆਇਆ ਗਿਆ ਹੋਵਾਂ! ਨਸ਼ੇ ਵਿਚ ਸੁਰਤ ਮਾਰੀ ਜਾਂਦੀ ਹੈ।'

ਮੇਰੀਆਂ ਕਹਾਣੀਆਂ ਬਾਰੇ ਅਣਖ਼ੀ ਸਾਹਿਬ ਕੁਝ ਇੰਝ ਲਿਖਦੇ ਹਨ:

'ਵਰਿਆਮ ਸੰਧੂ ਨੇ ਪੰਜਾਬੀ ਕਹਾਣੀ ਵਿਚ ਜਮੂਦ ਨੂੰ ਤੋੜਿਆ-ਦੋ ਗੱਲਾਂ ਕਰ ਕੇ। ਇੱਕ ਤਾਂ ਉਹਨੇ ਲੰਮੀ ਕਹਾਣੀ ਦਾ ਬੱਝਵਾਂ ਰੂਪ ਸਾਹਮਣੇ ਲਿਆਂਦਾ। ਦੂਜੀ ਗੱਲ, ਉਹਦੀ ਲੰਮੀ ਕਹਾਣੀ ਜੋ ਮਕਬੂਲ ਹੋਈ, ਉਹ ਉਹਦੇ ਕਥਾ-ਰਸ ਤੇ ਦ੍ਰਿਸ਼-ਵਰਣਨ ਕਰ ਕੇ। ਸਭ ਤੋਂ ਵੱਡੀ ਗੱਲ, ਉਹਦੀ ਕਹਾਣੀ ਵਿਚ ਲੁਪਤ ਸੁਨੇਹਾ ਤੇ ਰਹੱਸ ਹੁਨਰੀ ਰੂਪ ਵਿਚ ਛੁਪਿਆ ਰਹਿੰਦਾ ਸੀ। ਕਥਾ-ਵਾਚਕ ਰੂੜ੍ਹੀਆਂ ਵੀ ਉਹ ਵਰਤਦਾ ਜਾ ਰਿਹਾ ਸੀ। ਆਪਣੀ ਕਹਾਣੀ ਵਿਚ ਕੋਈ ਅਜਿਹਾ ਪਾਤਰ ਰੱਖਦਾ, ਜਿਹੜਾ ਤਕੀਆ ਕਲਾਮ ਬੋਲਦਾ ਤੇ ਸਥਿਤੀ 'ਤੇ ਚੋਟਾਂ ਕਰਦਾ ਤੁਰਿਆ ਜਾਂਦਾ। ਕਹਾਣੀ ਸਪਾਟ ਨਾ ਰਹਿ ਜਾਵੇ, ਇਸ ਲਈ ਉਹਦੇ ਕੋਲ ਹੋਰ ਜਿੰਨਾ ਵੀ ਮਸਾਲਾ ਹੁੰਦਾ, ਉਹ ਵੀ ਵਿਚ ਜੋੜ ਦਿੰਦਾ। ਕਹਾਣੀ ਵਿਚ ਹੋਰ ਕਹਾਣੀਆਂ ਤੁਰ ਪੈਂਦੀਆਂ ਜੋ ਸਮੁੱਚੇ ਕਥਾਨਕ ਨੂੰ ਸੰਘਣਾ ਕਰਦੀਆਂ ਤੇ ਕਹਾਣੀ ਮੈਦਾਨੀ ਨਦੀ ਵਾਂਗ ਫੈਲ ਜਾਂਦੀ। ਸ਼ਿਲਪ ਪੱਖੋਂ ਵਰਿਆਮ ਸੰਧੂ ਆਪਣੇ ਸਮਕਾਲੀਆਂ ਨਾਲੋਂ ਬਿਲਕੁਲ ਅਲੱਗ ਖੜਾ ਦਿਸਦਾ ਹੈ। 'ਡੁੰਮ੍ਹ' ਲਿਖ ਕੇ ਉਹ ਇੱਕ ਦਮ ਛਾ ਗਿਆ ਸੀ।'

-ਇਸ ਤੋਂ ਅੱਗੇ ਲੰਮੇ ਆਰਟੀਕਲ ਵਿਚ ਅਣਖੀ ਸਾਹਿਬ ਨੇ ਮੇਰੀ ਇੱਕ-ਇੱਕ ਕਹਾਣੀ ਦੇ ਮਹੱਤਵ ਬਾਰੇ ਡੁੱਲ੍ਹ ਡੁੱਲ੍ਹ ਪੈਂਦੀ ਮੁਹੱਬਤ ਨਾਲ ਲਿਖਿਆ ਹੈ। 'ਭੱਜੀਆਂ ਬਾਹੀਂ' ਬਾਰੇ ਉਹ ਲਿਖਦੇ ਹਨ, 'ਜਿੱਥੋਂ ਤੱਕ ਮੇਰੀ ਨਜ਼ਰ ਜਾਂਦੀ ਹੈ, ਪਹਿਲਾਂ ਕਿਸੇ ਲੇਖਕ ਦੀ ਕਿਸੇ ਇੱਕ ਕਹਾਣੀ ਦੀ ਐਨੀ ਵਿਆਪਕ ਚਰਚਾ ਨਹੀਂ ਹੋਈ ਜਿੰਨੀ 'ਭੱਜੀਆਂ ਬਾਹੀਂ' ਦੀ। ਇਸ ਕਹਾਣੀ ਵਿਚ ਹਾਲਾਤ ਦੀ ਪ੍ਰਤੀਕਾਤਮਕ ਪੇਸ਼ਕਾਰੀ ਦੇ ਨਾਲ ਨਾਲ ਆਰਥਿਕ ਤੇ ਸਭਿਆਚਾਰਕ ਦ੍ਰਿਸ਼ਟੀ ਵੀ ਉਪਲੱਬਧ ਹੈ। ਇਉਂ ਇਹ ਰਚਨਾ ਬਹੁ-ਪਰਤੀ ਹੋ ਨਿੱਬੜਦੀ ਹੈ ਤੇ ਜ਼ਿੰਦਗੀ ਦੇ ਵਿਸ਼ਾਲ ਪੱਟ ਨੂੰ ਸਾਹਮਣੇ ਲਿਆਉਂਦੀ ਹੈ ਤੇ ਸੰਵਾਦ ਵੀ ਛੇੜਦੀ ਹੈ।'

ਇਸ ਲੰਮੇ ਆਰਟੀਕਲ ਵਿਚੋਂ, ਦਾਲ ਵਿਚੋਂ ਦਾਣਾ ਟੋਹਣ ਵਾਂਗ ਕੁਝ ਸਤਰਾਂ ਇਸ ਕਰ ਕੇ ਪੇਸ਼ ਨਹੀਂ ਕੀਤੀਆਂ ਕਿ ਇਸ ਵਿਚ ਮੇਰੀ ਸੋਭਾ ਹੋਈ ਹੈ, ਸਗੋਂ ਇਸ ਕਰ ਕੇ ਪੇਸ਼ ਕੀਤੀਆਂ ਨੇ ਕਿ ਲੇਖਕ ਇਹ ਸਮਝ ਸਕਣ ਕਿ ਵੱਡਿਆਂ ਦੀ ਵਡਿਆਈ ਛੋਟਿਆਂ ਨੂੰ ਗਲ ਨਾਲ ਲਾ ਕੇ ਉਨ੍ਹਾਂ ਦੀ ਪਿੱਠ ਥਾਪੜਣ ਤੇ ਸ਼ਾਬਾਸ਼ ਦੇਣ ਵਿਚ ਹੁੰਦੀ ਹੈ। ਤੇ ਛੋਟਿਆਂ ਦਾ ਫ਼ਰਜ਼ ਬਣਦਾ ਹੈ ਕਿ ਵੱਡਿਆਂ ਨੂੰ ਬਣਦਾ ਮਾਣ-ਸਨਮਾਨ ਦੇਣ। ਅੱਜ ਕੱਲ੍ਹ ਨਵੇਂ ਲੇਖਕਾਂ ਵਿਚ ਵੱਡਿਆਂ ਦਾ ਸਨਮਾਨ ਕਰਨ ਦਾ ਰਿਵਾਜ਼ ਨਹੀਂ ਰਹਿ ਗਿਆ। ਸਭ ਆਪਣੇ ਆਪ ਨੂੰ ਹੀ ਰੱਬ ਸਮਝੀ ਬੈਠੇ ਹਨ। ਵੱਡਿਆਂ ਵਿਚੋਂ ਵੀ ਬਹੁਤ ਘੱਟ ਲੇਖਕ ਅਜਿਹੇ ਨੇ, ਜਿਹੜੇ ਨਵਿਆਂ ਨੂੰ ਖੁੱਲ੍ਹੇ ਦਿਲ ਨਾਲ ਸ਼ਾਬਾਸ਼ ਦੇ ਸਕਣ। ਇਹੋ ਜਿਹਾ ਕਾਰਜ ਰਾਮ ਸਰੂਪ ਅਣਖੀ ਵਰਗੇ ਮਹਾਨ ਲੋਕ ਹੀ ਕਰ ਸਕਦੇ ਨੇ! ਕਿੱਥੇ ਨੇ ਅੱਜ ਕੱਲ੍ਹ ਦੇ ਲੇਖਕਾਂ ਕੋਲ ਅਣਖੀ ਹੁਰਾਂ ਵਰਗੇ ਏਡੇ ਵੱਡੇ ਦਰਿਆਈ ਦਿਲ!

ਅੱਜ ਕ੍ਰਾਂਤੀ ਪਾਲ ਦੇ ਮੁਹੱਬਤ ਵਿਚ ਵਹਿੰਦੇ ਦਿਲ ਨੂੰ ਵੇਖ ਕੇ ਰੂਹ ਨੂੰ ਸਕੂਨ ਮਿਲਿਆ ਕਿ ਉਸ ਨੇ ਮਹਾਨ ਬਾਪ ਦੀ ਮਹਾਨ ਵਿਰਾਸਤ ਨੂੰ 'ਕਹਾਣੀ ਪੰਜਾਬ' ਦੇ ਰੂਪ ਵਿਚ ਹੀ ਨਹੀਂ ਸਾਂਭਿਆ ਹੋਇਆ, ਸਗੋਂ ਇਨਸਾਨੀ ਗੁਣਾਂ ਪੱਖੋਂ ਵੀ ਉਹਦੀ ਰੂਹ ਵਿਚੋਂ ਅਣਖੀ ਜੀ ਦਾ ਸੁਨਹਿਰੀ ਝਲਕਾਰਾ ਮਿਲਦਾ ਹੈ।

ਪਿਛਲੇਰੇ ਸਾਲ ਜਦੋਂ ਮੈਂ ਦਿਲ ਦੀ ਬੀਮਾਰੀ ਦੇ ਵੱਡੇ ਸੰਕਟ ਵਿਚੋਂ ਬਾਹਰ ਹੀ ਨਿਕਲਿਆ ਸਾਂ ਤਾਂ ਉਹਨੇ 'ਕਹਾਣੀ ਪੰਜਾਬ' ਦੇ ਪਿਛਲੇਰੇ ਅੰਕ ਵਿਚ ਆਪਣਾ ਸੰਪਾਦਕੀ ਮੇਰੇ ਨਾਂ ਲਿਖ ਕੇ ਮੈਨੂੰ ਮੁੜ ਤੋਂ 'ਜਿਊਣ ਜੋਗਾ' ਕਰ ਦਿੱਤਾ।

# ਸੰਵਿਧਾਨਕ ਨੈਤਿਕਤਾ ਦਾ ਸਵਾਲ


**ਜਸਟਿਸ ਮਦਨ ਬੀ. ਲੋਕੁਰ**


ਕੀ ਭਾਰਤ ਦੇ ਸੰਵਿਧਾਨਕ ਅਦਾਰੇ ਸੰਵਿਧਾਨਕ ਨੈਤਿਕਤਾ ਵਿਚ ਵਿਸ਼ਵਾਸ ਰੱਖਦੇ ਹਨ? ਸ਼ਾਇਦ ਕੁਝ ਅਦਾਰੇ ਨਹੀਂ ਰੱਖਦੇ। ਸਾਨੂੰ ਵਾਰ-ਵਾਰ ਸੰਵਿਧਾਨਕ ਅਦਾਰਿਆਂ ਦੇ ਇਸ਼ਾਰੇ 'ਤੇ ਕੁਝ ਅਣਕਿਆਸੇ ਅਤੇ ਅਜਬ ਵਰਤਾਰੇ ਦੇਖਣ ਨੂੰ ਮਿਲਦੇ ਹਨ। ਦਿੱਕਤ ਇਹ ਹੈ ਕਿ ਇਹੋ ਜਿਹੇ ਵਰਤਾਰੇ ਕਿਸੇ ਇੱਕ ਜਾਂ ਦੋ ਸੰਵਿਧਾਨਕ ਅਦਾਰਿਆਂ ਤੱਕ ਮਹਿਦੂਦ ਨਹੀਂ ਹਨ ਸਗੋਂ ਘੱਟ ਜਾਂ ਵੱਧ ਤਕਰੀਬਨ ਸਭ ਅਦਾਰਿਆਂ ਵਿਚ ਇਹੋ ਹਾਲ ਹੈ। ਸਵਾਲ ਇਹ ਹੈ ਕਿ ਇਨ੍ਹਾਂ ਨੂੰ ਕੌਣ ਸਲਾਹ ਦੇਵੇਗਾ? ਉਹ ਸੰਵਿਧਾਨ ਦੀ ਰੂਹ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਇੱਕ ਲੇਖੇ ਸਾਡੇ ਸੰਵਿਧਾਨ ਘਾੜਿਆਂ ਅਤੇ ਸਾਡੇ ਭਵਿੱਖੀ ਆਗੂਆਂ ਦੇ ਕਿਰਦਾਰ ਅਤੇ ਦਿਆਨਤਦਾਰੀ ਵਿਚ ਉਨ੍ਹਾਂ ਦੇ ਭਰੋਸੇ ਦੀ ਖਿੱਲੀ ਉਡਾਉਂਦੇ ਹਨ।

ਅਤੀਤ ਵਿਚ ਵੀ ਸਾਡੇ ਆਗੂ ਸੰਵਿਧਾਨ ਦੀ ਦੁਰਵਰਤੋਂ ਕਰਦੇ ਰਹੇ ਹਨ ਪਰ ਇਸ ਦੀ ਜਿਵੇਂ ਅੱਜ ਦੁਰਵਰਤੋਂ ਹੋ ਰਹੀ ਹੈ, ਉਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਕੋਈ ਰੱਫੜ ਪੈਦਾ ਕਰਨ ਦੀ ਬਜਾਇ ਇਸ ਨਿਘਾਰ ਨੂੰ ਠੱਲ੍ਹ ਪਾਈ ਜਾਵੇ। ਸੰਵਿਧਾਨਕ ਨੈਤਿਕਤਾ ਲਈ ਇੰਤਜ਼ਾਮੀਆ ਨੂੰ ਇਸ ਤੋਂ ਬਚਣ ਦੀ ਥਾਂ ਸਹੀ ਕੰਮ ਕਰਨ ਦੀ ਲੋੜ ਹੈ; ਇਸ ਲਈ ਇੰਤਜ਼ਾਮੀਆ ਨੂੰ ਕਾਨੂੰਨ ਦੇ ਰਾਜ ਨੂੰ ਤੋੜਨ ਮਰੋੜਨ ਦੀ ਬਜਾਇ ਇਸ ਦੀ ਪਾਲਣਾ ਕਰਨੀ ਪਵੇਗੀ।

ਮਹਾਰਾਸ਼ਟਰ ਵਿਚ ਰਾਜ ਸਰਕਾਰ ਨੇ ਰਾਜਪਾਲ ਨੂੰ ਵਿਧਾਨ ਪ੍ਰੀਸ਼ਦ ਵਿਚ ਮੈਂਬਰ ਮਨੋਨੀਤ ਕਰਨ ਦੀ ਸਲਾਹ ਦਿੱਤੀ ਸੀ। ਸਰਕਾਰ ਨੇ ਅੱਠ ਮਹੀਨਿਆਂ ਤਕ ਇਸ 'ਤੇ ਕੋਈ ਵੀ ਕਾਰਵਾਈ ਨਾ ਕੀਤੀ; ਭਾਵ, ਨਾ ਇਸ ਨੂੰ ਰੱਦ ਕੀਤਾ ਅਤੇ ਨਾ ਹੀ ਪ੍ਰਵਾਨ ਕੀਤਾ। ਉਹ ਬਸ ਇਸ ਨੂੰ ਦੱਬ ਕੇ ਬੈਠ ਗਏ। ਇਸ 'ਤੇ ਬੰਬਈ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਹੋ ਗਈ। ਹਾਈ ਕੋਰਟ ਨੇ ਕੇਸ ਦਾ ਫ਼ੈਸਲਾ ਕਰਦਿਆਂ ਜਨਤਕ ਐਲਾਨ ਕੀਤਾ ਕਿ ਸੰਵਿਧਾਨ ਇਹ ਲਾਜ਼ਮੀ ਕਰਦਾ ਹੈ ਕਿ ਰਾਜਪਾਲ ਇਸ ਸਲਾਹ ਨੂੰ ਵਾਜਬ ਸਮੇਂ ਅੰਦਰ ਪ੍ਰਵਾਨ ਕਰੇ ਜਾਂ ਸਰਕਾਰ ਨੂੰ ਵਾਪਸ ਭਿਜਵਾਏ; ਅੱਠ ਮਹੀਨਿਆਂ ਦਾ ਸਮਾਂ ਬਿਲਕੁਲ ਵੀ ਵਾਜਬ ਨਹੀਂ। ਇਹ ਵੀ ਤੈਅ ਕੀਤਾ ਗਿਆ ਕਿ ਸੰਵਿਧਾਨ ਦੇ ਤੈਅ ਕੀਤੇ ਉਦੇਸ਼ਾਂ ਦੀ ਪੂਰਤੀ ਲਈ ਇਹ ਮੁਨਾਸਿਬ ਹੋਵੇਗਾ ਕਿ ਇਹ ਫ਼ਰਜ਼ ਬਿਨਾਂ ਬੇਲੋੜੀ ਦੇਰੀ ਕੀਤਿਆਂ ਪੂਰਾ ਕੀਤਾ ਜਾਵੇ। ਅੰਦਾਜ਼ਾ ਲਾਓ ਕਿ ਕੀ ਹੋਇਆ ਹੋਵੇਗਾ? ਰਾਜਪਾਲ ਨੇ ਫਿਰ ਵੀ ਕੋਈ ਕਾਰਵਾਈ ਨਾ ਕੀਤੀ। ਕੀ ਇਹ ਸਹੀ ਹੈ? ਬਾਅਦ ਵਿਚ ਰਾਜ ਸਰਕਾਰ ਡਿੱਗ ਪਈ ਅਤੇ ਨਵੀਂ ਸਰਕਾਰ ਨੇ ਨਵੀਂ ਸਿਫ਼ਾਰਸ਼ ਕੀਤੀ ਜਿਸ ਨੂੰ ਰਾਜਪਾਲ ਨੇ ਝੱਟ ਪ੍ਰਵਾਨ ਕਰ ਲਿਆ। ਸੰਵਿਧਾਨਿਕ ਨੈਤਿਕਤਾ ਨੂੰ ਅਗਲਿਆਂ ਅਹੁ ਵਗਾਹ ਕੇ ਬਾਹਰ ਮਾਰਿਆ।

ਪਿਛਲੇ ਕੁਝ ਸਮਿਆਂ ਵਿਚ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ ਅਤੇ ਕੁਝ ਤਾਂ ਅਜੇ ਵੀ ਵਾਪਰ ਰਹੀਆਂ ਹਨ। ਸਾਡੇ ਕੁਝ ਰਾਜਪਾਲਾਂ ਨੇ ਸੂਬਾਈ ਵਿਧਾਨ ਸਭਾਵਾਂ ਦੇ ਪਾਸ ਕੀਤੇ ਬਿਲਾਂ ਨੂੰ ਦਿੱਤੀ ਜਾਣ ਵਾਲੀ ਸਹਿਮਤੀ ਵਿਚ ਦੇਰ ਕਰ ਦਿੱਤੀ; ਕੁਝ ਹੋਰਨਾਂ ਨੇ ਗ਼ੈਰ-ਵਾਜਬ ਢੰਗ ਨਾਲ ਮਹੀਨਿਆਂ ਤੇ ਸਾਲਾਂ ਬੱਧੀ ਸਹਿਮਤੀ ਰੋਕ ਕੇ ਰੱਖੀ ਜਿਸ ਕਰ ਕੇ ਘੱਟੋ-ਘੱਟ ਦੋ ਸੂਬਾਈ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਵਿਚ ਰਾਜਪਾਲ ਦੀ ਸ਼ਕਤੀ ਦੀ ਵਿਆਖਿਆ ਕਰਨ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਪਈ।

ਵਿਧਾਨ ਸਭਾ ਦਾ ਸਪੀਕਰ ਵੀ ਸੰਵਿਧਾਨਕ ਅਥਾਰਿਟੀ ਹੁੰਦਾ ਹੈ ਅਤੇ ਮਨੀਪੁਰ ਵਿਧਾਨ ਸਭਾ ਦਾ ਸਪੀਕਰ ਸੰਵਿਧਾਨਕ ਨੈਤਿਕਤਾ ਨੂੰ ਕੋਈ ਮਹੱਤਤਾ ਨਹੀਂ ਦਿੰਦਾ। ਦਲਬਦਲੀ ਵਿਰੋਧੀ ਕਾਨੂੰਨ ਸੰਵਿਧਾਨ ਦੀ ਦਸਵੀਂ ਅਨੁਸੂਚੀ ਵਿਚ ਦਰਜ ਹੈ ਅਤੇ ਉਨ੍ਹਾਂ ਤਿੰਨ ਸਾਲਾਂ ਤੋਂ ਇਸ ਕਾਨੂੰਨ ਦੀ ਕਥਿਤ ਉਲੰਘਣਾ ਦੇ ਮਾਮਲਿਆਂ ਵੱਲ ਕੋਈ ਕਾਰਵਾਈ ਨਹੀਂ ਕੀਤੀ। ਜਿਨ੍ਹਾਂ ਬੰਦਿਆਂ ਖਿਲਾਫ਼ ਇਸ ਕਾਨੂੰਨ ਦੀ ਉਲੰਘਣਾ ਦੇ ਦੋਸ਼ ਹਨ, ਉਨ੍ਹਾਂ ਵਿਚੋਂ ਇੱਕ ਕੈਬਨਿਟ ਮੰਤਰੀ ਹੈ। ਸਪੀਕਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਪਾਰਟੀ ਸਿਆਸਤ ਤੋਂ ਉਪਰ ਉਠ ਕੇ ਕੰਮ ਕਰੇਗਾ ਪਰ ਉਸ ਨੇ ਕੋਈ ਫ਼ੈਸਲਾ ਹੀ ਨਹੀਂ ਕੀਤਾ ਜਿਸ ਨਾਲ ਮੰਤਰੀ ਅਹੁਦੇ 'ਤੇ ਬਰਕਰਾਰ ਹੈ। ਕੀ ਕੋਈ ਸਪੀਕਰ ਅਣਮਿੱਥੇ ਸਮੇਂ ਲਈ ਕੋਈ ਫ਼ੈਸਲਾ ਟਾਲ ਸਕਦਾ ਹੈ? ਸੁਪਰੀਮ ਕੋਰਟ ਨੇ ਇਸ ਦਾ ਜਵਾਬ ਨਾਂਹ ਵਿਚ ਦਿੱਤਾ ਹੈ ਅਤੇ ਕਿਹਾ ਹੈ ਕਿ ਸਪੀਕਰ ਨੂੰ ਮਹੀਨੇ ਦੇ ਅੰਦਰ-ਅੰਦਰ ਕੋਈ ਫ਼ੈਸਲਾ ਕਰਨਾ ਜ਼ਰੂਰੀ ਹੈ। ਜੇ ਸਪੀਕਰ ਫਿਰ ਵੀ ਅਜਿਹਾ ਨਹੀਂ ਕਰਦਾ ਅਤੇ ਮੋਹਲਤ ਦੀ ਮੰਗ ਕਰਦਾ ਹੈ; ਫਿਰ ਉਹ ਅਦਾਲਤ ਨੂੰ ਕਿਸੇ ਖ਼ਾਸ ਤਰੀਕ ਨੂੰ ਫ਼ੈਸਲਾ ਕਰਨ ਦਾ ਭਰੋਸਾ ਦਿਵਾਉਂਦਾ ਹੈ। ਫ਼ੈਸਲਾ ਫਿਰ ਵੀ ਨਹੀਂ ਆਉਂਦਾ। ਕੀ ਸੁਪਰੀਮ ਕੋਰਟ ਨੂੰ ਭਰੋਸਾ ਦਿਵਾਉਣ ਤੋਂ ਬਾਅਦ ਵੀ ਅਜਿਹਾ ਕਰਨਾ ਸਹੀ ਹੈ? ਅਜਿਹੇ ਅਸਾਧਾਰਨ ਹਾਲਾਤ ਦੇ ਮੱਦੇਨਜ਼ਰ ਅਦਾਲਤ ਨੂੰ ਸਬੰਧਿਤ ਮੰਤਰੀ ਦੇ ਵਿਧਾਨ ਸਭਾ ਵਿਚ ਦਾਖ਼ਲੇ 'ਤੇ ਰੋਕ ਲਾਉਣ ਦੇ ਆਦੇਸ਼ ਜਾਰੀ ਕਰਨੇ ਪਏ। ਇਹ ਤਦ ਹੋਇਆ ਜਦੋਂ ਪਾਣੀ ਸਿਰ ਤੋਂ ਉਤਾਂਹ ਲੰਘ ਗਿਆ।

ਕਿਸੇ ਰਾਜ ਦਾ ਮੁੱਖ ਮੰਤਰੀ ਵੀ ਸੰਵਿਧਾਨਿਕ ਸਦਾਚਾਰ ਦੇ ਉਲੰਘਣ ਦਾ ਦੋਸ਼ੀ ਹੈ। ਪੱਛਮੀ ਬੰਗਾਲ 'ਚ ਗ੍ਰਿਫ਼ਤਾਰੀ ਅਤੇ ਜੇਲ੍ਹ 'ਚ ਹੋਣ ਦੇ ਬਾਵਜੂਦ ਮੰਤਰੀ ਅਹੁਦੇ 'ਤੇ ਬਰਕਰਾਰ ਰਿਹਾ। ਮੁੱਖ ਮੰਤਰੀ ਨੇ ਉਸ ਨੂੰ ਤਿੰਨ ਮਹੀਨੇ ਅਹੁਦੇ ਤੋਂ ਨਹੀਂ ਹਟਾਇਆ। ਤਾਮਿਲਨਾਡੂ ਵਿਚ ਮੁੱਖ ਮੰਤਰੀ ਨੇ ਉਸ ਮੰਤਰੀ ਤੋਂ ਅਸਤੀਫ਼ਾ ਨਹੀਂ ਲਿਆ ਜੋ ਅੱਠ ਮਹੀਨੇ ਜੇਲ੍ਹ ਵਿਚ ਸੀ। ਮੰਤਰੀ ਨੇ ਇਹ ਮੁੱਦਾ ਮਦਰਾਸ ਹਾਈਕੋਰਟ ਵਿਚ ਉਭਰਨ ਤੋਂ ਇੱਕ ਦਿਨ ਪਹਿਲਾਂ ਅਸਤੀਫ਼ਾ ਦਿੱਤਾ। ਦਿੱਲੀ ਵਿਚ ਮੁੱਖ ਮੰਤਰੀ ਨੇ ਇੱਕ ਮੰਤਰੀ ਨੂੰ ਉਦੋਂ ਅਹੁਦੇ ਤੋਂ ਹਟਾਇਆ ਜਦੋਂ ਉਹ ਨੌਂ ਮਹੀਨੇ ਜੇਲ੍ਹ 'ਚ ਬਿਤਾ ਚੁੱਕਾ ਸੀ। ਸਮੇਂ ਦਾ ਵਿਅੰਗ ਇਹ ਹੈ ਕਿ ਹੁਣ ਮੁੱਖ ਮੰਤਰੀ ਖ਼ੁਦ ਜੇਲ੍ਹ ਵਿਚ ਹੈ, ਫਿਰ ਵੀ ਅਸਤੀਫ਼ਾ ਨਹੀਂ ਦਿੱਤਾ ਜਦੋਂਕਿ ਝਾਰਖੰਡ ਦੇ ਉਸ ਦੇ ਹਮਰੁਤਬਾ ਨੇ ਅਸਤੀਫ਼ਾ ਦੇ ਦਿੱਤਾ ਸੀ। ਇਹ ਅਜਿਹੀਆਂ ਕੁਝ ਉਦਾਹਰਨਾਂ ਹਨ ਜਿੱਥੇ ਸੰਵਿਧਾਨਕ ਨੈਤਿਕਤਾ ਦਾ ਨਿਰਾਦਰ ਕੀਤਾ ਗਿਆ। ਕੀ ਇਹ ਸਾਡੇ ਦੇਸ਼ ਲਈ ਚੰਗਾ ਹੈ? ਬੀ.ਆਰ. ਅੰਬੇਡਕਰ ਸੰਵਿਧਾਨਕ ਸਦਾਚਾਰ ਨੂੰ 'ਸੰਵਿਧਾਨ ਦੇ ਦਰਜੇ ਲਈ ਸਿਖਰ ਦਾ ਸਤਿਕਾਰ' ਸਮਝਦੇ ਸਨ। ਸਮਝ ਵੀ ਆਉਂਦਾ ਹੈ ਕਿ ਅਜਿਹਾ ਕਿਉਂ ਸੀ? ਸੰਵਿਧਾਨ ਕੋਈ ਆਦਰਸ਼ ਸੰਚਾਲਨ ਪ੍ਰਕਿਰਿਆ ਨਹੀਂ ਤੇ ਨਾ ਹੀ ਹੋ ਸਕਦਾ ਹੈ। ਜੇ ਸੰਵਿਧਾਨ ਦੇ ਦਰਜੇ ਨੂੰ ਪਵਿੱਤਰ ਨਾ ਮੰਨਿਆ ਗਿਆ ਤਾਂ ਸਭ ਕੁਝ ਹੱਥੋਂ ਨਿਕਲ ਜਾਵੇਗਾ। ਸ਼ਾਇਦ ਇਸੇ ਲਈ ਰਾਜੇਂਦਰ ਪ੍ਰਸ਼ਾਦ ਨੇ ਕਿਹਾ ਸੀ ਕਿ ਮੁਲਕ ਨੂੰ ਕਿਰਦਾਰ ਤੇ ਦਿਆਨਤਦਾਰੀ ਵਾਲੇ ਆਗੂ ਚਾਹੀਦੇ ਹਨ।

ਸੰਵਿਧਾਨਕ ਨੈਤਿਕਤਾ ਕੇਵਲ ਸਾਡੀਆਂ ਸੰਵਿਧਾਨਕ ਵਿਵਸਥਾਵਾਂ ਤੇ ਬਾਕੀ ਨੇਤਾਵਾਂ ਲਈ ਨਹੀਂ ਬਲਕਿ ਇਹ ਪੂਰੇ ਸਮਾਜ 'ਚ ਸਮਾਉਣੀ ਚਾਹੀਦੀ ਹੈ। ਨਹੀਂ ਤਾਂ ਕੋਈ ਹਠੀ ਘੱਟਗਿਣਤੀ ਵੀ ਹਕੂਮਤ ਦੇ ਕੰਮਕਾਜ ਨੂੰ ਬੇਅਸਰ ਕਰ ਸਕਦੀ ਹੈ, ਫਿਰ ਭਾਵੇਂ ਉਹ ਦਬਦਬਾ ਕਾਇਮ ਕਰਨ ਜਿੰਨੀ ਸਮਰੱਥ ਨਾ ਵੀ ਹੋਵੇ। ਇਹ ਕਿਸੇ ਵੀ ਤਰ੍ਹਾਂ ਦੀ ਹਕੂਮਤ ਵਿਚ ਹੋ ਸਕਦਾ ਹੈ। ਜਿੱਥੋਂ ਤੱਕ ਸੰਸਦ ਜਾਂ ਰਾਜ ਵਿਧਾਨ ਸਭਾਵਾਂ ਦਾ ਸਵਾਲ ਹੈ, ਸੰਵਿਧਾਨਕ ਸਦਾਚਾਰ ਕਿਸੇ ਘੱਟਗਿਣਤੀ ਨੂੰ ਸੰਪੂਰਨ ਵਿਘਨ ਦੀ ਇਜਾਜ਼ਤ ਨਹੀਂ ਦਿੰਦਾ। ਜਿਵੇਂ ਇੱਕ ਸਾਬਕਾ ਮੰਤਰੀ ਨੇ ਜ਼ੋਰ ਦਿੱਤਾ ਹੈ ਕਿ ਇਸ ਤਰ੍ਹਾਂ ਦੇ ਵਿਘਨ ਨੂੰ ਸੰਸਦੀ ਰਣਨੀਤੀ ਵਜੋਂ ਸਹੀ ਨਹੀਂ ਠਹਿਰਾਇਆ ਜਾ ਸਕਦਾ ਹੈ ਤੇ ਨਾ ਹੀ ਠਹਿਰਾਉਣਾ ਚਾਹੀਦਾ ਹੈ। ਇਹ ਸੰਵਿਧਾਨਕ ਸਦਾਚਾਰ ਦੇ ਮਿਜ਼ਾਜ ਦੇ ਖਿਲਾਫ਼ ਜਾਂਦਾ ਹੈ। ਇਸੇ ਤਰ੍ਹਾਂ 'ਲਵ ਜਹਾਦ', 'ਜ਼ਮੀਨ ਜਹਾਦ' ਤੇ 'ਭੋਜਨ ਜਹਾਦ' ਦੇ ਨਾਅਰੇ ਅਜਿਹੀ ਉਲੰਘਣਾ ਵਰਗੇ ਹਨ ਜਿਨ੍ਹਾਂ ਨੂੰ ਸੰਵਿਧਾਨਕ ਪੱਖ ਤੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਬਲਾਤਕਾਰੀਆਂ ਤੇ ਹਤਿਆਰਿਆਂ ਦੇ ਗਲ਼ਾਂ 'ਚ ਹਾਰ ਪਾਉਣੇ, ਸਹੀ ਚੀਜ਼ਾਂ ਨਹੀਂ। ਅਸੀਂ ਮਾਯੂਸਕੁਨ ਅਤੇ ਮੁਸ਼ਕਿਲ ਸਮਿਆਂ ਵਿਚੋਂ ਲੰਘ ਰਹੇ ਹਾਂ। ਸਾਨੂੰ ਆਪਣੇ ਸੰਵਿਧਾਨ ਤੇ ਇਸ ਦੇ ਚਰਿੱਤਰ ਦੇ ਨਾਲ-ਨਾਲ ਕਾਨੂੰਨ ਦੇ ਸ਼ਾਸਨ ਦਾ ਲਾਜ਼ਮੀ ਸਤਿਕਾਰ ਕਰਨਾ ਚਾਹੀਦਾ ਹੈ। ਜੇ ਅਸੀਂ ਨਹੀਂ ਕੀਤਾ ਤਾਂ ਅਜਿਹਾ ਘੁੰਮਣਘੇਰੀ ਪੈਦਾ ਕਰ ਲਵਾਂਗੇ ਜੋ ਸਾਨੂੰ ਹਿੰਦ ਮਹਾਸਾਗਰ ਦੀਆਂ ਗਹਿਰਾਈਆਂ 'ਚ ਲੈ ਡੁੱਬੇਗਾ।

# ਇਕੋ ਜਿਹੇ ਹਨ, 'ਅੰਮ੍ਰਿਤਾ ਤੇ ਇਮਰੋਜ਼'

**ਜਨਮ ਦਿਨ ਨੂੰ ਸਮਰਪਿਤ**

ਅੰਮ੍ਰਿਤਾ, ਸੂਰਜ ਨੂੰ ਸਿਰ ਉਤੇ ਚੁੱਕਣ ਦਾ ਦਾਅਵਾ ਤਾਂ ਨਹੀਂ ਕਰਦੀ ਤੇ ਨਾ ਹੀ ਉਹ ਹੁਨਰ ਦਾ ਦਾਅਵਾ ਕਰਦੀ ਹੈ! ਉਹਦੇ ਕੋਲ ਤਾਂ ਸੱਚੇ ਇਸ਼ਕ ਦਾ ਮਾਨ ਭਰਿਆ ਦਾਅਵਾ ਹੈ! ਉਸਨੇ ਇਮਰੋਜ਼ ਨੂੰ ਮੁੱਹਬਤ ਕੀਤੀ ਹੈ! ਤੇ ਇਮਰੋਜ਼ ਰਾਹੀਂ ਸਾਰੀ ਦੁਨੀਆ ਨੂੰ ਮੁਹੱਬਤ ਕੀਤੀ ਹੈ! ਬਿੰਦੂ ਦਾ ਇੰਜ ਫੈਲ ਕੇ ਸਰਬ ਵਿਆਪਕ ਹੋ ਜਾਣਾ ਬਹੁਤ ਵੱਡਾ ਕ੍ਰਿਸ਼ਮਾ ਹੁੰਦਾ ਹੈ! ਉਹ ਹੁਨਰ ਦੇ ਸਿਖਰ ਉਤੇ ਪਹੁੰਚ ਕੇ ਵੀ ਮਹਿਸੂਸ ਕਰਦੀ ਹੈ ਕਿ ਇਹ ਸਭ ਕੁਝ ਮੁਹੱਬਤ ਸਦਕਾ ਹੀ ਹੈ? ਉਹ, ਨਜ਼ਮਾਂ, ਕਹਾਣੀਆਂ ਤੇ ਨਾਵਲਾਂ ਨੂੰ ਮੁਹੱਬਤ ਦੇ ਰੁੱਖ ਦੀਆਂ ਹੀ ਫੁੱਲ-ਪੱਤੀਆਂ ਮਿੱਥਦੀ ਹੈ!

ਮੈਂ ਇਹ ਮਿੱਥਦਾ ਤੇ ਮੰਨਦਾ ਹਾਂ ਕਿ ਕੋਈ ਵੀ ਕਿਸੇ ਨੂੰ ਲੇਖਕ ਨਹੀਂ ਬਣਾ ਸਕਦਾ ਪਰ ਬਣ ਰਹੇ ਲੇਖਕ ਨੂੰ ਉਤਸ਼ਾਹ ਤੇ ਆਸਰਾ ਦੇ ਕੇ ਉਭਾਰਿਆ ਤਾ ਜਾ ਸਕਦਾ ਹੈ! ਅੰਮ੍ਰਿਤਾ ਨੇ

**ਦਲਬੀਰ ਚੇਤਨ**

ਪੂਰਾਂ-ਦੇ-ਪੂਰ ਇਹੋ ਜਿਹੇ ਲਿਖਣ ਵਾਲਿਆਂ ਨੂੰ 'ਨਾਗਮਣੀ' ਦੀ ਛੂਹ ਦੇ ਕੇ ਇਸ ਪਾਸੇ ਤੋਰਿਆ!

ਪੈਂਡਾ ਤਾਂ ਹਰੇਕ ਨੇ ਆਪਣੇ ਪੈਰਾਂ ਨਾਲ ਹੀ ਤੈਅ ਕਰਨਾ ਹੁੰਦਾ ਹੈ ਤੇ ਜਿਨ੍ਹਾਂ ਦੇ ਪੈਰੀਂ ਪੈਂਡਾ ਬੱਝਾ ਹੁੰਦਾ ਹੈ, ਉਨ੍ਹਾਂ ਇਕ ਨਾ ਇਕ ਦਿਨ ਆਪਣੇ ਰਾਹ ਤਲਾਸ਼ ਹੀ ਲੈਣੇ ਹੁੰਦੇ ਹਨ! ਪਰ ਇਹ ਵੀ ਸੱਚ ਹੈ ਕਿ ਇਹੋ ਜਿਹੇ ਰਾਹਾਂ ਉਤੇ ਤੁਰਨ ਵੇਲੇ, ਕਿਸੇ ਮੁਕੱਦਸ ਹੱਥਾਂ ਦਾ ਦਿੱਤਾ ਥਾਪੜਾ, ਪੱਕੇ ਪੈਰੀਂ ਉਨ੍ਹਾਂ ਰਾਹਾਂ ਉਤੇ ਤੁਰਨ ਦੀ ਜਾਮਨੀ ਭਰ ਦੇਂਦਾ ਹੈ ਤੇ ਲਗਾਤਾਰ ਤੁਰਦੇ ਰਹਿਣ ਲਈ ਪ੍ਰੇਰਨਾ ਵੀ ਬਣਿਆ ਰਹਿੰਦਾ ਹੈ।

ਮੈਨੂੰ ਯਾਦ ਹੈ ਜਦੋਂ ਮੈਂ ਆਪਣੀ ਪਹਿਲੀ ਕਹਾਣੀ, 'ਇਕ ਵਾਰੀ ਫੇਰ', 'ਨਾਗਮਣੀ' ਨੂੰ ਭੇਜੀ ਤਾਂ ਅੰਮ੍ਰਿਤਾ ਦਾ ਜਵਾਬ ਆਇਆ, ਏਨੀ ਪਿਆਰੀ ਕਹਾਣੀ ਲਿਖਣ ਲਈ ਮੁਬਾਰਕ! ਪਰ ਕਹਾਣੀ ਵਿਚ ਕਿਤੇ-ਕਿਤੇ ਦੁਹਰਾਅ ਹੈ, ਜੇ ਇਜਾਜ਼ਤ ਹੋਵੇ ਤਾਂ ਕੁਝ 'ਟੱਚ ਅੱਪ' ਕਰ ਲਵਾਂ?

ਮੈਂ ਖ਼ਤ ਹੱਥੀਂ ਫੜੀ ਲਗਾਤਾਰ ਸੋਚਦਾ ਰਿਹਾ ਕਿ ਇਕ ਨਵੇਂ ਲੇਖਕ ਦੀ ਕਹਾਣੀ ਨੂੰ ਪੜ੍ਹਨਾ, ਪੜ੍ਹਦਿਆਂ ਦੁਹਰਾਅ ਮਹਿਸੂਸ ਕਰਨਾ ਤੇ ਫੇਰ 'ਟੱਚ-ਅੱਪ' ਕਰਨ ਬਾਰੇ ਸੋਚਣਾ ਤੇ ਸਭ ਤੋਂ ਵੱਡੀ ਗੱਲ ਇਕ ਨਵੇਂ ਜਿਹੇ ਲੇਖਕ ਤੋਂ 'ਟੱਚ-ਅੱਪ' ਕਰਨ ਦੀ ਇਜਾਜ਼ਤ ਮੰਗਣੀ, ਇੰਜ ਸ਼ਾਇਦ ਅੰਮ੍ਰਿਤਾ ਹੀ ਕਰ ਸਕਦੀ ਹੈ!

ਅੰਮ੍ਰਿਤਾ, ਭਰ ਵਗਦਾ ਦਰਿਆ ਹੈ ਪਰ ਉਹਨੂੰ ਪੁਲ ਵੀ ਚੰਗੇ ਲੱਗਦੇ ਹਨ, ਜ਼ਿੰਦਗੀ 'ਚ ਖੜੋਤ ਬਹੁਤ ਮਾੜੀ ਹੈ ਪਰ ਕਈ ਵਾਰ ਸੋਚੀਦਾ ਹੈ ਕਿ ਸੂਰਜ ਵੀ ਤਾ ਖਲੋਤਾ ਹੈ! ਕਈ ਚੀਜ਼ਾਂ ਖਲੋਤੀਆਂ ਹੋ ਕੇ ਵੀ ਖਲੋਤੀਆਂ ਹੋਣ ਦਾ ਪ੍ਰਭਾਵ ਨਹੀਂ ਦਿੰਦੀਆਂ! ਤੁਰਦੀ ਧਰਤੀ ਦੇ ਨਾਲ ਖਲੋਤਾ ਸੂਰਜ ਵੀ ਤੁਰਦੇ ਹੋਣ ਦੀ ਜਾਮਨੀ ਭਰਦਾ ਹੈ! ਇੰਜ ਹੀ ਵਗਦੇ ਪਾਣੀਆਂ, ਨਾਲ ਪੁਲ ਵੀ ਤੁਰਦੇ-ਤੁਰਦੇ ਲਗਦੇ ਹਨ! ਅੰਮ੍ਰਿਤਾ ਕਹਿ ਰਹੀ ਸੀ 'ਸ਼ਾਇਦ ਮੈਨੂੰ ਪੁਲ ਵੀ ਇਸ ਕਰਕੇ ਚੰਗੇ ਲੱਗਦੇ ਨੇ ਕਿ ਇਹ ਦੂਰੀਆਂ ਮੇਟਣ ਦਾ ਕੰਮ ਕਰਦੇ ਹਨ ਤੇ ਇਹ ਪਾਣੀਆਂ ਦੀ ਰੰਗਤ ਦੇ ਸਵਾਲਾਂ ਵਿਚ ਵੀ ਪੈਂਦੇ'!

ਸ਼ਾਇਦ ਇਸ ਲਈ ਮੈਨੂੰ ਅੰਮ੍ਰਿਤਾ ਵਗਦੇ ਪਾਣੀਆਂ ਵਰਗੀ ਵੀ ਲਗਦੀ ਹੈ ਤੇ ਦੂਰੀਆਂ ਮੇਟਣ ਵਾਲੇ ਪੁਲਾਂ ਵਰਗੀ ਵੀ!

ਕੋਈ ਵੀਹ ਕੁ ਸਾਲ ਪਹਿਲਾਂ ਮੈਂ ਅੰਮ੍ਰਿਤਾ ਹੋਰਾਂ ਕੋਲ ਦੋ ਤਿੰਨ ਦਿਨ ਲਈ ਠਹਿਰਿਆ।! ਇਹ ਬੜੀ ਹੀ ਭਰਭੂਰ ਮਿਲਣੀ ਸੀ! ਕਿਸੇ ਸਾਹਿਤਕ ਕਾਰਜ ਕਰਕੇ, ਮੈਂ ਸਾਰਾ ਦਿਨ ਉਨ੍ਹਾਂ ਦੇ ਨਾਲ ਰਹਿਦਾ ਤੇ ਰਾਤ ਨੂੰ ਆਪਣੇ ਦੋਸਤਾਂ ਕੋਲ ਆ ਜਾਂਦਾ! ਪਰ ਇਕ ਰਾਤ ਉਨ੍ਹਾਂ ਆਉਣ ਨਾ ਦਿੱਤਾ! ਅੱਜ ਅਜੀਤ (ਕਹਾਣੀਕਾਰ ਅਜੀਤ ਕੌਰ) ਵੱਲ ਜਾਣਾ ਹੈ ਉਹਨੇ ਬਹੁਤ ਸਾਰੇ ਦੋਸਤ ਘਰ ਬੁਲਾਏ ਨੇ!

ਏਨੀ ਗੱਲ ਕਰਕੇ ਉਹਨੇ ਅਜੀਤ ਕੌਰ ਨੂੰ ਫੋਨ ਕੀਤਾ! 'ਵੇਖ ਅਜੀਤ ਬਹੁਤਾ ਅਡੰਬਰ ਜਿਹਾ ਤਾਂ ਨਹੀਂ ਕਰ ਰਹੀ?'

'ਨਹੀਂ ਸਿਰਫ ਯਾਰ ਦੋਸਤ ਹੋਣਗੇ, ਤੇ ਉਹ ਪਾਕਿਸਤਾਨੀ ਅੰਬੈਸੀ ਦਾ ਕਲਚਰ ਵਿੰਗ ਦਾ ਅਫਸਰ ਤੇ ਕਵੀ, ਮੁਨੀਰ (ਮੁਨੀਰ ਅਹਿਮਦ ਸ਼ੇਖ਼) ਹੋਵੇਗਾ, ਅਸਲ ਵਿਚ ਸਾਰੇ ਯਾਰ ਦੋਸਤ ਉਹਦੇ ਕਰਕੇ ਹੀ ਸੱਦ ਰਹੀ ਹਾਂ!

'ਇਮਰੋਜ਼, ਨਵਰਾਜ ਤਾਂ ਮੇਰੇ ਨਾਲ ਆ ਹੀ ਰਹੇ ਸਨ ਹੁਣ ਸਾਡੇ ਨਾਲ, 'ਦਲਬੀਰ ਚੇਤਨ 'ਵੀ ਹੋਵੇਗਾ, ਉਂਜ ਦਲਬੀਰ ਕਹਿ ਰਿਹਾ ਸੀ, ਮੈਨੂੰ ਤਾਂ ਅਜੀਤ ਨੇ ਸੱਦਿਆ ਹੀ ਨਹੀਂ, ਮੈਂ ਕਿਉਂ ਜਾਵਾਂ'!

ਅਗਿਓਂ ਅਜੀਤ ਕੌਰ ਗੜਕੀ, ਉਹਨੂੰ ਵੱਡੇ ਅੰਬਰਸਰੀ ਬਦਮਾਸ਼ ਨੂੰ ਕਹਿ ਦੇਓ.. ਜੇ ਉਹ ਨਾ ਆਇਆ ਤਾਂ ਬੁਰੀ ਤਰ੍ਹਾਂ ਕੁੱਟਾਂਗੀ! 'ਭਈ ਭਲਾ ਕੁੱਟੇਂਗੀ ਕਿਉਂ?' ਅੰਮ੍ਰਿਤਾ ਨੇ ਹੱਸ ਕੇ ਪੁੱਛਿਆ 'ਪਿਆਰ ਕਰਨ ਵਾਲਿਆਂ ਨੂੰ ਕੁੱਟਣ ਦਾ ਹੱਕ ਵੀ ਬਣਦਾ ਹੈ।

'ਇਕ ਗੱਲ ਅਜੀਤ, ਬਲਦੇਵ ਵੀ ਇਸ ਪਾਰਟੀ ਵਿਚ ਜ਼ਰੂਰ ਆਉਣਾ ਚਾਹੀਦਾ। 'ਕਿਹੜਾ ਬਲਦੇਵ'

'ਜਿਹਨੂੰ ਤੂੰ ਏਨਾ ਪਿਆਰ ਕਰਦੀ ਏਂ! ਤੇਰੀ ਸਵੈ-ਜੀਵਨੀ ਜਿਸ ਦੇ ਜਿਗਰ ਨਾਲ ਪੂਰੀ ਭਰੀ ਪਈ ਹੈ -ਉਹ ਬਲਦੇਵ'? 'ਉਹ ,ਉਹ, ਉਹ ਕਿੱਥੇ ....' ਫੋਨ ਉਤੇ ਅਜੀਤ ਕੌਰ ਦੀ ਆਵਾਜ਼ ਪੂਰੀ ਤਰ੍ਹਾਂ ਥਿੜਕ ਰਹੀ ਸੀ!

ਅੰਮ੍ਰਿਤਾ ਨੇ ਮੈਨੂੰ ਕਿਹਾ, ਔਹ ਰਜਿਸਟਰ ਫੜਾਈਂ! ਰਜਿਸਟਰ ਮੇਰੇ ਲਾਗੇ ਹੀ ਪਿਆ ਸੀ! ਮੈਂ ਅੰਮ੍ਰਿਤਾ ਦੇ ਹਵਾਲੇ ਕਰ ਦਿੱਤਾ! ਉਹਨੇ ਬਲਦੇਵ ਦਾ ਨਾਂ, ਪਤਾ ਤੇ ਫੋਨ ਨੰਬਰ ਤਕ ਉਸ ਰਜਿਸਟਰ ਉਤੇ ਲਿਖਿਆ ਹੋਇਆ ਸੀ!

ਉਹਦੇ ਕਿਸੇ ਰਿਸ਼ਤੇ 'ਚੋਂ ਲੱਗਦੀ ਭਰਜਾਈ ਇੱਥੇ ਆਈ ਹੋਈ ਸੀ! ਤੇ ਉਹਨੇ ਤੇਰੀ ਸੰਜੀਵਨੀ ਵੀ ਪੜ੍ਹੀ ਹੋਈ ਸੀ! ਉਹ ਉਹਦਾ ਪਤਾ ਮੈਨੂੰ ਦੱਸ ਗਈ ਸੀ! ਉਹਦਾ ਪੂਰਾ ਨਾਂ ਬਲਦੇਵ ਸਿਘ ਅਨੰਦ ਹੈ! ਉਹ ਅੱਜ-ਕੱਲ੍ਹ ਬਦਲ ਕੇ ਦਿੱਲੀ ਆ ਚੁੱਕਾ ਹੈ! ਉਹਨੂੰ ਵੀ ਸੱਦ -ਮੈਂ ਉਸ ਨੂੰ ਮਿਲਣਾ ਚਾਹੁੰਦੀ ਹਾਂ! ਜਿਸ ਨੂੰ ਸਾਡੀ ਅਜੀਤ ਨੇ ਇੰਨਾ ਪਿਆਰ ਕੀਤਾ।

ਹੁਣ ਅਗਲੇ ਪਾਸਿਉਂ ਫੋਨ ਬਿਲਕੁਲ ਹੀ ਚੁੱਪ ਸੀ!

ਅੰਮ੍ਰਿਤਾ ਵਾਰ-ਵਾਰ ਹੈਲੋ-ਹੈਲੋ ਕਰੀ ਜਾ ਰਹੀ ਸੀ!

ਪਲੰਗ ਉਤੇ ਚੌਫਾਲ ਡਿੱਗੀ ਅਜੀਤ ਦੇ ਨਾਲ ਹੀ ਡਿੱਗਾ ਫੋਨ ਅਜੀਤ ਦੀ ਧੀ 'ਅਰਪਨਾ 'ਨੇ ਆ ਚੁੱਕਿਆ! ਉਹ ਕਹਿ ਰਹੀ ਸੀ, ਆਂਟੀ ਮੰਮੀ ਨੂੰ ਪਤਾ ਨਹੀਂ ਕੀ ਹੋ ਗਿਆ! ਉਹ ਤਾਂ ਡੌਰ ਭੌਰ ਜਿਹੇ ਮੰਜੇ ਉਤੇ ਪਈ ਰੋਈ ਜਾ ਰਹੇ ਨੇ!

ਅੰਮ੍ਰਿਤਾ ਨੇ ਅਰਪਨਾ ਨੂੰ ਸਾਰੀ ਗੱਲ ਦੱਸ ਦਿੱਤੀ!

ਅੱਗੋਂ ਅਰਪਨਾ ਕਹਿ ਰਹੀ ਸੀ, ਆਂਟੀ ਮੰਮੀ ਨੂੰ ਕਹੋ ਬਲਦੇਵ ਨੂੰ ਜ਼ਰੂਰ ਸੱਦਣ! ਮੈਂ ਉਨ੍ਹਾਂ ਨੂੰ ਵੇਖਣਾ ਤੇ ਮਿਲਣਾ ਚਾਹੁੰਦੀ ਹਾਂ! ਜਿਸ ਸ਼ਖ਼ਸ ਨੂੰ ਮੇਰੀ ਮਾਂ ਨੇ ਏਨਾ ਪਿਆਰ ਕੀਤਾ, ਮੈਂ ਉਹਦੇ ਨਾਲ ਰੱਜ ਕੇ ਗੱਲਾਂ ਕਰਨਾ ਚਾਹੁੰਦੀ ਹਾਂ!

ਬਾਅਦ 'ਚ ਇਕ ਇੰਟਰਵਿਊ 'ਚ ਅਰਪਨਾ ਨੇ ਕੁਝ ਇੰਜ ਵੀ ਆਖਿਆ ਸੀ ਕਿ ਕਾਸ਼ ਮੈਂ ਆਪਣੀ ਮਾਂ ਤੇ ਬਲਦੇਵ ਦੀ ਸਾਂਝੀ ਧੀ ਹੁੰਦੀ! ਜਦੋਂ ਅਸੀਂ ਅਜੀਤ ਕੌਰ ਦੇ ਘਰ ਪਹੁੰਚੇ ਪਾਰਟੀ ਚੱਲ ਰਹੀ ਸੀ! ਉਹਦੇ ਦਿਲ ਵਾਂਗ ਉਹਦਾ ਘਰ ਵੀ ਖੁੱਲ੍ਹਾ ਡੁਲਾ ਸੀ! ਪਤਾ ਸੀ ਬਲਦੇਵ ਨੇ ਨਹੀਂ ਆ ਸਕਣਾ ਤੇ ਉਹ ਆਇਆ ਵੀ ਨਹੀ ਸੀ! ਅਜੀਤ ਨੇ ਰੋਣ ਤੋਂ ਬਾਅਦ ਆਪਣੀਆਂ ਅੱਖਾਂ ਪੂੰਝ ਲਈਆਂ ਸਨ! ਉਹ ਹਰੇਕ ਨੂੰ ਹੱਸ ਹੱਸ ਮਿਲ ਰਹੀ ਸੀ! ਪਰ ਉਹਦੀਆਂ ਅੱਖਾਂ ਦੇ ਕੋਏ ਅਜੇ ਵੀ ਗਿੱਲੇ ਸਨ!

ਉਹ ਅੰਮ੍ਰਿਤਾ ਨੇ ਚੁੰਮ ਕੇ ਪੂੰਝੇ, ਕਈ ਵਾਰ ਉਡੀਕਾਂ ਵੀ ਹਾਰ ਜਾਂਦੀਆਂ ਹਨ! ਅੰਮ੍ਰਿਤਾ ਨੇ ਅਜੀਤ ਨੂੰ ਜ਼ੋਰ ਦੀ ਘੁੱਟਦਿਆਂ ਦਿਲਾਸਾ ਦਿਤਾ! ਇਹੋ ਜਿਹੇ ਵੇਲਿਆਂ 'ਚ ਬਸ ਦਿਲ ਹੀ ਤਕੜਾ ਕਰਨਾ ਪੈਂਦਾ ਹੈ ਹੋਰ ਕੋਈ ਚਾਰਾ ਨਹੀਂ ਹੁੰਦਾ!

ਮੈਂ ਕਹਿ ਸਕਦਾ ਹਾਂ ਕਿ ਉਸ ਫੰਕਸ਼ਨ ਵਿਚ ਮੈਂ ਅੰਮ੍ਰਿਤਾ ਨੂੰ ਕਈ ਕੋਨਿਆਂ ਤੋਂ ਵੇਖਿਆ ਤੇ ਪਛਾਣਿਆ! ਉਹ ਸਭ ਕੁਝ ਹੀ ਸੀ ਪੰਜਾਬੀ ਦੀ ਅਲੰਬਰਦਾਰ, ਸ਼ਾਨਾਮੱਤੀ ਲੇਖਕਾ, ਉੱਥੇ ਹਾਜ਼ਰ ਅਜੀਤ ਕੌਰ ਦੇ ਦਰਦ ਦੇ ਭਾਈਵਾਲ ਤੇ ਪੰਜਾਬੀ ਦੇ ਨਵੇਂ ਲੇਖਕਾਂ ਦੀ ਆਵਾਜ਼!

ਨਜ਼ਮਾਂ ਦਾ ਦੌਰ ਚੱਲ ਰਿਹਾ ਸੀ! ਮੁਨੀਰ, ਅੰਮ੍ਰਿਤਾ ਤੇ ਮੈਂ ਇਕ ਸੋਫੇ ਉਤੇ ਬੈਠੇ ਸਾਂ! ਅੰਮ੍ਰਿਤਾ ਨੇ ਆਪਣੀ ਇਕ ਸਹੇਲੀ 'ਤੋਚੀ 'ਨੂੰ ਸ਼ਿਵ ਦਾ ਗੀਤ, ਮਾਏਂ ਨੀਂ ਮਾਏਂ', ਗਾਉਣ ਲਈ ਕਿਹਾ! ਉਹਨੇ ਇਸ ਗੀਤ ਨੂੰ ਬੜਾ ਹੀ ਵਧੀਆ, ਹਰਮੋਨੀਅਮ ਉਤੇ ਗਾਇਆ। ਤੋਚੀ ਜਿਹੜੀ ਵੀ ਸਤਰ ਗਾ ਲੈਂਦੀ ਸੀ, ਅੰਮ੍ਰਿਤਾ ਉਸੇ ਸਤਰ ਨੂੰ ਹੌਲੀ -ਹੌਲੀ ਬੋਲ ਕੇ ਮੁਨੀਰ ਨੂੰ ਸੁਣਾਉਂਦੀ ਸੀ, ਤਾਂ ਕਿ ਪੂਰੀ ਨਜ਼ਮ ਉਹਦੇ ਪੱਲੇ ਪੈ ਜਾਵੇ! ਪਰ ਇਕ ਸਤਰ ਉਤੇ ਮੈਂ ਹੈਰਾਨ ਰਹਿ ਗਿਆ! ਅੰਮ੍ਰਿਤਾ ਮੁਨੀਰ ਨੂੰ ਇੰਜ ਸੁਣਾ ਰਹੀ ਸੀ!

'ਬਿਰਹਾ ਦਾ ਇਕ ਪਲੰਗ ਨਵਾਰੀ ਚਾਨਣੀਆਂ ਵਿਚ ਡਾਹਿਆ! ਤਨ ਦੀ ਚਾਦਰ 'ਹੋਰ' ਵੀ ਮੈਲੀ 'ਜਦ ਪੈਰ ਜੁ ਪਲੰਘੇ ਪਾਇਆ'!

ਮੈਂ ਲਾਗੇ ਬੈਠੇ ਹੋਣ ਕਰਕੇ ਅੰਮ੍ਰਿਤਾ ਨੂੰ ਹੁੱਝ ਜਿਹੀ ਮਾਰੀ ਜਿਸ ਦਾ ਅਰਥ ਸੁਚੇਤ ਕਰਨਾ ਸੀ ਕਿ ਤੁਸੀਂ ਗਲਤ ਪੜ੍ਹ ਰਹੇ ਜੇ! ਪਰ ਉਨ੍ਹਾਂ ਆਪਣੇ ਸੱਜੇ ਹੱਥ ਨਾਲ ਚੁਪ ਰਹਿਣ ਦਾ ਸੰਕੇਤ ਕੀਤਾ ਤੇ ਚੁਪ ਹੋ ਗਿਆ।

ਅਜੀਤ ਦੀ ਬੇਬਾਕੀ ਬਾਰੇ ਤਾਂ ਸਾਰੇ ਜਾਣਦੇ ਨੇ ਪਰ ਉਸ ਦਿਨ ਜ਼ਿਆਦਾ ਹੀ ਬੇਬਾਕ ਹੋਈ ਪਈ ਸੀ! ਉਹਦਾ ਤੁਰਨਾ



*ਅੰਮ੍ਰਿਤਾ ਪ੍ਰੀਤਮ ਨਾਲ ਲੇਖਕ ਦਲਬੀਰ ਚੇਤਨ ਦੀ ਇਕ ਪੁਰਾਣੀ ਤਸਵੀਰ।*

ਫਿਰਨਾ, ਅੰਦਾਜ਼, ਗੁਫਤਗੂ ਪਹਿਲਾਂ ਤੋਂ ਵੀ ਵੱਧ ਪਿਆਰਾ ਲਗ ਰਿਹਾ ਸੀ! ਪਰ ਨਜ਼ਮ ਤੋਂ ਪਹਿਲਾਂ ਅਜੀਤ ਬੋਲੀ ਤੁਹਾਨੂੰ ਹਰ ਚੀਜ਼ ਬੁਰਕੇ 'ਚ ਰੱਖਣ ਦੀ ਆਦਤ ਹੋ ਗਈ ਹੈ, ਨਜ਼ਮ ਨੂੰ ਤਾਂ ਖੁੱਲ੍ਹੀ ਛੱਡ ਦਿਆ ਕਰੋ!

ਕੀ ਕਰੀਏ ਅਜੀਤ, ਜਨਮ ਹੀ ਬੁਰਕੇ ਵਾਲੀ ਨੇ ਦਿੱਤਾ ਹੈ! ਮੁਨੀਰ ਨੇ ਹੱਸ ਕੇ ਕਿਹਾ ਤੇ ਨਜ਼ਮ ਪੜ੍ਹਨੀ ਸ਼ੁਰੂ ਕਰ ਦਿੱਤੀ!

ਨਜ਼ਮ ਦਾ ਵਿਸ਼ਾ ਹੀ ਕੁਝ ਅਜਿਹਾ ਸੀ ਕਿ ਅਜੀਤ ਹੱਸ ਕੇ ਕਹਿਣ ਲੱਗੀ, ਉਧਰਲਾ ਪੰਜਾਬ ਤਾਂ ਮੁਹੱਬਤ ਕਰਨ ਵਾਲਿਆਂ ਦੀ ਧਰਤੀ ਸੀ! ਤੁਸੀਂ ਹੌਲੇ-ਹੌਲੇ ਇਹਨੂੰ ਗੁੰਡਿਆਂ ਦੇ ਹਵਾਲੇ ਕਰੀ ਜਾ ਰਹੇ ਹੋ! ਸ਼ਾਇਦ ਅਜੀਤ ਦਾ ਸੰਕੇਤ ਚੱਲ ਰਹੇ ਫੌਜੀ ਰਾਜ ਬਾਰੇ ਸੀ!

ਮੈਂ ਸੋਚ ਰਿਹਾ ਸੀ ਦੁਨੀਆ ਉਤੇ ਸਾਰੀਆਂ ਹੀ ਧਰਤੀਆਂ ਦੇ ਲੋਕ ਪਿਆਰ ਕਰਨ ਵਾਲੇ ਹੁੰਦੇ ਹਨ ਤੇ ਸਾਰੀਆਂ ਹਕੂਮਤਾਂ ਨਫ਼ਰਤ ਦੀਆਂ ਭਾਗੀਦਾਰ ਹਨ! ਇੰਜ ਲੱਗਦਾ ਜਿਵੇਂ ਹਕੂਮਤਾਂ ਨੂੰ ਪਿਆਰ ਰਾਸ ਨਹੀਂ ਆਉਂਦਾ!

ਅੰਮ੍ਰਿਤਾ ਵਾਰ-ਵਾਰ ਪੰਜਾਬੀ ਲੇਖਕਾਂ ਦੇ ਨਾਂ ਦੱਸ ਰਹੀ ਸੀ! ਜਿੰਨਾ ਚਿਰ ਦਿੱਲੀ 'ਚ ਰਹੇ ਇਨ੍ਹਾਂ ਲੇਖਕਾਂ ਨੂੰ ਜ਼ਰੂਰ ਪੜ੍ਹਿਓ! ਜੇ ਗੁਰਮੁਖੀ ਨਹੀਂ ਆਉਂਦੀ ਤਾਂ ਅਜੀਤ ਦੀ ਮਦਦ ਲਓ! ਉਹ ਤੁਹਾਨੂੰ ਪੜ੍ਹ ਕੇ ਸੁਣਾ ਦੇਵੇਗੀ! ਸ਼ਿਵ ਨੂੰ ਜ਼ਰੂਰ ਪੜ੍ਹਿਓ ਤੇ ਹਾਂ ਤੁਸੀਂ ਦੇਸ਼ਾਂ ਵਿਚ ਫੈਲ ਰਹੀ ਨਫ਼ਰਤ ਦੀ ਗੱਲ ਕਰ ਰਹੇ ਸੀ! ਇਸ ਲਈ 'ਜਸਬੀਰ ਭੁੱਲਰ' ਦਾ ਨਾਵਲ 'ਨੋ ਮੈਨਜ਼ ਲੈਂਡ' ਵੀ ਪੜ੍ਹਿਓ!

ਪੋਹ ਦਾ ਮਹੀਨਾ ਸੀ! ਕੜਕਵੀਂ ਠੰਢ, ਅੱਧੀ ਕੁ ਰਾਤ ਨੂੰ ਅਸੀਂ ਵਾਪਸ ਪਰਤੇ! ਕਾਰ ਇਮਰੋਜ਼ ਚਲਾ ਰਿਹਾ ਸੀ! ਮੈਂ ਅੰਮ੍ਰਿਤਾ ਨੂੰ ਪੁੱਛਿਆ! ਤੁਸਾਂ ਮੈਨੂੰ ਸ਼ਿਵ ਵਾਲੀ ਸਤਰ ਉਤੇ ਚੁੱਪ ਰਹਿਣ ਦਾ ਸੰਕੇਤ ਕੀਤਾ ਸੀ! ਜਦੋਂ ਕਿ ਤੁਸੀਂ ਉਸਦੀ ਸਤਰ ਗਲਤ ਪੜ੍ਹ ਰਹੇ ਸੀ! ਤਾਂ ਮੈਨੂੰ ਵੀ ਪਤਾ, ਪਰ ਸ਼ਿਵ ਦੀ ਇਹ ਸਤਰ ਮੈਨੂੰ ਕਦੇ ਹਜ਼ਮ ਨਹੀਂ ਹੋਈ! ਉਹ ਮੁਹੱਬਤ ਬਾਰੇ ਰੌਲਾ ਤਾਂ ਬਹੁਤ ਪਾਉਂਦਾ ਰਿਹਾ? ਪਰ ਮੈਨੂੰ ਲਗਦਾ ਜਿਵੇਂ ਉਸ ਨੇ ਨਾ ਮੁਹੱਬਤ ਨੂੰ ਸਹੀ ਤਰ੍ਹਾਂ ਸਮਝਿਆ ਤੇ ਨਾ ਹੀ ਇਮਾਨਦਾਰੀ ਨਾਲ ਕਿਸੇ ਨੂੰ ਮੁਹੱਬਤ ਕੀਤੀ? ਮੈਨੂੰ ਹਮੇਸ਼ਾ ਲੱਗਦਾ ਕਿ ਜਦੋਂ ਮਹਿਬੂਬ ਪੈਰ ਪਲੰਘੇ ਪਾਵੇ ਤਾਂ ਤਨ ਦੀ ਚਾਦਰ ਮੈਲੀ ਨਹੀਂ ਹੁੰਦੀ! ਸਗੋਂ ਹੋਰ ਵੀ ਮੌਲਦੀ ਹੈ! ਮੇਰਾ ਤਾਂ ਜੀਅ ਕਰਦਾ ਸੀ ਕਿ ਇਸ ਸਤਰ ਨੂੰ ਸ਼ਬਦ ਜੋੜ ਦੀ ਗਲਤੀ ਮਿੱਥ ਕੇ ਤਨ ਦੀ ਚਾਦਰ ਹੋ ਮੈਲੀ ਦੀ ਥਾਂ 'ਤਨ' ਦੀ ਚਾਦਰ ਹੋਰ ਵੀ ਮੌਲੀ ਹੋ ਗਈ ਲਿਖ ਦੇਵਾਂ।

ਮੈਂ ਸੋਚਣ ਲਗ ਪਿਆ ਅੰਮ੍ਰਿਤਾ ਤੇ ਇਮਰੋਜ਼ ਕਿੰਨਾ ਇਕੋ ਜਿਹੇ ਹਨ! ਇਮਰੋਜ਼ ਵੀ ਕਹਿੰਦਾ ਹੁੰਦਾ ਕਿ ਜੇ ਕਿਸੇ ਕਿਤਾਬ ਦਾ ਟਾਈਟਲ ਉਹਨੂੰ ਪਸੰਦ ਨਾ ਆਵੇ ਤਾਂ ਉਹ ਨਵਾਂ ਟਾਈਟਲ ਬਣਾ ਕੇ ਉਸ ਉਤੇ ਚੜ੍ਹਾ ਦੇਂਦਾ। ਸਮਝ ਆ ਰਹੀ ਸੀ ਕਿ ਕਿਉਂ ਅੰਮ੍ਰਿਤਾ ਮੇਰੀ ਕਹਾਣੀ ਨੂੰ 'ਟੱਚ ਅੱਪ' ਕਰਨਾ ਚਾਹੁੰਦੀ ਸੀ! ਕਿਉਂ ਉਹ ਸ਼ਿਵ ਦੀ ਸਤਰ ਨੂੰ ਦਰੁਸਤ ਕਰ ਦੇਣਾ ਚਾਹੁੰਦੀ ਹੈ? ਤੇ ਕਿਉਂ ਇਮਰੋਜ਼ ਟਾਈਟਲ ਨੂੰ ਬਦਲ ਦੇਣ ਤੱਕ ਚਲਾ ਜਾਂਦਾ ਹੈ!

'ਨਾਗਮਣੀ 'ਚ ਛਪਣ ਦੀ ਦੋਹਰੀ ਖ਼ੁਸ਼ੀ ਹੁੰਦੀ ਸੀ! ਇਕ ਛਪਣ ਦੀ ਤੇ ਇਸ ਤੋਂ ਵੀ ਪਹਿਲਾਂ ਅੰਮ੍ਰਿਤਾ ਵਲੋਂ ਛਪਣ ਦੀ ਸਹਿਮਤੀ ਬਾਰੇ ਲਿਖਦਿਆਂ, ਉਸ ਕਹਾਣੀ ਬਾਰੇ ਕਹੀ, ਇਕ ਅੱਧੀ ਸਤਰ ਦੀ!

ਕਈ ਸੰਪਾਦਕ ਕਹਾਣੀ ਬਾਰੇ ਸਫਿਆਂ ਦੇ ਸਫੇ ਲਿਖ ਦੇਂਦੇ ਹਨ! ਪਰ ਉਹ ਲਿਖਿਆ ਕਦੇ ਵੀ ਜ਼ਿਕਰਯੋਗ ਨਹੀਂ ਹੁੰਦਾ! ਅੰਮ੍ਰਿਤਾ ਦੀਆਂ ਕਹੀਆਂ ਕੁਝ ਸਤਰਾਂ ਵੀ ਜ਼ਿਕਰਯੋਗ ਹੀ ਨਹੀਂ ਸਗੋਂ ਸਾਂਭਣਯੋਗ ਵੀ ਬਣ ਜਾਂਦੀਆਂ ਹਨ!

ਮੈਂ ਪਿੰਡ ਛੱਡ ਕੇ ਅੰਮ੍ਰਿਤਸਰ ਆ ਵੱਸਿਆ ਸਾਂ! ਇਥੇ ਘਰ ਬਣਾਉਣ ਤੋਂ ਬਾਅਦ ਇਕ ਕਹਾਣੀ ਲਿਖੀ ਤੇ 'ਨਾਗਮਣੀ' ਨੂੰ ਭੇਜਦਿਆਂ ਇਹ ਵੀ ਲਿਖ ਦਿੱਤਾ ਕਿ ਨਵੇਂ ਘਰ ਵਿਚ ਬਹਿ ਕੇ ਲਿਖੀ ਪਹਿਲੀ ਕਹਾਣੀ ਭੇਜ ਰਿਹਾ ਹਾਂ!

ਅੰਮ੍ਰਿਤਾ ਨੇ ਜਵਾਬ ਦਿਤਾ! ਕਿਹਾ 'ਨਵੇਂ ਜਾਵੀਏ ਦੀ ਕਹਾਣੀ ਮੁਬਾਰਕ'!

ਮੇਰਾ ਜਾਣੂੰ ਇਕ ਨਵਾਂ ਲੇਖਕ ਮੇਰੇ ਜ਼ਿਕਰ ਨਾਲ ਅੰਮ੍ਰਿਤਾ ਨੂੰ ਕਹਾਣੀਆਂ ਭੇਜਦਾ ਰਿਹਾ! ਅੰਮ੍ਰਿਤਾ ਨੇ ਉਸ ਨੂੰ ਖ਼ਤ ਲਿਖਿਆ, ਤੇਰੀਆਂ ਕਹਾਣੀਆਂ ਵਿਚ ਸੰਭਾਵਨਾਵਾਂ ਹਨ, ਜਦ ਵੀ ਕੋਈ ਕਹਾਣੀ ਚੰਗੀ ਲੱਗੀ ਜ਼ਰੂਰ ਛਾਪਾਂਗੀ! ਤੇ ਉਹ ਕਹਾਣੀ ਕਿਸੇ ਜ਼ਿਕਰ ਦੀ ਮੁਥਾਜ ਨਹੀਂ ਹੋਵੇਗੀ!

ਸਾਡੇ ਪਿੰਡ ਦੇ ਲਾਗਲੇ ਪਿਡੋਂ ਇਕ ਅਧਿਆਪਕਾ ਬਲਵਿੰਦਰ ਮੇਰੇ ਪਿਡ ਦੇ ਹਾਈ ਸਕੂਲ ਵਿਚ ਪੜ੍ਹਾਉਣ ਆਉਂਦੀ, ਸੀ! ਤਾਂ ਉਹ ਮੈਥ ਟੀਚਰ ਪਰ ਉਹਦੀ ਸਾਹਿਤ ਵਿਚ ਬੜੀ ਦਿਲਚਸਪੀ ਸੀ! ਇਸ ਨਾਤੇ ਉਸਦਾ ਮੇਰੇ ਘਰ ਆਉਣ-ਜਾਣ ਹੋ ਗਿਆ! ਇਕ ਦਿਨ ਅਸੀਂ ਬੈਠੇ ਗੱਲਾਂ ਕਰ ਰਹੇ ਸਾਂ! ਤਾਂ ਮੈਂ ਉਹਨੂੰ ਦੱਸਿਆ! ਮੈਂ ਕੱਲ੍ਹ ਦਿਲੀ ਜਾ ਰਿਹਾ ਹਾਂ!

ਫੇਰ ਤਾਂ ਅੰਮ੍ਰਿਤਾ ਨੂੰ ਮਿਲ ਕੇ ਆਉਗੇ! ਉਹਨੇ ਉਤਾਵਲੀ ਹੋ ਕੇ ਪੁੱਛਿਆ! ਮੈਂ ਕਿਹਾ ਅੰਮ੍ਰਿਤਾ ਨੂੰ ਮਿਲੇ ਬਗੈਰ ਦਿੱਲੀ ਵੀ ਕਾਹਦੀ ਦਿੱਲੀ!

ਗੱਲਾਂ ਚੱਲ ਹੀ ਰਹੀਆਂ ਸਨ ਕਿ ਡਾਕੀਆ ਡਾਕ ਦੇ ਗਿਆ 'ਡਾਕ ਵਿਚ ਇਕ ਚਿੱਠੀ ਅੰਮ੍ਰਿਤਾ ਦੀ ਵੀ ਸੀ! ਕੁਝ ਚਿਰ ਪਹਿਲਾਂ ਨਾਗਮਣੀ 'ਚ ਛਪੇ ਮੇਰੇ ਲੇਖ 'ਮੈਂ ਤੇ ਮੈਂ' ਵਿਚ ਇਕ ਮੋਈ ਕੁੜੀ ਦਾ ਜ਼ਿਕਰ ਸੀ! ਅੰਮ੍ਰਿਤਾ ਨੇ ਚਿੱਠੀ 'ਚ ਲਿਖਿਆ ਸੀ ਕੇ ਮੈਂ ਉਸ 'ਮੋਈ 'ਕੁੜੀ ਦੇ ਨਾਂ ਇਕ ਜਿਓਂਦਾ ਖ਼ਤ ਲਿਖ ਕੇ ਭੇਜਾਂ! ਉਨ੍ਹਾਂ ਨੂੰ ਇਹ ਖ਼ਤ ਨਾਗਮਣੀ ਦੇ ਵਿਸ਼ੇਸ਼ ਅੰਕ ਕਾਲੇ ਤਿਲਿਅਰ ਲਈ ਚਾਹੀਦਾ ਸੀ!

ਉਸ ਅਧਿਆਪਕਾ ਨੇ ਮੇਰੇ ਹੱਥੋਂ ਫੜ ਕੇ ਅੰਮ੍ਰਿਤਾ ਦੀ ਚਿੱਠੀ ਪੜ੍ਹ ਲਈ! ਤੇ ਮੈਨੂੰ ਕਹਿਣ ਲਗੀ! ਮੈਂ ਅੰਮ੍ਰਿਤਾ ਜੀ ਨੂੰ ਬਹੁਤ ਖ਼ਤ ਲਿਖੇ! ਪਰ ਉਨ੍ਹਾਂ ਕਦੇ ਜਵਾਬ ਨਹੀਂ ਦਿੱਤਾ! ਮੇਰੀ ਬੜੀ ਰੀਝ ਹੈ ਕਿਤੇ ਮੇਰੇ ਖ਼ਤ ਦਾ ਜਵਾਬ ਵੀ ਦੇਣ! ਤੇ ਫੇਰ ਉਹ ਮੇਰੇ ਨਾਂ ਅੰਮ੍ਰਿਤਾ ਵਲੋਂ ਆਈ ਚਿੱਠੀ, ਪਰਸ ਵਿਚ ਪਾਉਂਦੀ ਬੋਲੀ, ਅੱਜ ਤੋਂ ਤੁਹਾਡਾ ਇਹ ਖ਼ਤ ਮੇਰੇ ਕੋਲ ਗਿਰਵੀ ਸਮਝੋ! ਜੇ ਇਸ ਨੂੰ ਛੁਡਵਾਉਣਾ ਚਾਹੁੰਦੇ ਹੋ ਤਾਂ ਅੰਮ੍ਰਿਤਾ ਜੀ ਨੂੰ ਕਹਿਣਾ ਮੇਰੇ ਖ਼ਤ ਦਾ ਜੁਵਾਬ ਜ਼ਰੂਰ ਦੇਣ! ਤੇ ਉਹਨੇ ਉੱਥੇ ਬੈਠੀ ਨੇ ਹੀ ਇਕ ਖ਼ਤ ਲਿਖਿਆ ਤੇ ਉਸਨੂੰ ਮੈਂ ਅੰਮ੍ਰਿਤਾ ਜੀ ਨੂੰ ਜਾ ਦਿੱਤਾ! ਤੇ ਗਹਿਣੇ ਪਏ ਖ਼ਤ ਵਾਲੀ ਸਾਰੀ ਕਹਾਣੀ ਵੀ ਸੁਣਾ ਦਿੱਤੀ।

# ਏਕ ਸ਼ਾਮ ਦੋਸਤੋਂ ਕੇ ਨਾਮ !

ਇੱਕ ਛੋਟਾ ਜਿਹਾ 'ਗੈੱਟ ਟੁਗੈਦਰ' ਬੀਤੇ ਦਿਨੀਂ ਹੋਇਆ ਜਿਸ ਵਿਚ ਲੰਮਾ ਸਮਾਂ ਬਰੈਂਪਟਨ ਦੇ ਪੰਜਾਬੀ ਅਖ਼ਬਾਰ 'ਖ਼ਬਰਨਾਮਾ ਵੀਕਲੀ' ਦੇ ਸੰਪਾਦਕ ਰਹੇ ਬਲਰਾਜ ਦਿਉਲ, ਪੰਜਾਬੀ ਟ੍ਰਿਬਿਊਨ ਨਾਲ ਕੰਮ ਕਰ ਚੁੱਕੇ ਪੱਤਰਕਾਰ ਗੁਰਦਿਆਲ ਬੱਲ, ਲੇਖਕ ਚਿੰਤਕ ਡਾ. ਨਾਹਰ ਸਿੰਘ, ਵਿਦਵਾਨ ਬਲਦੇਵ ਦੂਹਰੇ ਅਤੇ ਦਾਸ ਨੇ ਹਾਜ਼ਰੀ ਭਰੀ।

ਪਿਛਲੇ 45 ਸਾਲ ਤੋਂ ਕੈਨੇਡਾ ਵਿਚ ਰਹਿ ਰਹੇ ਬਲਰਾਜ ਦਿਉਲ ਨੇ ਇਸ ਸਮੇਂ ਦੌਰਾਨ ਕੈਨੇਡਾ ਵਿਚ ਆਈਆਂ ਤਬਦੀਲੀਆਂ ਬਾਰੇ ਜ਼ਿਕਰ ਕੀਤਾ। ਉਨ੍ਹਾਂ ਅਨੁਸਾਰ ਕੈਨੇਡਾ ਵਿਚ ਵੱਡੀ ਗਿਣਤੀ 'ਚ ਇੰਮੀਗਰੈਂਟਾਂ ਦੇ ਆਉਣ ਨਾਲ ਇੱਥੋਂ ਦਾ ਮਾਹੌਲ ਪਹਿਲਾਂ ਵਰਗਾ ਸ਼ਾਂਤ 'ਤੇ ਸੁਰੱਖਿਅਤ ਨਹੀਂ ਰਿਹਾ। ਇਹ ਬਦਲਾਉ ਮੈਂ ਵੀ ਆਪਣੀ 20 ਕੁ ਸਾਲ ਦੀ ਰਿਹਾਇਸ਼ ਦੌਰਾਨ ਮਹਿਸੂਸ ਕੀਤਾ ਹੈ ਕਿਉਂਕਿ ਆਪਣੇ ਬਹੁਤੇ ਦੇਸੀ ਆਪਣੀਆਂ ਬੁਰੀਆਂ ਆਦਤਾਂ ਨਾਲ ਹੀ ਲਿਆ ਕੇ ਇੱਥੋਂ ਦੇ ਸੁਥਰੇ ਮਾਹੌਲ ਨੂੰ ਦੂਸ਼ਤ ਕਰ ਦਿੰਦੇ ਹਨ।



ਡਾ. ਨਾਹਰ ਸਿੰਘ ਸਿੱਖ ਧਰਮ ਅਤੇ ਲੋਕਾਈ ਨੂੰ ਗੁਰੂਆਂ ਦੀ ਅਧਿਆਤਮਕ ਦੇਣ ਬਾਰੇ ਡੂੰਘੀ ਜਾਣਕਾਰੀ ਰੱਖਦੇ ਹਨ ਜੋ ਉਨ੍ਹਾਂ ਸਭ ਨਾਲ ਸਾਂਝੀ ਕੀਤੀ। ਗੁਰਦਿਆਲ ਬੱਲ ਇਹ ਸਾਰਾ ਗੂੜ੍ਹ ਗਿਆਨ ਵੋਦਕਾ ਦੀਆਂ ਚੁਸਕੀਆਂ ਨਾਲ ਜਜ਼ਬ ਕਰਦੇ ਰਹੇ। ਬਾਅਦ ਵਿਚ ਜ਼ਰਾ ਕੁ ਸਰੂਰ ਆ ਜਾਣ 'ਤੇ ਉਨ੍ਹਾਂ ਨੇ ਆਪਣੇ ਥੈਲੇ ਵਿਚੋਂ ਕਾਮਰੇਡ ਸੋਹਣ ਸਿੰਘ ਜੋਸ਼ਦੀ ਸਵੈ-ਜੀਵਨੀ 'ਧਰਮ ਨਿਰਪੱਖਤਾ ਨਾਲ ਮੇਰਾ ਇਸ਼ਕ' ਕੱਢੀ ਅਤੇ ਸਾਨੂੰ ਸਾਰਿਆਂ ਨੂੰ ਇਹ ਪੁਸਤਕ ਖ਼ੁਦ ਪੜ੍ਹਨ ਤੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੀ ਜ਼ੋਰ ਨਾਲ ਸਿਫਾਰਸ਼ ਕੀਤੀ।

ਦੂਹਰੇ ਸਾਹਿਬ ਸ਼ਰਾਬ ਤੋਂ ਪਰਹੇਜ਼ ਕਰਦੇ ਹਨ ਇਸ ਲਈ ਉਹ ਚੁਪਚਾਪ ਇਸ ਵਾਰਤਾਲਾਪ ਦਾ ਜਾਇਜ਼ਾ ਲੈਂਦੇ ਹੋਏ ਇਹ ਸੋਚ ਹੈਰਾਨ ਹੁੰਦੇ ਰਹੇ ਕਿ ਕੁਨੈਨ ਵਰਗੇ ਕੌੜੇ ਡਰਿੰਕ ਨਾਲ ਇਨ੍ਹਾਂ ਨੂੰ ਕੀ ਹਾਸਲ ਹੋ ਰਿਹਾ ਹੈ। ਖ਼ੈਰ ਦੋ ਕੁ ਘੰਟੇ ਦੀ ਇਹ ਮਹਿਫਿਲ ਦੁਬਾਰਾ ਕਦੇ ਫੇਰ ਮਿਲ ਬੈਠਣ ਦੇ ਵਾਇਦੇ ਨਾਲ ਬਰਖ਼ਾਸਤ ਹੋ ਗਈ।

**-ਹਰਜੀਤ ਦਿਓਲ**

# 'ਨਾਰਥ ਅਮੈਰਿਕਾ ਹਰਖੋਵਾਲ ਕਬੱਡੀ ਕਲੱਬ' ਨੇ ਜਿੱਤਿਆ ਸ਼ਿਕਾਗੋ ਕਬੱਡੀ ਕੱਪ

## ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਵਲੋਂ ਕਰਵਾਏ ਮੇਲੇ ਵਿਚ ਹਰਜੀਤ ਹਰਮਨ ਤੇ ਵੀਤ ਬਲਜੀਤ ਨੇ ਬੰਨ੍ਹਿਆ ਰੰਗ

**ਸ਼ਿਕਾਗੋ (ਬਿਊਰੋ):** ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਵਲੋਂ ਪਹਿਲੀ ਸਤੰਬਰ ਨੂੰ ਐਲਕ ਗਰੋਵ ਵਿਲੇਜ ਦੇ ਬੱਸੀ ਵੁੱਡ ਫਾਰੈਸਟ ਵਿਖੇ ਕਰਵਾਏ ਗਏ ਸਾਲਾਨਾ ਕਬੱਡੀ ਕੱਪ ਤੇ ਸਭਿਆਚਾਰਕ ਮੇਲੇ ਵਿਚ ਜਿੱਥੇ ਕਬੱਡੀ ਤੇ ਵਾਲੀਬਾਲ ਦੇ ਖਿਡਾਰੀਆਂ ਨੇ ਉਮਦਾ ਖੇਡ ਦਿਖਾਈ, ਉਥੇ ਸਦਾਬਹਾਰ ਗਾਇਕ ਹਰਜੀਤ ਹਰਮਨ ਨੇ ਸਭਿਆਚਾਰਕ ਗੀਤ ਪੇਸ਼ ਕਰ ਕੇ ਮੇਲੇ ਨੂੰ ਵੱਖਰਾ ਹੀ ਰੰਗ ਚਾੜ੍ਹ ਦਿੱਤਾ। ਦੁਪਹਿਰ ਤੱਕ ਲੋਕ ਆਮ ਨਾਲੋਂ ਘੱਟ ਸਨ, ਪਰ ਮੇਲਾ ਫਿਰ ਇਕ ਦਮ ਭਰਨਾ ਸ਼ੁਰੂ ਹੋ ਗਿਆ। ਮੇਲੇ ਵਿਚ ਰੌਣਕਾਂ ਲੱਗੀਆਂ ਵੇਖ ਕੇ ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ ਖਾਲਸਾ ਅਤੇ ਹੋਰ ਕਲੱਬ ਮੈਂਬਰ ਬਾਗੋ ਬਾਗ ਨਜ਼ਰ ਆਏ। ਉਹ ਖਿੜੇ ਮੱਥੇ ਸਭ ਨੂੰ ਜੀ ਆਇਆਂ ਆਖਦੇ ਸਹਿਯੋਗੀਆਂ ਤੇ ਸਪਾਂਸਰਾਂ ਦਾ ਧੰਨਵਾਦ ਕਰ ਰਹੇ ਸਨ। ਸ਼ਿਕਾਗੋ ਦੀਆਂ ਨੇੜਲੀਆਂ ਸਟੇਟਾਂ-ਇੰਡੀਆਨਾ, ਮਿਸ਼ੀਗਨ, ਵਿਸਕਾਨਸਿਨ, ਓਹਾਇਓ ਤੋਂ ਇਲਾਵਾ ਕੈਨੇਡਾ ਤੋਂ ਵੀ ਦਰਸ਼ਕ ਪੁਜੇ ਹੋਏ ਸਨ। ਮੇਲਾ ਬਹੁਤ ਭਰਵਾਂ ਰਿਹਾ ਅਤੇ ਸ਼ਾਂਤੀਪੂਰਵਕ ਮਾਹੌਲ ਵਿਚ ਦਰਸ਼ਕਾਂ ਨੇ ਮੇਲੇ ਦਾ ਭਰਪੂਰ ਆਨੰਦ ਮਾਣਿਆ। ਮੇਲਾ ਹਰ ਪੱਖੋਂ ਸਫ਼ਲ ਕਿਹਾ ਜਾ ਸਕਦਾ ਹੈ।

ਮੇਲੇ ਦਾ ਆਗਾਜ਼ ਗੁਰਦੁਆਰਾ ਪੈਲਾਟਾਈਨ ਦੇ ਗ੍ਰੰਥੀ ਸਿੰਘ ਭਾਈ ਵੀਰ ਸਿੰਘ ਨੇ ਅਰਦਾਸ ਕਰਕੇ ਕੀਤਾ। ਇਸ ਕਬੱਡੀ ਟੂਰਨਾਮੈਂਟ ਵਿਚ ਕੁਲ ਚਾਰ ਟੀਮਾਂ- ਨਾਰਥ ਅਮੈਰਿਕਾ ਹਰਖੋਵਾਲ ਕਬੱਡੀ ਕੱਲਬ, ਸ਼ੇਰੇ ਪੰਜਾਬ ਮਿਡਵੈਸਟ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ ਟਰਾਈ ਸਟੇਟ ਅਤੇ ਪਹਿਲੀ ਵਾਰ ਬਣੀ ਬਾਬਾ ਸੰਘ ਜੀ ਸਪੋਰਟਸ ਕਲੱਬ ਨੇ ਹਿੱਸਾ ਲਿਆ।

ਪਹਿਲੇ ਮੁਕਾਬਲੇ ਵਿਚ ਨਾਰਥ ਅਮੈਰਿਕਾ ਹਰਖੋਵਾਲ ਕਬੱਡੀ ਕਲੱਬ 32 ਅੰਕ ਲੈ ਕੇ ਪਹਿਲੇ ਅਤੇ ਸ਼ੇਰੇ ਪੰਜਾਬ ਮਿਡਵੈਸਟ ਸ਼ਿਕਾਗੋ 23 ਅੰਕ ਲੈ ਕੇ ਦੂਸਰੇ ਸਥਾਨ 'ਤੇ ਰਹੇ।

ਦੂਜਾ ਮੈਚ ਬਾਬਾ ਸੰਘ ਜੀ ਕਬੱਡੀ ਕਲੱਬ ਅਤੇ ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ ਦਰਮਿਆਨ ਹੋਇਆ। ਇਸ ਮੈਚ ਵਿਚ ਰਵੀ, ਮਨੀ ਬਦੋਵਾਲੀਆ, ਬਾਨਾ, ਕੰਗ, ਲੱਖਾ, ਕਰਮਜੀਤ, ਹੈਪੀ, ਦੁਲੋਵਾਲੀਆ ਨੇ ਆਪੋ-ਆਪਣੀਆਂ ਟੀਮਾਂ ਲਈ ਵਧੀਆ ਪ੍ਰਦਰਸ਼ਨ ਕੀਤਾ। ਇੰਦਰਜੀਤ ਤੇ ਕਰਮਜੀਤ ਦੀ ਚੰਗੀ ਟੱਕਰ ਹੋਈ। ਬਾਬਾ ਸੰਘ ਜੀ ਕਬੱਡੀ ਕਲੱਬ ਨੇ ਪੰਜਾਬ ਸਪੋਰਟਸ ਕਲੱਬ ਨੂੰ 24 ਦੇ ਮੁਕਾਬਲੇ 36 ਅੰਕ ਲੈ ਕੇ ਇਸ ਮੈਚ ਵਿਚ ਜਿੱਤ ਹਾਸਲ ਕੀਤੀ।

ਪਹਿਲਾ ਸੈਮੀਫਾਈਨਲ ਮੈਚ ਨਾਰਥ ਅਮੈਰਿਕਾ ਹਰਖੋਵਾਲ ਤੇ ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ ਦੇ ਵਿਚਕਾਰ ਹੋਇਆ, ਜਿਸ ਵਿਚ ਬਾਨਾ ਤੇ ਤਾਜਾ ਦੇ ਚੰਗੇ ਸਿੰਗ ਫਸੇ। ਭਾਨਾ ਨੇ ਪੁਆਇੰਟ ਹਾਸਲ ਕੀਤਾ। ਗਗਨ ਨਾਗਰਾ ਤੇ ਕਰਨ ਦੇ ਭੇੜ ਵਿਚ ਨਾਗਰਾ ਨੇ ਅੰਕ ਆਪਣੇ ਹੱਕ ਵਿਚ ਹਾਸਲ ਕੀਤਾ। ਦੀਪੇ ਜੰਡੀਵਾਲਾ, ਪ੍ਰਿੰਸ, ਭੁਪਿੰਦਰ ਨੇ ਵੀ ਵਧੀਆ ਖੇਡ ਦਿਖਾਈ। ਅੰਤ ਵਿਚ ਨਾਰਥ ਅਮੈਰਿਕਾ ਹਰਖੋਵਾਲ ਨੇ 28 ਅੰਕ ਪ੍ਰਾਪਤ ਕੀਤੇ ਅਤੇ ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ ਨੇ 15 ਅੰਕ ਹਾਸਲ ਕੀਤੇ ਤੇ ਹਰ੍ਹਖੋਵਾਲ ਟੀਮ ਨੇ ਮੁਕਾਬਲਾ ਜਿੱਤ ਲਿਆ।

ਦੂਜਾ ਸੈਮੀਫਾਈਨਲ ਬਾਬਾ ਸੰਘ ਜੀ ਕਬੱਡੀ ਕਲੱਬ ਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿੱਡਵੈਸਟ ਦਰਮਿਆਨ ਹੋਇਆ। ਦੀਪਾ ਖਾਈਵਾਲਾ, ਕਰਮਜੀਤ ਤੇ ਬਾਨਾ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ। ਮੈਚ ਬਾਬਾ ਸੰਘ ਜੀ ਨੇ 29-22 ਅੰਕ ਦੇ ਫਰਕ ਨਾਲ ਜਿੱਤ ਲਿਆ।

ਫਾਈਨਲ ਮੈਚ ਬਾਬਾ ਸੰਘ ਜੀ ਕਬੱਡੀ ਕਲੱਬ ਤੇ ਨਾਰਥ ਅਮੈਰਿਕਾ ਹਰਖੋਵਾਲ ਕਬੱਡੀ ਕਲੱਬ ਦੇ ਦਰਮਿਆਨ ਹੋਇਆ। ਰੇਡਰ ਗਗਨ ਨਾਗਰਾ, ਭੁਪਿੰਦਰ, ਤਾਜਾ ਮਨੀ ਬਦੋਵਾਲੀਆ, ਦੀਪਾ ਖਾਈਵਾਲਾ, ਬਾਨਾ ਸਾਰੇ ਪੂਰਾ ਤਾਣ ਲਾ ਕੇ ਖੇਡੇ ਅਤੇ ਆਪੋ-ਆਪਣੀਆਂ ਟੀਮਾਂ ਲਈ ਚੰਗੇ ਅੰਕ ਹਾਸਲ ਕੀਤੇ। ਕਈ ਵਾਰੀ ਇਨ੍ਹਾਂ ਦੇ ਦਸਤਪੰਜੇ ਫਸੇ ਮੈਚ ਕਦੀ ਇਧਰ ਤੇ ਕਦੀ ਓਧਰ ਹੁੰਦਾ ਲਗਦਾ ਸੀ ਪਰ ਅੰਤ ਵਿਚ ਨਾਰਥ ਅਮੈਰਿਕਾ ਹਰਖੋਵਾਲ ਨੇ ਬਾਬਾ ਸੰਘ ਜੀ ਦੇ 30 ਦੇ ਮੁਕਾਬਲੇ 34 ਅੰਕ ਲੈ ਕੇ ਮੈਚ ਜਿੱਤ ਲਿਆ ਤੇ ਇਸ ਸਾਲ ਦਾ ਕਬੱਡੀ ਕੱਪ ਆਪਣੇ ਨਾਂ ਕਰ ਲਿਆ। ਗਗਨ ਨਾਗਰਾ ਬੈਸਟ ਰੇਡਰ ਚੁਣਿਆ ਗਿਆ।

ਨਾਰਥ ਅਮੈਰਿਕਾ ਹਰਖੋਵਾਲ ਕਬੱਡੀ

*(ਬਾਕੀ ਅਗਲੇ ਸਫੇ ਉਤੇ)*





















## ਤਸਵੀਰਾਂ: ਏਸ਼ੀਅਨ ਮੀਡੀਆ ਯੂ.ਐੱਸ.ਏ.















*(ਪਿਛਲੇ ਸਫੇ ਦੀ ਬਾਕੀ)*

ਕਲੱਬ ਵਲੋਂ ਸੇਠੀ ਤੇ ਰੇਡਰ ਗਗਨ ਨਾਗਰਾ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। ਜਾਫੀ ਜੀਤੇ ਨੇ ਚੰਗੇ ਜੱਫੇ ਲਾ ਕਾ ਕੇ ਚੰਗੇ ਅੰਕ ਹਾਸਲ ਕੀਤੇ। ਸ਼ੇਰੇ ਪੰਜਾਬ ਮਿੱਡਵੈਸਟ ਸ਼ਿਕਾਗੋ, ਦੇ ਰੇਡਰ ਹਰਮਨ ਤੇ ਕਾਲੇ ਦੇ ਤਾਜਾ ਤੇ ਗਰੇਵਾਲ ਨਾਲ ਕਈ ਵਾਰ ਪੰਜੇ ਫਸੇ। ਪੱਪੂ ਪੰਧੇਰ ਵਾਲਾ ਤੇ ਨੀਟਾ ਨੇ ਰੈਫਰੀ ਵਜੋਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ। ਗਰਮੀ ਵਿਚ ਉਹ ਵੀ ਖਿਡਾਰੀਆਂ ਨਾਲ ਪੂਰਾ ਜ਼ੋਰ ਲਾਉਂਦਿਆਂ ਆਪਣੀ ਡਿਊਟੀ ਨਿਭਾ ਰਹੇ ਸਨ।

ਫਾਈਨਲ ਮੈਚ ਦੌਰਾਨ ਜਿੱਥੇ ਕਬੱਡੀ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਖਿਡਾਰੀਆਂ ਦੇ ਜੱਫਿਆਂ-ਧਾਵਿਆਂ 'ਤੇ ਗੱਡੀਆਂ ਰਹੀਆਂ, ਉਥੇ ਸਟੇਜ ਦੇ ਮੂਹਰੇ ਕੁਰਸੀਆਂ ਮੱਲੀ ਬੀਬੀਆਂ ਹਰਜੀਤ ਹਰਮਨ ਦੀ ਗਾਇਕੀ ਦਾ ਅਨੰਦ ਮਾਣਨ ਲਈ ਨਜ਼ਰਾਂ ਵਿਛਾਈ ਬੈਠੀਆਂ ਰਹੀਆਂ।

ਇਸ ਟੂਰਨਾਮੈਂਟ ਦੇ ਮੁੱਖ ਮਹਿਮਾਨ ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ ਸਿੰਘ ਢੀਂਡਸਾ, ਚੇਅਰਮੈਨ ਬਲਦੇਵ ਸਿੰਘ ਸੱਲ੍ਹਾਂ, ਵਿਸ਼ੇਸ਼ ਮਹਿਮਾਨ ਜੇ ਪੀ ਖਹਿਰਾ, ਅਮਰਬੀਰ ਘੁਮਾਣ, ਹੈਰੀ ਘੁਮਾਣ, ਕੁਲਵੰਤ ਸਿੰਘ ਢਿੱਲੋਂ, ਬਿੱਲਾ ਢਿੱਲੋਂ ਅਤੇ ਡਾਇਰੈਕਟਰ ਗੁਰਿੰਦਰਜੀਤ ਸਿੰਘ ਗਰੇਵਾਲ ਸਨ। ਕਬੱਡੀ ਦਾ ਪਹਿਲਾ ਇਨਾਮ 'ਦਿ ਰੋਇਲ ਕਲੱਬ' ਵਲੋਂ ਅਤੇ ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਪਾਂਸਰ ਕੀਤੇ ਗਏ ਸਨ। ਕਬੱਡੀ ਇੰਚਾਰਜ ਵਿੱਕੀ ਸ਼ੰਮੀਪੁਰੀਆ ਅਤੇ ਅਵਤਾਰ ਸਿੰਘ ਡੱਬ ਅਤੇ ਵਾਲੀਬਾਲ ਇੰਚਾਰਜ ਟੋਨੀ ਸੰਘੇੜਾ ਅਤੇ ਹਰਜੀਤ ਬਿਲਿੰਗ ਸਨ। ਰੰਗਲਾ ਪੰਜਾਬ ਐਪਲਟਨ ਵੱਲੋਂ ਬੈਸਟ ਜਾਫੀ ਤੇ ਰੇਡਰ ਨੂੰ ਇਨਾਮ ਦੇ ਕੇ ਨਿਵਾਜਿਆ ਗਿਆ।

ਇਸ ਸਮਾਗਮ ਵਿਚ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਣ ਅਤੇ ਸਿੱਖ ਭਾਈਚਾਰੇ ਅਤੇ ਉਨ੍ਹਾਂ ਦੀਆਂ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਬਾਰੇ ਜਾਣੂ ਕਰਵਾਉਣ ਲਈ ਕਈ ਸਰਕਾਰੀ ਨੇਤਾਵਾਂ, ਸੰਸਦ ਮੈਂਬਰਾਂ ਅਤੇ ਰਾਜ ਦੇ ਮੌਜੂਦਾ ਵਿਧਾਇਕਾਂ ਨੂੰ ਵੀ ਸੱਦਾ ਦਿੱਤਾ ਗਿਆ ਸੀ। ਇਨ੍ਹਾਂ ਮਹਿਮਾਨਾਂ ਵਿਚ ਇਲੀਨੋਇ ਸਟੇਟ ਰੀਪ੍ਰੈਜ਼ੈਂਟੇਟਿਵ ਮਿਸ਼ੇਲ ਮੁਸਮੈਨ (ਜ਼ਿਲ੍ਹਾ 56), ਇਲੀਨੋਇ ਸਟੇਟ ਰੀਪ੍ਰੈਜ਼ੈਂਟੇਟਿਵ (54ਵਾਂ ਜ਼ਿਲ੍ਹਾ) ਮੈਰੀ ਬੈਥ ਕੈਂਟੀ, ਹਾਸਪਾਈਸ ਚੈਪਲੇਨ, 2021 ਤੋਂ ਅਰਲਿੰਗਟਨ ਹਾਈਟਸ ਵਿਲੇਜ ਬੋਰਡ ਟਰੱਸਟੀ, ਸਟੇਟ ਰੀਪ੍ਰੈਜ਼ੈਂਟੇਟਿਵ (ਜ਼ਿਲ੍ਹਾ 53) ਨਿਕੋਲ ਗ੍ਰਾਸ, ਕੁੱਕ ਕਾਉਂਟੀ ਕਮਿਸ਼ਨਰ ਕੇਵਿਨ ਮੌਰੀਸਨ ਅਤੇ ਬਾਫਟਾ ਅਤੇ ਐਮੀ ਨਾਮਜ਼ਦ ਨਿਰਮਾਤਾ, ਪੁਰਸਕਾਰ ਜੇਤੂ ਦਸਤਾਵੇਜ਼ੀ ਅਤੇ ਫਿਕਸ਼ਨ ਫਿਲਮਾਂ ਦੀ ਨਿਰਮਾਤਾ ਮ੍ਰਿਦੂ ਚੰਦਰਾ ਸ਼ਾਮਲ ਸਨ। ਉਹ ਇਸ ਸਮੇਂ ਸੰਯੁਕਤ ਰਾਜ ਅਮਰੀਕਾ ਦੇ ਪਹਿਲੇ ਏਸ਼ੀਅਨ ਕਾਂਗਰਸਮੈਨ - ਦਲੀਪ ਸਿੰਘ ਸੌਂਦ, ਬਾਰੇ ਇੱਕ ਦਸਤਾਵੇਜ਼ੀ ਫਿਲਮ ਬਣਾ ਰਹੀ ਹੈ। ਉਸਨੇ ਫਿਲਮ ਦੀ ਸਥਿਤੀ ਬਾਰੇ ਗੱਲ ਕੀਤੀ ਅਤੇ ਇਸ ਨੂੰ ਪੂਰਾ ਕਰਨ ਲਈ ਫੰਡਾਂ ਦੀ ਅਪੀਲ ਕੀਤੀ। ਇਨ੍ਹਾਂ ਸਾਰੇ ਮਹਿਮਾਨਾਂ ਦਾ ਸਵਾਗਤ ਸ. ਰਜਿੰਦਰ ਸਿੰਘ ਮਾਗੋ ਨੇ ਕੀਤਾ।

ਟੂਰਨਾਮੈਂਟ ਦੌਰਾਨ ਦਰਸ਼ਕਾਂ ਦੇ ਮਨੋਰੰਜਨ ਲਈ ਰੰਗਾਰੰਗ ਪ੍ਰੋਗਰਾਮ ਵੀ ਕਰਵਾਇਆ ਗਿਆ। ਜਿਸ ਦੇ ਸ਼ੁਰੂ ਵਿਚ ਗਾਇਕ ਰਾਜਬੀਰ ਨੇ 'ਵੀਰ ਮੇਰਿਆ ਵੇ ਜੁਗਨੀ ਕਹਿੰਦੀ ਹੈ, ਨਾਮ ਸਾਈਂ ਦਾ ਲੈਂਦੀ ਏ' 'ਜੱਗੇ ਜੱਟ ਦੇ ਕਬੂਤਰ ਛੀਨੇ' ਗਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਗੀਤਕਾਰ ਗਾਇਕ ਵੀਤ ਬਲਜੀਤ ਨੇ ਗੀਤ 'ਸੂਟ ਪਾਉਣੋਂ ਹਟ ਗਈ', 'ਜੱਟ ਦਾ ਪਜਾਮਾ ਕੁੜੇ ਉਚਾ ਹੋ ਗਿਆ', 'ਪਤਾ ਨਹੀਂ ਤੇਰੇ ਪਰਦੇਸ ਦਾ ਮਾਏਂ', 'ਮਾਂ ਤੂੰ ਜਮਾਂ ਨਹੀਂ ਭੁਲਦੀ' ਗੀਤ ਪੇਸ਼ ਕੀਤੇ।

ਪਹਿਲੀ ਵਾਰ ਸ਼ਿਕਾਗੋ ਆਏ ਉੱਘੇ ਪੰਜਾਬੀ ਗਾਇਕ ਹਰਜੀਤ ਹਰਮਨ ਨੇ ਆਪਣੇ ਗੀਤਾਂ ਨਾਲ ਮੇਲਾ ਲੁੱਟ ਲਿਆ। ਉਸ ਨੇ 'ਪੰਜਾਬ ਗੁਰਾਂ ਦੀ ਕਿਰਪਾ ਨਾਲ ਵਸਦਾ ਏ', 'ਸਾਡੇ ਦਿਲ ਤੋਂ ਪੁੱਛ ਸੱਜਣਾਂ ਅਸੀਂ ਕਿਉਂ ਪਰਦੇਸੀ ਹੋਏ', 'ਵੇ ਮੈਂ ਚਾਦਰ ਕੱਢਦੀ ਬੈਠੀ ਦਰਵਾਜੇ ਪਾਵਾਂ ਮੋਰ' ਆਪਣਾ ਮਸ਼ਹੂਰ ਗੀਤ 'ਜੱਟ 24 ਕੈਰੇਟ ਦਾ ਇਸ ਵਿਚ ਖੋਟ ਨਾ ਕੋਈ' ਗਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਉਸ ਤੋਂ ਬਾਅਦ ਇਕ ਹੋਰ ਮਕਬੂਲ ਗੀਤ ਮਿੱਤਰਾਂ ਦਾ ਨਾਂ ਚਲਦਾ, ਜਿਥੋਂ ਮਰਜ਼ੀ ਵੰਗਾਂ ਚੜਾ ਲਈਂ' ਟਰੱਕਰ ਵੀਰਾਂ ਨੂੰ ਖੁਸ਼ ਕਰਨ ਲਈ 'ਚਲਦੇ ਦੇਖ ਟਰਾਲੇ ਸ਼ੇਰ ਪੰਜਾਬੀਆਂ ਦੇ' ਗਾਇਆ। 'ਕਦੀ ਸਾਹ ਤੋਂ ਸੀ ਪਿਆਰੇ, ਜਿਹੜੇ ਹੁੰਦੇ ਸੀ ਅਵਾਜਾਂ ਦੂਰੋਂ ਮਾਰਦੇ, ਕੋਲੋਂ ਦੀ ਲੰਘੇ ਬਿਨਾ ਬੋਲ ਕੇ', 'ਸਿੱਧੀ-ਸਾਧੀ ਜੱਟੀ ਸਾਡੀ ਪਰੀਆਂ ਤੋਂ ਸੋਹਣੀ' ਤੇ ਦੁਬਾਰਾ ਫਰਮਾਇਸ਼ 'ਤੇ 'ਚਾਦਰ ਕੱਢਦੀ' ਵੀ ਗਾਇਆ ਤੇ ਅੰਤ ਵਿਚ 'ਚੜ੍ਹਦੀ ਜਵਾਨੀ ਤੇਰਾ ਬਿਲੋ ਜਾਣਾ ਕੁਛ ਨਹੀਂ'ਗਾ ਕੇ ਨੌਜਵਾਨ ਤਾਂ ਕੀ ਬਜ਼ੁਰਗ ਵੀ ਝੂਮਣ ਲਾ ਦਿਤੇ। 'ਕੋਲੋਂ ਲੰਘਦੀ ਪੰਜੇਬਾਂ ਛਣਕਾਵੇਂ ਜਾਣ ਕੇ' ਗਾ ਕੇ ਪ੍ਰੋਗਰਾਮ ਨੂੰ ਸਿਖਰ 'ਤੇ ਲੈ ਆਂਦਾ।

ਕੁਮੈਂਟਟੇਰ ਕਾਲਾ ਰਸ਼ੀਨ ਤੇ ਸਵਰਨਾ ਨੇ ਆਪਣੇ ਟੋਟਕਿਆਂ 'ਉਨ੍ਹਾਂ ਫੁੱਲਾਂ ਦੀ ਰਾਖੀ ਕੌਣ ਕਰਦਾ, ਉਗ ਪੈਂਦੇ ਜੋ ਬਾਹਰ ਕਿਆਰੀਆਂ ਦੇ। ਕੀ ਬਣੂ ਤੇਰਾ ਭੋਲਿਆ ਪੰਛੀਆ ਵੇ ਹੋ ਗਿਆ ਜੱਗ ਵੀ ਵਲ ਸ਼ਿਕਾਰੀਆਂ ਦੇ। ਮੱਖਣ ਬਰਾੜ ਕਰੇ ਬੇਨਤੀ ਰੱਬ ਅਗੇ, ਸੱਟ ਲੱਗੇ ਨਾ ਕਦੀ ਖਿਡਾਰੀਆਂ ਦੇ।' 'ਆਰੀ ਆਰੀ, ਗਲ 'ਚ ਤਵੀਤ ਪਾ ਕੇ ਜਵਾਨ ਬਣ ਗਿਆ ਕਬੱਡੀ ਦਾ ਖਿਡਾਰੀ' 'ਕਰੀਂ ਕਦੀ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' 'ਲਿਸ਼ਕਦੇ ਨੇ ਪਿੰਡੇ ਪੈਣ ਪੱਟਾਂ ਵਿਚ ਘੁਗੀਆਂ', ਮੁੱਲ ਪੈਣ ਸਰੀਰਾਂ ਦੇ ਜਿਨ੍ਹਾਂ ਲਾਈਆਂ ਨੇ ਮਿਹਨਤਾਂ' 'ਜਿਥੇ ਲੋਕ ਅਣਖਾਂ ਲਈ ਮਰ ਜਾਂਦੇ ਕਬੱਡੀ ਖੇਡ ਹੈ ਉਸ ਪੰਜਾਬ ਦੀ' ਨਾਲ ਖੇਡੇ ਮੇਲੇ ਨੂੰ ਦਿਲਚਸਪ ਬਣਾਈ ਰੱਖਿਆ।

ਕੁਮੈਂਟੇਟਰ ਕਾਲਾ ਰਸ਼ੀਨ ਨੇ ਹੈਪੀ ਹੀਰ ਦੀ ਮਾਤਾ ਜਸਵੀਰ ਕੌਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ-ਰਿਸ਼ਤੇ ਹੋਰ ਬਥੇਰੇ ਨਹੀਂ ਕੋਈ ਮਾਂ ਵਰਗਾ' ,'ਮਾਵਾਂ ਠੰਡੀਆਂ ਛਾਵਾਂ'। ਦਰਸ਼ਕਾਂ ਲਈ ਕੇ.ਕੇ. ਪੰਮੇ ਵਲੋਂ ਖਾਣੇ ਦਾ ਵਧੀਆ ਇੰਤਜ਼ਾਮ ਕੀਤਾ ਗਿਆ ਸੀ। ਲੋਕਾਂ ਨੇ ਜਲੇਬੀਆਂ, ਗੋਲਗੱਪੇ, ਸਮੋਸੇ ਛੋਲੇ ਪੂਰੀ, ਕੜੀ-ਚੌਲ ਦਾ ਖੂਬ ਅਨੰਦ ਮਾਣਿਆ।

ਕਬੱਡੀ ਤੋਂ ਇਲਾਵਾ ਰੱਸਾਕਸ਼ੀ ਦੇ ਮੈਚ ਵੀ ਕਰਵਾਏ ਗਏ, ਜਿਸ ਵਿਚ ਕੁਲ 3 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੈਚ ਚੜ੍ਹਦੀ ਕਲਾ ਟੀਮ ਇੰਡੀਅਨਐਪੋਲਿਸ ਤੇ ਸ਼ੇਰੇ ਪੰਜਾਬ ਸਪੋਰਟਸ ਇੰਡੀਅਨਐਪੋਲਿਸ ਵਿਚਕਾਰ ਹੋਇਆ, ਜਿਸ ਵਿਚ ਸ਼ੇਰੇ ਪੰਜਾਬ ਸਪੋਰਟਸ ਇੰਡੀਅਨਐਪੋਲਿਸ ਨੇ ਜਿੱਤ ਹਾਸਲ ਕੀਤੀ। ਸਾਰੇ ਟੀਮ ਮੈਂਬਰਾਂ ਦਾ ਮੈਡਲਾਂ ਨਾਲ ਮਾਣ-ਸਨਮਾਨ ਕੀਤਾ ਗਿਆ। ਪਹਿਲੇ ਤੇ ਦੂਜੇ ਸਥਾਨ 'ਤੇ ਆਈ ਟੀਮ ਨੂੰ ਕੱਪ ਬਲਦੇਵ ਸਿੰਘ ਸੱਲਾਂ ਨੇ ਦਿੱਤੇ।

ਇਸ ਦੌਰਾਨ ਸ਼੍ਰੋਮਣੀ ਜਰਨੈਲ ਬਾਬਾ ਉਦੈ ਸਿੰਘ ਜੀ ਗਤਕਾ ਅਖਾੜਾ (ਮਿਸਲ ਸ਼ਿਕਾਗੋ) ਦੀ ਗਤਕੇ ਦੀ ਟੀਮ ਨੇ ਵੀ ਗਤਕੇ ਦੇ ਜੌਹਰ ਦਿਖਾਏ। ਬੋਲੇ-ਸੋ-ਨਿਹਾਲ ਦੇ ਜੈਕਾਰਿਆਂ ਦੌਰਾਨ ਅਜੀਤ ਸਿੰਘ ਨਾਗਰਾ, ਅੰਮ੍ਰਿਤ ਕੌਰ ਨਾਗਰਾ, ਪ੍ਰਭਰੂਪ ਸਿੰਘ ਗਿੱਲ, ਅਰਸ਼ਦੀਪ ਸਿੰਘ ਗਿੱਲ, ਗੁਰਵੀਰ ਸਿੰਘ ਔਜਲਾ, ਅਨਹਦਪ੍ਰੀਤ ਕੌਰ, ਸਿਮਰਤਪ੍ਰੀਤ ਕੌਰ, ਅਮਿਤੋਜਪਾਲ ਸਿੰਘ, ਗੁਰਿੰਦਰ ਕੌਰ ਕਲੇਰ, ਪ੍ਰਭਜੀਤ ਕੌਰ ਕਲੇਰ ਨੇ ਗੱਤਕੇ ਦੇ ਜੌਹਰ ਦਿਖਾਏ। ਸ. ਮੱਖਣ ਸਿੰਘ ਕਲੇਰ ਤੇ ਸ. ਹਰਜੀਤ ਸਿੰਘ ਗਿੱਲ ਇਸ ਟੀਮ ਨੂੰ ਲੈ ਕੇ ਮੇਲੇ ਵਿਚ ਪਹੁੰਚੇ ਸਨ। ਸ਼ਿਕਾਗੋ ਦੀਆਂ ਕਬੱਡੀਆਂ ਵਿਚ ਪਹਿਲੀ ਵਾਰ ਖਾਲਸਾ ਫੌਜਾਂ ਨੇ ਗੱਤਕੇ ਦੇ ਜੌਹਰ ਦਿਖਾਏ, ਜਿਸ ਦੀ ਸੰਗਤ ਵਲੋਂ ਖੂਬ ਪ੍ਰਸ਼ੰਸਾ ਕੀਤੀ ਗਈ। ਪ੍ਰਬੰਧਕਾਂ ਨੇ ਵੀ ਗੱਤਕਾ ਟੀਮ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲ, ਪਲੇਕ ਅਤੇ ਮਾਇਆ ਦੇ ਕੇ ਸਨਮਾਨਿਤ ਕੀਤਾ।


ਇਸ ਦੌਰਾਨ ਵਾਲੀਬਾਲ ਦੇ ਮੈਚ ਵੀ ਹੋਏ, ਜਿਸ ਵਿਚ ਕੁੱਲ ਚਾਰ ਟੀਮਾਂ ਨੇ ਹਿੱਸਾ ਲਿਆ ਤੇ ਬਾਕੀਆਂ ਨੂੰ ਪਿੱਛੇ ਛੱਡ ਕੇ ਮਿਲਵਾਕੀ ਸਪੋਰਟਸ ਕਲੱਬ ਦੀ ਟੀਮ ਨੇ ਵਾਲੀਬਾਲ ਦੀ ਟਰਾਫੀ 'ਤੇ ਕਬਜ਼ਾ ਕੀਤਾ। ਸ਼ੇਰੇ ਪੰਜਾਬ ਸਪੋਰਟਸ ਕਲੱਬ ਰਨਰ ਅੱਪ ਰਹੀ।

ਮੇਲੇ ਵਾਲੇ ਦਿਨ ਹੀ ਕਬੱਡੀ ਖਿਡਾਰੀ ਤੇ ਪ੍ਰਮੋਟਰ ਵਿਕੀ ਸ਼ਮੀਪੁਰੀਆ ਦਾ ਜਨਮ ਦਿਨ ਵੀ ਸੀ, ਜੋ ਕਿ ਪ੍ਰਬੰਧਕਾਂ ਵਲੋਂ ਕੇਕ ਕੱਟ ਕੇ ਮਾਨਇਆ ਗਿਆ।

ਕਲੱਬ ਦੇ ਪ੍ਰਧਾਨ ਸ. ਲਖਵਿੰਦਰ ਸਿੰਘ ਖਾਲਸਾ ਨੇ ਆਪਣੀ ਟੀਮ, ਸਪਾਂਸਰਾਂ ਤੇ ਦਰਸ਼ਕਾਂ ਦਾ ਉਤਸ਼ਾਹ ਦਿਖਾਉਣ ਲਈ ਧੰਨਵਾਦ ਕੀਤਾ, ਜਿਨ੍ਹਾਂ ਨੇ ਬਹੁਤ ਮਿਹਨਤ ਕੀਤੀ। ਅਮਰਦੇਵ ਬਦੇਸ਼ਾ ਨੇ ਕਿਹਾ ਕਿ ਮਿਡਵੈਸਟ ਦੀਆਂ ਸਾਰੀਆਂ ਕਲੱਬਾਂ, ਸੰਸਥਾਵਾਂ ਨੂੰ ਨਾਲ ਲੈ ਕੇ ਚੱਲਣਾ ਹੀ ਸਾਡਾ ਮਕਸਦ ਹੈ। ਮੇਲੇ ਦੀ ਸਫਲਤਾ ਲਈ ਧੰਨਵਾਦ। ਹਰਦੀਪ ਸਿੰਘ ਬੰਦੇਸ਼ਾ, ਬਲਵਿੰਦਰ ਸਿੰਘ ਚੱਠਾ, ਪਰਮਿੰਦਰ ਸਿੰਘ ਵਾਲੀਆ ਸਮੇਤ ਹੋਰਨਾਂ ਕਲੱਬ ਮੈਂਬਰਾਂ ਨੇ ਕਿਹਾ ਕਿ ਕਬੱਡੀ ਦੇ ਮੈਚ ਸਮੇਂ ਸਿਰ ਪੂਰੇ ਕਰਾਂਗੇ।

ਜ਼ਿਕਰਯੋਗ ਹੈ ਕਿ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਮਿਡਵੈਸਟ (ਸ਼ਿਕਾਗੋ) ਸਾਲ 2003 ਤੋਂ ਲੈ ਕੇ ਹੁਣ ਤੱਕ ਲਗਾਤਰ ਮੇਲੇ ਕਰਵਾਉਂਦਾ ਆ ਰਿਹਾ ਹੈ। ਉਸ ਤੋਂ ਪਹਿਲਾਂ ਸ਼ਿਕਾਗੋ ਵਿਚ ਸਿਰਫ ਆਮ ਪਿਕਨਿਕਾਂ ਤੇ ਸਭਿਆਚਾਰਕ ਪ੍ਰੋਗਰਾਮ ਹੀ ਹੁੰਦੇ ਸਨ। ਮੇਲੇ ਨੂੰ ਕਾਮਯਾਬ ਕਰਨ ਲਈ ਹੋਰਨਾਂ ਤੋਂ ਇਲਾਵਾ ਪ੍ਰਧਾਨ ਲਖਵਿੰਦਰ ਸਿੰਘ, ਮੀਤ ਪ੍ਰਧਾਨ ਜਸਰੂਪ ਸਿੰਘ, ਸਾਬਕਾ ਪ੍ਰਧਾਨ ਪਰਮਿੰਦਰ ਸਿੰਘ ਵਾਲੀਆ, ਅੰਮ੍ਰਿਤਪਾਲ ਸਿੰਘ ਗਿੱਲ, ਅਮਰਦੇਵ ਸਿੰਘ ਬੰਦੇਸ਼ਾ, ਹਰਦੀਪ ਸਿੰਘ ਬਦੇਸ਼ਾ, ਬਲਵਿੰਦਰ ਚੱਠਾ, ਅੰਮ੍ਰਿਤਪਾਲ ਸਿੰਘ ਮਾਂਗਟ, ਗੁਰਦੇਵ ਸਿੰਘ ਗਿੱਲ, ਦਰਸ਼ਨ ਸਿੰਘ ਪੰਮਾ, ਮਨਜਿੰਦਰ ਸਿੰਘ ਅਤੇ ਅਮਰਜੀਤ ਬੰਦੇਸ਼ਾ ਨੇ ਵੀ ਭਰਵੀਂ ਮਿਹਨਤ ਕੀਤੀ।

# ਛੱਜ ਅਤੇ ਪੰਜਾਬੀ ਜੀਵਨ



ਕਲਾ ਪਰਿਕਰਮਾ

ਹਰ ਖਿੱਤੇ ਦੀਆਂ ਆਪਣੀਆਂ ਵਿਸ਼ੇਸ਼ ਲੋੜਾਂ ਹੁੰਦੀਆਂ ਅਤੇ ਇਸੇ ਅਨੁਸਾਰ ਉਥੋਂ ਦਾ ਸਾਜ਼ੋ-ਸਮਾਨ ਹੁੰਦਾ ਹੈ। ਸਮਾਂ ਪਾ ਕੇ ਇਹ ਸਾਜ਼ੋ-ਸਮਾਨ ਸਾਡੇ ਰੋਜ਼ਾਨਾ ਜੀਵਨ ਦਾ ਅੰਗ ਬਣਦਾ ਹੈ। ਜਿਵੇਂ ਜੀਵਨ ਜਾਚ ਲੋੜਾਂ ਦੀ ਅਨੁਸਾਰੀ ਹੁੰਦੀ ਹੈ ਤਿਵੇਂ ਹੀ ਲੋੜਾਂ ਪ੍ਰਾਪਤ ਹਾਲਤਾਂ ਵਿਚੋਂ ਪੈਦਾ ਅਤੇ ਲੋਪ ਹੁੰਦੀਆਂ ਹਨ। ਬੜੀ ਵਾਰ ਦੇਖਣ ਵਿਚ ਆਉਂਦਾ ਹੈ ਕਿ ਇੱਕ ਹੀ ਚੀਜ਼ ਦੀ ਲੋੜ ਵਧੇਰੇ ਖਿੱਤਿਆਂ ਵਿਚ ਹੁੰਦੀ ਹੈ ਪਰ ਇਸ ਦੀ ਬਣਤਰ ਵਿਚ ਸਥਾਨਕ ਲੋੜਾਂ ਅਤੇ ਹਾਲਤਾਂ ਕਰ ਕੇ ਥੋੜ੍ਹਾ ਬਹੁਤਾ ਅੰਤਰ ਦੇਖਣ ਨੂੰ ਮਿਲਦਾ ਹੈ। ਕਦੇ ਕਿਸਾਨੀ ਜੀਵਨ ਦਾ ਅੰਗ ਰਿਹਾ ਗੱਡਾ ਪੰਜਾਬ ਵਿਚ ਵੱਡੇ ਆਕਾਰ ਅਤੇ ਬੜੇ ਚਾਵਾਂ ਨਾਲ ਬਣਾਇਆ ਹੁੰਦਾ ਸੀ; ਇਹੀ ਗੱਡਾ ਉਤਰ ਪ੍ਰਦੇਸ਼, ਬਿਹਾਰ ਅਤੇ ਹੋਰ ਸੂਬਿਆਂ ਵਿਚ ਗੱਡੇ ਦੇ ਇਸਤਰੀ ਲਿੰਗ ਗੱਡੀ ਵਰਗਾ ਹੁੰਦਾ ਸੀ। ਇਸ ਦੀ ਤਹਿ ਫਰੋਲੀਏ ਤਾਂ ਪਤਾ ਲੱਗਦਾ ਹੈ ਕਿ ਉਸ ਸਮੇਂ ਦੇ ਪੰਜਾਬ ਵਿਚ ਉਪਰੋਕਤ ਸੂਬਿਆਂ ਦੇ ਮੁਕਾਬਲੇ ਵਧੇਰੇ ਜਿਣਸ ਉਤਪਾਦਨ ਹੁੰਦਾ ਸੀ ਜਿਸ ਨੂੰ ਇੱਕ ਤੋਂ ਦੂਜੀ ਥਾਂ ਲਿਜਾਣ ਲਈ ਵਧੇਰੇ ਸਮਰੱਥਾ ਵਾਲੇ ਸਾਧਨ ਦੀ ਲੋੜ ਹੁੰਦੀ ਸੀ। ਇਸ ਕਰ ਕੇ ਇਹ ਵੱਡਾ ਵੀ ਹੁੰਦਾ ਸੀ ਅਤੇ ਇਸ ਦੀ ਬਣਤਰ ਵਿਚ ਵੀ ਫ਼ਰਕ ਹੁੰਦਾ ਸੀ। ਇਸੇ ਤਰ੍ਹਾਂ ਹੋਰ ਵਸਤੂਆਂ ਦੇ ਮਾਮਲੇ ਵੀ ਹਨ।



ਗੁਰਦੀਪ ਢੁੱਡੀ
ਫੋਨ: +91-95010-20731

ਛੱਜ ਵੀ ਪੰਜਾਬ ਵਿਚ ਇਨ੍ਹਾਂ ਸੂਬਿਆਂ ਨਾਲੋਂ ਸੋਹਣਾ, ਮਜ਼ਬੂਤ ਅਤੇ ਕਲਾਤਮਕਤਾ ਭਰਪੂਰ ਹੁੰਦਾ ਹੈ। ਇਹ ਪੰਜਾਬੀ ਸੱਭਿਆਚਾਰ ਵਿਚ ਵਿਸ਼ੇਸ਼ ਪਛਾਣ ਰੱਖਦਾ ਹੈ। ਪੰਜਾਬ ਦੇ ਛੱਜ ਨੂੰ ਕਿਸਾਨੀ ਦੇ ਇਲਾਵਾ ਹਰ ਘਰ ਦੀ ਵਰਤੋਂ ਵਾਲੀ ਚੀਜ਼ ਵਜੋਂ ਦੇਖਿਆ ਜਾਂਦਾ ਰਿਹਾ ਹੈ। ਪੰਜਾਬ ਵਿਚ ਬਣਿਆ ਅਤੇ ਵਰਤੋਂ ਵਿਚ ਆਉਣ ਵਾਲਾ ਛੱਜ ਤਿੰਨ ਪਾਸਿਓਂ ਉਚਾ ਅਤੇ ਅੱਗਿਓਂ ਖੁੱਲ੍ਹਾ ਹੁੰਦਾ ਹੈ। ਇਸ ਦੇ ਆਹਮੋ-ਸਾਹਮਣੇ ਵਾਲੇ ਦੋਵੇਂ ਪਾਸੇ ਇੱਕੋ ਜਿਹੇ, ਢਲਵੇਂ ਅਤੇ ਘਟਦੇ ਆਕਾਰ ਵਿਚ ਹੁੰਦੇ ਹਨ; ਪਿਛਲਾ ਬੰਦ ਪਾਸਾ ਥੋੜ੍ਹਾ ਜਿਹਾ ਉਚਾ, ਮੋਟਾ ਅਤੇ ਵਧੇਰੇ ਮਜ਼ਬੂਤ ਬਣਿਆ ਹੁੰਦਾ ਹੈ। ਬੰਦ ਪਾਸੇ ਅਤੇ ਖੁੱਲ੍ਹੇ ਪਾਸੇ ਦੀ ਚੌੜਾਈ ਵਿਚ ਵੀ ਫ਼ਰਕ ਹੁੰਦਾ ਹੈ। ਵਿਸ਼ੇਸ਼ ਜਾਤੀ ਦੇ ਲੋਕ ਇਸ ਨੂੰ ਪੂਰੀ ਕਾਰੀਗਰੀ ਨਾਲ ਬਣਾਉਂਦੇ ਹਨ। ਇਸ ਜਾਤੀ ਨੂੰ ਭਾਵੇਂ ਕੁਝ ਹੋਰ ਨਾਵਾਂ ਨਾਲ ਵੀ ਬੁਲਾਇਆ ਜਾਂਦਾ ਹੋਵੇ ਪਰ ਮਾਲਵੇ ਦੇ ਪਿੰਡਾਂ ਵਿਚ ਇਨ੍ਹਾਂ ਨੂੰ ਸਿਰਕੀ-ਬੰਨ੍ਹ ਜਾਂ ਛੱਜ-ਬੰਨ੍ਹ ਆਖਿਆ ਜਾਂਦਾ ਹੈ। ਕਦੇ ਇਹ ਲੋਕ ਛੱਜ ਤਿਆਰ ਕਰ ਕੇ ਪਿੰਡ ਦੀਆਂ ਗ਼ਲੀਆਂ ਵਿਚ ਵਿਸ਼ੇਸ਼ ਆਵਾਜ਼ ਵਿਚ ਹੋਕਾ ਦੇ ਕੇ ਦਿਆ ਕਰਦੇ ਸਨ। 'ਦਿਆ ਕਰਦੇ' ਵਾਕੰਸ਼ ਇੱਥੇ ਇਸ ਲਈ ਵਰਤਿਆ ਗਿਆ ਹੈ ਕਿ ਛੱਜ ਦੇਣ ਵਾਲੇ ਇਸ ਨੂੰ ਪੈਸਿਆਂ ਦੀ ਗਿਣਤੀ ਨਾਲ ਵੇਚਣ ਦੀ ਥਾਂ ਦਾਣੇ ਆਦਿ ਲੈ ਕੇ ਦਿਆ ਕਰਦੇ ਸਨ। ਇਸ ਤਰ੍ਹਾਂ ਜਾਪਦਾ ਹੁੰਦਾ ਸੀ ਕਿ ਛੱਜ ਬੰਨ੍ਹਣ ਵਾਲਿਆਂ ਅਤੇ ਪਿੰਡ ਦੇ ਲੋਕਾਂ ਦੀ ਕੋਈ ਆਪਸੀ ਸਾਂਝ ਵੀ ਹੋਵੇ। ਅੱਜ ਕੱਲ੍ਹ ਇਹ ਪੈਸਿਆਂ ਦੀ ਗਿਣਤੀ ਵਿਚ ਵੇਚਿਆ ਅਤੇ ਖਰੀਦਿਆ ਜਾਂਦਾ ਹੈ।

ਛੱਜ ਨੂੰ ਕੁਝ ਵੱਡੇ ਆਕਾਰ ਵਿਚ ਵੀ ਬਣਾਇਆ ਜਾਂਦਾ ਸੀ। ਇਸ ਨੂੰ ਛੱਜਲੀ ਆਖਿਆ ਜਾਂਦਾ ਸੀ। ਪੰਜਾਬੀ ਬੋਲ-ਬਾਣੀ ਵਿਚ ਵਿਆਕਰਨ ਵਾਲਾ ਪੱਖ ਬੜਾ ਅਜੀਬ ਹੈ। ਕਈ ਵਾਰੀ ਮਰਦਾਵੇਂ ਰੂਪ (ਜੰਵ) ਦੇ ਇਕੱਠ ਨੂੰ ਇਸਤਰੀ ਲਿੰਗ ਦਾ ਨਾਮ ਦਿੱਤਾ ਮਿਲਦਾ ਹੈ ਅਤੇ ਇਸ ਦੇ ਉਲਟ ਔਰਤ ਰੂਪ (ਵਿਆਹ ਵਾਲਾ ਮੇਲ) ਦੇ ਨਾਂਵ ਨੂੰ ਮਰਦਾਵੇਂ (ਪੁਲਿੰਗ) ਨਾਮ ਨਾਲ ਬੋਲਿਆ ਜਾਂਦਾ ਹੈ। ਇਵੇਂ ਹੀ ਛੱਜਲੀ ਵੱਡੀ ਹੈ, ਫਿਰ ਵੀ ਇਸਤਰੀ ਲਿੰਗ ਵਾਲਾ ਨਾਮ ਹੈ; ਛੱਜ ਛੋਟਾ ਹੈ ਪਰ ਇਹ ਪੁਲਿੰਗ ਰੂਪ ਵਾਲਾ ਨਾਂਵ ਹੈ। ਇਹ ਛੱਜਲੀ ਆਮ ਤੌਰ 'ਤੇ ਕਿਸਾਨੀ ਜਾਂ ਕਹੀਏ ਖੇਤੀ ਕਰਨ ਵਾਲਿਆਂ ਦੇ ਕੰਮ ਆਉਂਦੀ ਸੀ। ਜਦੋਂ ਪਿੜਾਂ ਵਿਚ ਕਣਕ, ਬਾਜਰਾ ਜਾਂ ਹੋਰ ਫ਼ਸਲਾਂ ਦੀ ਗਹਾਈ ਕੀਤੀ ਜਾਂਦੀ ਸੀ ਤਾਂ ਦਾਣਿਆਂ ਅਤੇ ਫੂਸੜ ਨੂੰ ਵੱਖ ਕਰਨ ਵਾਸਤੇ ਇਸ ਨੂੰ ਛੱਜਲੀ ਵਿਚ ਪਾ ਕੇ ਹਵਾ ਦੇ ਰੁਖ ਅਨੁਸਾਰ ਹਿਲਾ ਕੇ ਥੱਲੇ ਸੁੱਟਿਆ ਜਾਂਦਾ ਸੀ। ਫੂਸੜ ਹਵਾ ਨਾਲ ਉਡ ਕੇ ਕੁਝ ਅੱਗੇ ਚਲਾ ਜਾਂਦਾ ਸੀ ਅਤੇ ਦਾਣੇ, ਉਡਾਉਣ ਵਾਲੇ ਦੇ ਨੇੜੇ ਹੀ ਡਿੱਗਦੇ ਸਨ। ਹੁਣ ਖੇਤੀ ਦੇ ਕੰਮ ਨੂੰ ਮਸ਼ੀਨੀਕਰਨ ਨੇ ਆਪਣੀ ਲਪੇਟ ਵਿਚ ਲੈ ਲਿਆ ਹੈ ਤਾਂ ਫ਼ਸਲਾਂ ਦੀ ਵਢਾਈ ਗਹਾਈ ਦਾ ਕੰਮ ਗਾਇਬ ਹੋ ਗਿਆ ਹੈ ਤਾਂ ਇਸ ਦੇ ਨਾਲ ਹੀ ਛੱਜਲੀ ਵੀ ਲੋਪ ਹੋ ਚੁੱਕੀ ਹੈ।

ਮਸ਼ੀਨੀ ਯੁੱਗ ਨੇ ਸਾਡੇ ਜੀਵਨ ਵਿਚੋਂ ਬੜਾ ਕੁਝ ਜੋੜ ਦਿੱਤਾ ਅਤੇ ਬੜਾ ਕੁਝ ਮਨਫ਼ੀ ਕਰ ਦਿੱਤਾ ਹੈ। ਅੱਜ ਛੱਜ ਦੀ ਵਰਤੋਂ ਵੀ ਬਹੁਤ ਘਟ ਗਈ ਹੈ। ਛੱਜ ਦੀ ਵਰਤੋਂ ਔਰਤਾਂ ਦੁਆਰਾ ਘਰੇਲੂ ਲੋੜ ਦੇ ਅਨਾਜ ਦੀ ਸਫ਼ਾਈ ਕਰਨ ਲਈ ਕੀਤੀ ਜਾਂਦੀ ਹੈ। ਆਮ ਤੌਰ 'ਤੇ ਕਣਕ, ਬਾਜਰਾ, ਮੱਕੀ, ਜਵਾਰ ਅਤੇ ਜੌਂਆਂ ਦਾ ਆਟਾ ਪਿਸਾਉਣ ਤੋਂ ਪਹਿਲਾਂ ਛੱਜ ਨਾਲ ਇਨ੍ਹਾਂ ਅਨਾਜਾਂ ਨੂੰ ਛੱਟਿਆ ਜਾਂਦਾ ਹੈ। ਉਂਝ ਤਾਂ ਔਰਤ ਸਰੂਪ ਆਪਣੇ ਆਪ ਵਿਚ ਹੀ ਕਲਾਕਾਰ ਹੁੰਦਾ ਹੈ ਅਤੇ ਸਿਰਜਣਾਤਮਕ ਕੰਮ ਜ਼ਿਆਦਾ ਕਰਕੇ ਔਰਤ ਦੁਆਰਾ ਹੀ ਕੀਤੇ ਜਾਂਦੇ ਹਨ, ਫਿਰ ਵੀ ਅਨਾਜ ਦੀ ਛਟਾਈ ਸਮੇਂ ਤਾਂ ਉਹ ਕੁਝ ਗੁਣ-ਗੁਣਾਉਂਦੀਆਂ ਵੀ ਸੁਣੀਆਂ ਜਾ ਸਕਦੀਆਂ ਹਨ ਜਿਵੇਂ ਉਹ ਮਿੱਠੀ-ਮਿੱਠੀ ਸੁਰ ਵਿਚ ਸਮਾਜਿਕ ਸਫ਼ਾਈ ਦਾ ਵੀ ਹੋਕਾ ਦਿੰਦੀਆਂ ਹੋਣ। ਥੋੜ੍ਹੀ ਬਹੁਤੀ ਦਾਲ, ਚੌਲ ਆਦਿ ਦੀ ਸਫ਼ਾਈ ਵੇਲੇ ਵੀ ਛੱਜ ਦੀ ਵਰਤੋਂ ਕਰ ਲਈ ਜਾਂਦੀ ਸੀ। ਮਸ਼ੀਨੀ ਯੁੱਗ ਕਾਰਨ ਛੱਜ ਦੀ ਵਰਤੋਂ ਵੀ ਬਹੁਤ ਘਟ ਗਈ ਹੈ। ਬਹੁਤੀਆਂ ਔਰਤਾਂ ਆਟੇ ਵਾਸਤੇ ਲਿਜਾਈ ਜਾਣ ਵਾਲੀ ਕਣਕ ਅਤੇ ਹੋਰ ਅਨਾਜ ਦਾ ਪੀਹਣ ਬਣਾਉਣ ਦੀ ਥਾਂ ਉਵੇਂ ਹੀ ਚੱਕੀ 'ਤੇ ਭੇਜ ਦਿੰਦੀਆਂ ਹਨ ਅਤੇ ਉਥੇ ਰੋਲਾ ਲਾ ਕੇ ਅਨਾਜ ਨੂੰ ਸਾਫ਼ ਕਰ ਕੇ ਪੀਸ ਦਿੱਤਾ ਜਾਂਦਾ ਹੈ। ਇਸ ਨਾਲ ਅਨਾਜ ਦਾ ਛਿਲਕਾ ਉਤਰ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਭਾਵੇਂ ਆਟੇ ਦੀ ਗੁਣਵੱਤਾ ਘਟ ਜਾਂਦੀ ਹੈ, ਫਿਰ ਵੀ ਔਰਤਾਂ ਇਸ ਮੁਸ਼ੱਕਤ ਤੋਂ ਕੰਨੀ ਕਤਰਾਉਂਦੀਆਂ ਹਨ।



ਛੱਜ ਨਾਲ ਫੂਸੜਿਆਂ ਤੋਂ ਦਾਣੇ ਅਲਹਿਦਾ ਕਰ ਰਿਹਾ ਕਾਮਾ।

ਛੱਜ ਦੀ ਬੁਣਤਰ ਕਾਰੀਗਰੀ ਦਾ ਸਿੱਟਾ ਹੁੰਦੀ ਹੈ। ਇਹ ਬੁਣਤਰ ਕੁਝ ਬਾਰੀਕ ਅਤੇ ਕੁਝ ਉਸ ਤੋਂ ਥੋੜ੍ਹੀਆਂ ਜਿਹੀਆਂ ਛੋਟੀਆਂ ਕਾਨੀਆਂ ਨਾਲ ਕੀਤੀ ਜਾਂਦੀ ਹੈ। ਇਹ ਕਾਨੀਆਂ, ਸਰ (ਆਮ ਤੌਰ 'ਤੇ ਨਹਿਰਾਂ, ਸੂਇਆਂ ਜਾਂ ਹੋਰ ਪਾਣੀ ਵਾਲੀਆਂ ਥਾਵਾਂ 'ਤੇ ਆਪੇ ਉਗਿਆ ਹੋਇਆ ਮੋਟਾ ਕੱਖ-ਕਾਨ) ਵਿਚੋਂ ਚੁਣ ਕੇ ਕੱਢੀਆਂ ਜਾਂਦੀਆਂ ਸਨ। ਇਨ੍ਹਾਂ ਕਾਨੀਆਂ ਨੂੰ ਤਰਤੀਬ ਵਿਚ ਬੰਨ੍ਹਣ ਵੇਲੇ ਚਮੜੇ ਦੇ ਧਾਗੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਧਾਗਾ ਆਮ ਤੌਰ 'ਤੇ ਹਲਕੇ ਕਾਲੇ ਜਾਂ ਭੂਰੇ ਰੰਗ ਦਾ ਹੁੰਦਾ ਹੈ ਅਤੇ ਇਸ ਵਿਚ ਕੁਝ ਰੰਗ ਭਰਨ ਲਈ ਫਿੱਕਾ ਗੁਲਾਬੀ ਅਤੇ ਫਿੱਕਾ ਹਰਾ ਰੰਗ ਲੱਗਿਆ ਚਮੜੇ ਦਾ ਧਾਗਾ ਵੀ ਵਰਤਿਆ ਜਾਂਦਾ ਹੈ। ਖੁੱਲ੍ਹੇ ਪਾਸੇ ਦੇ ਸਾਹਮਣੇ ਜਿਸ ਪਾਸਿਓਂ ਇਸ ਨੂੰ ਫੜਿਆ ਜਾਂਦਾ ਹੈ, ਉਸ ਪਾਸੇ ਕੁਝ ਮੋਟੀਆਂ ਕਾਨੀਆਂ ਨਾਲ ਮੁੱਠੇ ਬੰਨ੍ਹੇ ਜਾਂਦੇ ਹਨ। ਸਿਰਿਆਂ ਤੋਂ ਇਸ ਨੂੰ ਕੁਝ ਵਧੇਰੇ ਮਜ਼ਬੂਤੀ ਦਿੱਤੀ ਜਾਂਦੀ ਹੈ। ਖੁੱਲ੍ਹੇ ਪਾਸੇ ਦੇ ਅਖੀਰ 'ਤੇ ਅੱਗੇ ਕਰਕੇ ਕੁਝ ਕਾਨੀਆਂ ਨੂੰ ਵਿਚਾਲਿਓਂ ਕੱਟ ਕੇ ਰੋਕ ਲਾਉਣ ਵਾਲਾ ਕੰਮ ਕੀਤਾ ਜਾਂਦਾ ਸੀ ਜਿਸ ਨਾਲ ਬਾਰੀਕ ਦਾਣੇ ਤਾਂ ਬੁੜ੍ਹਕ ਕੇ ਅੱਗੇ ਚਲੇ ਜਾਂਦੇ ਸਨ ਪਰ ਮੋਟੇ ਦਾਣੇ ਛੱਜ ਵਿਚ ਹੀ ਰਹਿ ਜਾਂਦੇ ਸਨ।


ਛੱਜ ਨੂੰ ਪੰਜਾਬੀ ਸੱਭਿਆਚਾਰ ਵਿਚ ਵੀ ਵਿਸ਼ੇਸ਼ ਸਥਾਨ ਹਾਸਲ ਹੈ। ਇਸ ਨੂੰ ਮਹੱਤਵਪੂਰਨ ਕੰਮਾਂ ਵਾਸਤੇ ਵਰਤਿਆ ਜਾਂਦਾ ਸੀ, ਫਿਰ ਵੀ ਪੰਜਾਬੀ ਮੁਹਾਵਰੇ ਵਿਚ ਇਸ ਨੂੰ ਨਿਗੂਣੀ ਵਸਤੂ ਨਾਲੋਂ ਥੋੜ੍ਹਾ ਜਿਹਾ ਹੀ ਉਪਰ ਸਥਾਨ ਮਿਲਦਾ ਸੀ। 'ਛੱਜ ਤਾਂ ਬੋਲੇ ਛਾਣਨੀ ਵੀ ਬੋਲੇ' ਵਾਲਾ ਮੁਹਾਵਰਾ ਇਸ ਦੀ ਪ੍ਰਤੱਖ ਮਿਸਾਲ ਹੈ। ਛਾਣਨੀ ਵਿਸ਼ੇਸ਼ ਤੌਰ 'ਤੇ ਆਟੇ ਵਿਚੋਂ ਸੂੜ੍ਹਾ ਕੱਢਣ ਦੇ ਕੰਮ ਆਉਂਦੀ ਹੈ ਪਰ ਇਸ ਨੂੰ ਨਿਗੂਣੀ ਦੱਸਣ ਲਈ ਇਸ ਦੀ ਤੁਲਨਾ ਛੱਜ ਨਾਲ ਕੀਤੀ ਜਾਂਦੀ ਹੈ। ਜਦੋਂ ਬੰਦਾ ਗ਼ਲਤੀਆਂ ਦਾ ਪੁਤਲਾ ਹੋਵੇ ਅਤੇ ਉਹ ਦੂਸਰੇ ਵੱਲ ਉਂਗਲ ਕਰਦਾ ਹੋਵੇ ਤਾਂ ਉਸ ਨੂੰ ਰੋਕਣ ਲਈ ਇਸ ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ। ਛੱਜ ਵਿਚ ਪਾ ਕੇ ਛੱਟਣਾ ਵੀ ਕਿਸੇ ਨੂੰ ਅੰਤਾਂ ਦਾ ਬਦਨਾਮ ਕਰਨ ਲਈ ਵਰਤਿਆ ਜਾਣ ਵਾਲਾ ਮੁਹਾਵਰਾ ਹੈ। ਇਸੇ ਤਰ੍ਹਾਂ ਵਿਆਹ ਸ਼ਾਦੀ ਵੇਲੇ ਵਿਸ਼ੇਸ਼ ਤੌਰ 'ਤੇ ਨਾਨਕਾ ਛੱਕ ਵੱਲੋਂ ਜਾਗੋ ਕੱਢੀ ਜਾਂਦੀ ਹੈ ਅਤੇ ਇਸ ਦੇ ਅਖੀਰ 'ਤੇ ਘਰ ਵਿਚ ਇਕੱਠੀਆਂ ਹੋ ਕੇ ਔਰਤਾਂ ਗਿੱਧਾ ਪਾਉਂਦੀਆਂ ਹਨ। ਗਿੱਧੇ ਦੇ ਅੰਤ 'ਤੇ ਔਰਤਾਂ ਦੁਆਰਾ ਡੰਡੇ ਦੀ ਸਹਾਇਤਾ ਨਾਲ ਛੱਜ ਨੂੰ ਭੰਨਿਆ ਜਾਂਦਾ ਹੈ।

ਮੌਜੂਦਾ ਸਮੇਂ ਵਿਚ ਛੱਜ ਪੰਜਾਬੀ ਜੀਵਨ ਜਾਚ ਵਿਚੋਂ ਲੋਪ ਹੋਣ ਦੇ ਕੰਢੇ 'ਤੇ ਹੈ। ਉਂਝ ਜਿਉਂਦਾ ਰਹੇ ਨਾਨਕਾ ਛੱਕ ਜਿਹੜਾ ਮੈਰਿਜ ਪੈਲਸਾਂ ਵਿਚ ਜਾਗੋ ਕੱਢਣ ਵੇਲੇ ਛੱਜ ਜ਼ਰੂਰ ਭੰਨਦਾ ਹੈ ਅਤੇ ਲੱਗਦੇ ਰਹਿਣ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਦੇ ਯੁਵਕ ਮੇਲੇ ਜਿੱਥੇ ਗਿੱਧੇ ਦੀ ਪੇਸ਼ਕਾਰੀ ਵਿਚ ਛੱਜ ਭੰਨਿਆ ਜਾਂਦਾ ਹੈ। ਇਸ ਤਰ੍ਹਾਂ ਛੱਜ ਦੀ ਨਿਸ਼ਾਨੀ ਮਿਲਦੀ ਰਹੇਗੀ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਸਤੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-655



*ਜਦੋਂ ਜਿੱਤਦਾ ਹੈ ਬੰਦਾ, ਕਹਿੰਦੇ ਹੌਸਲਾ ਬੁਲੰਦ ਹੁੰਦਾ,*
*ਫਿਰ ਗੱਡਦਾ ਨਿਸ਼ਾਨ, ਨਾਲ਼ੇ ਖੁਸ਼ੀ ਦਾ ਪੁਲੰਦ ਹੁੰਦਾ।*
*ਹੇਠਾਂ ਪੈਰਾਂ ਦੇ ਲਤਾੜ ਕੇ, ਕੱਢੇ ਮੱਘਾ ਤੇ ਦਬੰਗ ਹੁੰਦਾ,*
*ਹਿੱਕ ਮੰਜ਼ਿਲ ਦੀ ਚੜ੍ਹ ਕੇ, ਦੇਖੋ ਕਿੱਵੇਂ ਹੈ ਨਿਸ਼ੰਗ ਹੁੰਦਾ।*

### ਕੈਪਸ਼ਨ ਮੁਕਾਬਲਾ-653



ਨਾਲ਼ ਲਾਡ ਦੇ ਪਾਲਦੇ ਬੱਚੇ,
ਮੂੰਹੋਂ ਮੰਗਿਆ ਹੈ ਖੁਆਉਂਦੇ,
ਉਂਗਲੀ ਫੜ ਤੁਰਨਾ ਦੱਸਦੇ,
ਸੋਹਣੇ ਕੱਪੜੇ ਨੇ ਪੁਆਉਂਦੇ।
ਜਾਨੋਂ ਪਿਆਰਾ ਬੱਚਾ ਰੱਖਦੇ,
ਤੰਗੀਆਂ ਆਪ ਹੰਢਾਉਂਦੇ,
ਤੱਤੀ 'ਵਾ ਨਾ ਛੋਹਵੇ ਕਦੇ ਵੀ,
ਤੇ ਬਲਾਵਾਂ ਦੂਰ ਭਜਾਉਂਦੇ।
***-ਸੇਵਾ ਸਿੰਘ " ਨੂਰਪੁਰੀ "***

---

ਬੱਚੇ ਦੀ ਖੁਸ਼ੀ ਦਾ ਨਾ ਰਿਹਾ ਕੋਈ ਟਿਕਾਣਾ
ਦੇਖ ਕੇ ਜੰਬੋ ਡੋਸਾ
ਅੱਜ ਤਾਂ ਰੱਜ ਕੇ ਖਾਵਾਂਗੇ
ਆਸਾਂ ਤੋਂ ਵੱਧ ਮਿਲਿਆ
ਨਹੀਂ ਸੀ ਕੋਈ ਭਰੋਸਾ
ਕਦੀ ਕਦਾਈਂ ਤਾਂ ਘਰਦਿਆਂ ਨੂੰ ਵੀ
ਸਾਡੀ ਖੁਸ਼ੀ ਦਾ ਖਿਆਲ
ਵੱਡੇ ਡੋਸੇ ਦਾ ਦਿੱਤਾ ਭਰੋਸਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਆਪ ਤੋਂ ਵੱਡਾ ਦੇਖ ਕੇ ਡੋਸਾ
ਨਿੱਕੀ ਨੂੰ ਤਾਂ ਹਾਸਾ ਆਵੇ।
ਸਾਰੇ ਉੱਪਰ ਨਿਗ੍ਹਾ ਮਾਰ ਲਈ
ਪਤਾ ਨਾ ਲੱਗੇ ਕਿੱਧਰੋਂ ਖਾਵੇ।
ਚਟਣੀਆਂ ਦਾ ਘੜਮੱਸ ਪੈ ਗਿਆ
ਕਿਹੜੀ ਛੱਡੇ, ਕਿਹੜੀ ਲਾਵੇ?
***-ਜਗਮੀਤ ਸਿੰਘ ਪੰਧੇਰ***

---

ਓਡੀ ਆਪ ਨਹੀਂ ਜਿੱਡਾ ਡੋਸਾ
ਜੋ ਚਾਹੁੰਦੀ ਸੀ ਮਿਲ ਗਿਆ
ਦੇਖ ਬੱਚੀ ਨੂੰ ਖੁਸ਼
ਮਾਪਿਆਂ ਦਾ ਦਿਲ ਖਿੜ ਗਿਆ
ਭਾਵੇਂ ਜੇਬ ਤੰਗ ਹੈ
ਵਾਧੂ ਖਰਚੇ ਲਈ
ਪਰ ਕੌੜਾ ਘੁੱਟ ਪੀਣਾ ਪੈ ਗਿਆ
ਇਹੀ ਹੈ ਬੱਚਿਆਂ ਲਈ
ਦਿਲੀ ਪਿਆਰ ਭਾਵਨਾ
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਦੁਨੀਆ ਦੇ ਧਰਮ ਇਤਿਹਾਸ ਦੀ ਬੇਨਜ਼ੀਰ ਘਟਨਾ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

ਭਾਰਤੀ ਅਧਿਆਤਮਕ ਤੇ ਧਾਰਮਿਕ ਗ੍ਰੰਥਾਂ ਦੀ ਪਰੰਪਰਾ ਬੜੀ ਪੁਰਾਣੀ ਤੇ ਅਮੀਰ ਹੈ। ਵਿਸ਼ਵ ਦੇ ਧਾਰਮਿਕ ਗ੍ਰੰਥਾਂ ਦੇ ਪ੍ਰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਥਾਨ ਅਦੁੱਤੀ ਹੈ। ਮਨੁੱਖੀ ਧਾਰਮਿਕ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਇਕ ਬੇਨਜ਼ੀਰ ਘਟਨਾ ਹੈ। ਦੁਨੀਆ ਦੇ ਸਾਰੇ ਧਾਰਮਿਕ ਗ੍ਰੰਥ ਸਤਿਕਾਰਤ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕਿਸੇ ਧਰਮ ਦਾ ਵਾਹਦ ਗ੍ਰੰਥ ਹੈ, ਜਿਸ ਨੂੰ ਜਾਗਤਿ-ਜੋਤ ਗੁਰੂ ਦਾ ਦਰਜਾ ਮਿਲਿਆ ਹੈ। ਬਾਣੀ ਨੂੰ ਸਤਿਗੁਰੂ ਦੇ ਰੂਪ ਵਿਚ ਸਤਿਕਾਰ ਦੇਣ ਦੀ ਪਰੰਪਰਾ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤੀ ਸੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਬਲੇ ਚਾਰ ਗੁਰੂ ਸਾਹਿਬਾਨ (ਸਮੇਤ ਆਪਣੀ ਬਾਣੀ ਦੇ), 15 ਭਗਤਾਂ, 11 ਭੱਟਾਂ ਅਤੇ ਗੁਰੂ-ਘਰ ਦੇ ਤਿੰਨ ਗੁਰਸਿੱਖਾਂ ਦੀ ਬਾਣੀ ਇਕੱਤਰ ਕਰ ਕੇ



ਡਾ. ਜ਼ੋਰਾ ਸਿੰਘ

ਭਾਈ ਗੁਰਦਾਸ ਜੀ ਦੀ ਸੇਵਾ ਲਗਾ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 1 ਸਤੰਬਰ 1604 ਈਸਵੀ ਨੂੰ ਸ੍ਰੀ ਹਰਿਮੰਦਰ ਸਾਹਿਬ 'ਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਅਤੇ ਜਿਸ ਦਿਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ, ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਕੋਠਾ ਸਾਹਿਬ ਵਿਖੇ ਪਲੰਘ 'ਤੇ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਭੁੰਜੇ ਬਿਰਾਜਦੇ। ਇਹ ਪਰੰਪਰਾ ਉਸ ਵੇਲੇ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੂ-ਬ-ਹੂ ਚੱਲੀ ਆ ਰਹੀ ਹੈ। ਹੁਣ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਕੋਠਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਆਸਨ ਕਰਕੇ ਪਲੰਘ ਦੇ ਹੇਠਾਂ ਇਕ ਚਿੱਟੀ ਚਾਦਰ ਜ਼ਰੂਰ ਵਿਛਾਈ ਜਾਂਦੀ ਹੈ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਦੇਣ ਦੀ ਅਨੂਠੀ ਪਰੰਪਰਾ ਦੇ ਅਨੁਸਾਰੀ ਹੈ।

ਅਧਿਆਤਮਵਾਦੀ ਅਨੁਭਵ ਵਿਚੋਂ ਨਿਕਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਗੁਰੂ ਸਾਹਿਬਾਨ ਦੀ ਰੂਹ ਦਾ ਪ੍ਰਕਾਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਮਨੁੱਖ, ਧਰਮ ਅਤੇ ਪ੍ਰਮਾਤਮਾ ਬਾਰੇ ਬਾਕੀ ਧਰਮਾਂ ਨਾਲੋਂ ਬੁਨਿਆਦੀ ਰੂਪ 'ਚ ਨਵੀਂ ਵਿਚਾਰਧਾਰਾ ਪੇਸ਼ ਕੀਤੀ। ਅਜਿਹੀਆਂ ਬ੍ਰਹਿਮੰਡੀ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਾ ਸਿਰਫ਼ ਇਕ ਧਾਰਮਿਕ ਗ੍ਰੰਥ ਹੀ ਹੈ, ਸਗੋਂ ਸਰਵੋਤਮ ਮਨੁੱਖੀ ਜੀਵਨ ਦਾ ਇਕ ਅੱਵਲ ਦਰਜੇ ਦਾ ਮਾਰਗ ਦਰਸ਼ਨ ਵੀ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਧਰਮ ਨੂੰ ਕਿਸੇ ਖ਼ਾਸ ਵਰਗ ਜਾਂ ਜਾਤ ਲਈ ਰਾਖ਼ਵਾਂ ਰੱਖਣ ਅਤੇ ਵਲਗਣਾਂ ਵਿਚ ਕੈਦ ਕਰਨ ਦੀ ਥਾਂ ਇਸ ਨੂੰ ਸਾਰੀ ਮਨੁੱਖਤਾ ਦਾ ਆਧਾਰ ਮੰਨਦੇ ਹਨ।

''ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥''

ਧਰਮ ਮਨੁੱਖਤਾ ਨੂੰ ਆਪਣੇ ਸਿਰ 'ਤੇ ਟਿਕਾਈ ਬੈਠਾ ਹੈ। ਇਸ ਧਰਮ ਨੂੰ ਦਇਆ ਦਾ ਪੁੱਤਰ ਅਤੇ ਸੰਤੋਖ ਨੂੰ ਜਨਮ ਦੇਣ ਵਾਲਾ ਕਿਹਾ ਗਿਆ ਹੈ। ਦੁਨੀਆ 'ਤੇ ਧਰਮ-ਮਜ਼੍ਹਬਾਂ ਨੂੰ ਲੈ ਕੇ ਫ਼ਸਾਦ ਹੁੰਦੇ ਹਨ। ਧਰਮਾਂ ਦੀ ਸਰਬ-ਸ੍ਰੇਸ਼ਠਤਾ ਨੂੰ ਲੈ ਕੇ ਸਦੀਆਂ ਤੋਂ ਧਾਰਮਿਕ ਗ੍ਰੰਥ ਵਾਦ-ਵਿਵਾਦਾਂ 'ਚ ਉਲਝਦੇ ਚਲੇ ਆ ਰਹੇ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਨ੍ਹਾਂ ਸਾਰੇ ਝਗੜਿਆਂ ਨੂੰ ਰੱਦ ਕਰਦਿਆਂ ਧਰਮ ਦੀ ਵਿਆਪਕਤਾ ਅਤੇ ਵਿਸ਼ਾਲਤਾ ਬਾਰੇ ਬਹੁਤ ਖ਼ੂਬਸੂਰਤ ਵਰਣਨ ਕਰਦੇ ਹਨ:

''ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥''

ਅਥਵਾ

''ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ॥''

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਧਰਮ ਇੰਨਾ ਵਿਸ਼ਾਲ ਅਤੇ ਸਰਬ-ਸਾਂਝਾ ਹੈ ਕਿ ਉਹ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਸਮਰੱਥਾ ਰੱਖਦਾ ਹੈ।

ਨਿਰਸੰਦੇਹ ਦੁਨੀਆ ਦੇ ਸਾਰੇ ਧਰਮ ਮਨੁੱਖ ਨੂੰ ਆਵਾਗਵਨ ਤੋਂ ਮੁਕਤੀ ਤੇ ਮੋਖ ਦੀ ਪ੍ਰਾਪਤੀ ਦਾ ਰਾਹ ਦਿਖਾਉਂਦੇ ਹਨ ਪਰ ਸਿਰਫ਼ ਆਪਣੇ ਲਈ ਮੋਖ ਮੰਗਣ ਵਾਲਾ ਮਨੁੱਖ 'ਸਵੈਮੁਖੀ' ਬਣ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ ਕਿ ਕੇਵਲ ਆਪਣੀ ਮੁਕਤੀ ਮੰਗਣ ਵਾਲਾ ਮਨੁੱਖ ਧਰਮ ਗੁਆ ਬੈਠਦਾ ਹੈ 'ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥' ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ ਮਨੁੱਖ ਨੂੰ 'ਸਵੈਮੁਖੀ' ਨਹੀਂ, ਸਗੋਂ 'ਸਰਬਮੁਖੀ' ਬਣਨ ਦੀ ਪ੍ਰੇਰਨਾ ਦਿੰਦਾ ਹੈ। ਉਹ ਸਾਰੇ ਲੋਕਾਂ ਦੀ ਭਲਾਈ ਲੋਚਦਾ ਹੈ:

''ਆਪ ਮੁਕਤੁ ਮੁਕਤੁ ਕਰੈ ਸੰਸਾਰੁ॥''

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆ ਦਾ ਇਕੋ-ਇਕ ਅਜਿਹਾ ਬ੍ਰਹਿਮੰਡੀ ਧਰਮ ਗ੍ਰੰਥ ਹੈ ਜਿਹੜਾ 'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥' ਅਤੇ 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ



ਜੀਓ॥' ਦੇ ਮਾਨਵ ਕਲਿਆਣਕਾਰੀ ਸੰਦੇਸ਼ ਦਿੰਦਿਆਂ ਸਮੁੱਚੀ ਮਨੁੱਖਤਾ ਲਈ ਚਿੰਤਾ ਕਰਦਾ ਹੈ। ਸੱਚੇ ਧਰਮੀ ਬਣਨ ਲਈ ਜਾਤ, ਨਸਲ, ਦੇਸ਼ ਜਾਂ ਮਜ਼੍ਹਬ ਨੂੰ ਕੋਈ ਮਹੱਤਵ ਨਹੀਂ ਦਿੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਮਾਨਵਤਾ ਲਈ ਕਿੰਨੀ ਭਲਾਈ ਲੋਚਦੇ ਹਨ, ਇਸ ਦੀ ਮਿਸਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਇਸ ਸਲੋਕ ਤੋਂ ਬਿਹਤਰ ਹੋਰ ਕੀ ਹੋ ਸਕਦੀ ਹੈ:

''ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥''

ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖਤਾ ਦੇ ਭਲੇ ਲਈ ਪਰਵਰਦਿਗਾਰ ਅੱਗੇ ਕੀਤੀਆਂ ਇਲਾਹੀ ਰੁਬਾਈਆਂ ਹਨ।

ਅੱਜ ਸੰਸਾਰ ਦੇ ਮਨੁੱਖੀ ਭਾਈਚਾਰੇ ਅਤੇ ਅਮਨ-ਸ਼ਾਂਤੀ ਲਈ ਪੈਦਾ ਹੋਏ ਖ਼ਤਰਿਆਂ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਹਤਰੀਨ ਸੇਧ ਪ੍ਰਾਪਤ ਕੀਤੀ ਜਾ ਸਕਦੀ ਹੈ। ਦੁਨੀਆ 'ਚ ਵਧ ਰਹੀ ਧਾਰਮਿਕ ਅਸਹਿਣਸ਼ੀਲਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਅੰਤਰ-ਧਰਮ ਸੰਵਾਦ ਅਤੇ ਧਾਰਮਿਕ ਸਹਿਹੋਂਦ ਦੇ ਸੰਕਲਪ ਦੂਰ ਕਰ ਸਕਦੇ ਹਨ।

ਇਸ ਪਾਵਨ ਗ੍ਰੰਥ ਦੀ ਬਾਣੀ ਤੋਂ ਵੱਖੋ-ਵੱਖਰੇ ਵਿਚਾਰਧਾਰਕ ਸੰਕਲਪ ਉਘੜ ਕੇ ਸਾਹਮਣੇ ਆਉਂਦੇ ਹਨ ਜੋ ਮਨੁੱਖ ਨੂੰ ਸਦਾਚਾਰਕ ਅਤੇ ਇਖਲਾਕੀ ਤੌਰ 'ਤੇ ਉੱਤਮ ਜੀਵਨ-ਜਾਚ ਸਿਖਾਉਂਦੇ ਹਨ। ਗੁਰਬਾਣੀ ਵਿਚ ਮਨੁੱਖ ਨੂੰ ਨੈਤਿਕ ਤੌਰ 'ਤੇ ਬਲਵਾਨ ਬਣਾਉਣ ਵਾਸਤੇ ਬਹੁਤ ਸਾਰੇ ਸੰਕਲਪ ਪੇਸ਼ ਹਨ। ਕੁਝ ਪ੍ਰਮੁੱਖ ਸੰਕਲਪ ਇਸ ਤਰ੍ਹਾਂ ਹਨ:

1. ਇਸਤਰੀ ਦਾ ਸਤਿਕਾਰ:
ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥

2. ਨਿਮਰਤਾ :
ਸਭੁ ਕੋ ਨਿਵੈ ਆਪ ਕਉ ਪਰੁ ਕਉ ਨਿਵੈ ਨ ਕੋਇ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

3. ਸਬਰ-ਸੰਤੋਖ :
ਰੁਖੀ ਸੁਖੀ ਖਾਇਕੈ ਠੰਡਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ॥

4. ਮਿੱਠਾ ਬੋਲਣਾ :
ਇਕ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵਹਿ॥

5. ਖਿਮਾ ਕਰਨਾ :
ਸੁਤ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਿ ਨ ਰਾਖਿਸ ਤੇਤੇ॥
ਰਮਈਆ ਹਉ ਬਾਰਿਕ ਤੇਰਾ॥
ਕਾਹੇ ਨ ਖੰਡਸਿ ਅਵਗੁਨ ਮੇਰਾ॥੧॥ ਰਹਾਉ॥

6. ਨਿੰਦਾ ਚੁਗਲੀ ਆਦਿ ਬੁਰਾਈਆਂ ਦਾ ਤਿਆਗ :
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧਿ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥੬॥

ਸੋ, ਅਜੋਕੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਮੁੱਚੀ ਮਨੁੱਖਤਾ ਦਾ ਅਜਿਹਾ ਨਾਯਾਬ ਮਾਰਗ-ਦਰਸ਼ਨ ਕਰ ਸਕਦੇ ਹਨ, ਜਿਹੜਾ ਰੰਗ-ਰੂਪ, ਦੇਸ਼, ਜਾਤ ਅਤੇ ਨਸਲ ਦੇ ਵਿਤਕਰੇ ਤੋਂ ਉੱਪਰ ਉਠ ਕੇ ਸਾਰੀ ਸ੍ਰਿਸ਼ਟੀ ਵਿਚ ਸੁੱਖ ਵਰਤਾ ਸਕਦਾ ਹੈ।

***ਚਾਂਸਲਰ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ।**

## ਦੇਵਿੰਦਰ ਕੌਰ ਗੁਰਾਇਆ ਦੀਆਂ ਚੋਣਵੀਆਂ ਕਵਿਤਾਵਾਂ

### 1. ਕੋਵਿਡ-19

ਕੋਵਿਡ-19 ਕਰਕੇ ਨਿਊਯਾਰਕ ਅਮਰੀਕਾ 'ਚ ਜੋ ਮੌਤਾਂ ਹੋਈਆਂ ਮਰਨ ਵਾਲਿਆਂ ਦੀਆਂ ਲਾਸ਼ਾਂ ਦੀ ਦੁਰਗਤੀ ਦੇਖ ਕੇ ਦਿਲ ਹਿੱਲ ਗਿਆ ਸੀ। ਇਕ ਰਾਤ ਨੀਂਦ ਨਹੀਂ ਸੀ ਆ ਰਹੀ ਜਦ ਆਈ ਤਾਂ ਇਹ ਭਿਆਨਕ ਸੁਪਨਾ ਦੇਖਿਆ।

ਮੈਂ ਸੁਪਨੇ ਵਿੱਚ ਸਾਰੀ ਰਾਤ ਲਾਸ਼ਾਂ ਵੇਂਹਦੀ ਰਹੀ,
ਬੰਨ੍ਹ-ਬੰਨ੍ਹ ਕੇ ਪੰਡਾਂ ਟਰੱਕ 'ਚੋਂ ਢੋਹਦੀ ਰਹੀ।
ਕੋਈ ਸਿੱਖ ਈਸਾਈ ਨਾ ਮੁਸਲਮਾਨ ਸੀ,
ਬਸ ਲਾਸ਼ਾਂ ਹੀ ਉਹਨਾਂ ਦਾ ਨਾਮ ਸੀ।

ਭਰੇ ਟਰੱਕ 'ਚੋਂ ਉਹ ਡਿੱਗ ਰਹੀਆਂ ਸੀ,
ਘਰ ਲਾਗੇ ਖ਼ਾਲੀ ਥਾਂ 'ਤੇ ਮੈਂ ਕੁਝ ਲਾਹ ਲਈਆਂ ਸੀ।
ਫਿਰ ਪਲ-ਪਲ ਡਰਦੀ ਖ਼ੁਦ ਨੂੰ ਕੋਸਦੀ ਰਹੀ,
ਉਸ ਪਾਸੇ ਜਾਣ ਤੋਂ ਕਦਮਾਂ ਨੂੰ ਰੋਕਦੀ ਰਹੀ।

ਮੈਂ ਅਚਾਨਕ ਦੇਖਿਆ ਪੰਡਾਂ ਹਿੱਲ ਰਹੀਆਂ ਸਨ,
ਘੁਸਰ-ਮੁਸਰ ਕਰਦੀਆਂ ਲਾਗੇ ਹੋ ਗਈਆਂ ਸਨ।
ਸ਼ਾਇਦ ਉਨ੍ਹਾਂ ਨੂੰ ਮੇਰੇ 'ਤੇ ਸ਼ੱਕ ਪਿਆ,
ਮੈਂ ਵੀ ਚੁੱਪ ਸਾਂ ਉਨ੍ਹਾਂ ਵੀ ਕੁਝ ਨਾ ਕਿਹਾ।

ਮੈਂ ਕੰਬ ਗਈ ਉਹ ਮੇਰੇ ਵੱਲ ਦੇਖ ਰਹੀਆਂ ਸਨ,
ਕਈਆਂ ਦੀਆਂ ਅੱਖਾਂ 'ਚ ਹੰਝੂ ਕਈ ਹੱਸ ਰਹੀਆਂ ਸਨ।
ਕੋਈ ਵੀ ਰੌਲਾ ਨਹੀਂ ਸੀ ਸਾੜਨ, ਦਫ਼ਨਾਉਣ ਦਾ,
ਨਾ ਫ਼ਿਕਰ ਅਰਦਾਸ ਦਾ ਨਾ ਕਲਮਾਂ ਪੜ੍ਹਾਉਣ ਦਾ।

ਇਕ ਰੱਬ ਦੇ ਬੰਦਿਆਂ ਲਈ ਇਕ ਟੋਆ ਇਕ ਕਫ਼ਨ ਸੀ,
ਸੁੰਨਸਾਨ ਧਰਤੀ 'ਤੇ ਮੌਤ ਦਾ ਜਸ਼ਨ ਸੀ।
ਮੂੰਹ ਦੇਖਣ ਦੀ ਰਸਮ ਨਹੀਂ ਸੀ
ਦੀਵਾ ਬਾਲ ਕੇ ਮੰਜੀ ਤੋਂ ਲਾਉਣਾ
ਗਾਵਾਂ ਮਨਸ ਕੇ ਦਾਣੇ ਵੰਡਣ ਦਾ
ਕੋਈ ਵਹਿਮ ਟਸਨ ਨਹੀਂ ਸੀ।

ਕਈਆਂ ਕੋਲ ਕਾਗਜ਼ ਕਈ ਕਲਮ ਫੜਾ ਰਹੀਆਂ ਸਨ,
ਕਈ ਗਾ ਰਹੀਆਂ ਸਨ ਘੋੜੀਆਂ
ਕਈ ਲੋਰੀਆਂ ਸੁਣਾ ਰਹੀਆਂ ਸਨ।
ਅਚਾਨਕ ਉਮੀਦ ਨਾਲ ਦੇਖਦੀਆਂ
ਉਹ ਨਿਰਾਸ਼ ਹੋ ਗਈਆਂ
ਇਕ ਲਾਸ਼ ਤੋਂ ਜ਼ਿੰਦਗੀ ਮੰਗਦੀਆਂ
ਮੁੜ ਲਾਸ਼ ਹੋ ਗਈਆਂ।

ਫਿਰ ਪਲਾਂ- ਛਿਣਾਂ 'ਚ ਉਹ ਟੁਕੜੇ- ਟੁਕੜੇ ਹੋ ਗਈਆਂ
ਅਖਬਾਰ ਦੇ ਪਹਿਲੇ ਪੇਜ ਦੇ ਸੁਰਖ਼ ਮੁਖੜੇ ਹੋ ਗਈਆਂ।
ਮੈਂ ਦੇਖਿਆ ਸ਼ੀਸ਼ੇ ਦੇ ਪਰਦੇ ਉਹਲੇ
ਕੋਈ ਲਿਸਟ ਬਣਾ ਰਿਹਾ ਸੀ,
ਆਦਮ-ਖੋਰ ਬੰਦਾ ਲਾਸ਼ਾਂ ਦਾ ਮਾਸ ਖਾ ਰਿਹਾ ਸੀ।

### 2. ਲਿਖਣਾ ਤਾਂ

ਲਿਖਣਾ ਤਾਂ ਹਨੇਰੀਆਂ ਰਾਤਾਂ ਦੇ
ਮੱਥੇ 'ਤੇ ਬਲ਼ਦਾਂ ਚਿਰਾਗ਼ ਲਿਖ,
ਲਿਖ ਹੰਝੂ ਤੇ ਆਹਾਂ
ਪੀੜ ਮਾਂ ਦੀ ਕੁੱਖ ਦੀ
ਵਿਹੜੇ ਵਿਚ ਪੁੱਤ ਦੀ ਲਾਸ਼ ਤੇ
ਪੈਂਦੀ ਕੁਰਲਾਹਟ ਲਿਖ।

ਪੜ੍ਹ ਕਿਸਾਨ ਦੇ ਚਿਹਰੇ ਤੋਂ
ਉਮਰ ਭਰ ਦੀਆਂ ਵੀਰਾਨੀਆਂ
ਮੈਲੇ ਪਾਟੇ ਕੱਪੜੇ
ਨੰਗੇ ਪੈਰਾਂ ਦੀ ਸਾਰ ਲਿਖ।
ਜੋ ਕਦੀ ਨਾ ਰੱਜ ਕੇ ਸੁੱਤੀਆਂ
ਜਿਨ੍ਹਾਂ ਦੇ ਸੁਪਨੇ ਚੋਰੀ ਹੋ ਗਏ,
ਖੂਹ ਵਾਂਗ ਡੂੰਘੀਆਂ ਅੱਖਾਂ ਦੀ
ਉੱਜੜੀ ਬਹਾਰ ਲਿਖ।

ਪੜ੍ਹਨ ਦੀ ਉਮਰੇ ਢੋਏ ਜੋ
ਭਾਰ ਮਜ਼ਦੂਰੀ ਦਾ,
ਕਿਰਤੀ ਦੇ ਬੱਚੇ ਦਾ
ਹਨੇਰਾ ਸੰਸਾਰ ਲਿਖ।

ਲਿਖ ਚੋਂਦੀ ਛੱਤ ਥੱਲੇ
ਭੁੱਖ ਨਾਲ ਵਿਲਕਦੀਆਂ ਆਂਦਰਾਂ,
ਵਿਹਲੜਾਂ ਦੇ ਮਹਿਲ ਤੇ
ਪਦਾਰਥ ਹਜ਼ਾਰ ਲਿਖ।

ਜਿਸ ਦੀ ਇੱਜ਼ਤ ਭੇੜੀਆਂ ਨੋਚ ਲਈ
ਹੁਸਨ ਭੁੱਖ ਨੇ ਖਾ ਲਿਆ
ਮਜ਼ਦੂਰ ਦੀ ਧੀ ਦੇ
ਪਾਟੇ ਉਧੜੇ ਲੰਗਾਰ ਲਿਖ।

ਕਸਮ ਖਾ ਕੇ ਕਲਮ ਦੀ
ਕਰ ਨੰਗਾ ਕੱਪਟੀ ਤਖ਼ਤ ਨੂੰ
ਕਿਸਾਨ-ਏਕਤਾ ਮਜ਼ਦੂਰ -ਏਕਤਾ
ਜ਼ਿੰਦਾਬਾਦ ਲਿਖ ਇਨਕਲਾਬ ਲਿਖ।

### 3. ਵਿਰਸੇ ਦੀ ਮੌਤ

ਆਉ, ਬਲ਼ਦੇ ਸੂਰਜ ਨੂੰ ਤਲੀਆਂ 'ਤੇ ਰੱਖ ਲਈਏ
ਚੁੰਧਿਆਈਆਂ ਅੱਖਾਂ ਨੂੰ ਚਾਨਣ ਦੇ ਬੁੱਕ ਦੇਈਦੇ।

ਧੀਆਂ ਭੈਣਾਂ ਬਣ ਗਈਆਂ ਲੇਬਲ ਬਜ਼ਾਰ ਦਾ
ਆਉ, ਨੰਗੇ ਜਿਸਮਾਂ ਨੂੰ ਪਾ ਕਫ਼ਨ ਢੱਕ ਦਈਏ।

ਧਰਤੀ ਗੁਰੂਆਂ ਪੀਰਾਂ ਦੀ ਮਰਿਆਦਾ ਭੁੱਲ ਗਈ
ਆਓ, ਲੱਭ ਕੇ 'ਨਾਨਕ' ਨੂੰ 'ਜਣਨੀ' ਦਾ ਹਾਲ ਕਹੀਏ।

ਮਾਂ ਦੇ ਵਾਰਸਾਂ ਮਾਂ ਦੀ ਬੋਲੀ ਲਗਾ ਦਿੱਤੀ
ਆਉ, ਇਸ ਬੇਹਯਾਈ ਨੂੰ ਵਿਰਸੇ ਦੀ ਮੌਤ ਕਹੀਏ।

### 4. ਕੱਚੇ ਕੋਠੇ ਦੀ ਛੱਤ

ਮੈਂ ਕੱਚੇ ਕੋਠੇ ਦੀ ਛੱਤ ਹਾਂ
ਹਰ ਮੌਸਮ ਹੰਢਾਇਆ ਮੈਂ
ਕਦੀ ਧੁੱਪਾਂ ਨੇ ਉਖੇੜਿਆਂ
ਕਦੀ ਬੁਛਾੜਾਂ ਨੇ ਰੋੜ੍ਹਿਆ
ਪਰ ਮੇਰੀ ਹੋਂਦ ਨਾ ਮਰੀ
ਮੈਂ ਡਿੱਗੀ, ਟੁੱਟੀ, ਖਿੰਡੀ ਤੇ
ਮੁੜ ਛੱਤ ਬਣ ਗਈ
ਮੈਂ ਕੱਚੇ ਕੋਠੇ ਦੀ ਛੱਤ ਹਾਂ।

ਮੇਰਾ ਸੁਖ ਮਾਣਦਾ ਮਨੁੱਖ
ਭੁੱਲ ਜਾਂਦਾ ਕੁਝ ਪਲਾਂ ਲਈ
ਦੁੱਖ ਦਰਦ ਤੇ ਕੜਵਾਹਟ ਮੈਂ
ਬਖ਼ਸ਼ ਦੇਂਦੀ ਹਾਂ ਰਹਿਮਤ ਤੇ
ਸੁੰਨੇ ਘਰ 'ਚ ਹਨੇਰੇ ਕੋਨੇ 'ਚ
ਬੁੱਸੀ ਹਵਾ 'ਚ ਦਮ ਘੁੱਟਦੀ
ਸੱਜਰੇ ਫੁੱਲ ਦਾ ਸੁਪਨਾ ਉਲੀਕ ਦੇਂਦੀ ਹਾਂ
ਮੈਂ ਕੱਚੇ ਕੋਠੇ ਦੀ ਛੱਤ ਹਾਂ।

ਮੈਂ ਚੂਨੇ ਰੇਤ ਤੋਂ ਨਹੀਂ ਬਣੀ
ਜੋ ਬੇਕਾਰ ਹੋ ਜਾਵਾਂਗੀ ਟੁੱਟ ਕੇ
ਮੈਂ ਮਿੱਟੀ ਹਾਂ ਜਿਸ ਨੂੰ ਗੋਅ ਕੇ
ਦੁਬਾਰਾ ਛੱਤ ਬਣ ਜਾਂਦੀ ਏ
ਛੱਤ ਨਾਲ ਘਰ ਬਣਦਾ ਹੈ
ਕੰਧਾਂ ਘਰ ਨਹੀਂ ਅਖਵਾਉਂਦੀਆਂ
ਖੋਲੇ ਹੁੰਦੀਆਂ ਨੇ ਛੱਤ ਤੋਂ ਬਿਨਾ
ਮੈਂ ਕੱਚੇ ਕੋਠੇ ਦੀ ਛੱਤ ਹਾਂ।

ਮੇਰੀ ਸਹਿਣ ਸ਼ਕਤੀ ਡੋਲਦੀ
ਜ਼ੁਲਮ ਦਾ ਕਹਿਰ ਦੇਖ ਕੇ ਮੈਂ
ਕਹਿਰਵਾਨਾਂ ਤੋਂ ਬੇਜ਼ਾਰ ਹੋ ਡਿਗਦੀ
ਖ਼ੁਦ ਮਿੱਟਦੀ ਘਰ ਨੂੰ ਮਿਟਾ ਦੇਂਦੀ
ਪਰ ਜੇ ਕੋਈ ਸੇਜਲ ਅੱਖਾਂ ਨਾਲ
ਮੁੜ ਇਕੱਠਾ ਕਰਦਾ ਮੇਰੀ ਮਿੱਟੀ ਨੂੰ
ਮੈਂ ਫਿਰ ਛੱਤ ਬਣ ਜਾਂਦੀ ਹਾਂ
ਮੈਂ ਕੱਚੇ ਕੋਠੇ ਦੀ ਛੱਤ ਹਾਂ
ਮੈਂ ਕੱਚੇ ਕੋਠੇ ਦੀ ਛੱਤ ਹਾਂ

ਹਰ ਮੌਸਮ ਹੰਢਾਇਆਂ ਮੈਂ
ਕਦੀ ਧੁੱਪਾਂ ਨੇ ਉਖੇੜਿਆ
ਕਦੀ ਬੁਛਾੜਾਂ ਨੇ ਰੋੜ੍ਹਿਆ
ਪਰ ਮੇਰੀ ਹੋਂਦ ਨਾ ਮਰੀ
ਮੈਂ ਡਿੱਗੀ, ਟੁੱਟੀ, ਖਿੰਡੀ ਤੇ
ਮੁੜ ਛੱਤ ਬਣ ਗਈ
ਮੈਂ ਕੱਚੇ ਕੋਠੇ ਦੀ ਛੱਤ ਹਾਂ।

**-ਫੋਨ : 571 315 9543**

# 'ਫਾਂਸੀ ਦੇ ਤਖਤੇ ਤੋਂ' ਵਾਲੇ ਜੂਲੀਅਸ ਫਿਊਚਿਕ ਨੂੰ ਯਾਦ ਕਰਦਿਆਂ

ਬਚਪਨ ਤੋਂ ਹੀ ਸਦਾ ਜਦੋਂ ਵੀ ਮੈਂ ਕਦੀ ਕਿਸੇ ਕਿਤਾਬ ਵਿਚ ਦੇਸ਼ ਭਗਤਾਂ ਜਾਂ ਕਿਸੇ ਵਿਚਾਰਧਾਰਾ ਨੂੰ ਪਰਨਾਏ ਹੋਏ ਇਨਕਲਾਬੀਆਂ ਦੇ ਕੁਰਬਾਨੀਆਂ ਭਰੇ ਇਤਿਹਾਸ ਬਾਰੇ ਪੜ੍ਹਨਾ ਤਾਂ ਮੇਰੇ ਮਨ ਵਿਚ ਕੁੱਝ ਸੁਆਲਾਂ ਨੇ ਸਦਾ ਹੀ ਖੌਰੂ ਪਾਉਣਾ, ਜਿਵੇਂ ਕਿ ਉਹ ਕੀ ਹੈ ਜੋ ਇਨਸਾਨ ਨੂੰ ਜੂਝਣ ਲਈ ਪ੍ਰੇਰਿਤ ਕਰਦਾ ਹੈ, ਉਹਨੂੰ ਸਖਤ ਸਰੀਰਕ ਅਤੇ ਮਾਨਸਿਕ ਤਸ਼ੱਦਦ ਬਰਦਾਸ਼ਤ ਕਰਨ ਦੀ ਤਾਕਤ ਦਿੰਦਾ ਹੈ? ਆਖਰ ਐਸਾ ਕੀ ਹੈ ਜੋ ਇਨਸਾਨ ਨੂੰ ਆਪਣੀ ਹਸਤੀ ਤੋਂ ਵੀ ਵੱਧ ਪਿਆਰਾ ਹੋ ਜਾਂਦਾ ਹੈ ਤੇ ਉਹ ਆਪਾ ਵਾਰਨ ਤੋਂ ਵੀ ਪਿਛਾਂਹ ਨਹੀਂ ਹਟਦਾ? ਤੇ ਨਾਲ ਲਗਵਾਂ ਹੀ ਇਹ ਖਿਆਲ ਵੀ, ਕਿ ਜਾਨ ਦੀ ਬਾਜ਼ੀ ਲਾਉਣ

**ਮਲਿਕਾ ਮੰਡ**

ਵਾਲੇ ਉਹ ਸੂਰਮੇ ਆਖਰ ਕਿਹੋ ਜਿਹੇ ਹੁੰਦੇ ਹੋਣਗੇ? ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ ਉਤੇ ਮੇਰੇ ਮਨ ਵਿਚ ਇਕ ਗਲਤ ਜਿਹੀ ਧਾਰਨਾ ਬਣੀ ਹੋਈ ਸੀ ਕਿ ਐਸੇ ਬਹਾਦਰ ਲੋਕ ਸ਼ਾਇਦ ਕਿਸੇ ਹੋਰ ਹੀ ਮਿੱਟੀ ਦੇ ਬਣੇ ਹੋਣਗੇ। ਮੈਂ ਮਨ ਵਿਚ ਚਿਤਵਣਾ ਕਿ ਉਹ ਸ਼ਾਇਦ ਸਰੀਰਕ ਤੌਰ 'ਤੇ ਬੜੇ ਹੀ ਤਕੜੇ, ਮਨੋਂ ਸਖਤ, ਭਾਵ-ਵਿਹੂਣੇ ਤੇ ਗੈਰ ਜਜ਼ਬਾਤੀ ਜਿਹੇ ਲੋਕ ਹੁੰਦੇ ਹੋਣਗੇ, ਜ਼ਿੰਦਗੀ ਦੇ ਸੂਖਮ ਸੁਹੱਪਣ ਦੀ ਸਮਝ ਤੋਂ ਸੱਖਣੇ। ਜੋ ਸਦਾ ਮਰਨ ਮਾਰਨ ਬਾਰੇ ਹੀ ਸੋਚਦੇ ਰਹਿੰਦੇ ਹੋਣਗੇ। ਪਰ ਮੇਰੀ ਇਹ ਗਲਤ ਧਾਰਨਾ ਟੁੱਟੀ ਜੂਲੀਅਸ ਫਿਊਚਿਕ ਦੀ 'ਫਾਂਸੀ ਦੇ ਤਖਤੇ ਤੋਂ' ਕਿਤਾਬ ਨੂੰ ਪੜ੍ਹ ਕੇ। ਤੇ ਆਪਣੇ ਮਨ ਵਿਚਲੇ ਸਾਰੇ ਸੁਆਲਾਂ ਦੇ ਜੁਆਬ ਵੀ ਮੈਨੂੰ ਇਸ ਲਿਖਤ ਵਿਚੋਂ ਆਪ ਮੁਹਾਰੇ ਹੀ ਮਿਲ ਗਏ। 'ਇਨਕਲਾਬੀ ਦੇਸ਼ ਭਗਤ' ਇਹ ਲਫਜ਼ ਇਕ ਨਵੀਂ ਮਹਾਨਤਾ ਨਾਲ ਮੇਰੇ ਸਾਹਮਣੇ ਪ੍ਰਗਟ ਹੋਇਆ।

'ਫਾਂਸੀ ਦੇ ਤਖਤੇ ਤੋਂ' ਇੱਕ ਚੈਕ ਅਖਬਾਰ ਨਵੀਸ, ਸਾਹਿਤ ਚਿੰਤਕ ਅਤੇ ਖੱਬੇ ਪੱਖੀ ਆਗੂ ਜੂਲੀਅਸ ਫਿਊਚਿਕ ਦੀ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀ ਆਤਮ ਕਥਾ ਹੈ ਜਿਸਨੂੰ ਦੂਸਰੇ ਵਿਸ਼ਵ ਯੁੱਧ ਦੌਰਾਨ ਨਾਜ਼ੀ ਪੁਲਿਸ ਦੁਆਰਾ ਭਿਆਨਕ ਤਸੀਹੇ ਦੇਣ ਤੋਂ ਬਾਅਦ ਫਾਹੇ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਦੀ ਇਸ ਸ਼ਾਹਕਾਰ ਕਿਰਤ ਬਾਰੇ ਗੱਲ ਕਰਨ ਤੋਂ ਪਹਿਲਾਂ ਉਹਦੇ ਨਿੱਜੀ ਜੀਵਨ ਉਤੇ ਇਕ ਝਾਤ ਪਾਉਣੀ ਬਣਦੀ ਹੈ।

ਜੂਲੀਅਸ ਫਿਊਚਿਕ ਦਾ ਜਨਮ ਇੱਕ ਅਸਪਾਤ ਮਜ਼ਦੂਰ ਪਰਿਵਾਰ ਵਿਚ 23 ਫਰਵਰੀ 1903 ਨੂੰ ਪ੍ਰਾਗ ਸਮੀਖੋਵ ਵਿਚ ਹੋਇਆ। ਸਾਹਿਤ, ਸੰਗੀਤ ਤੇ ਕਲਾ ਦਾ ਸ਼ੌਕ ਉਸਨੂੰ ਵਿਰਾਸਤ ਵਿਚ ਹੀ ਮਿਲਿਆ ਕਿਉਂਕਿ ਉਸਦਾ ਪਿਤਾ ਖੁਦ ਸੰਗੀਤ ਅਤੇ ਅਦਾਕਾਰੀ ਵਿਚ ਡੂੰਘੀ ਦਿਲਚਸਪੀ ਰੱਖਦਾ ਸੀ। ਇਨ੍ਹਾਂ ਵਿਸ਼ਿਆਂ ਦੀ ਰਸਮੀ ਸਿੱਖਿਆ ਫਿਊਚਿਕ ਨੇ ਪ੍ਰਾਗ ਯੂਨੀਵਰਸਿਟੀ ਦੇ ਵਿਦਿਆਰਥੀ ਜੀਵਨ ਸਮੇਂ ਹਾਸਲ ਕੀਤੀ। ਆਪਣੇ ਜੀਵਨ ਦੇ ਮੁੱਢਲੇ ਸਾਲਾਂ ਵਿਚ ਹੀ ਉਸਨੇ ਚੈਕੋਸਲੋਵਾਕੀਆ ਦੀ ਮਜ਼ਦੂਰ ਲਹਿਰ ਅਤੇ ਸਭਿਆਚਾਰਕ ਗਤੀਵਿਧੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਹ ਵਿਦਿਆਰਥੀਆਂ ਦੀ ਜਥੇਬੰਦੀ ਦਾ ਮੋਹਰੀ ਆਗੂ ਬਣ ਕੇ ਉਭਰਿਆ ਅਤੇ ਉਸਨੇ ਅਖਬਾਰਾਂ, ਰਸਾਲਿਆਂ, ਲਈ ਲਿਖਣਾ ਸ਼ੁਰੂ ਕਰ ਦਿੱਤਾ। 1929 ਵਿਚ ਉਹ 'ਤਵੋਰਬਾ' ('ਉਸਾਰੀ') ਤੇ ਉਸ ਮਗਰੋਂ ਚੈਕੋਸਲੋਵਾਕੀਆ ਦੀ ਇਨਕਲਾਬੀ ਅਖਬਾਰ 'ਰੂਦੇ ਪ੍ਰਾਵੋ' ('ਲਾਲ ਹੱਕ') ਦਾ ਐਡੀਟਰ ਬਣਿਆ।

ਦੂਜੀ ਸੰਸਾਰ ਜੰਗ ਵੇਲੇ ਹਿਟਲਰੀ ਜਰਮਨੀ ਦੀਆਂ ਨਾਜ਼ੀ ਫੌਜਾਂ ਨੇ ਪੋਲੈਂਡ, ਹੰਗਰੀ, ਰੁਮਾਨੀਆਂ, ਬੁਲਗਾਰੀਆ, ਫਰਾਂਸ ਤੇ ਆਸਟਰੀਆ ਵਾਂਗੂੰ ਚੈਕੋਸਲੋਵਾਕੀਆ 'ਤੇ ਵੀ ਕਬਜ਼ਾ ਕਰ ਕੇ ਆਪਣਾ 'ਕਾਲਾ ਸਵਾਸਤਿਕਾ' ਲਹਿਰਾ ਦਿੱਤਾ। ਇਸ ਤੋਂ ਮਗਰੋਂ, ਹਰਾ ਦਿੱਤੇ ਗਏ ਬਾਕੀ ਮੁਲਕਾਂ ਵਾਂਗੂੰ ਉਥੇ ਵੀ ਨਾਜ਼ੀਆਂ ਦਾ ਦਮਨ ਚੱਕਰ ਸ਼ੁਰੂ ਹੋਇਆ ਤੇ ਨਾਲ ਸ਼ੁਰੂ ਹੋਇਆ ਲਗਭਗ ਸਾਰੀਆਂ ਹੀ ਰਾਸ਼ਟਰਵਾਦੀ ਤੇ ਖੱਬੇ ਪੱਖੀ ਪਾਰਟੀਆਂ ਦੇ ਪਾਬੰਦੀ ਲੱਗਣ ਤੋਂ ਬਾਅਦ ਯਹੂਦੀਆਂ, ਦੇਸ਼ ਭਗਤਾਂ ਤੇ ਵਿਰੋਧੀ ਰਾਜਸੀ ਪਾਰਟੀਆਂ ਦੇ ਆਗੂਆਂ ਤੇ ਕਾਰਕੁਨਾਂ ਦੀ ਫੜੋਫੜੀ ਤੋਂ ਬਾਅਦ ਗੈਸਟਾਪੋ (ਨਾਜ਼ੀ ਪੁਲਿਸ ਜੋ ਆਪਣੇ ਵਹਿਸ਼ਿਆਨਾ ਜਬਰ ਲਈ ਮਸ਼ਹੂਰ ਸੀ) ਦਿਲ ਕੰਬਾਊ ਤਸੀਹੇ ਦੇਣ ਤੇ ਮਗਰੋਂ ਕੰਸਨਟਰੇਸ਼ਨ ਕੈਂਪਾਂ, ਜੇਲ੍ਹਾਂ ਤੇ ਗੈਸ ਚੈਂਬਰ ਰੂਪੀ ਮੌਤ ਦੇ ਜਬਾੜਿਆਂ ਵਿਚ ਧੱਕੇ ਜਾਣ ਦਾ ਭਿਆਨਕ ਦੌਰ।

ਇਸ ਸਮੇਂ ਜਥੇਬੰਦੀ ਦੇ ਬਾਕੀ ਕਾਰਕੁਨਾਂ ਵਾਂਗ ਫਿਊਚਿਕ ਵੀ ਰੂਪੋਸ਼ ਹੋ ਕੇ ਗੁਪਤ ਜਥੇਬੰਦੀ ਨੂੰ ਸੰਗਠਿਤ ਕਰਨ ਦੇ ਸੰਘਰਸ਼ ਵਿਚ ਜੁਟ ਪਿਆ। ਉਸ ਨੇ ਪਾਰਟੀ ਦਾ ਖੁਫੀਆ ਹੈੱਡਕੁਆਰਟਰ ਕਾਇਮ ਕਰਨ ਵਿਚ ਯੋਗਦਾਨ ਪਾਇਆ। ਉਸਨੇ ਇਸ ਸਮੇਂ ਦੌਰਾਨ ਸਾਹਿਤਕ ਇਤਿਹਾਸਕ ਮਾਰਕਸੀ ਖੋਜ ਬਾਰੇ ਵੀ ਕੰਮ ਕਰਨਾ ਸ਼ੁਰੂ ਕੀਤਾ। ਆਪਣੇ ਸਾਥੀਆਂ ਨਾਲ ਰਲ ਕੇ ਉਸਨੇ ਪਾਰਟੀ ਦਾ ਖੁਫੀਆ ਕੇਂਦਰੀ ਅਖਬਾਰ ਵੀ ਕੱਢਿਆ, ਜਿਸ ਦਾ ਐਡੀਟਰ ਉਹ ਆਪ ਸੀ। ਇਸ ਤੋਂ ਇਲਾਵਾ ਉਸ ਨੇ ਹੋਰ ਖੁਫੀਆ ਕਿਤਾਬਾਂ ਵੀ ਛਾਪੀਆਂ, ਜਿਨ੍ਹਾਂ ਵਿਚੋਂ ਇੱਕ ਵਿਅੰਗਮਈ ਅਖਬਾਰ 'ਤ੍ਰਨਾਵੋ ਚੈਕ' (ਛੋਟਾ ਜਿਹਾ ਕੰਡਾ) ਵੀ ਸੀ। ਪਰ ਬਦਕਿਸਮਤੀ ਨਾਲ ਇਕ ਰਾਜ਼ਦਾਰ ਦੀ ਗਦਾਰੀ ਕਰਕੇ ਉਹ 25 ਅਪ੍ਰੈਲ 1942 ਨੂੰ ਅਚਿੰਤਾ ਹੀ ਫੜ ਲਿਆ ਗਿਆ। ਨਾਜ਼ੀਆਂ ਦੁਆਰਾ 8 ਸਤੰਬਰ 1943 ਨੂੰ ਬਰਲਿਨ ਦੀ ਪਲੋਟਜ਼ਨਸੇ ਜੇਲ੍ਹ ਵਿਚ ਲਗਭਗ ਚਾਲੀ ਵਰ੍ਹਿਆਂ ਦੀ ਉਮਰੇ ਉਹਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।


'ਫਾਂਸੀ ਦੇ ਤਖਤੇ ਤੋਂ' ਰਾਜਨੀਤਿਕ, ਸੱਭਿਆਚਾਰਕ, ਮੁਲਕ ਦੇ ਘਰੇਲੂ ਮਸਲਿਆਂ, ਸਾਹਿਤ ਅਤੇ ਨਾਟਕ ਬਾਰੇ ਪੜਚੋਲ ਵਰਗੇ ਬਹੁਪੱਖੀ ਵਿਸ਼ਿਆਂ ਬਾਰੇ ਲਿਖਣ ਵਾਲੇ ਫਿਊਚਿਕ ਦੀ ਅੰਤਿਮ ਲਿਖਤ ਹੈ। ਜਿਸਦੀ ਰਚਨਾ ਉਹਨੇ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਤਸੀਹਾ ਘਰ ਤੇ ਪ੍ਰੇਂਕਾਤਸ ਜੇਲ੍ਹ ਵਿਚਲੀ ਕੈਦ ਦੇ ਦੌਰਾਨ ਜ਼ਿੰਦਗੀ ਤੇ ਮੌਤ ਵਿਚਕਾਰ ਝੂਲਦਿਆਂ, ਅਕਹਿ ਤੇ ਅਸਹਿ ਸਰੀਰਕ ਤੇ ਮਾਨਸਿਕ ਤਸ਼ੱਦਦ ਬਰਦਾਸ਼ਤ ਕਰਦਿਆਂ ਕੀਤੀ।

'ਫਾਂਸੀ ਤੇ ਤਖਤੇ ਤੋਂ' ਸਵੈ ਜੀਵਨੀ ਰੂਪੀ ਲਿਖਤ ਹੈ ਪਰ ਇਹ ਕੋਈ ਸਾਧਾਰਣ ਸਵੈ ਜੀਵਨੀ ਬਿਲਕੁਲ ਨਹੀਂ। ਇਹਦਾ ਇਕ ਸਾਧਾਰਨ ਲਿਖਤ ਨਾਲੋਂ ਫਰਕ ਸਮਝਣ ਲਈ ਜ਼ਰੂਰੀ ਹੈ ਇਹ ਜਾਨਣਾ ਕਿ ਇਹ ਲਿਖਤ ਫਿਊਚਿਕ ਨੇ ਕਿਹੜੇ ਹਾਲਾਤ ਵਿਚੋਂ ਗੁਜ਼ਰਦਿਆਂ ਲਿਖੀ। ਸਾਹਿਤਕ ਰਚਨਾ ਪ੍ਰਕਿਰਿਆ ਦੀਆਂ ਕੁੱਝ ਮੁਢਲੀਆਂ ਲੋੜਾਂ ਹੁੰਦੀਆਂ ਹਨ। ਜਦੋਂ ਕੋਈ ਲੇਖਕ ਕੋਈ ਸਾਹਿਤਕ ਕਿਰਤ ਰਚਦਾ ਹੈ ਤਾਂ ਇਹ ਉਹਦੇ ਤੋਂ ਮੰਗ ਕਰਦੀ ਹੈ ਬਈ ਉਹ ਪਹਿਲਾਂ ਉਸ ਲਿਖਤ ਦਾ ਇਕ ਮੁਢਲਾ ਖਾਕਾ ਆਪਣੇ ਮਨ ਵਿਚ ਬਣਾਵੇ। ਉਸ ਦੇ ਵਿਸ਼ੇ ਤੇ ਉਸ ਵਿਸ਼ੇ ਨਾਲ ਜੁੜੇ ਹਰ ਵੇਰਵੇ ਨਾਲ ਆਪਣੇ ਆਪ ਨੂੰ ਇਕਸੁਰ ਕਰੇ, ਆਪਣੇ ਮਨ ਨੂੰ ਇਕਾਗਰ ਕਰੇ, ਫੇਰ ਪਹਿਲਾਂ ਆਪਣੇ ਮਨ ਦੇ ਅੰਦਰ ਤੇ ਫੇਰ ਅਨੇਕਾਂ ਵਾਰ ਕਾਗਜ਼ ਦੀ ਹਿੱਕ ਉਤੇ ਉਸ ਨੂੰ ਮਿੱਟੀ ਦੇ ਭਾਂਡੇ ਬਣਾਉਣ ਵਾਂਗ ਬਾਰ ਬਾਰ ਭੰਨੇ ਤੇ ਮੁੜ ਉਸਾਰੇ, ਸੋਧੇ, ਕਦੀ ਕੁਝ ਲੋੜੀਂਦਾ ਉਸ ਵਿਚ ਜੋੜੇ ਤੇ ਅਣਲੋੜੀਂਦਾ ਕੱਟ ਛਾਂਟ ਦਏ, ਉਹਦੇ ਵਿਚ ਪਕਿਆਈ ਤੇ ਨਿਖਾਰ ਲਿਆਏ ਤੇ ਫਿਰ ਉਹਨੂੰ ਅੰਤਿਮ ਰੂਪ ਮੁਹਾਂਦਰਾ ਦਏ। ਸ਼ਾਇਦ ਏਸੇ ਕਰਕੇ ਲਿਓ ਤਾਲਸਤਾਏ ਦਾ 'ਜੰਗ ਤੇ ਅਮਨ' ਅਤੇ ਸ਼ੋਲੋਖੋਵ ਦਾ 'ਤੇ ਡਾਨ ਵਹਿੰਦਾ ਰਿਹਾ' ਵਰਗੇ ਸੰਸਾਰ ਸਾਹਿਤ ਦੇ ਸ਼ਾਹਕਾਰ ਕਈ ਕਈ ਦਹਾਕਿਆਂ ਲੰਮੀ ਘਾਲ ਦਾ ਨਤੀਜਾ ਹਨ। ਪਰ ਇਹ ਲਿਖਤ ਰਚਣ ਲਈ ਨਾ ਤਾਂ ਫਿਊਚਿਕ ਕੋਲ ਸੁਖਾਵਾਂ ਮਾਹੌਲ ਸੀ, ਨਾ ਖੁੱਲ੍ਹਾ ਸਮਾਂ ਤੇ ਨਾ ਹੀ ਇਕਾਂਤ।

ਸਮਾਂ ਸੀ ਉਹਦੇ ਕੋਲ ਉਹ ਘੜੀਆਂ ਜੋ ਉਸਨੂੰ ਨਾਜ਼ੀ ਮੌਤ ਤੋਂ ਉਧਾਰੀਆਂ ਮਿਲੀਆਂ ਸਨ। ਲਗਭਗ ਯਕੀਨੀ ਮੌਤ ਤੋਂ ਪਹਿਲਾਂ ਦੇ ਉਹ ਚੰਦ ਕੁ ਦਿਨ, ਉਹ ਮੌਤ ਜੀਹਦੇ ਆਉਣ ਬਾਰੇ ਉਹਨੂੰ ਕੋਈ ਸ਼ੱਕ ਸ਼ੁਭਾ ਨਹੀਂ ਸੀ। ਆਪਣੀ ਜ਼ਿੰਦਗੀ ਦੀ ਆਖਰੀ ਬਸੰਤ ਦੇ ਉਹ ਕੁੱਝ ਅੰਤਲੇ ਰਾਖਵੇਂ ਦਿਨ ਉਸਨੇ ਇਸ ਮਹਾਨ ਲਿਖਤ ਦੇ ਲੇਖੇ ਲਾਏ। ਤੇ ਲਿਖਣ ਲਈ ਉਹਦੇ ਹਿੱਸੇ ਆਈ ਸ਼ਾਇਦ ਦੁਨੀਆਂ ਦੀ ਸਭ ਤੋਂ ਅਨਸੁਖਾਵੀਂ ਤੇ ਅਢੁਕਵੀਂ ਥਾਂ, ਨਾਜ਼ੀ ਪੁਲਿਸ ਗੈਸਟਾਪੋ ਦੇ ਕਬਜ਼ੇ ਹੇਠਲੀ ਪ੍ਰਾਗ ਦੀ ਪ੍ਰੇਂਕਾਤਸ ਜੇਲ੍ਹ।

ਇਸ ਤਰ੍ਹਾਂ 'ਫਾਂਸੀ ਦੇ ਤਖਤੇ ਤੋਂ' ਕਿਤਾਬ ਫਿਊਚਿਕ ਨੇ ਨਾਜ਼ੀ ਤਸੀਹਾ ਕੇਂਦਰ ਵਿਚ ਗੈਸਟਾਪੋ ਹੱਥੋਂ ਭਿਆਨਕ ਤਸੀਹੇ ਸਹਿੰਦਿਆਂ, ਪੀੜ ਨਾਲ ਘੁਲਦਿਆਂ ਜੇਲ੍ਹ ਵਿਚ ਨਾਜ਼ੀ ਬੰਦੂਕਾਂ ਦੀ ਛਾਂ ਹੇਠ ਤੇ ਪਲੋ ਪਲੀ ਵਧੇਰੇ ਨੇੜੇ ਆ ਰਹੀ ਮੌਤ ਨੂੰ ਮਹਿਸੂਸਦਿਆਂ, ਸਿਗਰਟ ਦੀ ਡੱਬੀ ਦੇ ਅੰਦਰਲੇ ਮਹੀਨ ਕਾਗਜ਼ਾਂ 'ਤੇ ਗੁਪਤ ਰੂਪ ਵਿਚ ਲਿਖੀ, ਜੋ ਇੱਕ ਹਮਦਰਦ ਚੈਕ ਵਾਰਡਨ ਕੋਲਿੰਸਕੀ ਦੀ ਮਦਦ ਨਾਲ ਜੇਲ੍ਹੋਂ ਬਾਹਰ ਪੁਚਾਈ ਗਈ। ਉਹਦੇ ਲਿਖੇ ਅੱਡ-ਅੱਡ ਪੱਤਰਿਆਂ ਨੂੰ ਜਿਨ੍ਹਾਂ 'ਤੇ ਨੰਬਰ ਲੱਗੇ ਹੋਏ ਸਨ ਨੂੰ ਅੱਡ ਅੱਡ ਵਫਾਦਾਰ ਲੋਕਾਂ ਕੋਲ ਛੁਪਾਇਆ ਗਿਆ ਸੀ। ਇਹ ਲਿਖਤ ਫਿਊਚਿਕ ਦੇ ਸ਼ਹੀਦ ਹੋਣ ਤੋਂ ਬਾਅਦ ਹੀ ਛਪਾਈ ਜਾ ਸਕੀ। ਜੰਗ ਮੁੱਕਣ ਤੋਂ ਬਾਅਦ ਫਿਊਚਿਕ ਦੀ ਪਤਨੀ ਅਗੁਸਤੀਫਾ ਫਿਊਚਿਕ (ਜੋ ਨਾਜ਼ੀ ਕੰਸਨਟਰੇਸ਼ਨ ਕੈਂਪ 'ਚੋਂ ਖੁਸ਼ਕਿਸਮਤੀ ਨਾਲ ਬਚ ਗਈ) ਨੇ ਇਹ ਜਾਣਦਿਆਂ ਕਿ ਫਿਊਚਿਕ ਨੇ ਸ਼ਹੀਦ ਹੋਣ ਤੋਂ ਪਹਿਲਾਂ ਜੇਲ੍ਹ ਵਿਚ ਆਪਣੀਆਂ ਯਾਦਾਂ ਲਿਖੀਆਂ ਸਨ, ਉਹਦੀ ਲਿਖਤ ਨੂੰ ਇੱਕਠਿਆਂ ਕਰਨ ਦਾ ਹੰਭਲਾ ਮਾਰਿਆ ਤੇ ਉਸਨੂੰ 1947 ਵਿਚ 'Notes from the gallows' ਦੇ ਨਾਂ ਹੇਠ ਲੋਕ ਅਰਪਣ ਕੀਤਾ ਜਿਸ ਨੂੰ 90 ਤੋਂ ਵੱਧ ਭਾਸ਼ਾਵਾਂ ਵਿਚ ਉਲਥਾਇਆ ਜਾ ਚੁੱਕਾ ਹੈ। ਇਸ ਪੱਖੋਂ ਹੋਈ ਨਾ ਇਹ ਇਕ ਇਨਕਲਾਬੀ ਲੇਖਕ ਦੀ ਅਣਮਨੁੱਖੀ ਹਾਲਤਾਂ ਵਿਚ ਲਿਖੀ ਅਸਾਧਾਰਣ ਲਿਖਤ।






*ਜੂਲੀਅਸ ਫਿਊਚਿਕ ਅਤੇ ਉਸ ਦੀ ਕਿਤਾਬ 'ਨੋਟਸ ਫਰੋਮ ਦਿ ਗੈਲੋਸ' ਦਾ ਮੁਖੜਾ।*

ਜਿਹੜੀ ਗੱਲ ਇਸ ਲਿਖਤ ਨੂੰ ਬਲ ਬਖਸ਼ਦੀ ਹੈ ਉਹ ਐ ਲੇਖਕ ਦਾ ਉਸ ਮੰਦਭਾਗੇ ਸਮਕਾਲੀ ਇਤਿਹਾਸਕ ਵਰਤਾਰੇ ਦਾ ਹੱਡੀਂ ਹੰਢਾਇਆ ਅਨੁਭਵ ਅਤੇ ਜਿਸ ਸਾਫਗੋਈ ਨਾਲ ਉਹ ਉਸ ਬਾਰੇ ਲਿਖਦਾ ਹੈ। ਜਿਵੇਂ ਉਹ ਆਪ ਕਹਿੰਦਾ ਹੈ ਕਿ ਜ਼ਿੰਦਗੀ ਵਿਚ ਵਾਪਰਨ ਵਾਲੇ ਵਰਤਾਰੇ ਵਾਂਗ ਹੀ ਉਹ ਆਪ ਇਸ ਸਾਰੇ ਸਮਕਾਲੀ ਘਟਨਾਕ੍ਰਮ ਦਾ ਕੇਵਲ ਦਰਸ਼ਕ ਨਹੀਂ ਬਲਕਿ ਇਸ ਵਿਚ ਹਿੱਸਾ ਪਾਉਣ ਵਾਲਾ ਅਦਾਕਾਰ ਵੀ ਹੈ। ਮੌਤ ਦੀ ਉਸ ਕਾਲ ਕੋਠੜੀ ਵਿਚ ਬੈਠਾ ਜਿੱਥੇ ਹਰ ਪਲ ਜੰਗ ਹੈ ਸਰੀਰਕ ਤੇ ਮਾਨਸਿਕ ਕਮਜ਼ੋਰੀ (ਗੱਦਾਰ ਹੋ ਜਾਣ) ਤੇ ਮੌਤ ਨਾਲ, ਉਹ ਉਨ੍ਹਾਂ ਭਿਆਨਕ ਦਿਨਾਂ ਵਿਚ ਹੰਢਾਏ ਇਨਸਾਨੀ ਸਹਿਣਸ਼ਕਤੀ ਤੋਂ ਪਰ੍ਹੇ ਦੇ ਤਸ਼ੱਦਦ ਬਾਰੇ ਲਿਖਦਾ ਹੈ। ਪੇਚੈਕ ਇਮਾਰਤ ਦੇ ਗੈਸਟਾਪੋ ਹੈਡਕੁਆਰਟਰ ਵਿਚਲੇ ਨਾਜ਼ੀ ਪੁੱਛਗਿੱਛ ਕੇਂਦਰ, ਜਿਸ ਨੂੰ ਉਹ 'ਸਿਨੇਮਾ' ਆਖਦਾ ਹੈ ਵਿਚ ਵੇਖੀਆਂ ਅਣਗਿਣਤ ਦਿਲ ਹਿਲਾਊ ਝਾਕੀਆਂ ਦੀ ਗੱਲ ਕਰਦਾ ਹੈ,"ਝਾਕੀ ਇਕ ਹੋਰ ਪੇਸ਼ੀ ਦੀ, ਤਸੀਹਿਆਂ ਜਾਂ ਮੌਤ ਦੇ ਸੱਦੇ ਦੇ ਉਡੀਕਵਾਨ ਜਿਨ੍ਹਾਂ ਨੂੰ ਨਿੱਤ ਵੇਖਦੇ ਸਨ। ਕਿਸੇ ਦੀ ਜ਼ਿੰਦਗੀ, ਪਰਿਵਾਰ, ਟੁੱਟੇ ਘਰ ਜਾਂ ਬਰਬਾਦ ਜ਼ਿੰਦਗੀ ਦੀ ਝਾਕੀ, ਹਿੰਮਤੀ ਸਾਥੀਆਂ ਜਾਂ ਗਦਾਰੀ ਦੀਆਂ ਫਿਲਮਾਂ ਬਹਾਦੁਰ ਫੈਸਲਿਆਂ ਦੀਆਂ, ਨਫਰਤ ਜਾਂ ਪਿਆਰ ਦੀਆਂ, ਡਰ ਤੇ ਉਮੀਦ ਦੀਆਂ ", ਉਹ ਅੱਗੇ ਕਹਿੰਦਾ ਹੈ,"ਜ਼ਿੰਦਗੀ ਵੱਲ ਸਾਡੀਆਂ ਪਿੱਠਾਂ ਸਨ, ਤੇ ਸਾਡੇ ਵਿਚੋਂ ਹਰ ਇੱਕ ਏਥੇ ਹਰ ਰੋਜ਼ ਆਪਣੀਆਂ ਅੱਖਾਂ ਸਾਹਵੇਂ ਮਰਦਾ ਸੀ। ਪਰ ਸਾਰੇ ਮੁੜ ਨਹੀਂ ਸਨ ਜੰਮਦੇ।"

ਫਿਊਚਿਕ ਆਪਣੇ ਬੇਨਾਮ ਵਫਾਦਾਰ ਸਾਥੀਆਂ ਨੂੰ, ਆਪਣੀ ਪਿਆਰੀ ਪਤਨੀ ਅਗੁਸਤੀਨਾ ਨੂੰ, ਵਿਸ਼ਸ਼ਿਲ ਪਰਿਵਾਰ, ਯੋਜ਼ਫ ਤੇ ਮਾਰੀਏ, ਲੀਡਾ ਤੇ ਯੈਲੀਨੇਕ ਪਰਿਵਾਰ ਨੂੰ ਜਿਹੜੇ ਅੰਤ ਤੱਕ ਉਹਦੇ ਵਾਂਗ ਹੀ ਡਟੇ ਰਹੇ, ਜੇਲ੍ਹ ਦੇ ਉਨ੍ਹਾਂ ਹਮਦਰਦ ਚੈਕ ਵਾਰਡਨਾਂ ਤੇ ਪਹਿਰੇਦਾਰਾਂ ਨੂੰ ਜਿਨ੍ਹਾਂ ਦੀ ਅਪਣੱਤ ਤੇ ਹਮਦਰਦੀ ਨੇ ਉਹਦੇ ਅੰਤਲੇ ਦਿਨਾਂ ਵਿਚ ਵੀ ਉਹਦਾ ਵਿਸ਼ਵਾਸ ਇਨਸਾਨੀਅਤ ਤੋਂ ਉਠਣ ਨਾ ਦਿੱਤਾ ਉਨ੍ਹਾਂ ਸਾਰਿਆਂ ਨੂੰ ਉਨ੍ਹਾਂ ਦੀਆਂ ਹੱਥ ਘੁੱਟਣੀਆਂ, ਕੰਨ ਗੋਸ਼ਿਆਂ ਵਿਚ ਕਹੀਆਂ ਹੌਂਸਲਾ ਵਧਾਊ ਗੱਲਾਂ ਲਈ ਤੇ ਅੱਖਾਂ ਰਾਹੀਂ ਕਹੀਆਂ ਚੁੱਪ ਸਲਾਮਾਂ ਲਈ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦਾ ਹੈ। ਦੂਜੇ ਪਾਸੇ ਉਹ ਗਦਾਰੀ ਕਰ ਜਾਣ ਵਾਲੇ ਬੁਜ਼ਦਿਲ, ਜਿਨ੍ਹਾਂ ਆਪਣੀ ਚਮੜੀ ਬਚਾਉਣ ਖਾਤਰ ਆਪਣੇ ਸਾਥੀਆਂ ਨੂੰ ਗ੍ਰਿਫਤਾਰ ਕਰਾਉਣ ਲਈ ਮੁਖਬਰੀ ਕਰਕੇ ਆਪਣੇ ਮੁਲਕ ਤੇ ਕੌਮ ਨਾਲ ਧਰੋਹ ਕਮਾਇਆ ਬਾਰੇ ਹਿਕਾਰਤ ਨਾਲ ਲਿਖਦਾ ਹੈ। ਉਨ੍ਹਾਂ ਨੂੰ ਉਹ 'ਜ਼ਿਹਨੀ ਤੌਰ 'ਤੇ ਮਰਿਆ ਹੋਇਆ ਤੇ ਆਪਣੀ ਜਿੰਦ ਤੋਂ ਕਈ ਕੁਝ ਵਧੇਰੇ ਗੁਆਉਣ ਵਾਲਾ ਕਹਿੰਦਾ ਹੈ'। ਕਈ ਥਾਵਾਂ 'ਤੇ ਫਿਊਚਿਕ ਦੇ ਨਿੱਜੀ ਅਨੁਭਵ ਵਿਚੋਂ ਅਸੀਂ ਲੋਕਾਈ ਦਾ ਦਰਦ ਬੋਲਦਾ ਵੀ ਮਹਿਸੂਸ ਕਰਦੇ ਹਾਂ।

'ਫਾਂਸੀ ਦੇ ਤਖਤੇ ਤੋਂ' ਅਸਲ ਵਿਚ ਜ਼ਿੰਦਗੀ ਦਾ ਇੱਕ ਪੂਰਾ ਸੂਰਾ ਟੋਟਾ ਹੈ ਆਪਣੀ ਪੂਰੀ ਸਾਦਗੀ, ਸਾਫਗੋਈ ਤੇ ਵੰਨ ਸੁਵੰਨਤਾ ਵਿਚ। ਇੱਕ ਸਹੁੰ, ਇੱਕ ਅਟੱਲ ਪ੍ਰਤੀਬੱਧਤਾ ਵੀ ਹੈ ਕਿ ਉਹ ਤੇ ਉਹਦੇ ਸਾਥੀ ਅਣਮਨੁੱਖੀ ਤਸੀਹੇ ਝੱਲਦੇ ਹੋਏ ਵੀ ਡੋਲਣਗੇ ਨਹੀਂ ਤੇ ਆਪਣੇ ਆਦਰਸ਼ਾਂ ਉਤੇ ਸਾਬਤ ਕਦਮ ਖੜ੍ਹੇ ਰਹਿਣਗੇ ਮੌਤ ਤੱਕ।

'ਫਾਂਸੀ ਤੇ ਤਖਤੇ ਤੋਂ' ਦਾ ਮੁੱਖ ਹਿੱਸਾ ਭਾਵੇਂ ਫਿਊਚਿਕ ਦੇ ਜੀਵਨ ਦੇ ਆਖਰੀ ਦੌਰ ਬਾਰੇ ਹੈ। ਪਰ ਇਸ ਨਿੱਕੇ ਅਕਾਰ ਦੀ ਪਰ ਗੁੰਧੀ ਹੋਈ ਲਿਖਤ ਵਿਚੋਂ ਵੀ, ਉਸਦੇ ਜੀਵਨ ਦੇ ਇਕ ਟੋਟੇ ਵਿਚੋਂ ਸਾਨੂੰ ਉਸ ਦੀ ਸ਼ਖਸੀਅਤ ਦੇ ਰੂਪ ਵਿਚ ਇੱਕ ਪੂਰੇ ਸੂਰੇ ਇਨਸਾਨ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਅਸੀਂ ਇੱਕ ਸਾਫ਼ ਸੁੱਚੀ ਰੂਹ ਵਾਲੇ ਬੰਦੇ ਨੂੰ ਮਿਲਦੇ ਹਾਂ। ਪਿਆਰ ਕਰਨ ਵਾਲਾ ਬੇਟਾ ਤੇ ਪਤੀ, ਸੁਹਿਰਦ ਦੋਸਤ, ਪ੍ਰਤੀਬੱਧ ਸਾਥੀ, ਚੈਕ ਮਾਂ ਭੂਮੀ ਦਾ ਮਾਣਮੱਤਾ ਅਣਖੀ ਪੁੱਤਰ, ਸੋਚਵਾਨ ਮਨੁੱਖ, ਇਕ ਦਾਰਸ਼ਨਿਕ, ਯੋਧਾ, ਅਸਲੀ ਇਨਸਾਨ ਜੋ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖ ਸਕਦਾ ਹੋਵੇ ਜੋ ਫਾਂਸੀ ਦੇ ਤਖਤੇ ਵੱਲ ਅਡੋਲ ਤੁਰਿਆ ਜਾਂਦਾ ਜ਼ਿੰਦਗੀ ਦਾ ਗੀਤ ਗੁਣਗੁਣਾ ਸਕਦਾ ਹੋਵੇ। ਇੱਕ ਐਸਾ ਇਨਸਾਨ ਜੋ ਜ਼ਿੰਦਗੀ ਦੇ ਸੁਹੱਪਣ ਦਾ ਕਵੀਆਂ ਵਾਂਗ ਕਾਇਲ ਹੈ। ਉਹ ਵੀ ਆਪਣੇ ਪਿਆਰਿਆਂ ਲਈ ਸਿੱਕਦਾ ਹੈ ਤੇ ਸ਼ਿੱਦਤ ਨਾਲ ਜ਼ਿੰਦਗੀ ਜਿਊਣਾ ਲੋਚਦਾ ਹੈ।

ਫਿਊਚਿਕ ਦੀ ਇਸ ਲਿਖਤ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇਹ ਇਕ ਹਰ ਪਲ ਆਪਣੀ ਮੌਤ ਵੱਲ ਵਧ ਰਹੇ ਇਨਸਾਨ ਨੇ ਲਿਖੀ ਪਰ ਇਹਦੇ ਵਿਚ ਨਾ ਤਾਂ ਮੌਤ ਦਾ ਡਰ ਝਲਕਦਾ ਤੇ ਨਾ ਹੀ ਸਹਿਮ। ਨਿਰਾਸ਼ਾ ਤਾਂ ਜਿਵੇਂ ਉਹਨੂੰ ਕਦੀ ਛੂਹ ਕੇ ਵੀ ਨਾ ਲੰਘੀ ਹੋਏ। ਉਹਦੀ ਚੜ੍ਹਦੀ ਕਲਾ ਦਾ ਅੰਦਾਜ਼ਾ ਉਸ ਸਾਫਗੋਈ ਤੇ ਸਪੱਸ਼ਟਤਾ ਤੋਂ ਲਗਦਾ ਹੈ ਜਿਸ ਨਾਲ ਉਹ ਮੌਤ ਬਾਰੇ ਗੱਲ ਕਰਦਾ ਹੈ। ਪਰ ਉਹ ਮੌਤ ਤੋਂ ਵੀ ਵੱਧ ਗੱਲ ਕਰਦਾ ਹੈ ਜ਼ਿੰਦਗੀ ਦੀ, ਆਉਣ ਵਾਲੇ ਭਲਕ ਦੀ, ਸ਼ਾਨਦਾਰ ਅਜ਼ਾਦ ਭਵਿੱਖ ਦੀ, ਸੁਨਹਿਰੇ ਕੱਲ੍ਹ ਦੀ ਜਿਸ ਖਾਤਰ ਉਹ ਤੇ ਉਹਦੇ ਸਾਥੀ ਕੁਰਬਾਨ ਹੋਣ ਨੂੰ ਤਿਆਰ ਹਨ ਤੇ ਜਿਸ ਵਿਚ ਉਨ੍ਹਾਂ ਨੂੰ ਅਟੁੱਟ ਵਿਸ਼ਵਾਸ ਹੈ। ਵਿਸ਼ਵਾਸ ਇਸ ਗੱਲ ਵਿਚ ਕਿ ਇੱਕ ਦਿਨ ਇਹ ਸਭ ਬੀਤ ਜਾਏਗਾ ਤੇ ਜ਼ਿੰਦਗੀ ਫਿਰ ਆਪਣੇ ਰਾਹ ਤੁਰ ਪਵੇਗੀ। ਉਹ ਆਪ ਕਹਿ ਉਠਦਾ ਹੈ,"ਉਫ਼, ਇਸ ਭਿਆਨਕ ਬਿਜਾਈ ਤੋਂ ਇਕ ਦਿਨ ਕਿੰਨੀ ਸ਼ਾਨਦਾਰ ਫਸਲ ਉਗੇਗੀ।" ਉਸਦੀ ਇਹ ਭਵਿੱਖ ਤੇ, ਆਉਣ ਵਾਲੇ ਕੱਲ ਤੇ ਚੰਗੇਰੀ ਜ਼ਿੰਦਗੀ ਵਿਚ ਉਮੀਦ ਉਸਦੀ ਲਿਖਤ ਦੀ ਰੂਹ ਵੀ ਐ ਤੇ ਇਹੀ ਉਸਦੀ ਤੇ ਉਸਦੇ ਸਾਥੀਆਂ ਦੀ ਪ੍ਰੇਰਨਾ ਵੀ। ਹਾਲਾਂਕਿ ਆਪਣੇ ਪਲ ਪਲ ਨੇੜੇ ਆ ਰਹੀ ਹੋਣੀ ਦੀ ਅਟੱਲਤਾ ਬਾਰੇ ਉਹਨੂੰ ਕੋਈ ਸ਼ੱਕ ਨਹੀਂ। ਉਹ ਆਪਣੀ ਲਿਖਤ ਦੀ 'ਖੁਸ਼ੀ ਭਰੀ ਅੰਤਿਕਾ' ਦੀ ਗੱਲ ਕਰਦਾ ਹੈ, ਜਿਸਨੂੰ ਉਹ ਆਪ ਨਹੀਂ ਤਾਂ ਸਹੀ ਮਾਮਲਿਆਂ ਵਿਚ ਕੋਈ ਹੋਰ ਲੋਕ ਲਿਖਣਗੇ।

'ਫਾਂਸੀ ਦੇ ਤਖਤੇ ਤੋਂ' ਇੱਕ ਅਡੋਲ ਕਦਮਾਂ ਨਾਲ ਮੌਤ ਵੱਲ ਤੁਰੇ ਜਾ ਰਹੇ ਇਨਕਲਾਬੀ ਦਾ, ਆਪਣੇ ਲੋਕਾਂ, ਆਉਣ ਵਾਲੇ ਭਵਿੱਖ, ਨਸਲਾਂ ਤੇ ਸਭ ਤੋਂ ਵੱਧ ਜ਼ਿੰਦਗੀ ਦੇ ਨਾਂ ਪ੍ਰੇਮ ਪੱਤਰ ਵੀ ਹੈ ਤੇ ਆਖਰੀ ਸੁਨੇਹਾ ਵੀ। ਜਿਸ ਵਿਚ ਉਹ ਉਨ੍ਹਾਂ ਨੂੰ ਆਪਣੇ ਵਰਗੇ ਕੁਰਬਾਨ ਹੋ ਗਏ ਸੰਗਰਾਮੀਆਂ ਨੂੰ ਯਾਦ ਰੱਖਣ ਲਈ ਕਹਿੰਦਾ ਹੈ। 'ਉਹ ਜਿਨ੍ਹਾਂ ਨੇ ਆਪਣਾ ਫਰਜ਼ ਨਿਭਾਇਆ'। ਇਹਦੇ ਵਿਚ ਅਸੀਂ ਇਕ ਗਰਜ਼ ਵੀ ਸੁਣਦੇ ਹਾਂ, ਇੱਕ ਅਜਿੱਤ ਅਝੁੱਕ ਰੂਹ ਦੀ ਗਰਜ, ਜਿਸਨੂੰ ਆਪਣੇ ਕਾਜ਼ ਦੀ ਕਾਮਯਾਬੀ ਤੇ ਅੰਤਿਮ ਜਿੱਤ ਵਿਚ ਅਟੁੱਟ ਭਰੋਸਾ ਹੈ। ਫਿਊਚਿਕ ਰਾਹੀਂ ਅਸੀਂ ਜਾਣਦੇ ਹਾਂ ਕਿ ਅਸਲੀ ਜਿੱਤ ਹਾਰ ਨਾ ਮੰਨਣ ਵਿਚ ਹੈ, ਅੰਤ ਵਿਚ ਡਟੇ ਰਹਿਣ ਦੀ ਦ੍ਰਿੜਤਾ ਵਿਚ ਤੇ ਮੌਤ ਤੱਕ ਆਪਣੇ ਆਦਰਸ਼ਾਂ ਨਾਲ ਵਫਾ ਤੋੜ ਨਿਭਾਉਣ ਵਿਚ ਹੈ।

'ਫਾਂਸੀ ਦੇ ਤਖਤੇ ਤੋਂ' ਨੂੰ ਪੜ੍ਹਦਿਆਂ ਪ੍ਰਾਚੀਨ ਯੂਨਾਨੀ ਕਵੀ ਸਿਮੋਨਾਈਡਸ (556 2.3.- 468 2.3.) ਦੁਆਰਾ ਹਜ਼ਾਰਾਂ ਸਾਲ ਪਹਿਲਾਂ 300 ਸਪਾਰਟਨ (ਯੂਨਾਨੀ) ਸਿਪਾਹੀਆਂ ਦੁਆਰਾ ਰਾਜਾ ਲਿਓਨਾਈਡਸ ਦੀ ਅਗਵਾਈ ਵਿਚ ਲੱਖਾਂ ਦੀ ਗਿਣਤੀ ਵਾਲੀ ਜ਼ਰਕਸੀਜ਼ ਦੀ ਫਾਰਸੀ ਫੌਜ ਵਿਚਕਾਰ ਲੜੀ ਗਈ "hermopyle ਦੀ ਅਸਾਵੀਂ ਜੰਗ (Mep, 480 2.3.) ਬਾਰੇ ਲਿਖੀਆਂ ਸਤਰਾਂ ਯਾਦ ਆਉਂਦੀਆਂ ਹਨ ਜੋ ਅੱਜ ਵੀ ਉਸ ਥਾਂ 'ਤੇ ਉਸਰੀ ਜੰਗੀ ਯਾਦਗਾਰ ਉਤੇ ਸ਼ਿਲਾਲੇਖ ਰੂਪ ਵਿਚ ਖੁਣੀਆਂ ਹੋਈਆਂ ਹਨ।

ਕਹਿੰਦੇ ਹਨ ਕਿ ਫਾਰਸ ਦੇ ਰਾਜਾ ਜ਼ਰਕਸੀਜ਼ ਵੱਲੋਂ ਯੂਨਾਨ ਨੂੰ ਗੁਲਾਮ ਬਣਾਉਣ ਲਈ ਕੀਤੇ ਹਮਲੇ ਨੂੰ ਠੱਲ੍ਹਣ ਲਈ ਸਪਾਰਟਾ ਦੇ ਰਾਜਾ ਲਿਓਨਾਈਡਸ ਨੇ ਵੱਖ ਵੱਖ ਯੂਨਾਨੀ ਗਣਰਾਜਾਂ ਦੀਆਂ ਸੰਯੁਕਤ ਫੌਜਾਂ ਦੀ ਜਿਸ ਵਿਚ ਕਰੀਬ 7000 ਸੈਨਿਕ ਸਨ ਦੀ ਅਗਵਾਈ ਕੀਤੀ। ਆਪਣੀ ਬੇਹੱਦ ਥੋੜੀ ਗਿਣਤੀ ਦੇ ਬਾਵਜੂਦ ਉਨ੍ਹਾਂ ਲੱਖਾਂ ਦੀ ਗਿਣਤੀ ਵਾਲੀ ਫਾਰਸੀ ਫੌਜ ਦੇ ਪੈਰ ਨਾ ਲੱਗਣ ਦਿੱਤੇ ਤੇ ਇਕ ਤੰਗ ਘਾਟੀ ਵਿਚ ਉਨ੍ਹਾਂ ਦਾ ਮੁਕਾਬਲਾ ਕੀਤਾ। ਪੂਰੇ ਤਿੰਨ ਦਿਨ ਭਿਅਕਰ ਯੁੱਧ ਹੋਇਆ ਪਰ ਦੁਸ਼ਮਣ ਇੱਕ ਇੰਚ ਵੀ ਅਗਾਂਹ ਨਾ ਵਧ ਸਕਿਆ। ਪਰ ਇੱਕ ਗੱਦਾਰ ਨੇ ਮੁਖਬਰੀ ਕਰ ਕੇ ਫਾਰਸੀ ਫੌਜ ਨੂੰ ਉਸ ਘਾਟੀ ਤੋਂ ਯੂਨਾਨੀ ਫੌਜ ਦੇ ਪਿੱਛੇ ਨਿਕਲਦਾ ਇੱਕ ਗੁਪਤ ਰਸਤਾ ਵਿਖਾ ਦਿੱਤਾ। ਇਹ ਪਤਾ ਲੱਗਣ ਤੋਂ ਬਾਦ ਕਿ ਉਹ ਛੇਤੀ ਹੀ ਚਾਰੇ ਪਾਸਿਓਂ ਘਿਰ ਜਾਣਗੇ, ਲਿਓਨਾਈਡਸ ਨੇ ਯੂਨਾਨੀ ਗਣਰਾਜਾਂ ਦੀ ਸੈਨਾ ਨੂੰ ਵਾਪਸ ਭੇਜ ਦਿੱਤਾ। ਕੇਵਲ ਉਹ ਤੇ ਉਸਦੇ 300 ਸਾਥੀ ਹੀ ਅੰਤ ਤੱਕ ਡਟੇ ਰਹੇ। ਈਨ ਨਾ ਮੰਨਦੇ ਹੋਏ ਉਹ ਸਾਰੇ ਲੜਦੇ ਹੋਏ ਸ਼ਹੀਦ ਹੋ ਗਏ। ਫਿਊਚਿਕ ਦੀ ਫਾਂਸੀ ਦੇ ਤਖਤੇ ਤੋਂ ਪੜ੍ਹਦਿਆਂ ਵੀ ਅਸੀਂ ਸਦੀਆਂ ਪੁਰਾਣਾ ਲਿਓਨਾਈਡਸ ਦਾ ਦਲੇਰ ਸੁਨੇਹਾ ਆਪਣੇ ਕੰਨਾਂ ਵਿਚ ਗੂੰਜਦਾ ਸੁਣਦੇ ਹਾਂ।

"To tell the spartans, stranger pasisng by
that here, obeident to thier law
we ile."

'ਐ ਅਣਜਾਣ ਯਾਤਰੀ, ਮੇਰੇ ਦੇਸ਼ ਵਾਸੀਆਂ ਨੂੰ ਦੱਸਣਾ ਕਿ ਨਾ ਅਸੀਂ ਮੈਦਾਨ
ਚੋਂ ਭੱਜੇ ਤੇ ਨਾ ਹੀ ਜਾਬਰ ਦੁਸ਼ਮਣ ਅੱਗੇ ਗੋਡੇ ਟੇਕੇ
ਕਿ ਅਸੀਂ ਸਾਰੇ ਏਥੇ ਸ਼ਹੀਦ ਹੋਏ ਕਿਉਂਕਿ ਇਹੀ ਫਰਜ਼ ਦੀ ਮੰਗ ਸੀ।"


ਆਪਣੀ ਮੁਕਤੀ ਦੇ ਰਾਹ 'ਤੇ ਤੁਰਦਿਆਂ ਇਨਸਾਨੀਅਤ ਕਿੰਨੀਆਂ ਹਜ਼ਾਰਾਂ ਕਾਲ ਕੋਠੜੀਆਂ ਤੇ ਸਲੀਬਾਂ ਦੇ ਰਾਹਾਂ 'ਚੋਂ ਲੰਘੀ ਹੈ ਈਸਾ ਤੋਂ ਲੈ ਕੇ ਗੁਰੂ ਅਰਜਨ ਦੇਵ ਤੱਕ, ਸੁਕਰਾਤ ਤੋਂ ਲੈ ਕੇ ਗੁਰੂ ਤੇਗ ਬਹਾਦੁਰ ਤੱਕ, ਸਰਹਿੰਦ ਦੀਆਂ ਕੰਧਾਂ ਤੋਂ ਚਮਕੌਰ ਦੀ ਗੜ੍ਹੀ ਤੱਕ, ਮਾਓ ਤੋਂ ਗੁਵੇਰਾ ਤੱਕ, ਭਗਤ ਸਿੰਘ ਤੋਂ ਲੈ ਕੇ ਨੈਲਸਨ ਮੰਡੇਲਾ ਤੱਕ ਤੇ ਕਿੰਨਿਆਂ ਹਜ਼ਾਰਾਂ ਤੋਂ ਅਜੇ ਇਹਨੇ ਲੰਘਣਾ ਹੈ। ਫਿਊਚਿਕ ਦੀ ਇਹ ਅਮਰ ਲਿਖਤ ਸਾਨੂੰ ਵੱਖ ਵੱਖ ਯੁੱਗਾਂ ਵਿਚ ਹੋਏ ਉਨ੍ਹਾਂ ਸਾਰੇ ਜੁਝਾਰੂ ਲੋਕਾਂ ਦੇ ਮਨਾਂ ਅੰਦਰ ਝਾਤੀ ਮਾਰਨ ਦਾ ਮੌਕਾ ਦਿੰਦੀ ਹੈ ਜੋ ਕਦੀ ਵੀ ਕਿਸੇ ਵਿਚਾਰਧਾਰਕ ਆਦਰਸ਼ ਨਾਲ ਤੋੜ ਤੱਕ ਨਿਭੇ। ਉਹ ਸਾਰੇ ਕੀ ਸੋਚਦੇ ਸਨ? ਸਾਵੀਂ ਪੱਧਰੀ ਜ਼ਿੰਦਗੀ ਦੇ ਉਲਟ ਇਹ ਔਝੜਾ ਰਾਹ ਉਨ੍ਹਾਂ ਨੇ ਕਿਉਂ ਚੁਣਿਆ? ਕਾਹਦੇ ਲਈ ਉਹ ਸਾਰੇ ਦੁੱਖ ਤਕਲੀਫਾਂ ਝੱਲੇ? ਇਨ੍ਹਾਂ ਸਾਰੇ ਸੁਆਲਾਂ ਦੇ ਜੁਆਬ ਫਿਊਚਿਕ ਕਿੰਨੀ ਸਾਦਗੀ ਤੇ ਸਾਫਗੋਈ ਨਾਲ ਦੇ ਜਾਂਦਾ ਹੈ।

'ਮੈਂ ਜ਼ਿੰਦਗੀ ਨੂੰ ਪਿਆਰ ਕਰਦਾ ਸਾਂ ਤੇ ਇਹਦੇ ਸੁਹੱਪਣ ਖਾਤਰ ਸੰਗਰਾਮ ਵਿਚ ਪਿਆ। ਮੈਂ ਤੁਹਾਨੂੰ ਪਿਆਰ ਕਰਦਾ ਸਾਂ, ਮੇਰਿਓ ਲੋਕੋ, ਤੇ ਖਿੜ ਜਾਂਦਾ ਸਾਂ ਜਦੋਂ ਤੁਸੀਂ ਮੇਰਾ ਪਿਆਰ ਮੋੜਦੇ ਸਉ। ਮੈਂ

(ਬਾਕੀ ਅਗਲੇ ਸਫੇ 'ਤੇ)

# ਕਦੇ ਕਦੇ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕਦੇ ਕਦੇ 'ਕੱਲੇ ਹੋ ਕੇ ਵੀ 'ਕੱਲੇ ਨਹੀਂ ਹੋਈਦਾ
ਪਰ ਕਦੇ ਕਦੇ ਮਹਿਫ਼ਲ ਵਿਚ ਹੁੰਦਿਆਂ ਵੀ ਬਹੁਤ ਇਕੱਲੇ ਰਹਿ ਜਾਈਦਾ।
ਕਦੇ ਕਦੇ ਆਪਣੇ ਆਪ ਨੂੰ ਮਿਲ ਕੇ ਵੀ ਬੰਦਾ ਖ਼ੁਦ ਨੂੰ ਨਹੀਂ ਮਿਲਦਾ
ਪਰ ਕਦੇ ਕਦੇ ਖ਼ੁਦ ਨੂੰ ਮਿਲਣ ਤੋਂ ਬਗੈਰ ਵੀ ਬੰਦਾ ਆਪਣੇ ਆਪ ਨੂੰ ਮਿਲ ਪੈਂਦਾ।
ਕਦੇ ਕਦੇ ਦਰਿਆ ਵੀ ਬਰੇਤੇ ਵਰਗਾ ਜਾਪਦਾ
ਪਰ ਕਈ ਵਾਰ ਬਰੇਤੇ ਵਿਚੋਂ ਵੀ ਸਿੰਮਦੇ ਦਰਿਆ ਨੂੰ ਦੇਖਿਆ ਜਾ ਸਕਦਾ।
ਕਦੇ ਕਦੇ ਅੰਬਰ ਦੇ ਤਾਰੇ ਵੀ ਹਨੇਰ ਭਰ ਜਾਂਦੇ
ਪਰ ਕਦੇ ਕਦੇ ਇੱਕ ਹੀ ਜੁਗਨੂੰ ਅੰਬਰ-ਮਨ ਨੂੰ ਰੌਸ਼ਨ ਕਰ ਜਾਂਦਾ।
ਕਦੇ ਕਦੇ ਮੂੰਹੋਂ ਨਿਕਲੇ ਬੋਲ ਜ਼ਖ਼ਮਾਂ ਦੀ ਤਫ਼ਸੀਲ ਹੁੰਦੇ
ਪਰ ਕਦੇ ਕਦੇ ਇੱਕ ਹੀ ਬੋਲ ਜ਼ਖ਼ਮਾਂ ਲਈ ਮਰ੍ਹਮ ਬਣ ਜਾਂਦੇ।
ਕਦੇ ਕਦੇ ਸਾਲਾਂ ਦੀ ਸਾਂਝ ਵੀ ਇਕੱਲਤਾ ਦਾ ਅਹਿਸਾਸ ਕਰਾਉਂਦੀ
ਪਰ ਕਦੇ ਕਦੇ ਇੱਕ ਪਲ ਦੀ ਮਿਲਣੀ ਸਾਰੀ ਜ਼ਿੰਦਗੀ ਦੀ ਸਾਂਝ ਬਣ ਜਾਂਦੀ।
ਕਦੇ ਕਦੇ ਉਮਰਾਂ ਦਾ ਸਾਥ ਵੀ ਨਿੱਘ ਵਿਹੂਣਾ ਹੀ ਰਹਿੰਦਾ
ਪਰ ਕਦੇ ਕਦੇ ਇੱਕ ਪਲ ਦਾ ਮਿਲਣਾ ਰੂਹ ਨੂੰ ਸ਼ਰਸ਼ਾਰ ਕਰ ਜਾਂਦਾ।
ਕਦੇ ਕਦੇ ਕੋਲ ਬੈਠਿਆਂ ਵੀ ਸਦਾ ਬਹੁਤ ਦੂਰ ਹੀ ਰਹੀਦਾ
ਪਰ ਕਦੇ ਕਦੇ ਦੂਰ ਦੂਰ ਹੁੰਦਿਆਂ ਵੀ ਸਾਹਾਂ ਤੋਂ ਵੀ ਨੇੜੇ ਦੀ ਨੇੜਤਾ ਹੁੰਦੀ।
ਕਦੇ ਕਦੇ ਭਰਿਆ ਹੋਇਆ ਮਨ ਵੀ ਖ਼ਾਲੀ ਖ਼ਾਲੀ ਲੱਗਦਾ
ਪਰ ਕਦੇ ਕਦੇ ਸੱਖਣਤਾ ਵਿਚ ਹੀ ਮਨ ਅੰਬਰ ਨੂੰ ਆਪਣੇ ਕਲਾਵੇ ਵਿਚ ਲੈਂਦਾ।
ਕਦੇ-ਕਦੇ ਇਕ ਕਦਮ ਹੀ ਯਾਤਰਾ ਬਣ ਜਾਂਦੀ
ਪਰ ਕਦੇ ਕਦੇ ਜ਼ਿੰਦਗੀ ਭਰ ਦੇ ਸਫ਼ਰ ਵਿਚ ਵੀ ਇੱਕ ਵੀ ਕਦਮ ਨਹੀ ਪੁੱਟ ਹੁੰਦਾ।
ਕਦੇ ਕਦੇ ਕੋਲ ਕੋਲ ਲੇਟਿਆਂ ਵੀ ਸੱਤ ਸਮੁੰਦਰਾਂ ਦੀ ਦੂਰੀ ਹੁੰਦੀ
ਪਰ ਕਦੇ ਕਦੇ ਕੋਹਾਂ ਦੂਰ ਹੁੰਦਿਆਂ ਵੀ ਸਾਹਾਂ ਜੇਹੀ ਨੇੜਤਾ ਦਾ ਅਹਿਸਾਸ ਹੁੰਦਾ।
ਕਦੇ ਕਦੇ ਸੁਰ-ਸੰਗੀਤ ਵੀ ਅੰਤਰੀਵ ਵਿਚ ਖ਼ਲਾਅ ਪੈਦਾ ਕਰਦਾ
ਪਰ ਕਦੇ ਕਦੇ ਇੱਕ ਸੁਰ ਹੀ ਜੀਵਨ-ਨਾਦ ਬਣ ਜਾਂਦਾ।
ਕਦੇ ਕਦੇ ਮਿਲਣਾ ਵੀ ਨਾ ਮਿਲਣ ਦੇ ਬਰਾਬਰ ਹੁੰਦਾ
ਪਰ ਕਦੇ ਕਦੇ ਨਾ ਮਿਲਣਾ ਵੀ ਨਿੱਘੀ ਗਲਵੱਕੜੀ ਬਣ ਜਾਂਦਾ।
ਕਦੇ ਕਦੇ ਇਕ ਹੀ ਸਾਹ ਜ਼ਿੰਦਗੀ ਬਣ ਜਾਂਦਾ
ਪਰ ਕਦੇ ਕਦੇ ਸਾਰੇ ਜੀਵਨ ਵਿਚ ਇਕ ਵੀ ਚੱਜ ਦਾ ਸਾਹ ਨਹੀਂ ਲਈਦਾ।
ਕਦੇ ਕਦੇ ਇਕ ਹੀ ਹਾਉਕਾ ਉਮਰ ਗਾ਼ਲ ਦਿੰਦਾ
ਪਰ ਕਦੇ ਕਦੇ ਹਉਕਿਆਂ ਦਾ ਜੰਮਘਟਾ ਵੀ ਬੰਦੇ ਦਾ ਕੁਝ ਨਹੀਂ ਵਿਗਾੜ ਸਕਦਾ।
ਕਦੇ ਕਦੇ ਇਕ ਹੀ ਸ਼ਬਦ ਗ੍ਰੰਥ ਹੋ ਜਾਂਦਾ
ਪਰ ਕਦੇ ਪੋਥੀਆਂ ਦੀਆਂ ਪੰਡਾਂ ਵਿਚ ਇਕ ਵੀ ਸ਼ਬਦ ਨਹੀਂ ਹੁੰਦਾ।
ਕਦੇ ਕਦੇ ਇਕ ਹੀ ਬੋਲ ਅੰਤਰੀਵੀ ਨਾਦ ਬਣ ਜਾਂਦਾ
ਪਰ ਕਦੇ ਕਦੇ ਬੋਲਾਂ ਦਾ ਸ਼ੋਰ ਜਿਊਣ ਦੀ ਦੁਸ਼ਵਾਰੀ ਬਣ ਜਾਂਦਾ।
ਕਦੇ ਕਦੇ ਖਾਮੋਸ਼ ਹੋਣਾ ਵੀ ਸ਼ੋਰ-ਸ਼ਰਾਬਾ ਹੁੰਦਾ
ਪਰ ਕਦੇ ਕਦੇ ਰੌਲਾ-ਰੱਪਾ ਵੀ ਖਾਮੋਸ਼ੀ ਦਾ ਅੰਦਾਜ਼ ਹੋ ਜਾਂਦਾ।
ਕਦੇ ਕਦੇ ਪੱਤਝੱੜ ਦੇ ਰੰਗ ਵੀ ਬਹਾਰਾਂ ਦੀ ਆਮਦ ਹੁੰਦੇ
ਪਰ ਕਦੇ ਬਹਾਰਾਂ ਦੇ ਵਿਹੜੇ ਵਿਚ ਵੀ ਪੱਤਝੱੜ ਦੀ ਦਸਤਕ ਹੁੰਦੀ।
ਕਦੇ ਕਦੇ ਇਕ ਹੀ ਗਲਵਕੜੀ ਉਮਰਾਂ ਦੀ ਸਾਂਝ ਬਣ ਜਾਂਦੀ
ਪਰ ਕਦੇ ਕਦੇ ਗੱਲਵਕੜੀਆਂ ਵਿਚ ਵੀ ਕੋਹਾਂ ਦੀਆਂ ਦੂਰੀਆਂ ਹੁੰਦੀਆਂ।
ਕਦੇ ਕਦੇ ਇਕ ਹੀ ਪਲ ਉਮਰ ਭਰ ਲਈ ਮਹਿਕ ਬਣ ਜਾਂਦਾ
ਪਰ ਕਦੇ ਕਦੇ ਸਾਰੀ ਉਮਰ 'ਚ ਇਕ ਵੀ ਸੁਗੰਧਤ ਪਲ ਨਸੀਬ ਨਹੀਂ ਹੁੰਦਾ।
ਕਦੇ ਕਦੇ ਇਕ ਹੀ ਬੁਰਕੀ ਰੱਜ ਦਾ ਸਬੱਬ ਬਣ ਜਾਂਦੀ
ਪਰ ਕਦੇ ਕਦੇ ਸੱਤ ਪਕਵਾਨਾਂ 'ਚੋਂ ਵੀ ਰੱਜ ਨਹੀਂ ਮਿਲਦਾ।
ਕਦੇ ਕਦੇ ਇਕ ਮੋੜ 'ਤੇ ਤੁਹਾਨੂੰ ਸਰਗੀ ਦਾ ਝਲਕਾਰਾ ਮਿਲਦਾ
ਪਰ ਕਦੇ ਕਦੇ ਹਰ ਮੋੜ 'ਤੇ ਸ਼ਾਮਾਂ ਹੀ ਮੱਥੇ ਲੱਗਦੀਆਂ।
ਕਦੇ ਕਦੇ ਇਕ ਹੀ ਦੋਸਤ ਮਿੱਤਰ-ਮੰਡਲੀ ਦਾ ਰੂਪ ਧਾਰਦਾ
ਪਰ ਕਦੇ ਕਦੇ ਮਿੱਤਰ-ਮੰਡਲੀ 'ਚ ਇਕ ਵੀ ਸੱਜਣ ਨਹੀਂ ਹੁੰਦਾ।
ਕਦੇ ਕਦੇ ਇਕ ਹੀ ਵੱਟ ਖੇਤਾਂ ਦਾ ਨਾਮਕਰਣ ਹੁੰਦੀ
ਪਰ ਕਦੇ ਕਦੇ ਵੱਟਾਂ ਵਿਚੋਂ ਖੇਤ ਹੀ ਅਲੋਪ ਹੋ ਜਾਂਦੇ।
ਕਦੇ ਕਦੇ ਇਕ ਹੀ ਸਿਆੜ ਧਰਤੀ ਨੂੰ ਗੱਭਣ ਕਰ ਦਿੰਦਾ
ਪਰ ਕਦੇ ਕਦੇ ਸਿਆੜਾਂ ਦੀਆਂ ਪਰਤਾਂ 'ਚ ਵੀ ਮਿੱਟੀ ਬਾਂਝ ਹੀ ਰਹਿੰਦੀ।
ਕਦੇ ਕਦੇ ਇਕ ਹੀ ਦਬਕਾ ਵਿੰਗ-ਤੜਿੰਗੇ ਖ਼ਿਆਲਾਂ ਨੂੰ ਤੱਕਲੇ ਵਾਂਗ ਸਿੱਧੇ ਕਰ ਦਿੰਦਾ
ਪਰ ਕਦੇ ਕਦੇ ਬੇਹੂਦਾ ਵਿਚਾਰ ਦਬਕਿਆਂ ਤੋਂ ਵੀ ਬੇਖੌਫ਼ ਹੋ ਜਾਂਦੇ।
ਕਦੇ ਕਦੇ ਖ਼ੁਦ ਦੇ ਸਨਮੁੱਖ ਹੋ ਸਮੁੱਚੀ ਜੀਵਨ-ਦ੍ਰਿਸ਼ਾਵਲੀ ਜੀਵੰਤ ਹੋ ਜਾਂਦੀ
ਪਰ ਕਦੇ ਕਦੇ ਸਾਰੀ ਉਮਰ ਖ਼ੁਦ ਨੂੰ ਮਿਲਦਿਆਂ ਵੀ ਖ਼ੁਦ ਨੂੰ ਨਹੀਂ ਮਿਲ ਹੁੰਦਾ।
ਕਦੇ ਕਦੇ ਇਕ ਹੀ ਲਮਹਾ ਜ਼ਿੰਦਗੀ ਦਾ ਜਸ਼ਨ ਹੁੰਦਾ
ਪਰ ਕਦੇ ਕਦੇ ਸਾਰੀ ਉਮਰ ਹੀ ਸਿਵਿਆਂ ਦਾ ਵਿਰਲਾਪ ਹੁੰਦੀ।
ਕਦੇ ਕਦੇ ਸਾਰੀ ਉਮਰ ਹੀ ਆਪਣੇ ਲਈ ਵਕਤ ਨਹੀਂ ਹੁੰਦਾ
ਪਰ ਕਦੇ ਕਦੇ ਸਾਰਾ ਵਕਤ ਹੀ ਆਪਣਾ ਹੁੰਦਾ।
ਕਦੇ ਕਦੇ ਮੈਂ ਤੋਂ ਮੈਂ ਤੀਕ ਦਾ ਸਫ਼ਰ ਉਮਰਾਂ ਜੇਡ ਹੁੰਦਾ
ਪਰ ਕਦੇ ਕਦੇ ਮੈਂ ਤੋਂ ਮੈਂ ਵਿਚ ਦੂਰੀ ਹੀ ਨਹੀਂ ਹੁੰਦੀ।
ਕਦੇ ਕਦੇ ਇਕ ਹੀ ਘੂਰ ਜ਼ਿੰਦਗੀ ਨੂੰ ਸੰਵਾਰ ਦਿੰਦੀ
ਪਰ ਕਦੇ ਕਦੇ ਸਾਰੀ ਉਮਰ ਦੀਆਂ ਝਿੜਕਾਂ ਵੀ ਪੱਥਰ 'ਤੇ ਪਾਣੀ ਹੁੰਦੀਆਂ।
ਕਦੇ ਕਦੇ ਸੋਚ ਦੇ ਮੇਚ ਦਾ ਇਕ ਵੀ ਸ਼ਬਦ ਨਹੀਂ ਹੁੰਦਾ
ਪਰ ਕਦੇ ਕਦੇ ਸਾਰੇ ਸ਼ਬਦ ਹੀ ਸੋਚ ਦੇ ਹਾਣੀ ਹੁੰਦੇ।
ਕਦੇ ਕਦੇ ਇਕ ਹੀ ਖ਼ਿਆਲ ਵਿਚੋਂ ਸਮੁੱਚੀ ਲਿਖਤ ਉਦੈ ਹੁੰਦੀ
ਪਰ ਕਦੇ ਕਦੇ ਖ਼ਿਆਲਾਂ ਦੀ ਬੇਤਰਤੀਬੀ ਵਿਚੋਂ ਲਿਖਤ ਮਨਫ਼ੀ ਹੁੰਦੀ।
ਕਦੇ ਕਦੇ ਇਕ ਹੀ ਵਾਕ ਪੜ੍ਹਦਿਆਂ ਸਾਰੀ ਕਿਤਾਬ ਹੀ ਪੜ੍ਹ ਲਈਦੀ
ਪਰ ਕਦੇ ਕਦੇ ਸਾਰੀ ਕਿਤਾਬ 'ਚੋਂ ਇਕ ਵੀ ਵਾਕ ਨਹੀਂ ਲੱਭਦਾ।
ਕਦੇ ਕਦੇ ਇਕ ਹੀ ਅਦਬੀ ਪ੍ਰਵਚਨ ਸੱਤਸੰਗ ਹੁੰਦਾ
ਪਰ ਕਦੇ ਕਦੇ ਪੂਰੇ ਸੱਤਸੰਗ ਵਿਚੋਂ ਇਕ ਵੀ ਅਦਬੀ ਪ੍ਰਵਚਨ ਨਹੀਂ ਹੁੰਦਾ।
ਕਦੇ ਕਦੇ ਆਪਣਿਆਂ ਦੇ ਕੋਲ ਹੁੰਦਿਆਂ ਵੀ ਬਹੁਤ ਦੂਰ ਹੋਈਦਾ
ਪਰ ਕਦੇ ਕਦੇ ਆਪਣਿਆਂ ਤੋਂ ਦੂਰ ਹੁੰਦਿਆਂ ਵੀ ਬਹੁਤ ਨੇੜੇ ਹੁੰਦੇ।
ਕਦੇ ਕਦੇ ਘਰ ਵਿਚ ਰਹਿੰਦਿਆਂ ਵੀ ਘਰ ਨੂੰ ਨਹੀਂ ਮਿਲਦੇ
ਪਰ ਕਦੇ ਕਦੇ ਘਰੋਂ ਬਾਹਰ ਰਹਿੰਦਿਆਂ ਵੀ ਘਰ ਨੂੰ ਹਰ ਰੋਜ਼ ਮਿਲਦੇ।
ਕਦੇ ਕਦੇ ਮਿੱਤਰ ਨੂੰ ਮਿਲ ਕੇ ਉਸਦੇ ਦਿਲ ਦੀ ਨਹੀਂ ਜਾਣਦੇ
ਪਰ ਕਦੇ ਕਦੇ ਮਿੱਤਰ ਨੂੰ ਮਿਲਿਆਂ ਬਗੈਰ ਹੀ ਉਸਦੀਆਂ ਰਮਜ਼ਾਂ ਸਮਝ ਲੈਂਦੇ।
ਕਦੇ ਕਦੇ ਇਕ ਹੀ ਛਿੱਣ ਸਦੀ 'ਚ ਫੈਲ ਜਾਂਦਾ
ਪਰ ਕਦੇ ਕਦੇ ਸਦੀਆਂ ਵਿਚੋਂ ਇਕ ਵੀ ਆਪਣਾ ਛਿੱਣ ਨਹੀਂ ਲੱਭਦਾ।
ਕਦੇ ਕਦੇ ਇਕ ਹੀ ਤੱਕਣੀ ਅੰਦਰ ਥੀਂ ਲਹਿ ਜਾਦੀ
ਪਰ ਕਦੇ ਕਦੇ ਅੰਦਰ ਲਹਿਣ ਨੂੰ ਤਰਸਦਿਆਂ ਅੱਖਾਂ ਪੱਥਰਾ ਹੀ ਜਾਂਦੀਆਂ।
ਕਦੇ ਕਦੇ ਬੇਪ੍ਰਵਾਹ ਹੁੰਦਿਆਂ ਵੀ ਬਹੁਤ ਸੁਚੇਤ ਹੋਈਦਾ
ਪਰ ਕਦੇ ਕਦੇ ਸੰਜ਼ੀਦਾ ਹੁੰਦਿਆਂ ਵੀ ਸੁਚੇਤ ਨਹੀਂ ਹੋਈਦਾ ।
ਕਦੇ ਕਦੇ ਚਿੰਤਾ ਤੋਂ ਚੇਤਨਾ ਤੀਕ ਦਾ ਸਫ਼ਰ ਝੱਟ ਤੈਅ ਕਰ ਲਈਦਾ
ਪਰ ਕਦੇ ਕਦੇ ਚੇਤੰਨ ਹੁੰਦਿਆਂ ਵੀ ਚਿੰਤਾ ਨਹੀਂ ਕਰੀਦੀ।
ਕਦੇ ਕਦੇ ਸੁਪਨਿਆਂ ਵਿਚ ਇਕ ਵੀ ਸੁਪਨਾ ਆਪਣਾ ਨਹੀਂ ਹੁੰਦਾ
ਪਰ ਕਦੇ ਕਦੇ ਆਪਣੇ ਸੁਪਨੇ ਹੀ ਸੁਪਨਿਆਂ ਦਾ ਸੰਗਮ ਬਣ ਜਾਂਦੇ।
ਕਦੇ ਕਦੇ ਇਕ ਹੀ ਖ਼ਿਆਲ ਖ਼ਾਬਾਂ ਦਾ ਖ਼ਜ਼ਾਨਾ ਬਣ ਜਾਂਦਾ
ਪਰ ਕਦੇ ਕਦੇ ਵਸੀਹ ਖ਼ਿਆਲ ਇਕ ਵੀ ਖ਼ੁਆਬ ਨਹੀਂ ਉਪਜਾਂਦੇ।
ਕਦੇ ਕਦੇ ਚਿੰਤਾ ਤੋਂ ਚਿੰਤਨ ਅਤੇ ਫਿਰ ਚਿੰਤਨ ਤੋਂ ਚੇਤਨਾ ਤੀਕ ਦਾ ਸਫ਼ਰ ਕਰੋ
ਪਰ ਕਦੇ ਕਦੇ ਚੇਤਨਾ ਤੋਂ ਚਿੰਤਾ ਵੱਲ ਨੂੰ ਵੀ ਮੁੜਿਆ ਕਰੋ।
ਕਦੇ ਕਦੇ ਚਿੰਤਾ ਜਿਊਂਦਿਆਂ ਨੂੰ ਤਬਾਹ ਕਰ ਦਿੰਦੀ
ਪਰ ਕਦੇ ਕਦੇ ਚਿੰਤਾ ਤਾਂ ਜ਼ਿੰਦਗੀ ਲਈ ਧੜਕਣ ਵੀ ਬਣਦੀ।
ਕਦੇ ਕਦੇ ਮੋਹਲ਼ੇਧਾਰ ਮੀਂਹ ਵਿਚ ਛੱਤਰੀ ਹੀ ਨਾ ਖੁੱਲ੍ਹਦੀ
ਪਰ ਕਦੇ ਨਿੱਕੀ ਨਿੱਕੀ ਭੂਰ ਵਿਚ ਵੀ ਛੱਤਰੀ ਤਾਣ ਲੈਂਦੇ।
ਕਦੇ ਕਦੇ ਮੀਂਹ ਦੇ ਸ਼ਰਾਟਿਆਂ ਵਿਚ ਤਨ ਤੰਦੂਰ ਵਾਂਗ ਤਪਣ ਲੱਗਦਾ
ਪਰ ਕਦੇ ਕਦੇ ਨਿੱਕੀਆਂ ਨਿੱਕੀਆਂ ਕਣੀਆਂ ਵਿਚ ਠੁੱਰ ਠੁੱਰ ਕਰਨ ਲੱਗਦੇ।
ਕਦੇ ਕਦੇ ਵਰਕਿਆਂ ਦਾ ਕੋਰਾਪਣ ਅੱਖਰਾਂ ਦੇ ਨਾਵੇਂ ਸਿਸਕੀ ਕਰ ਜਾਂਦਾ
ਪਰ ਕਦੇ ਕਦੇ ਵਰਕਿਆਂ 'ਤੇ ਉੱਕਰੀ ਇਬਾਰਤ ਅੱਖਰਾਂ ਨੂੰ ਸਜਦਾ ਕਰਨ ਲੱਗਦੀ।
ਕਦੇ ਕਦੇ ਸਾਡੀਆਂ ਸੋਚਾਂ ਨੂੰ ਸਫ਼ਰ ਲਈ ਕੋਈ ਸਿਰਨਾਵਾਂ ਹੀ ਨਹੀਂ ਅਹੁੜਦਾ
ਪਰ ਕਦੇ ਕਦੇ ਸਾਡੀਆਂ ਸੋਚਾਂ ਵਿਚ ਸਫ਼ਰਾਂ ਦਾ ਜੰਗਲ ਉੱਗ ਪੈਂਦਾ।
ਕਦੇ ਕਦੇ ਸਾਰੀ ਉਮਰ ਵੀ ਪੈਰਾਂ ਨੂੰ ਪਹਿਆਂ ਦੀ ਧੂੜ ਨਸੀਬ ਨਹੀਂ ਹੁੰਦੀ
ਪਰ ਕਦੇ ਕਦੇ ਸਾਰੀ ਉਮਰ ਹੀ ਪਹਿਆਂ ਦੀ ਧੂੜ ਪੈਰਾਂ ਨੂੰ ਚੁੰਮਦੀ ਰਹਿੰਦੀ।
ਕਦੇ ਕਦੇ ਬਾਪ ਦਾ ਖ਼ਾਲੀ ਬੋਝਾ ਵੀ ਬਾਦਸ਼ਾਹਤ ਹੁੰਦਾ
ਪਰ ਕਦੇ ਕਦੇ ਭਰਿਆ ਬੋਝਾ ਹੁੰਦਿਆਂ ਵੀ ਬਾਪ ਕੰਗਾਲ ਹੁੰਦਾ।
ਕਦੇ ਕਦੇ ਸਾਰਾ ਘਰ ਹੀ ਮਾਪਿਆਂ ਦੀ ਸਲਤਨਤ ਹੁੰਦਾ
ਪਰ ਕਦੇ ਕਦੇ ਮਾਪਿਆਂ ਨੂੰ ਸਿਰ ਛੁਪਾਉਣ ਲਈ ਘਰ ਦਾ ਪਿਛਵਾੜਾ ਹੁੰਦਾ
ਕਦੇ ਕਦੇ ਬਾਪ ਦੀ ਉਂਗਲ ਫੜ ਕੇ ਬੱਚਾ ਸਾਬਤ ਕਦਮੀਂ ਤੁਰਨ ਲੱਗਦਾ
ਪਰ ਕਦੇ ਕਦੇ ਤੁਰਨ ਤੋਂ ਆਰੀ ਬਾਪ ਦੀ ਡੰਗੋਰੀ ਹੀ ਰੁੱਸ ਜਾਂਦੀ।
ਕਦੇ ਕਦੇ ਲਾਡਲਿਆਂ ਦੀਆਂ ਰੀਝਾਂ ਦੀ ਪੂਰਤੀ ਵਿਚ ਮਾਂ ਸਾਰੀ ਫੈਲ ਜਾਂਦੀ
ਪਰ ਕਦੇ ਕਦੇ ਬੱਚਿਆਂ ਤੋਂ ਤ੍ਰਿਸਾਰੀ ਮਾਂ ਆਪੇ ਵਿਚ ਸੁੰਗੜ ਜਾਂਦੀ।

ਕਮਲੀਏ ਜਿੰਦੇ !!
ਕਦੇ ਕਦੇ ਦੀ ਘੁੰਮਣਘੇਰੀ 'ਚੋਂ ਨਿੱਕਲ
ਜਿਊਣ ਨੂੰ ਜਸ਼ਨ ਬਣ ਜਾ ਤੇ
ਜ਼ਿੰਦਗੀ ਦਾ ਗੀਤ ਗਾ।

---

*(ਪਿਛਲੇ ਸਫੇ ਦੀ ਬਾਕੀ)*

ਦੁਖੀ ਹੁੰਦਾ ਸਾਂ ਜਦੋਂ ਤੁਸੀਂ ਮੈਨੂੰ ਗਲਤ ਸਮਝਦੇ ਸੋ। ਤੁਸੀਂ, ਜਿਨ੍ਹਾਂ ਨੂੰ ਮੈਂ ਕਦੀ ਠੇਸ ਲਾਈ, ਮੈਨੂੰ ਮੁਆਫ ਕਰ ਦਿਓ। ਤੁਸੀਂ, ਜਿਨ੍ਹਾਂ ਨੂੰ ਮੈਂ ਖੁਸ਼ੀ ਦਿੱਤੀ, ਮੈਨੂੰ ਭੁੱਲ ਜਾਓ ਉਦਾਸੀ ਮੇਰੇ ਨਾਂਅ ਨਾਲ ਨਾ ਜੋੜੀ ਜਾਏ। ਇਹ ਮੇਰੀ ਆਖਰੀ ਵਸੀਅਤ ਹੈ ਤੁਸਾਂ ਲਈ, ਉਨ੍ਹਾਂ ਸਾਰਿਆਂ ਲਈ, ਜਿਨ੍ਹਾਂ ਨੂੰ ਮੈਂ ਪਿਆਰਦਾ ਸਾਂ। ਜੇ ਤੁਸੀਂ ਸਮਝੋ ਕਿ ਅੱਥਰੂ ਗ਼ਮ ਦੀ ਉਦਾਸ ਧੂੜ ਧੋ ਸਕਦੇ ਹਨ, ਥੋੜਾ ਕੁ ਰੋ ਲਓ। ਪਰ ਅਫਸੋਸ ਕਦੇ ਨਾ ਕਰਿਓ, ਮੈਂ ਖੁਸ਼ੀ ਖਾਤਰ ਜੀਵਿਆ, ਖੁਸ਼ੀ ਖਾਤਰ ਮਰ ਰਿਹਾ ਹਾਂ। ਗ਼ਮ ਦੇ ਫਰਿਸ਼ਤੇ ਨੂੰ ਮੇਰੀ ਕਬਰ 'ਤੇ ਬਿਠਾਉਣਾ ਨਾਇਨਸਾਫੀ ਹੋਏਗੀ।''

ਇਹ ਲਿਖਤ ਪੜ੍ਹ ਕੇ ਸਾਨੂੰ ਅਹਿਸਾਸ ਹੁੰਦਾ ਹੈ ਕਿ ਫਿਊਚਿਕ ਵਰਗੇ ਇਨਕਲਾਬੀ ਵੀ ਸਾਡੇ ਵਰਗੇ ਲੋਕ ਹੁੰਦੇ ਹਨ। ਬਲਕਿ ਸਾਡੇ ਤੋਂ ਵੱਧ ਸੰਵੇਦਨਸ਼ੀਲ ਲੋਕ ਜੋ ਜੀਵਨ ਦੇ ਸੁਹੱਪਣ ਤੋਂ ਸੂਖਮਤਾ ਤੋਂ ਵਾਕਿਫ਼ ਹੁੰਦੇ ਨੇ। ਉਹ ਵੀ ਆਪਣੇ ਪਿਆਰਿਆਂ ਲਈ ਸਿੱਕਦੇ ਨੇ, ਜਿਊਣਾ ਲੋਚਦੇ ਨੇ ਤੇ ਜ਼ਿੰਦਗੀ ਦੀ ਬਸੰਤ ਰੁੱਤੇ ਇਹਦੇ ਤੋਂ ਵਿਛੜਨਾ ਉਨ੍ਹਾਂ ਲਈ ਡਾਢਾ ਔਖਾ ਹੁੰਦਾ ਐ। ਪਰ ਉਹ ਸ਼ਾਇਦ ਜ਼ਿੰਦਗੀ ਨੂੰ ਸਾਡੇ ਤੋਂ ਵੀ ਵੱਧ ਪਿਆਰ ਕਰਨ ਵਾਲੇ ਲੋਕ ਹੁੰਦੇ ਨੇ ਜੋ ਇਹਨੂੰ ਹੋਰ ਸੋਹਣੀ, ਚੰਗੇਰੀ ਤੇ ਸਾਰਿਆਂ ਦੇ ਰਹਿਣਯੋਗ ਬਣਾਉਣ ਲਈ ਆਪਣਾ ਸਭ ਕੁਝ ਵਾਰ ਦੇਂਦੇ ਨੇ।

ਜੂਲੀਅਸ ਫਿਊਚਿਕ ਦੀ ਇਸ ਲਿਖਤ ਨੂੰ ਲਿਖਿਆਂ 70 ਸਾਲ ਤੋਂ ਵੱਧ ਹੋ ਗਏ ਹਨ ਤੇ ਸਭ ਕੁਝ ਉਵੇਂ ਹੀ ਵਾਪਰਿਆ ਜਿਵੇਂ ਕਿ ਉਹਨੇ ਇਸ ਦੀ ਭਵਿੱਖਬਾਣੀ ਕੀਤੀ ਸੀ। ਜਾਬਰ ਹਿਟਲਰੀ ਫਾਸ਼ਿਜ਼ਮ ਦਾ ਨਾਮੋ ਨਿਸ਼ਾਨ ਮਿਟ ਗਿਆ। ਪਰ ਉਹਦੇ ਖ਼ਿਲਾਫ ਅੰਤ ਤੱਕ ਲੜਨ ਵਾਲੇ ਫਿਊਚਿਕ ਤੇ ਉਹਦੇ ਜੁਝਾਰੂ ਸਾਥੀਆਂ ਦੀ ਆਦਰਮਈ ਯਾਦ ਸਾਡੇ ਮਨਾਂ ਵਿਚ ਅੱਜ ਵੀ ਜ਼ਿੰਦਾ ਹੈ ਅਤੇ ਸਦਾ ਰਹੇਗੀ। ਭਾਵੇਂ ਇਹ ਲਿਖਤ ਇਤਿਹਾਸ ਦੇ ਇਕ ਖਾਸ ਪੜਾਅ 'ਤੇ ਉਹਦੇ ਦੌਰਾਨ ਵਾਪਰੇ ਘਟਨਾਕ੍ਰਮ ਨਾਲ ਜੁੜੀ ਹੈ ਪਰ ਜਦੋਂ ਵੀ ਇਤਿਹਾਸ ਵਿਚ ਕੋਈ ਜੁ਼ਲਮ ਤੇ ਨਾ ਬਰਾਬਰੀ ਖ਼ਿਲਾਫ ਲੜੇਗਾ ਤਾਂ ਫਿਊਚਿਕ ਦੀ 'ਫਾਂਸੀ ਦੇ ਤਖਤੇ ਤੋਂ' ਉਸਦਾ ਹੌਂਸਲਾ ਵਧਾਏਗੀ। ਉਹਦਾ ਨਾਂ ਯਾਦ ਰੱਖਿਆ ਜਾਵੇਗਾ ਤੇ ਜਿਵੇਂ ਹਾਵਰਡ ਫਾਸਟ ਆਪਣੇ ਨਾਵਲ 'ਸਪਾਰਟਕਸ' ਵਿਚ ਕਹਿੰਦਾ ਹੈ, ''ਕਈ ਵਾਰ ਉਹਦਾ ਨਾਂ ਕੰਨ ਗੋਸ਼ਿਆਂ ਵਿਚ ਸੁਣਿਆ ਜਾਵੇਗਾ ਤੇ ਦੂਸਰਿਆਂ ਸਮਿਆਂ ਵਿਚ ਉੱਚੀ ਅਤੇ ਸਾਫ਼ ਪੁਕਾਰਿਆ ਜਾਵੇਗਾ।''

ਚੰਗਿਆਈ ਤੇ ਬੁਰਿਆਈ ਵਿਚਕਾਰ ਇੱਕ ਸਦੀਵੀਂ ਜੰਗ ਹਰ ਯੁੱਗ ਵਿਚ ਚੱਲਦੀ ਰਹਿੰਦੀ ਹੈ ਜੋ ਅੱਜ ਵੀ ਜਾਰੀ ਹੈ। ਬੱਸ ਉਨ੍ਹਾਂ ਨਾਂਹ ਪੱਖੀ ਸ਼ਕਤੀਆਂ ਦੇ ਨਾਮ ਤੇ ਚਿਹਰੇ ਮੋਹਰੇ ਬਦਲ ਜਾਂਦੇ ਹਨ। ਨਾਜ਼ੀ ਜਰਮਨੀ ਦੀ ਥਾਂ ਸਾਮਰਾਜੀ ਨਵ ਬਸਤੀਵਾਦ ਨੇ ਲੈ ਲਈ ਜੋ ਮਾੜੇ ਮੁਲਕਾਂ ਦੇ ਕੁਦਰਤੀ ਸਾਧਨਾਂ ਤੇ ਕਬਜ਼ੇ ਲਈ ਸੰਸਾਰ ਨੂੰ ਫਿਰ ਜੰਗ ਵਿਚ ਝੋਕ ਰਿਹਾ ਹੈ। ਇਰਾਕ, ਅਫਗਾਨਿਸਤਾਨ, ਸੀਰੀਆ, ਇਰਾਨ, ਲੀਬੀਆ, ਮਿਸਰ ਤੇ ਫਲਸਤੀਨ ਚਾਰੇ ਪਾਸੇ ਲੋਕ ਮਰ ਰਹੇ ਹਨ, ਸਾਮਰਾਜੀ ਮੌਤ ਦਾ ਤਾਂਡਵ ਹੋ ਰਿਹਾ ਹੈ। ਅੱਜ ਫਿਰ ਤੋਂ ਇਨਸਾਨੀਅਤ ਇਤਿਹਾਸ ਦੇ ਇੱਕ ਨਿਰਣਾਇਕ ਮੋੜ 'ਤੇ ਖੜੀ ਹੈ।

ਐਸੇ ਸਮਿਆਂ ਵਿਚ ਫਿਊਚਿਕ ਦੀ ਇਹ ਲਿਖਤ ਸਾਨੂੰ ਸਾਡਾ ਇਨਸਾਨੀ ਫਰਜ਼ ਯਾਦ ਕਰਵਾਉਂਦੀ ਹੈ ਤਾਂ ਕਿ ਅਸੀਂ ਆਪਣੇ ਯੁੱਗ ਦੀ ਮਹਾਂਭਾਰਤ ਵਿਚ ਸੱਚੀ ਧਿਰ ਪਛਾਣ ਸਕੀਏ ਤੇ ਉਹਦੇ ਵਾਸਤੇ ਆਪਣੇ ਆਪਣੇ ਮੋਰਚਿਆਂ 'ਤੇ ਜੂਝ ਸਕੀਏ। ਇਕ ਇਨਸਾਨ ਹੋਣ ਦੇ ਨਾਤੇ ਇਹੀ ਤਾਂ ਸਾਡਾ ਫਰਜ਼ ਬਣਦਾ ਹੈ। ਮੈਂ ਇਸ ਕਿਤਾਬ ਨੂੰ ਕਈ ਵਾਰ ਪੜ੍ਹਿਆ ਹੈ ਅਤੇ ਹਰ ਵਾਰ ਕੁਛ ਐਸਾ ਹੀ ਮਹਿਸੂਸ ਹੋਇਆ ਹੈ ਜੋ ਮੈਂ ਆਪ ਸਭ ਨਾਲ ਸਾਂਝਾ ਕੀਤਾ ਹੈ।

# ਉਪ ਵਰਗੀਕਰਨ ਦਾ ਫ਼ੈਸਲਾ: ਰਾਖਵਾਂਕਰਨ ਮਾਡਲ ਕਿਹੋ ਜਿਹਾ ਹੋਵੇ?

## ਜਾਤ ਸਮੱਸਿਆ ਨੂੰ ਹੱਲ ਕਰਨ ਵਾਲਾ ਜਾਂ ਇਸ ਨੂੰ ਕਾਇਮ ਰੱਖਣ ਵਾਲਾ?

***ਭਾਰਤ ਦੀ ਸੁਪਰੀਮ ਕੋਰਟ ਦੇ ਰਾਖਵੇਂਕਰਨ ਬਾਰੇ ਉਪ ਵਰਗੀਕਰਨ ਦੇ ਫੈਸਲੇ ਨੇ ਰਾਖਵਾਂਕਰਨ ਬਾਰੇ ਨਵੇਂ ਸਿਰਿਓਂ ਚਰਚਾ ਛੇੜ ਦਿੱਤੀ ਹੈ। ਉਘੇ ਵਿਦਵਾਨ ਡਾ. ਆਨੰਦ ਤੇਲਤੁੰਬੜੇ ਨੇ ਇਸ ਮਸਲੇ ਬਾਰੇ ਵਿਸਥਾਰ ਸਹਿਤ ਟਿੱਪਣੀ ਕੀਤੀ ਹੈ ਜਿਸ ਵਿਚ ਇਸ ਮਸਲੇ ਦੇ ਵੱਖ-ਵੱਖ ਪੱਖਾਂ ਬਾਰੇ ਘੋਖਵੀਂ ਚਰਚਾ ਕੀਤੀ ਗਈ ਹੈ। ਅਸੀਂ ਇਹ ਲਿਖਤ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***



**ਡਾ. ਆਨੰਦ ਤੇਲਤੁੰਬੜੇ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਰਾਖਵੇਂਕਰਨ ਦੇ ਉਦੇਸ਼ ਨਾਲ ਅਨੁਸੂਚਿਤ ਜਾਤੀਆਂ (ਐੱਸ.ਸੀ.) ਅਤੇ ਅਨੁਸੂਚਿਤ ਕਬੀਲਿਆਂ (ਐੱਸ.ਟੀ.) ਦੇ ਉਪ ਵਰਗੀਕਰਨ ਦੀ ਕਾਨੂੰਨੀ ਵਾਜਬੀਅਤ ਬਰਕਰਾਰ ਰੱਖਣ ਵਾਲੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਫ਼ੈਸਲੇ ਨੇ ਪਹਿਲਾਂ ਹੀ ਸਕਾਰਾਤਮਕ ਅਤੇ ਨਕਾਰਾਤਮਕ, ਦੋਵਾਂ ਤਰ੍ਹਾਂ ਦੇ ਪ੍ਰਤੀਕਰਮਾਂ ਦਾ ਤੂਫ਼ਾਨ ਲਿਆ ਦਿੱਤਾ ਹੈ; ਜ਼ਿਆਦਾਤਰ ਹਾਥੀ ਦਾ ਕੱਦਕਾਠ ਦੱਸਣ ਦੀ ਕੋਸ਼ਿਸ਼ ਕਰ ਰਹੇ ਅੰਨ੍ਹਿਆਂ ਵਾਂਗ ਟੱਕਰਾਂ ਮਾਰ ਰਹੇ ਹਨ।

ਸਕਾਰਾਤਮਕ ਪ੍ਰਤੀਕਰਮ ਸਖ਼ਤ, ਸਵੈ-ਸਜੇ ਅਗਾਂਹਵਧੂ ਲੋਕਾਂ ਵੱਲੋਂ ਆ ਰਹੇ ਹਨ ਜੋ ਦੱਬੇ-ਕੁਚਲੇ ਲੋਕਾਂ ਦੇ ਪੱਖ ਵਿਚ ਜਾਪਦੇ ਕਿਸੇ ਵੀ ਵਾਕਾਂਸ਼ ਨਾਲ ਮੋਹਿਤ ਹੋ ਜਾਂਦੇ ਹਨ, ਚਾਹੇ ਉਸ ਵਾਕਾਂਸ਼ ਵਿਚ ਕੀਤੇ ਫ਼ੈਸਲਿਆਂ ਦਾ ਚਿਰਕਾਲੀ ਪ੍ਰਭਾਵ ਕੁਝ ਵੀ ਹੋਵੇ। ਨਕਾਰਾਤਮਕ ਪ੍ਰਤੀਕਰਮ ਅਨੁਸੂਚਿਤ ਜਾਤੀਆਂ ਦੇ ਆਬਾਦੀ ਵਾਲੇ ਹਿੱਸਿਆਂ ਵੱਲੋਂ ਆ ਰਹੇ ਹਨ ਜਿਨ੍ਹਾਂ ਉਤੇ ਰਾਖਵੇਂਕਰਨ ਦਾ ਗੈਰ-ਵਾਜਬ ਹਿੱਸਾ ਹੜੱਪਣ ਦਾ ਦੋਸ਼ ਹੈ।

ਵਧੇਰੇ ਆਬਾਦੀ ਵਾਲੇ ਇਨ੍ਹਾਂ ਹਿੱਸਿਆਂ ਦੀ ਮੁੱਖ ਦਲੀਲ ਇਹ ਹੈ ਕਿ ਉਪ ਵਰਗੀਕਰਨ ਦੀ ਸੰਵਿਧਾਨਕ ਤੌਰ 'ਤੇ ਇਜਾਜ਼ਤ ਨਹੀਂ ਹਾਲਾਂਕਿ ਉਹ ਤਕਨੀਕੀ ਤੌਰ 'ਤੇ ਸਹੀ ਹਨ (ਸੁਪਰੀਮ ਕੋਰਟ ਦੀ ਉਲਟ ਰਾਏ ਦੇ ਬਾਵਜੂਦ)। ਹੱਥਲੇ ਮੁੱਦੇ ਦੇ ਸਬੰਧ ਵਿਚ ਇਹ ਲੰਗੜੀ ਦਲੀਲ ਹੈ। ਫ਼ੈਸਲੇ ਦੇ ਨਾਲ-ਨਾਲ ਵਿਚਾਰ-ਚਰਚਾਵਾਂ ਜਾਤੀ ਤੇ ਰਾਖਵੇਂਕਰਨ ਦੀ ਸਮਝ ਦੀ ਘਾਟ ਨੂੰ ਦਰਸਾਉਂਦੀਆਂ ਹਨ ਅਤੇ ਇਸ ਮੁੱਦੇ ਦੁਆਲੇ ਘੁੰਮਦੀਆਂ ਹਨ।

### ਰਾਜਨੀਤਕ ਗੱਠਜੋੜ

ਰਾਖਵਾਂਕਰਨ ਸ਼ੁਰੂਆਤੀ ਰੂਪ 'ਚ ਵੀ ਜ਼ਾਹਰਾ ਰਾਜਨੀਤਕ ਉਦੇਸ਼ ਸੀ ਜਦੋਂ ਕੋਲਹਾਪੁਰ ਦੇ ਸਾਹੂ ਮਹਾਰਾਜ ਨੇ 1902 ਵਿਚ ਇਸ ਨੂੰ ਲਿਆਂਦਾ ਸੀ। ਉਨ੍ਹਾਂ ਮੰਨਿਆ ਕਿ ਬ੍ਰਾਹਮਣਾਂ ਦਾ ਨਾ ਸਿਰਫ਼ ਸਮਾਜਿਕ, ਧਾਰਮਿਕ ਅਤੇ ਆਰਥਿਕ ਖੇਤਰਾਂ ਉਪਰ ਦਬਦਬਾ ਸੀ ਬਲਕਿ ਉਹ ਆਪਣੇ ਮਜ਼ਬੂਤ ਗੰਢ-ਚਿਤਰਾਵੇ ਰਾਹੀਂ ਰਾਜ ਪ੍ਰਸ਼ਾਸਨ ਨੂੰ ਵੀ ਮਜ਼ਬੂਤੀ ਨਾਲ ਕੰਟਰੋਲ ਕਰਦੇ ਸਨ। ਸਾਹੂ ਮਹਾਰਾਜ ਨੇ ਸਮਝ ਲਿਆ ਸੀ ਕਿ ਜਦੋਂ ਤੱਕ ਉਹ ਇਸ ਬ੍ਰਾਹਮਣ ਦਬਦਬੇ ਨੂੰ ਖ਼ਤਮ ਕਰਨ ਲਈ ਕਦਮ ਨਹੀਂ ਚੁੱਕਦੇ, ਉਦੋਂ ਤੱਕ ਉਨ੍ਹਾਂ ਵੱਲੋਂ ਕਲਪਨਾ ਕੀਤੇ ਸੁਧਾਰਾਂ ਨੂੰ ਲਾਗੂ ਕਰਨਾ ਮੁਸ਼ਕਿਲ ਹੋਵੇਗਾ। ਇਸ ਅਹਿਸਾਸ ਨੇ ਉਨ੍ਹਾਂ ਨੂੰ ਆਪਣੇ ਰਾਜ ਵਿਚ ਗੈਰ-ਬ੍ਰਾਹਮਣਾਂ ਲਈ 50 ਪ੍ਰਤੀਸ਼ਤ ਰਾਖਵਾਂਕਰਨ ਸ਼ੁਰੂ ਕਰਨ ਲਈ ਪ੍ਰੇਰਿਆ। ਬਾਅਦ ਵਿਚ ਲਾਗੂ ਕੀਤੀਆਂ ਰਾਖਵਾਂਕਰਨ ਨੀਤੀਆਂ 'ਚ ਵੀ ਅਜਿਹੇ ਉਦੇਸ਼ ਦੇਖੇ ਜਾ ਸਕਦੇ ਹਨ।

ਰਾਖਵੇਂਕਰਨ ਦੇ ਮੌਜੂਦਾ ਰੂਪ ਦੀ ਉਤਪਤੀ ਦਲਿਤਾਂ (ਐੱਸ.ਸੀ.) ਵੱਲੋਂ ਅੰਗਰੇਜ਼ਾਂ ਦੀ ਅਗਵਾਈ ਹੇਠ ਸੁਧਾਰਾਂ ਦੌਰਾਨ ਬਸਤੀਵਾਦੀ ਸੱਤਾ ਢਾਂਚੇ ਵਿਚ ਢੁੱਕਵੀਂ ਨੁਮਾਇੰਦਗੀ ਦੀ ਮੰਗ ਵਿਚ ਨਿਹਿਤ ਹੈ ਜਿਸ ਦਾ ਉਦੇਸ਼ ਸਥਾਨਕ ਨਿਵਾਸੀਆਂ ਨੂੰ ਸੱਤਾ ਸੌਂਪਣਾ ਸੀ। ਡਾ. ਬੀ.ਆਰ. ਅੰਬੇਡਕਰ ਜੋ ਦਲਿਤ ਅਧਿਕਾਰਾਂ ਦੇ ਜ਼ੋਰਦਾਰ ਹਮਾਇਤੀ ਸਨ, ਨੇ ਗੋਲਮੇਜ਼ ਕਾਨਫਰੰਸਾਂ ਦੌਰਾਨ ਇਸ ਮੰਗ ਨੂੰ ਅੱਗੇ ਵਧਾਇਆ ਅਤੇ ਰੈਮਸੇ ਮੈਕਡੋਨਲਡ ਦੇ ਕਮਿਊਨਲ ਅਵਾਰਡ ਰਾਹੀਂ ਇਹ ਹਾਸਲ ਕੀਤੀ। ਇਸ ਅਵਾਰਡ ਨੇ ਅਛੂਤਾਂ ਦੀਆਂ ਖ਼ਾਸ ਸਥਿਤੀਆਂ ਅਤੇ ਵੱਖ-ਵੱਖ ਚੋਣ ਹਲਕਿਆਂ ਅਤੇ ਰਾਖਵੀਆਂ ਸੀਟਾਂ ਵਰਗੇ ਖ਼ਾਸ ਉਪਾਵਾਂ ਦੀ ਜ਼ਰੂਰਤ ਨੂੰ ਸਪਸ਼ਟ ਤੌਰ 'ਤੇ ਮਾਨਤਾ ਦਿੱਤੀ। ਇਸ ਨੇ ਸਰਕਾਰ ਦੇ ਭਰਵੇਂ ਸਰਵੇਖਣ ਦੇ ਅਧਾਰ 'ਤੇ ਛੂਤ-ਛਾਤ ਤੋਂ ਪੀੜਤ ਲੋਕਾਂ ਨੂੰ ਲੈ ਕੇ 'ਅਨੁਸੂਚਿਤ ਜਾਤੀਆਂ' ਦੀ ਪ੍ਰਸ਼ਾਸਨਿਕ ਸ਼੍ਰੇਣੀ ਬਣਾਈ।

ਅੰਗਰੇਜ਼ਾਂ ਨੂੰ ਕੀ ਪਤਾ ਸੀ ਕਿ ਵਿਧਾਨਕ ਸੰਸਥਾਵਾਂ ਵਿਚ ਅਛੂਤ ਜਾਤੀਆਂ ਨੂੰ ਦਿੱਤੇ ਰਾਖਵੇਂਕਰਨ ਨੂੰ ਲਾਗੂ ਕਰਨ ਦੇ ਉਦੇਸ਼ ਨਾਲ ਬਣਾਈ 'ਅਨੁਸੂਚਿਤ ਜਾਤੀਆਂ' ਦੀ ਇਹ ਸ਼੍ਰੇਣੀ, ਧਾਰਮਿਕ ਸੰਸਕਾਰੀ ਪਛਾਣ ਵਾਲੀਆਂ ਸੈਂਕੜੇ ਜਾਤੀਆਂ ਨੂੰ ਮਿਲਾ ਕੇ ਪ੍ਰਸ਼ਾਸਨਿਕ ਜਾਤੀ ਬਣ ਸਕਦੀ ਸੀ। ਇਸ ਨੇ ਧਰਮ ਨਿਰਧਾਰਤ ਹਿੰਦੂ ਜਾਤੀ ਪ੍ਰਣਾਲੀ ਤੋਂ ਇਸ ਦਾ ਸਭ ਤੋਂ ਹੇਠਲਾ ਦਰਜਾ ਖੋਹ ਲਿਆ ਜਿਸ ਨਾਲ ਇਸ ਦਾ ਢਾਂਚਾ ਬਣਿਆ ਹੋਇਆ ਸੀ ਅਤੇ ਇਸ ਤਰ੍ਹਾਂ ਸੰਭਾਵੀ ਤੌਰ 'ਤੇ ਜਾਤੀ ਪ੍ਰਣਾਲੀ ਨੂੰ ਢਾਹੁਣ ਦਾ ਰਾਹ ਪੱਧਰਾ ਕੀਤਾ।

ਜਦੋਂ ਸੰਵਿਧਾਨ ਸਭਾ ਨੇ ਸਰਬਸੰਮਤੀ ਨਾਲ ਛੂਤ-ਛਾਤ ਨੂੰ ਖ਼ਤਮ ਕਰਨ ਦਾ ਸੰਕਲਪ ਲਿਆ, ਤਾਂ ਇਹ ਦਲਿਤਾਂ ਦੇ ਰਾਖਵੇਂਕਰਨ ਨੂੰ ਪ੍ਰਭਾਵਤ ਕੀਤੇ ਬਿਨਾਂ ਜਾਤੀਆਂ ਨੂੰ ਵੀ ਖ਼ਤਮ ਕਰ ਸਕਦੀ ਸੀ।

ਜਾਤੀਆਂ ਦੇ ਖ਼ਾਤਮੇ ਬਿਨਾਂ ਛੂਤ-ਛਾਤ ਖ਼ਤਮ ਨਹੀਂ ਕੀਤੀ ਜਾ ਸਕਦੀ ਪਰ ਜਾਤੀਆਂ ਨੂੰ ਰਾਖਵੇਂਕਰਨ ਦੇ ਬਹਾਨੇ ਬਿਨਾਂ ਛੂਹੇ ਛੱਡ ਦਿੱਤਾ ਗਿਆ ਸੀ। ਅਸਲੀ ਇਰਾਦਾ ਜਨਤਾ ਨੂੰ ਠੱਗਣ ਲਈ ਜਾਤੀਆਂ ਨੂੰ ਸੰਭਾਵੀ ਸੰਦਾਂ ਵਜੋਂ ਸੁਰੱਖਿਅਤ ਰੱਖਣਾ ਸੀ। ਗੁੱਝੇ ਇਰਾਦੇ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਅਤੇ ਅੱਜ ਵੀ ਅਜਿਹਾ ਹੀ ਹੈ। ਇਸ ਲਈ ਆਜ਼ਾਦ ਭਾਰਤ ਵਿਚ 'ਅਨੁਸੂਚਿਤ ਜਾਤੀਆਂ' ਦੇ ਨਾਲ-ਨਾਲ ਰਾਖਵੇਂਕਰਨ ਵਿਚ ਆਈਆਂ ਤਬਦੀਲੀਆਂ ਵੱਲ ਵੀ ਕਿਸੇ ਦਾ ਧਿਆਨ ਨਹੀਂ ਗਿਆ। ਇਨ੍ਹਾਂ ਬੁਨਿਆਦੀ ਚੀਜ਼ਾਂ ਨੂੰ ਸਮਝੇ ਬਿਨਾਂ ਇਹ ਸਮਝ ਨਹੀਂ ਆ ਸਕਦਾ ਕਿ ਅੱਜ ਜਾਤੀਆਂ ਜਾਂ ਰਾਖਵੇਂਕਰਨ ਨਾਲ ਕੀ ਵਾਪਰ ਰਿਹਾ ਹੈ।




### ਸਮਕਾਲੀ ਰਾਖਵਾਂਕਰਨ

ਸ਼ੁਰੂ 'ਚ ਵਿਧਾਨਕ ਸੰਸਥਾਵਾਂ ਵਿਚ ਰਾਜਨੀਤਕ ਨੁਮਾਇੰਦਗੀ ਲਈ ਰਾਖਵਾਂਕਰਨ ਦੀ ਮੰਗ ਕੀਤੀ ਗਈ ਸੀ ਤੇ ਇਹ ਮੰਨੀ ਗਈ ਸੀ; ਬਾਅਦ ਵਿਚ ਨੁਮਾਇੰਦਗੀ ਦੇ ਉਸੇ ਤਰਕ ਦੀ ਵਰਤੋਂ ਕਰਦਿਆਂ ਇਸ ਨੂੰ ਨੌਕਰਸ਼ਾਹੀ ਤੱਕ ਵਧਾਇਆ ਗਿਆ ਸੀ। ਡਾ. ਬੀ.ਆਰ. ਅੰਬੇਡਕਰ ਜਿਸ ਨੇ ਸਾਬਕਾ ਅਛੂਤਾਂ ਲਈ ਰਾਖਵਾਂਕਰਨ ਹਾਸਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦਲਿਤ ਜਨਤਾ ਦੇ ਹਿੱਤਾਂ ਦੀ ਰਾਖੀ ਲਈ ਉਨ੍ਹਾਂ ਦਾ ਨੌਕਰਸ਼ਾਹੀ ਵਿਚ ਮਹੱਤਵਪੂਰਨ ਅਹੁਦਿਆਂ 'ਤੇ ਹੋਣਾ ਜ਼ਰੂਰੀ ਹੈ।

ਇਸ ਲਈ ਅੰਬੇਡਕਰ ਨੇ ਉਨ੍ਹਾਂ ਨੂੰ ਉਚ ਸਿੱਖਿਆ ਪ੍ਰਾਪਤ ਕਰਨ ਲਈ ਕਿਹਾ ਤਾਂ ਜੋ ਉਹ ਸਰਕਾਰੀ ਸੇਵਾ ਵਿਚ ਆ ਸਕਣ। ਰਾਖਵਾਂਕਰਨ ਦਾ ਉਦੇਸ਼ ਨੌਕਰਸ਼ਾਹੀ ਅੰਦਰਲੇ ਮਜ਼ਬੂਤ ਵਰਗਾਂ (ਯਾਨੀ ਜਾਤੀਆਂ) ਵਿਚ ਦਲਿਤਾਂ ਵਿਰੁੱਧ ਪ੍ਰਚਲਤ ਸਮਾਜਿਕ ਪੱਖਪਾਤ ਦਾ ਮੁਕਾਬਲਾ ਕਰਨਾ ਸੀ ਜੋ ਉਂਝ ਕਾਨੂੰਨੀ ਮਜਬੂਰੀ ਤੋਂ ਬਿਨਾਂ ਕਿਸੇ ਦਲਿਤ ਦੀ ਭਰਤੀ ਨਹੀਂ ਹੋਣ ਦੇਣਗੇ। ਇਉਂ ਰਾਖਵਾਂਕਰਨ ਦੀ ਕਲਪਨਾ ਰਾਜ ਦੁਆਰਾ ਸਮਾਜਿਕ ਪੱਖਪਾਤ ਵਿਰੁੱਧ ਵਿਰੋਧੀ ਸ਼ਕਤੀ ਵਜੋਂ ਕੀਤੀ ਗਈ ਸੀ।

ਸ਼ੁਰੂ 'ਚ ਜਨਤਕ ਰੁਜ਼ਗਾਰ ਵਿਚ ਰਾਖਵਾਂਕਰਨ ਤਰਜੀਹੀ ਪ੍ਰਣਾਲੀ ਦੇ ਰੂਪ ਵਿਚ ਲਾਗੂ ਕੀਤਾ ਗਿਆ ਕਿਉਂਕਿ ਕੋਟੇ ਨੂੰ ਜਾਇਜ਼ ਠਹਿਰਾਉਣ ਲਈ ਪੜ੍ਹੇ-ਲਿਖੇ ਦਲਿਤ ਕਾਫ਼ੀ ਨਹੀਂ ਸਨ। ਬਸਤੀਵਾਦੀ ਸਰਕਾਰ ਯੋਗ ਦਲਿਤਾਂ ਦੀ ਭਰਤੀ ਨੂੰ ਤਰਜ਼ੀਹ ਦੇਣਾ ਮੰਨ ਗਈ; ਹਾਲਾਂਕਿ ਜਦੋਂ ਅੰਬੇਡਕਰ ਵਾਇਸਰਾਏ ਦੀ ਕਾਰਜਕਾਰੀ ਕੌਂਸਲ ਦੇ ਮੈਂਬਰ ਬਣੇ ਤਾਂ ਉਨ੍ਹਾਂ ਨੇ ਐਡਹਾਕ ਤਰਜੀਹੀ ਪ੍ਰਣਾਲੀ ਬਦਲਣ ਲਈ ਕੋਟਾ ਪ੍ਰਣਾਲੀ 'ਤੇ ਜ਼ੋਰ ਦਿੱਤਾ ਜਿਸ ਕਾਰਨ 1943 ਵਿਚ ਦਲਿਤਾਂ ਲਈ 8.33 ਪ੍ਰਤੀਸ਼ਤ ਰਾਖਵਾਂਕਰਨ ਦੀ ਸ਼ੁਰੂਆਤ ਹੋਈ।

ਆਜ਼ਾਦੀ ਤੋਂ ਬਾਅਦ ਬਸਤੀਵਾਦੀ ਰਾਖਵਾਂਕਰਨ ਪ੍ਰਣਾਲੀ ਅਪਣਾਈ ਗਈ; ਇਸੇ ਤਰ੍ਹਾਂ ਦੀ ਅਨੁਸੂਚੀ ਬਣਾ ਕੇ ਅਨੁਸੂਚਿਤ ਜਨਜਾਤੀਆਂ/ਕਬੀਲਿਆਂ ਤੱਕ ਇਸ ਦਾ ਵਿਸਤਾਰ ਕੀਤਾ ਗਿਆ।

ਬਸਤੀਵਾਦੀ ਕਾਲ ਦੌਰਾਨ ਅਨੁਸੂਚਿਤ ਜਾਤੀਆਂ ਲਈ ਸਥਿਰ ਅਨੁਸੂਚੀ ਦੇ ਉਲਟ ਜਿਸ ਵਿਚ ਤਬਦੀਲੀ ਦੀ ਕੋਈ ਵਿਵਸਥਾ ਨਹੀਂ ਸੀ, ਨਵੀਆਂ ਅਨੁਸੂਚੀਆਂ ਨੇ ਰਾਸ਼ਟਰਪਤੀ ਨੂੰ ਉਨ੍ਹਾਂ ਦੀਆਂ ਸਬੰਧਿਤ ਸੂਚੀਆਂ ਵਿਚੋਂ ਜਾਤੀਆਂ ਅਤੇ ਕਬੀਲਿਆਂ ਨੂੰ ਜੋੜਨ ਜਾਂ ਹਟਾਉਣ ਦੀ ਆਗਿਆ ਦੇ ਦਿੱਤੀ। ਇਸ ਤਬਦੀਲੀ ਨੇ ਹੇਰਾਫੇਰੀ ਲਈ ਰਾਜਨੀਤਕ ਜਗ੍ਹਾ ਖੋਲ੍ਹ ਦਿੱਤੀ। ਇਹ ਸਮਾਜਿਕ ਨਿਆਂ ਦੀ ਆੜ ਵਿਚ ਜਾਤੀ ਅਤੇ ਕਬਾਇਲੀ ਪਛਾਣਾਂ ਨੂੰ ਸੁਰੱਖਿਅਤ ਰੱਖਣ ਵੱਲ ਤਬਦੀਲੀ ਨੂੰ ਦਰਸਾਉਂਦਾ ਹੈ।

ਅਨੁਸੂਚਿਤ ਜਨਜਾਤੀਆਂ ਲਈ ਰਾਖਵਾਂਕਰਨ ਦਾ ਵਿਸਤਾਰ ਚੁਣੌਤੀਆਂ ਭਰਿਆ ਸੀ ਕਿਉਂਕਿ ਅਨੁਸੂਚਿਤ ਜਨਜਾਤੀਆਂ ਲਈ ਛੂਤ-ਛਾਤ ਦੇ ਸਪਸ਼ਟ ਮਾਪਦੰਡ ਦੇ ਉਲਟ, ਸੂਚੀ 'ਚ ਸ਼ਾਮਲ ਕਰਨ ਜਾਂ ਹਟਾਉਣ ਲਈ ਕਬੀਲਿਆਂ ਦੀ ਪਛਾਣ ਕਰਨ ਲਈ ਕੋਈ ਪੱਕਾ ਮਾਪਦੰਡ ਨਹੀਂ ਸੀ। ਐੱਸ.ਟੀ. ਦੇ ਕਿਸੇ ਮੈਂਬਰ ਨੂੰ ਰਾਖਵੇਂਕਰਨ ਵਿਚ ਸ਼ਾਮਲ ਕਰਨ ਜਾਂ ਬਾਹਰ ਰੱਖਣ ਦੇ ਮਾਪਦੰਡਾਂ ਵਿਚ ਅਸਪਸ਼ਟਤਾ ਨੇ ਅਖ਼ੀਰ ਵਿਚ ਰਾਖਵੇਂਕਰਨ ਦੀ ਮੂਲ ਧਾਰਨਾ ਨੂੰ ਕਮਜ਼ੋਰ ਕਰ ਦਿੱਤਾ।

ਸਮਾਜਿਕ ਤੌਰ 'ਤੇ ਬਾਹਰ ਰੱਖੇ ਇਨ੍ਹਾਂ ਸਮੂਹਾਂ ਲਈ ਰਾਜ ਦੀ ਹਮਾਇਤ ਹਾਲਾਂਕਿ ਜ਼ਰੂਰੀ ਸੀ ਪਰ ਰਾਖਵਾਂਕਰਨ ਇਸ ਨੂੰ ਮੁਹੱਈਆ ਕਰਨ ਦਾ ਇੱਕੋ-ਇਕ ਸਾਧਨ ਨਹੀਂ ਸੀ। ਐੱਸ.ਸੀ. ਵਾਂਗ ਐੱਸ.ਟੀ. ਲਈ ਰਾਖਵੇਂਕਰਨ ਦੇ ਵਿਸਤਾਰ ਨੇ ਸੰਭਾਵੀ ਯੁੱਧਨੀਤਕ ਉਦੇਸ਼ ਦੀ ਪੂਰਤੀ ਕੀਤੀ - ਰਾਖਵੇਂਕਰਨ ਦੀ ਧਾਰਨਾ ਨੂੰ ਖ਼ਾਸ ਲੋਕਾਂ ਲਈ ਖ਼ਾਸ ਨੀਤੀ ਵਜੋਂ ਕਮਜ਼ੋਰ ਕਰਨਾ।

ਜੇ ਕਬਾਇਲੀਆਂ ਨੂੰ ਰਾਖਵਾਂਕਰਨ ਦੇਣ ਦਾ ਟੀਚਾ ਸਮਾਜਿਕ ਪੱਖਪਾਤ ਦੂਰ ਕਰਨਾ ਸੀ ਤਾਂ ਉਨ੍ਹਾਂ ਨੂੰ ਰਾਖਵਾਂਕਰਨ ਵਿਚ ਇਸੇ ਅਨੁਸਾਰੀ ਵਾਧੇ ਨਾਲ ਅਨੁਸੂਚਿਤ ਜਾਤੀਆਂ ਦੇ ਰੂਪ ਵਿਚ ਉਸੇ ਅਨੁਸੂਚੀ ਵਿਚ ਏਕੀਕ੍ਰਿਤ ਕੀਤਾ ਜਾ ਸਕਦਾ ਸੀ। ਇਸ ਪਹੁੰਚ ਨੇ ਐੱਸ.ਸੀ. ਨਾਲ ਜੁੜੇ ਜਾਤੀ ਕਲੰਕ ਨੂੰ ਕਮਜ਼ੋਰ ਕਰ ਦੇਣਾ ਸੀ ਕਿਉਂਕਿ ਐੱਸ.ਟੀ. ਅਛੂਤ ਨਹੀਂ ਸਨ।

ਅਸਲ ਵਿਚ ਇਹ ਅਨੁਸੂਚੀਆਂ ਛੇਕੇ ਹੋਣ ਦੀ ਬੁਨਿਆਦੀ ਮਾਨਤਾ ਉਪਰ ਬਣਾਈਆਂ ਗਈਆਂ। ਐੱਸ.ਸੀ. ਅਤੇ ਐੱਸ.ਟੀ. ਦਰਮਿਆਨ ਵਿਦਿਅਕ ਅਤੇ ਸਮਾਜਿਕ ਰੁਤਬੇ ਵਿਚ ਅੰਤਰ ਦੇ ਆਧਾਰ 'ਤੇ ਏਕੀਕ੍ਰਿਤ ਅਨੁਸੂਚੀ ਦੇ ਵਿਰੁੱਧ ਦਲੀਲਾਂ ਦੋਹਾਂ ਸਮੂਹਾਂ ਉਪਰ ਬਰਾਬਰ ਲਾਗੂ ਹੁੰਦੀਆਂ ਹਨ। ਸਮਾਜਿਕ ਬੇਦਖ਼ਲੀ ਤੋਂ ਸਿਵਾਇ ਕਿਸੇ ਵੀ ਲਿਹਾਜ਼ ਨਾਲ ਨਾ ਐੱਸ.ਸੀ. ਅਨੁਸੂਚੀ ਇਕੋ ਜਿਹੀ ਹੈ ਅਤੇ ਨਾ ਹੀ ਐੱਸ.ਟੀ.।

ਇਹ ਧਿਆਨ ਰੱਖਣਾ ਮਹੱਤਵਪੂਰਨ ਹੈ ਕਿ ਇਨ੍ਹਾਂ ਸ਼੍ਰੇਣੀਆਂ ਲਈ ਰਾਖਵਾਂਕਰਨ ਦਾ ਇੱਕੋ-ਇਕ ਮਾਪਦੰਡ ਸਾਬਕਾ ਅਛੂਤ ਜਾਂ ਕਬੀਲਿਆਂ ਵਜੋਂ ਉਨ੍ਹਾਂ ਦੀ ਸਮਾਜਿਕ ਪਛਾਣ ਸੀ ਜਿਸ ਨੇ ਉਨ੍ਹਾਂ ਨੂੰ ਮੁੱਖ ਧਾਰਾ ਤੋਂ ਬਾਹਰ ਕਰ ਦਿੱਤਾ ਸੀ। ਇਨ੍ਹਾਂ ਰਾਖਵੇਂਕਰਨ ਨੂੰ ਖ਼ਤਮ ਕਰਨ ਦੀ ਇੱਕੋ-ਇਕ ਅੰਤਰ ਨਿਹਿਤ ਸ਼ਰਤ ਇਸ ਗੱਲ ਦਾ ਵਾਜਬ ਸਬੂਤ ਸੀ ਕਿ ਉਹ ਹੁਣ ਆਪਣੀ ਪਛਾਣ ਦੇ ਕਾਰਨ ਸਮਾਜਿਕ ਪੱਖਪਾਤ ਤੋਂ ਪੀੜਤ ਨਹੀਂ ਸਨ ਜਾਂ ਕਿ ਇਨ੍ਹਾਂ ਪਛਾਣਾਂ ਨੇ ਆਪਣੀ ਸਮਾਜਿਕ ਪ੍ਰਮੁੱਖਤਾ ਗੁਆ ਦਿੱਤੀ ਸੀ।

ਪਿਛੜੀਆਂ ਸ਼੍ਰੇਣੀਆਂ (ਡਾ. ਅੰਬੇਡਕਰ ਅਨੁਸਾਰ ਜਿਨ੍ਹਾਂ ਨੂੰ ਜਾਤੀਆਂ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ) ਤੱਕ ਰਾਖਵਾਂਕਰਨ ਦਾ ਹੋਰ ਵਿਸਤਾਰ, ਰਾਖਵਾਂਕਰਨ ਦੇ ਜਾਤੀਕਰਨ, ਰਾਜਨੀਤੀਕਰਨ ਅਤੇ ਇਸ ਨੂੰ ਹਥਿਆਰ ਬਣਾਏ ਜਾਣ ਵੱਲ ਸਿਰੇ ਦਾ ਕਦਮ ਸੀ। ਇਨ੍ਹਾਂ ਜਾਤੀਆਂ ਦੀ ਪਛਾਣ ਕਰਨ ਲਈ 'ਸਮਾਜਿਕ ਅਤੇ ਵਿਦਿਅਕ ਪਿਛੜੇਪਣ' ਦਾ ਮਾਪਦੰਡ ਦਰਜੇਬੰਦੀ ਵਾਲੀ ਜਾਤੀ ਪ੍ਰਣਾਲੀ ਅਤੇ ਮੁਲਕ ਦੇ ਸਮੁੱਚੇ ਵਿਦਿਅਕ ਪਿਛੜੇਪਣ ਦੇ ਪ੍ਰਸੰਗ 'ਚ ਨੁਕਸਦਾਰ ਸੀ। ਪਿਛੜੇਪਣ ਪ੍ਰਤੀ ਇਸ ਜਾਤੀ ਕੇਂਦਰਿਤ ਪਹੁੰਚ ਦਾ ਨਤੀਜਾ ਲਾਜ਼ਮੀ ਤੌਰ 'ਤੇ ਸਾਰੇ ਭਾਈਚਾਰਿਆਂ ਦੁਆਰਾ ਮੁਕਾਬਲੇਬਾਜ਼ ਦਾਅਵਿਆਂ 'ਚ ਨਿਕਲਿਆ ਜਿਸ ਦੇ ਨਤੀਜੇ ਵਜੋਂ ਸਮਾਜ ਦਾ ਜਾਤੀਕਰਨ ਹੋਇਆ - ਅਜਿਹੀ ਸਥਿਤੀ ਜਿਸ ਦਾ ਸਾਹਮਣਾ ਅਸੀਂ ਅੱਜ ਕਰ ਰਹੇ ਹਾਂ।

ਮੈਂ ਕਮਜ਼ੋਰ ਭਾਈਚਾਰਿਆਂ ਲਈ ਰਾਜ ਦੀ ਮਦਦ ਦੇ ਖ਼ਿਲਾਫ਼ ਨਹੀਂ ਹਾਂ ਜਾਂ ਇਸ ਤੋਂ ਇਨਕਾਰ ਨਹੀਂ ਕਰਦਾ ਕਿ ਪਿਛੜੀਆਂ ਸ਼੍ਰੇਣੀਆਂ ਸਹਾਇਤਾ ਦੀਆਂ ਹੱਕਦਾਰ ਹਨ, ਪਿਛੜਿਆਪਣ ਰਾਖਵੇਂਕਰਨ ਵਰਗੇ ਅਸਾਧਾਰਨ ਉਪਾਵਾਂ ਨੂੰ ਜਾਇਜ਼ ਨਹੀਂ ਠਹਿਰਾ ਸਕਦਾ। ਰਾਖਵਾਂਕਰਨ ਗੁੰਝਲਦਾਰ, ਬਹੁ-ਧਾਰੀ ਸੰਦ ਹੈ ਜਿਸ ਨੂੰ ਲਾਗੂ ਕਰਨ ਵਿਚ ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਹੈ। ਇਹ ਕਦੇ ਵੀ ਸਮਾਜਿਕ ਨਿਆਂ ਪ੍ਰਾਪਤ ਕਰਨ ਦਾ ਇੱਕੋ-ਇਕ ਸਾਧਨ ਨਹੀਂ ਸੀ। ਹਾਂ ਪੱਖੀ ਸਮਾਜਿਕ ਨਿਆਂ ਸਿਰਫ਼ ਵਿਆਪਕ ਨਿਆਂ ਦੇ ਵਾਤਾਵਰਨ ਵਿਚ ਮੌਜੂਦ ਹੋ ਸਕਦਾ ਹੈ ਜਿਸ ਨੂੰ ਸ਼ਕਤੀਕਰਨ ਦੇ ਮੁੱਖ ਤੱਤਾਂ ਸਿਹਤ ਸੰਭਾਲ, ਸਿੱਖਿਆ ਤੇ ਜ਼ਮੀਨੀ ਸੁਧਾਰਾਂ ਨੂੰ ਸਰਵਵਿਆਪਕ ਬਣਾ ਕੇ ਪੈਦਾ ਕੀਤਾ ਜਾ ਸਕਦਾ ਹੈ - ਉਹ ਖੇਤਰ ਜਿਨ੍ਹਾਂ ਨੂੰ ਸਰਕਾਰਾਂ ਇਨ੍ਹਾਂ ਸਾਰੇ ਸਾਲਾਂ ਵਿਚ ਲਗਾਤਾਰ ਨਜ਼ਰਅੰਦਾਜ਼ ਕਰਦੀਆਂ ਰਹੀਆਂ ਹਨ।

ਇਨ੍ਹਾਂ ਜ਼ਰੂਰੀ ਚੀਜ਼ਾਂ ਤੱਕ ਸਰਵ ਵਿਆਪਕ ਰਸਾਈ ਹਾਸਲ ਕਰਨ ਤੋਂ ਬਾਅਦ ਹੀ ਸ਼ਕਤੀਕਰਨ ਦੀਆਂ ਖ਼ਾਸ ਰੁਕਾਵਟਾਂ ਨੂੰ ਦੂਰ ਕਰਨ ਲਈ ਸਮਾਜਿਕ ਨਿਆਂ ਦੇ ਹੋਰ ਉਪਾਵਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਜੇ ਸਰਕਾਰ ਨੇ ਇਮਾਨਦਾਰੀ ਨਾਲ ਇਨ੍ਹਾਂ ਬੁਨਿਆਦੀ ਜ਼ਰੂਰਤਾਂ ਨੂੰ ਸਰਬਵਿਆਪੀ ਬਣਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਰਾਖਵਾਂਕਰਨ ਦੀ ਜ਼ਰੂਰਤ ਇੱਥੋਂ ਤੱਕ ਕਿ ਅਨੁਸੂਚਿਤ ਜਾਤੀਆਂ ਲਈ ਵੀ ਖ਼ਤਮ ਹੋ ਸਕਦੀ ਸੀ। ਸਾਰੇ ਉਨਤ ਮੁਲਕਾਂ ਨੇ ਜ਼ਮੀਨੀ ਸੁਧਾਰਾਂ, ਮਜ਼ਬੂਤ ਜਨਤਕ ਸਿਹਤ ਸੰਭਾਲ ਪ੍ਰਣਾਲੀਆਂ ਅਤੇ ਮੁਫ਼ਤ, ਉਚ ਗੁਣਵੱਤਾ ਵਾਲੀ ਸਰਵਵਿਆਪਕ ਸਿੱਖਿਆ ਰਾਹੀਂ ਆਪਣੀ ਆਬਾਦੀ ਨੂੰ ਮਜ਼ਬੂਤ ਬਣਾ ਕੇ ਤਰੱਕੀ ਕੀਤੀ ਹੈ।

ਇਸ ਸਾਬਤ ਹੋ ਚੁੱਕੇ ਰਸਤੇ ਉਪਰ ਚੱਲਣ ਦੀ ਬਜਾਇ ਸਰਕਾਰਾਂ ਨੇ ਜਾਣਬੁੱਝ ਕੇ ਅਜਿਹੇ ਤਰੀਕੇ ਚੁਣੇ ਹਨ ਜੋ ਜਾਤੀ ਅਤੇ ਫਿਰਕੂ ਪਛਾਣਾਂ ਨੂੰ ਬਣਾਈ ਰੱਖਦੇ ਹਨ, ਸਮਾਜਿਕ ਨਿਆਂ ਦੀ ਆੜ ਵਿਚ ਉਨ੍ਹਾਂ ਨੂੰ ਇਕ ਦੂਜੇ ਦੇ ਵਿਰੁੱਧ ਖੜ੍ਹਾ ਕਰਦੇ ਹਨ। ਰਾਖਵਾਂਕਰਨ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਲਈ ਸਮਾਜ ਦੀ ਅਪੰਗਤਾ ਵਿਰੁੱਧ ਰਾਜ ਦੁਆਰਾ ਜਵਾਬੀ ਉਪਾਅ ਹੈ। ਇਕ ਵਾਰ ਜਦੋਂ ਸਮਾਜ ਆਪਣੀ ਅਪੰਗਤਾ ਉਪਰ ਕਾਬੂ ਪਾ ਲਵੇਗਾ ਤਾਂ ਇਹ ਉਪਾਅ ਨਹੀਂ ਰਹੇਗਾ।

ਇਸ ਤਰ੍ਹਾਂ ਦੇ ਸਪਸ਼ਟ ਆਧਾਰ ਨੇ ਅਨੁਸੂਚਿਤ ਜਾਤੀਆਂ ਦਾ ਧਿਆਨ ਸਮਾਜ ਦੀ ਅਪੰਗਤਾ ਵੱਲ ਕਰ ਦੇਣਾ ਸੀ ਜਿਸ ਦੀਆਂ ਜੜ੍ਹਾਂ ਇਸ ਦੀ ਜਾਤੀ ਚੇਤਨਾ ਵਿਚ ਸਨ। ਇਸ ਪਹੁੰਚ ਨੇ ਜਾਤੀ ਆਧਾਰਿਤ ਵਿਤਕਰੇ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਸਹੀ ਢੰਗ ਨਾਲ ਸਮਾਜ ਉਪਰ ਪਾ ਦੇਣੀ ਸੀ ਜਿਸ ਨਾਲ ਰਾਖਵਾਂਕਰਨ ਦੀ ਪ੍ਰਚਲਤ ਧਾਰਨਾ ਉਲਟ ਹੋ ਜਾਣੀ ਸੀ।

ਰਾਖਵਾਂਕਰਨ ਖ਼ਤਮ ਕਰਨ ਲਈ ਅਜਿਹੇ ਸਪਸ਼ਟ ਆਧਾਰ ਦੀ ਅਣਹੋਂਦ ਵਿਚ ਜਦੋਂ ਸਮਾਜ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੰਦਾ ਹੈ ਤਾਂ ਅਨੁਸੂਚਿਤ ਜਾਤੀਆਂ ਨੂੰ ਸਮਾਜ ਦੇ ਸਰੋਤਾਂ ਤੋਂ ਨਹੱਕ ਲਾਭ ਲੈਣ ਵਾਲੇ ਮੰਨਿਆ ਜਾਂਦਾ ਹੈ। ਇਉਂ ਰਾਖਵੇਂਕਰਨ ਨੇ ਦਲਿਤਾਂ ਦੀਆਂ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ ਹਨ ਜਿਨ੍ਹਾਂ ਨੂੰ ਜਾਤੀ ਵਿਤਕਰੇ ਦਾ ਸਾਹਮਣਾ ਕਰਨ ਤੋਂ ਇਲਾਵਾ ਸਮਾਜਿਕ ਨਾਰਾਜ਼ਗੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਜੇ ਨੀਤੀ ਸਹੀ ਢੰਗ ਨਾਲ ਤਿਆਰ ਕੀਤੀ ਜਾਂਦੀ ਅਤੇ ਅਸਰਦਾਰ ਢੰਗ ਨਾਲ ਇਸ ਦਾ ਸੰਚਾਰ ਕੀਤਾ ਜਾਂਦਾ ਤਾਂ ਅਨੁਸੂਚਿਤ ਜਾਤੀਆਂ ਵਿਰੁੱਧ ਇਹ ਸਮਾਜਿਕ ਨਾਰਾਜ਼ਗੀ ਸਮਾਜਿਕ ਅਪੰਗਤਾ ਦੀ ਪ੍ਰਵਾਨਗੀ ਬਣ ਜਾਣੀ ਸੀ - ਸ਼ਿਕਾਇਤ ਦੀ ਬਜਾਇ ਸ਼ਰਮਿੰਦਗੀ ਦਾ ਸਰੋਤ।

ਇਸ ਦੇ ਉਲਟ ਮੌਜੂਦਾ ਨੀਤੀ ਅਨੁਸੂਚਿਤ ਜਾਤੀਆਂ ਨੂੰ ਕਿਸੇ ਅਪੰਗਤਾ ਤੋਂ ਪੀੜਤ ਦੇ ਰੂਪ 'ਚ ਦਰਸਾਉਂਦੀ ਹੈ ਜਿਸ ਨੂੰ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਰਾਜ ਦੀ ਮਦਦ ਦੀ ਲੋੜ ਸੀ। ਇਹ ਉਨ੍ਹਾਂ ਵਿਚ ਹੀਣਤਾ ਦੀ ਭਾਵਨਾ ਪੈਦਾ ਕਰਦਾ ਹੈ ਜਿਸ ਨਾਲ ਖ਼ੁਦ ਹੀ ਪੂਰੀ ਹੋ ਜਾਣ ਵਾਲੀ ਭਵਿੱਖਬਾਣੀ ਹੋ ਜਾਂਦੀ ਹੈ ਜਿੱਥੇ ਉਨ੍ਹਾਂ ਦੀ ਕਾਰਗੁਜ਼ਾਰੀ ਊਣੀ ਰਹਿੰਦੀ ਹੈ, ਇਉਂ ਰਾਖਵੇਂਕਰਨ ਦੀ ਜ਼ਰੂਰਤ ਬਣੀ ਰਹਿੰਦੀ ਹੈ।

ਵਧੇਰੇ ਸੋਚ ਵਿਚਾਰ ਕੇ ਤਿਆਰ ਕੀਤੀ ਨੀਤੀ ਅਨੁਸੂਚਿਤ ਜਾਤੀਆਂ ਉਪਰ ਇਹ ਮਨੋਵਿਗਿਆਨਕ ਬੋਝ ਪਾਏ ਜਾਣ ਤੋਂ ਬਚ ਸਕਦੀ ਸੀ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਦਾ ਹਿੱਸਾ ਬਣ ਕੇ ਰਾਖਵੇਂਕਰਨ ਦੁਆਰਾ ਲਗਾਈਆਂ ਗਈਆਂ ਸੀਮਾਵਾਂ ਨੂੰ ਪਾਰ ਕਰਨ ਲਈ ਪ੍ਰੇਰ ਸਕਦੀ ਸੀ। ਅਜਿਹੀ ਨੀਤੀ ਸੰਭਵ ਸੀ ਜੋ ਅਨੁਸੂਚਿਤ ਜਾਤੀਆਂ ਅਤੇ ਵਡੇਰੇ ਸਮਾਜ ਦਰਮਿਆਨ ਵਿਰੋਧੀ ਸਬੰਧਾਂ ਤੋਂ ਬਚ ਸਕਦੀ ਸੀ ਅਤੇ ਉਨ੍ਹਾਂ ਨੂੰ ਜੇ ਜਾਤੀਆਂ ਨੂੰ ਨਹੀਂ ਤਾਂ ਜਾਤੀ ਪੱਖਪਾਤ ਨੂੰ ਖ਼ਤਮ ਕਰਨ ਦੀ ਦਿਸ਼ਾ ਵਿਚ ਕੰਮ ਕਰਨ ਲਈ ਪ੍ਰੇਰ ਸਕਦੀ ਸੀ ਅਤੇ ਇਸ ਦੁਆਰਾ ਰਾਖਵੇਂਕਰਨ ਦੀ ਜ਼ਰੂਰਤ ਨੂੰ

***(ਬਾਕੀ ਅਗਲੇ ਸਫੇ 'ਤੇ)***

ਜਲਦੀ ਤੋਂ ਜਲਦੀ ਖ਼ਤਮ ਕਰ ਸਕਦੀ ਸੀ। ਅਨੁਸੂਚਿਤ ਜਾਤੀਆਂ ਨਾਲ ਸਮਾਜਿਕ ਅਨਿਆਂ ਦੂਰ ਕਰਨ ਵਾਲੀ ਰਾਖਵਾਂਕਰਨ ਨੀਤੀ ਦਾ ਖਰੜਾ ਤਿਆਰ ਕਰਨ 'ਚ ਉਕਾਈ ਅਚਾਨਕ ਨਹੀਂ ਸੀ ਬਲਕਿ ਹਾਕਮ ਜਮਾਤਾਂ ਦੀ ਜਨਤਾ ਨੂੰ ਠੱਗਣ ਲਈ ਜਾਤੀ ਨੂੰ ਤਾਕਤਵਰ ਸੰਦ ਵਜੋਂ ਕਾਇਮ ਰੱਖਣ ਦੀ ਸੋਚੀ ਸਮਝੀ ਨੀਤੀ ਸੀ।

**ਜਾਤੀ ਨੂੰ ਸਮਝਦਿਆਂ**

ਹੁਣ ਆਪਣਾ ਧਿਆਨ ਜਾਤੀਆਂ ਵੱਲ ਮੋੜੀਏ। ਜਾਤੀਆਂ ਲੰਮੇ ਅਰਸੇ ਵਿਚ ਵਿਕਸਤ ਹੋਈਆਂ ਹਨ ਅਤੇ ਉਨ੍ਹਾਂ ਦੀ ਗਿਣਤੀ ਕਰਨ ਦੀਆਂ ਸਰਕਾਰੀ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਨਿਸ਼ਚਿਤ ਗਿਣਤੀ 'ਚ ਨਹੀਂ ਬੰਨ੍ਹਿਆ ਜਾ ਸਕਿਆ। ਜਟਿਲਤਾ ਜਾਤੀਆਂ, ਉਪ ਜਾਤੀਆਂ, ਇੱਥੋਂ ਤੱਕ ਕਿ ਉਪ-ਉਪ ਜਾਤੀਆਂ ਦੀ ਹੋਂਦ ਵਿਚ ਵੀ ਪਈ ਹੈ ਜੋ ਸਾਰੀਆਂ ਵੱਖ-ਵੱਖ ਪ੍ਰਸੰਗਾਂ 'ਤੇ ਨਿਰਭਰ ਕਰਦਿਆਂ ਸਾਹਮਣੇ ਆਉਂਦੀਆਂ ਹਨ।

ਐੱਸ.ਸੀ. ਬਾਰੇ ਜੋ ਫ਼ੈਸਲੇ ਦੇ ਕੇਂਦਰ ਹਨ, ਇਸ ਦੀਆਂ ਘਟਕ ਜਾਤੀਆਂ ਦੀ ਨਿਸ਼ਚਿਤ ਤੌਰ 'ਤੇ ਗਿਣਤੀ ਤਾਂ ਕੀਤੀ ਗਈ ਹੈ ਪਰ ਉਨ੍ਹਾਂ ਦੀ ਸੰਪੂਰਨਤਾ ਵਿਚ ਨਹੀਂ। ਮਿਸਾਲ ਲਈ ਹਰ ਜਾਤੀ ਵਿਚ ਕਈ ਉਪ ਜਾਤੀਆਂ ਹੁੰਦੀਆਂ ਹਨ ਜੋ ਸਮਾਜਿਕ ਤੌਰ 'ਤੇ ਓਨੀਆਂ ਹੀ ਪ੍ਰਮੁੱਖ ਹਨ ਜਿੰਨੀਆਂ ਜਾਤੀਆਂ। ਸੁਪਰੀਮ ਕੋਰਟ ਦਾ ਫ਼ੈਸਲਾ ਇਸ ਨਿਰਖ 'ਤੇ ਆਧਾਰਿਤ ਹੈ ਕਿ ਐੱਸ.ਸੀ. ਸ਼੍ਰੇਣੀ ਇੱਕੋ ਜਿਹੀ ਨਹੀਂ। ਸਵਾਲ ਹੈ: ਇੱਕੋ ਜਿਹੀ ਕਿਸ ਲਿਹਾਜ਼ ਨਾਲ? ਜਾਤੀਆਂ ਨੂੰ ਜਿਸ ਇੱਕੋ-ਇਕ ਮਾਪਦੰਡ ਦੇ ਆਧਾਰ 'ਤੇ ਐੱਸ.ਸੀ. ਸ਼੍ਰੇਣੀ ਦੇ ਤਹਿਤ ਇਕ ਸਮੂਹ 'ਚ ਇਕੱਠਾ ਕੀਤਾ ਗਿਆ ਸੀ, ਉਹ ਛੂਤ-ਛਾਤ ਸੀ।

ਜਾਪਦਾ ਹੈ ਕਿ ਅਦਾਲਤ ਦੀ ਨਿਰਖ ਵਿਦਿਅਕ ਅਤੇ ਆਰਥਿਕ ਵਿਕਾਸ ਵਰਗੇ ਬਾਹਰੀ ਕਾਰਕ ਪੇਸ਼ ਕਰਦੀ ਹੈ। ਕੁਝ ਜੱਜਾਂ ਨੇ ਤਾਂ ਰਾਖਵੇਂਕਰਨ 'ਤੇ ਵਿਚਾਰ ਕਰਨ ਲਈ 'ਕ੍ਰੀਮੀ ਲੇਅਰ' (ਰਾਖਵੇਂਕਰਨ ਦਾ ਲਾਭ ਲੈ ਕੇ ਤਰੱਕੀ ਕਰ ਚੁੱਕੇ ਦਲਿਤ) ਨੂੰ ਬਾਹਰ ਕੱਢਣ ਦਾ ਸੁਝਾਅ ਵੀ ਦਿੱਤਾ ਹੈ। ਇਹ ਪਹੁੰਚ ਤਰਕ ਦੇ ਤੌਰ 'ਤੇ ਨੁਕਸਦਾਰ ਹੈ ਕਿਉਂਕਿ ਇਹ ਉਹ ਮਾਪਦੰਡ ਥੋਪਦੀ ਹੈ ਜਿਨ੍ਹਾਂ ਦਾ ਉਦੇਸ਼ ਕਦੇ ਵੀ ਇਸ ਸ਼੍ਰੇਣੀ ਨੂੰ ਪਰਿਭਾਸ਼ਤ ਕਰਨਾ ਨਹੀਂ ਸੀ।

ਐੱਸ.ਸੀ. ਨੇ ਸਿਰਫ਼ ਛੂਤ-ਛਾਤ ਦੇ ਮਾਪਦੰਡ ਉਪਰ ਇੱਕੋ ਜਿਹੇ ਹੋਣਾ ਸੀ। ਸ਼ੁਰੂਆਤੀ ਗਿਣਤੀ ਦੌਰਾਨ ਸਰਵੇਖਣ ਕਰਨ ਵਾਲਿਆਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਖ਼ਾਸ ਕਰ ਕੇ ਪੂਰਬ ਅਤੇ ਦੱਖਣ ਵਿਚ। ਪੂਰਬ ਵਿਚ ਛੂਤ-ਛਾਤ ਦਾ ਪ੍ਰਗਟਾਵਾ ਉਸ ਰੂਪ ਵਿਚ ਨਹੀਂ ਹੋਇਆ ਜਿਵੇਂ ਮੁਲਕ ਵਿਚ ਹੋਰ ਥਾਵਾਂ 'ਤੇ ਹੋਇਆ। ਇਸ ਦੇ ਉਲਟ ਦੱਖਣ ਵਿਚ 70ਪ੍ਰਤੀਸ਼ਤ ਤੋਂ ਵੱਧ ਆਬਾਦੀ ਨੂੰ ਅਛੂਤ ਮੰਨਿਆ ਜਾਂਦਾ ਸੀ ਜਿਸ ਵਿਚ ਛੂਤ-ਛਾਤ ਦੀ ਤੀਬਰਤਾ ਵੱਖ-ਵੱਖ ਸੀ।

ਹਰ ਖੇਤਰ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਨੂੰ ਆਮ ਬਣਾਉਣ ਲਈ ਵਧੀਕ ਮਾਪਦੰਡ ਲਾਗੂ ਕਰ ਕੇ ਇਨ੍ਹਾਂ ਮੁੱਦਿਆਂ ਨੂੰ ਹੱਲ ਕੀਤਾ ਗਿਆ ਸੀ। ਇਸ ਲਈ ਇਕਰੂਪਤਾ ਦੇ ਸਵਾਲ ਨੂੰ ਸਿਰਫ਼ ਛੂਤ-ਛਾਤ ਦੇ ਪ੍ਰਸੰਗ 'ਚ ਸੰਬੋਧਿਤ ਹੋਇਆ ਗਿਆ ਸੀ ਅਤੇ ਫ਼ੈਸਲੇ ਵਿਚ ਪ੍ਰਗਟਾਈਆਂ ਗਈਆਂ ਕੋਈ ਵੀ ਹੋਰ ਧਾਰਨਾਵਾਂ ਗੁਮਰਾਹਕੁਨ ਹਨ। ਇਹ ਕਹਿਣਾ ਅਟੱਲ ਸੱਚ ਹੋ ਸਕਦਾ ਹੈ ਕਿ ਕੋਈ ਵੀ ਜਾਤੀ ਸਾਰੇ ਮਾਪਦੰਡਾਂ ਵਿਚ ਇੱਕੋ ਜਿਹੀ ਨਹੀਂ ਹੈ। ਜੇ ਅਜਿਹਾ ਹੈ ਤਾਂ ਫਿਰ ਸਵਾਲ ਉਠਦਾ ਹੈ ਕਿ ਇਨ੍ਹਾਂ ਜਾਤੀਆਂ ਦਾ ਮੇਲ ਇਕਰੂਪਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ। ਇਕਰੂਪਤਾ ਦੀ ਧਾਰਨਾ ਜਾਤੀ ਦੀ ਬਜਾਇ ਜਮਾਤ ਉਪਰ ਵਧੇਰੇ ਸਹੀ ਢੰਗ ਨਾਲ ਲਾਗੂ ਹੁੰਦੀ ਹੈ। ਜਦੋਂ ਸ਼ੁਰੂ 'ਚ ਅਛੂਤ ਜਾਤੀਆਂ ਲਈ ਅਨੁਸੂਚੀ ਤਿਆਰ ਕੀਤੀ ਗਈ ਸੀ ਤਾਂ ਇਹ ਜਾਤੀਆਂ ਆਪਣੀ ਵਿਦਿਅਕ, ਸਮਾਜਿਕ ਅਤੇ ਆਰਥਿਕ ਸਥਿਤੀ ਦੇ ਲਿਹਾਜ਼ ਨਾਲ ਮੋਟੇ ਤੌਰ 'ਤੇ ਇੱਕੋ ਜਿਹੀਆਂ ਹੋ ਸਕਦੀਆਂ ਸਨ।

ਸਮੇਂ ਨਾਲ ਰਾਖਵਾਂਕਰਨ ਅਤੇ ਚੋਣ ਸਿਆਸਤ ਵਰਗੇ ਕਾਰਕਾਂ ਕਾਰਨ ਹਰ ਜਾਤੀ ਦੇ ਅੰਦਰ ਵੱਖਰੀਆਂ ਜਮਾਤਾਂ ਉਭਰ ਆਈਆਂ ਹਨ। ਜਦੋਂ ਜਮਾਤ ਦੀ ਐਨਕ ਨਾਲ ਦੇਖਿਆ ਜਾਵੇ ਤਾਂ ਉਪ ਵਰਗੀਕਰਨ ਦੀ ਕੋਈ ਤੁਕ ਹੋ ਸਕਦੀ ਹੈ ਪਰ ਇੱਥੇ ਤਾਂ ਅਸੀਂ ਜਾਤੀ ਦੀ ਗੱਲ ਕਰ ਰਹੇ ਹਾਂ! ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਐੱਸ.ਸੀ. ਸ਼੍ਰੇਣੀ ਦੇ ਅੰਦਰ ਕੁਝ ਜਾਤੀਆਂ ਨੂੰ ਰਾਖਵੇਂਕਰਨ ਦਾ ਗੈਰ-ਵਾਜਬ ਲਾਭ ਮਿਲਿਆ ਹੈ ਜਿਸ ਨਾਲ ਦੂਜੇ ਬਾਹਰ ਹੋ ਗਏ ਹਨ। ਇਸ ਦਲੀਲ ਵਿਚ ਦਮ ਹੈ ਕਿਉਂਕਿ ਜਿਨ੍ਹਾਂ ਨੇ ਵਧੇਰੇ ਤਰੱਕੀ ਕੀਤੀ ਹੈ, ਇਹ ਆਮ ਤੌਰ 'ਤੇ ਅਨੁਸੂਚਿਤ ਜਾਤੀ ਸ਼੍ਰੇਣੀ ਦੇ ਅੰਦਰ ਸਭ ਤੋਂ ਵੱਧ ਆਬਾਦੀ ਵਾਲੀਆਂ ਅਤੇ ਇਤਿਹਾਸਕ ਤੌਰ ਉਤੇ ਵਧੇਰੇ ਉਦਮੀ ਜਾਤੀਆਂ ਹਨ।

ਇਸੇ ਵਜ੍ਹਾ ਨਾਲ ਜਾਤੀ ਵਿਰੋਧੀ ਅੰਦੋਲਨ ਦੇ ਜ਼ਿਆਦਾਤਰ ਆਗੂ ਇਨ੍ਹਾਂ ਜਾਤੀਆਂ ਵਿਚੋਂ ਉਭਰੇ ਜਿਨ੍ਹਾਂ ਨੇ ਆਪਣੇ ਭਾਈਚਾਰਿਆਂ ਨੂੰ ਤਰੱਕੀ ਲਈ ਪ੍ਰੇਰਿਆ। ਡਾ. ਅੰਬੇਡਕਰ ਜੋ ਦਲਿਤਾਂ ਲਈ ਸਰਵ ਭਾਰਤੀ ਚਿੰਨ੍ਹ ਬਣ ਗਏ, ਨੇ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਸੀ ਪਰ ਵਧੇਰੇ ਆਬਾਦੀ ਵਾਲੀਆਂ ਜਾਤੀਆਂ ਨੇ ਹੀ ਉਸ ਨਾਲ ਆਪਣੀ ਪਛਾਣ ਜੋੜੀ ਅਤੇ ਉਸ ਦੇ ਪਿੱਛੇ ਚੱਲੀਆਂ ਜਿਸ ਨਾਲ ਸਰਕਾਰੀ ਸੇਵਾਵਾਂ ਅਤੇ ਹੋਰ ਖੇਤਰਾਂ ਵਿਚ ਉਨ੍ਹਾਂ ਦੀ ਵੁੱਕਤ ਵਧੀ।

ਜਾਤੀ ਪੱਧਰ 'ਤੇ ਇਹ ਭਾਵੇਂ ਅਕੱਟ ਤੱਥ ਹੈ ਪਰ ਇਹ ਉਪ ਜਾਤੀ ਜਾਂ ਪਰਿਵਾਰਕ ਪੱਧਰ 'ਤੇ ਸੱਚ ਨਹੀਂ ਹੋ ਸਕਦਾ। ਮੌਜੂਦਾ ਨੀਤੀ ਇਸ ਦੋਸ਼ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਜਦੋਂ ਇਕ ਜਾਤੀ ਲਈ ਰਾਖਵੇਂਕਰਨ ਗਿਣੇ ਜਾਂਦੇ ਹਨ, ਉਹ ਅਸਲ ਵਿਚ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ। ਜਾਤੀਆਂ ਦਾ ਕੋਈ ਵੀ ਜੋੜ ਕਿਸੇ ਜਾਤੀ ਦੇ ਅੰਦਰ ਰਾਖਵੇਂਕਰਨ ਦੇ ਲਾਭਾਂ ਦੀ ਅਸਾਵੀਂ ਵੰਡ ਨੂੰ ਪੂਰੀ ਤਰ੍ਹਾਂ ਮੁਖ਼ਾਤਬ ਨਹੀਂ ਹੋ ਸਕਦਾ। ਮਹੱਤਵਪੂਰਨ ਅੰਤਰ ਅਕਸਰ ਸ਼ੁਰੂਆਤੀ ਲਾਭ ਵਿਚ ਹੁੰਦਾ ਹੈ। ਇਹ ਦੌੜ ਵਾਂਗ ਹੈ ਜਿੱਥੇ ਹਿੱਸਾ ਲੈਣ ਵਾਲੇ ਨੂੰ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ ਜਾਂਦੀ ਹੈ; ਜੋ ਪਿੱਛੇ ਹੈ, ਉਹ ਲਾਜ਼ਮੀ ਤੌਰ 'ਤੇ ਅਪਾਹਜ ਹੁੰਦਾ ਹੈ (ਉਸ ਨੂੰ ਇਹ ਮੌਕਾ ਨਹੀਂ ਮਿਲਦਾ)।


ਵਧੇਰੇ ਆਬਾਦੀ ਵਾਲੀਆਂ ਜਾਤੀਆਂ ਨੂੰ ਰਾਖਵੇਂਕਰਨ ਤੋਂ ਬਹੁਤ ਜ਼ਿਆਦਾ ਲਾਭ ਹੋਇਆ ਜਾਪਦਾ ਹੈ ਕਿਉਂਕਿ ਉਹ ਪਹਿਲਾਂ ਹੀ ਕਸਬਿਆਂ ਅਤੇ ਸ਼ਹਿਰਾਂ ਵਿਚ ਕੇਂਦ੍ਰਿਤ ਸਨ ਜਿੱਥੇ ਸਹੂਲਤਾਂ, ਜਾਗਰੂਕਤਾ ਅਤੇ ਪ੍ਰੇਰਨਾ ਬਿਹਤਰ ਸੀ। ਮੌਜੂਦਾ ਰਾਖਵਾਂਕਰਨ ਨੀਤੀ ਇਸ ਤੱਥ ਪ੍ਰਤੀ ਅੰਨ੍ਹੀ ਹੈ ਕਿ ਰਾਖਵਾਂਕਰਨ ਦੇ ਲਾਭਪਾਤਰੀ ਦਾ ਪਰਿਵਾਰ ਗ਼ੈਰ-ਲਾਭਪਾਤਰੀ ਦੀ ਤੁਲਨਾ 'ਚ ਮੁਕਾਬਲੇਬਾਜ਼ੀ ਵਿਚ ਬਿਹਤਰ ਸਥਿਤੀ ਹਾਸਲ ਕਰ ਲੈਂਦਾ ਹੈ। ਇਹ ਦੂਜਿਆਂ ਲਈ ਦੋਹਰੇ ਜ਼ੋਖ਼ਮ ਦੀ ਸਥਿਤੀ ਪੈਦਾ ਕਰ ਦਿੰਦਾ ਹੈ।

ਜਦੋਂ ਮੁਕਾਬਲਾ ਸੀਮਤ ਸੀ ਤਾਂ ਜ਼ਿਆਦਾ ਆਬਾਦੀ ਵਾਲੀਆਂ ਅਨੁਸੂਚਿਤ ਜਾਤੀਆਂ ਨੂੰ ਸ਼ੁਰੂ 'ਚ ਰਾਖਵੇਂਕਰਨਾਂ ਤੱਕ ਪਹੁੰਚ ਕਰਨ ਦਾ ਲਾਭ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਬੱਚੇ ਬਿਹਤਰ ਸਹੂਲਤਾਂ, ਜਾਗਰੂਕਤਾ ਅਤੇ ਪ੍ਰੇਰਣਾ ਦੇ ਕਾਰਨ ਵਧੇਰੇ ਲਾਭਕਾਰੀ ਸਥਿਤੀ ਵਿਚ ਹੋ ਜਾਂਦੇ ਹਨ ਜਿਸ ਨਾਲ ਉਹ ਦੂਜਿਆਂ ਤੋਂ ਬਿਹਤਰ ਕਾਰਗੁਜ਼ਾਰੀ ਦਿਖਾਉਂਦੇ ਰਹਿ ਸਕਦੇ ਹਨ ਅਤੇ ਰਾਖਵੇਂਕਰਨ ਦਾ ਵਧੇਰੇ ਹਿੱਸਾ ਹਥਿਆ ਸਕਦੇ ਹਨ। ਇਸ ਪ੍ਰਕਿਰਿਆ ਦਾ ਮਤਲਬ ਇਹ ਹੈ ਕਿ ਇਹ ਸਮੁੱਚੀ ਜਾਤੀ ਨਹੀਂ ਬਲਕਿ ਸਿਰਫ਼ ਕੁਝ ਪਰਿਵਾਰ ਹਨ ਜੋ ਜਾਤੀ ਦੇ ਅੰਦਰ ਰਾਖਵੇਂਕਰਨ ਤੋਂ ਲਾਭ ਹਾਸਲ ਕਰਦੇ ਹਨ। ਇਸ ਤੋਂ ਇਲਾਵਾ ਇਹ ਪ੍ਰਕਿਰਿਆ ਲਾਭਪਾਤਰੀਆਂ ਦੀ ਆਬਾਦੀ ਦਾ ਘੇਰਾ ਵਧਾਉਣ ਦੀ ਬਜਾਇ ਇਸ ਨੂੰ ਤੇਜ਼ੀ ਨਾਲ ਸੀਮਤ ਕਰਦੀ ਜਾਂਦੀ ਹੈ।

ਇਉਂ ਜਾਤੀ ਦੇ ਪੱਧਰ 'ਤੇ ਲਾਭਾਂ ਬਾਰੇ ਚਰਚਾ ਗੁਮਰਾਹਕੁਨ ਹੈ ਕਿਉਂਕਿ ਇਹ ਜਾਤੀ ਦੇ ਅੰਦਰ ਲਾਭਾਂ ਦੇ ਅੰਕੜਿਆਂ ਦੇ ਅੰਤਰ ਨੂੰ ਨਜ਼ਰਅੰਦਾਜ਼ ਕਰਦਾ ਹੈ। ਗੈਰ-ਵਾਜਬ ਲਾਭਪਾਤਰੀ ਜਾਤੀ ਦਾ ਇਹ ਮਤਲਬ ਨਹੀਂ ਹੈ ਕਿ ਇਸ ਦੇ ਅੰਦਰਲੇ ਸਾਰੇ ਵਿਅਕਤੀਆਂ ਜਾਂ ਪਰਿਵਾਰਾਂ ਨੂੰ ਬਰਾਬਰ ਲਾਭ ਹੋਇਆ ਹੈ। ਜਾਤੀ ਦੇ ਪੱਧਰ ਉਤੇ ਵੱਧ ਆਬਾਦੀ ਵਾਲੀ ਅਨੁਸੂਚਿਤ ਜਾਤੀ ਦੇ ਮਾਮਲੇ 'ਚ ਲਾਭ ਦਾ ਜ਼ਰੀਆ ਵਧੇਰੇ ਹੋ ਸਕਦਾ ਹੈ ਪਰ ਜੇ ਅੰਤਰ ਨੂੰ ਵਿਚਾਰਿਆ ਜਾਵੇ ਤਾਂ ਇਹ ਦੇਖਿਆ ਜਾ ਸਕਦਾ ਹੈ ਕਿ ਇਹ ਬਰਾਬਰ ਵੰਡਿਆ ਨਹੀਂ ਗਿਆ ਹੈ।

ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਅੰਤਰ ਗ਼ੈਰ-ਲਾਭਪਾਤਰੀ ਅਨੁਸੂਚਿਤ ਜਾਤੀਆਂ ਵਿਚ ਪਾਏ ਜਾਂਦੇ ਅੰਤਰ ਤੋਂ ਵੱਖਰਾ ਨਹੀਂ ਹੋ ਸਕਦਾ। ਇਹ ਕਲਪਨਾ ਤੋਂ ਬਾਹਰ ਨਹੀਂ ਕਿ ਜ਼ਿਆਦਾ ਆਬਾਦੀ ਵਾਲੀਆਂ ਅਨੁਸੂਚਿਤ ਜਾਤੀਆਂ ਦੇ ਅੰਦਰ ਸ਼ਹਿਰੀ ਬਨਾਮ ਪੇਂਡੂ ਸਥਿਤੀ, ਜ਼ਮੀਨ ਦੀ ਮਲਕੀਅਤ ਅਤੇ ਖੇਤਰੀ ਅਸਮਾਨਤਾਵਾਂ ਵਰਗੇ ਕਾਰਕਾਂ ਦੇ ਆਧਾਰ 'ਤੇ ਮਹੱਤਵਪੂਰਨ ਅੰਤਰ ਹਨ ਜੋ ਦੂਜਿਆਂ 'ਤੇ ਵੀ ਲਾਗੂ ਹੁੰਦੇ ਹਨ। ਕੋਈ ਜਾਤੀ ਔਸਤਨ ਬਿਹਤਰ ਲੱਗ ਸਕਦੀ ਹੈ ਪਰ ਇਹ ਅੰਦਰੂਨੀ ਨਾ-ਬਰਾਬਰੀਆਂ ਲਈ ਜ਼ਿੰਮੇਵਾਰ ਨਹੀਂ ਹੈ। ਮਿਸਾਲ ਵਜੋਂ ਮਹਾਰਾਸ਼ਟਰ ਦੇ ਮਹਾਰਾਂ ਨੂੰ ਮਾਂਗਾਂ ਜਾਂ ਚੰਭਾਰਾਂ ਨਾਲੋਂ ਜ਼ਿਆਦਾ ਲਾਭ ਹੋਇਆ ਹੋਵੇਗਾ ਪਰ ਇਸ ਦਾ ਇਹ ਮਤਲਬ ਨਹੀਂ ਕਿ ਰਿਜ਼ਰਵੇਸ਼ਨ ਦੇ ਲਾਭ ਸਾਰੇ ਮਹਾਰਾਂ ਵਿਚ ਬਰਾਬਰ ਵੰਡੇ ਗਏ ਹਨ।

ਜੇ ਉਦੇਸ਼ ਰਿਜ਼ਰਵੇਸ਼ਨ ਦੇ ਲਾਭਾਂ ਨੂੰ ਬਰਾਬਰ ਵੰਡਣਾ ਹੈ ਤਾਂ ਸੁਪਰੀਮ ਕੋਰਟ ਦਾ ਫ਼ੈਸਲਾ ਅਤੇ ਇਸ ਮੁੱਦੇ 'ਤੇ ਜ਼ਿਆਦਾਤਰ ਟਿੱਪਣੀਆਂ ਘਚੋਲਾ ਪੈਦਾ ਕਰਨ ਵਾਲੀਆਂ ਹਨ।



ਹਰ ਜਾਤੀ ਵਿਚ ਥੋੜ੍ਹੀ ਗਿਣਤੀ ਪਰਿਵਾਰ ਅਕਸਰ ਦੂਜਿਆਂ ਨਾਲੋਂ ਲਾਹੇਵੰਦੀ ਸਥਿਤੀ 'ਚ ਹੁੰਦੇ ਹਨ ਜਿਸ ਨਾਲ ਸੁਭਾਵਿਕ ਤੌਰ 'ਤੇ ਉਹ ਆਪਣੇ ਸਮੂਹ ਲਈ ਉਪਲਬਧ ਲਾਭਾਂ ਦਾ ਗੈਰ-ਵਾਜਬ ਹਿੱਸਾ ਸੁਰੱਖਿਅਤ ਕਰ ਲੈਂਦੇ ਹਨ। ਜੇ ਜਾਤੀਆਂ ਦੇ ਅੰਦਰ ਉਪ ਵਰਗੀਕਰਨ ਲਾਗੂ ਕੀਤਾ ਜਾਂਦਾ ਹੈ ਤਾਂ ਹਰ ਉਪ ਸਮੂਹ ਅੰਦਰ ਅਸਾਵੀਂ ਲਾਭ ਵੰਡ ਦੀ ਉਹੀ ਸਮੱਸਿਆ ਪੈਦਾ ਹੋਵੇਗੀ ਜੋ ਸੰਭਾਵੀ ਤੌਰ 'ਤੇ ਇਸ ਮੁੱਦੇ ਨੂੰ ਹੱਲ ਕਰਨ ਦੀ ਬਜਾਇ ਹੋਰ ਵਧਾ ਦੇਵੇਗੀ।

ਰਾਖਵੇਂਕਰਨ ਦੇ ਲਾਭਾਂ ਦੀ ਅਸਾਵੀਂ ਵੰਡ ਨੂੰ ਹੱਲ ਕਰਨ ਦੀ ਕੁੰਜੀ ਇਹ ਮੰਨਣ ਵਿਚ ਹੈ ਕਿ ਇਹ ਜਾਤੀ ਨਹੀਂ ਬਲਕਿ ਵਿਅਕਤੀਗਤ ਲਾਭਪਾਤਰੀ ਦਾ ਪਰਿਵਾਰ ਹੈ ਜੋ ਰਾਖਵੇਂਕਰਨ ਤੋਂ ਲਾਭ ਪ੍ਰਾਪਤ ਕਰਦਾ ਹੈ। ਇਸ ਲਈ ਕਿਸੇ ਵੀ ਨੀਤੀ ਸੋਧ ਵਿਚ ਜਾਤੀਆਂ ਨਾਲ ਖਿਲਵਾੜ ਕਰਨ ਦੀ ਬਜਾਇ ਜਾਤੀ ਛੱਡ ਕੇ ਪਰਿਵਾਰ ਉਪਰ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ।

**ਇਸ ਦਾ ਹੱਲ**

ਉਪ ਵਰਗੀਕਰਨ ਦੀ ਮੰਗ ਸਭ ਤੋਂ ਪਹਿਲਾਂ ਮਡਿਗਾ ਰਿਜ਼ਰਵੇਸ਼ਨ ਪੋਰਾਟਾ ਸਮਿਤੀ ਨੇ ਉਠਾਈ ਸੀ ਜੋ 1990ਵਿਆਂ ਦੇ ਅੱਧ 'ਚ ਤਤਕਾਲੀ ਆਂਧਰਾ ਪ੍ਰਦੇਸ਼ ਵਿਚ ਮਡਿਗਾ ਡੰਡੋਰਾ ਅੰਦੋਲਨ ਵਜੋਂ ਜਾਣੀ ਜਾਂਦੀ ਸੀ। ਮਡਿਗਾ ਲੋਕਾਂ ਨੇ ਆਂਧਰਾ ਪ੍ਰਦੇਸ਼ ਵਿਚ ਅਨੁਸੂਚਿਤ ਜਾਤੀਆਂ ਦੀ ਵੱਧ ਆਬਾਦੀ ਵਾਲੇ ਮਾਲਾ ਲੋਕਾਂ ਉਪਰ ਰਾਖਵੇਂਕਰਨ ਦੇ ਲਾਭ ਗੈਰ-ਵਾਜਬ ਤੌਰ 'ਤੇ ਹੜੱਪਣ ਦਾ ਦੋਸ਼ ਲਾਇਆ ਸੀ। ਮੈਂ ਇਸ ਦੇ ਹਮਾਇਤੀਆਂ ਨੂੰ ਸਾਧਾਰਨ ਜਿਹਾ ਉਲਟ ਸਵਾਲ ਪੁੱਛਿਆ ਸੀ- ਜੇ ਉਨ੍ਹਾਂ ਨੂੰ ਰਾਖਵੇਂਕਰਨ ਦਾ ਉਨ੍ਹਾਂ ਦਾ ਹਿੱਸਾ ਦੇ ਦਿੱਤਾ ਜਾਂਦਾ ਹੈ ਤਾਂ ਉਹ ਇਹ ਕਿਵੇਂ ਯਕੀਨੀ ਬਣਾਉਣਗੇ ਕਿ ਇਹ ਮਡਿਗਾ ਦੀਆਂ ਸਾਰੀਆਂ ਉਪ ਜਾਤੀਆਂ ਵਿਚ ਬਰਾਬਰ ਵੰਡਿਆ ਗਿਆ ਹੈ? ਉਨ੍ਹਾਂ ਵਿਚੋਂ ਕੋਈ ਵੀ ਜਵਾਬ ਨਹੀਂ ਦੇ ਸਕਿਆ। ਉਨ੍ਹਾਂ ਕੋਲ ਮੇਰੇ ਅਗਲੇ ਸਵਾਲ ਦਾ ਜਵਾਬ ਵੀ ਨਹੀਂ ਸੀ- ਕੀ ਆਂਧਰਾ ਪ੍ਰਦੇਸ਼ ਦੇ ਸਾਰੇ ਖੇਤਰਾਂ ਵਿਚ ਸਾਰੀਆਂ ਮਾਲਾ ਉਪ ਜਾਤੀਆਂ ਜਾਂ ਇੱਕੋ ਉਪ ਜਾਤੀ ਨੂੰ ਰਾਖਵਾਂਕਰਨ ਦਾ ਬਰਾਬਰ ਲਾਭ ਮਿਲਿਆ ਸੀ? ਸਮੱਸਿਆ ਹਕੀਕੀ ਨਹੀਂ ਸੀ ਪਰ ਪ੍ਰਸਤਾਵਿਤ ਹੱਲ ਅਸਲੀਅਤ ਦੀ ਅਗਿਆਨਤਾ ਨੂੰ ਦਰਸਾਉਂਦਾ ਸੀ।

ਇਸ ਸਮੱਸਿਆ ਦਾ ਹੱਲ ਤਾਂ ਇਸ ਸਚਾਈ 'ਤੇ ਆਧਾਰਿਤ ਹੋਣਾ ਚਾਹੀਦਾ ਕਿ ਰਾਖਵੇਂਕਰਨ ਦਾ ਅਸਲ ਲਾਭਪਾਤਰੀ, ਲਾਭਪਾਤਰੀ ਦਾ ਪਰਿਵਾਰ ਸੀ, ਜਾਤੀ ਨਹੀਂ। ਜੇ ਨੀਤੀ ਬਣਾਉਣ ਵਾਲੇ ਲਗਨ ਨਾਲ ਕੰਮ ਕਰਦੇ ਤਾਂ ਉਨ੍ਹਾਂ ਨੂੰ ਇਹ ਹੱਲ ਜ਼ਰੂਰ ਅਹੁੜਦਾ; ਤੇ ਇਹ ਯਕੀਨੀ ਬਣਾਉਣ ਲਈ ਕਿ ਰਾਖਵਾਂਕਰਨ ਦੇ ਲਾਭ ਸਾਰੇ ਲੋਕਾਂ ਨੂੰ ਹੱਕੀ ਰੂਪ ਵਿਚ ਮਿਲਣ, ਰਾਖਵਾਂਕਰਨ ਦਾ ਲਾਭ ਲੈਣ ਵਾਲੇ ਪਰਿਵਾਰਾਂ ਨੂੰ ਅਗਲੀ ਵਾਰ ਰਾਖਵਾਂਕਰਨ ਲੈਣ ਦੀ ਕੋਸ਼ਿਸ਼ ਕਰਨ 'ਤੇ ਆਪਣੀਆਂ ਸੰਭਾਵਨਾਵਾਂ ਨੂੰ ਅਨੁਪਾਤੀ ਰੂਪ 'ਚ ਦਬਾਏ ਜਾਣ (ਪ੍ਰਾਪਤ ਲਾਭ ਦੇ ਅਨੁਸਾਰ) ਦੀ ਪੀੜਾ ਝੱਲਣੀ ਚਾਹੀਦੀ ਹੈ। ਅਜਿਹੇ ਫਾਰਮੂਲੇ ਨਾਲ ਹੀ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਰਿਜ਼ਰਵੇਸ਼ਨ ਦਾ ਲਾਭ ਸਾਰੇ ਲੋਕਾਂ ਨੂੰ ਮਿਲੇ। ਇਹ 'ਕ੍ਰੀਮੀ ਲੇਅਰ' ਸ਼ਬਦ ਦੁਆਰਾ ਸੁਝਾਈ ਬੇਦਖ਼ਲੀ ਅਤੇ ਸ਼ਮੂਲੀਅਤ ਦੇ ਸਰਲ ਜੋਟਾਨੁਮਾ ਹੱਲ ਤੋਂ ਬਚਾਉਂਦਾ ਹੈ ਜੋ ਅਕਸਰ ਭਲੇ ਨਾਲੋਂ ਵਧੇਰੇ ਨੁਕਸਾਨ ਦਾ ਕਾਰਨ ਬਣਦਾ ਹੈ।

ਇਸ ਦੀ ਬਜਾਇ ਇਹ ਫਾਰਮੂਲਾ ਅਨੁਪਾਤਕਤਾ 'ਤੇ ਜ਼ੋਰ ਦਿੰਦਾ ਹੈ। ਮੌਕਿਆਂ 'ਤੇ ਰੋਕ ਪਹਿਲਾਂ ਪ੍ਰਾਪਤ ਕੀਤੇ ਲਾਭਾਂ ਦੇ ਅਨੁਪਾਤ ਵਿਚ ਹੋਣੀ ਚਾਹੀਦੀ ਹੈ ਜਿਸ ਨੂੰ ਵੱਖ-ਵੱਖ ਰਿਜ਼ਰਵੇਸਨਾਂ ਦਾ ਮੁੱਲ ਅੰਗ ਕੇ ਮਾਪਿਆ ਜਾ ਸਕਦਾ ਹੈ। ਇਸ ਦਾ ਹੱਲ ਓਨਾ ਗੁੰਝਲਦਾਰ ਨਹੀਂ ਜਿੰਨਾ ਲੱਗਦਾ ਹੈ। ਪਰਿਵਾਰ ਜੋ ਇਸ ਮਾਡਲ ਵਿਚ ਬੁਨਿਆਦੀ ਇਕਾਈ ਹੈ, ਨੂੰ ਸਿਰਫ਼ ਪਿਤਾ, ਮਾਂ ਅਤੇ ਬੱਚਿਆਂ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ ਜਦ ਤੱਕ ਬੱਚੇ ਵਿਆਹੇ ਨਹੀਂ ਜਾਂਦੇ ਅਤੇ ਆਪਣੇ ਪਰਿਵਾਰ ਨਹੀਂ ਬਣਾ ਲੈਂਦੇ।

ਰਾਖਵਾਂਕਰਨ ਚਾਹੁਣ ਵਾਲਾ ਸਿੱਧੇ ਤੌਰ 'ਤੇ ਆਪਣੀਆਂ ਅਤੇ ਆਪਣੇ ਮਾਪਿਆਂ ਦੀਆਂ ਪ੍ਰਾਪਤੀਆਂ ਤੋਂ ਲਾਭ ਪ੍ਰਾਪਤ ਕਰਦਾ ਹੈ ਪਰ ਆਪਣੇ ਭੈਣ-ਭਰਾਵਾਂ ਦੀਆਂ ਪ੍ਰਾਪਤੀਆਂ ਤੋਂ ਕੁਝ ਹੱਦ ਤੱਕ। ਮਾਡਲ ਵਿਚ ਇਸ ਨੂੰ 100 ਪ੍ਰਤੀਸ਼ਤ ਅਤੇ 50 ਪ੍ਰਤੀਸ਼ਤ ਦੇ ਰੂਪ ਵਿਚ ਦਰਸਾਇਆ ਗਿਆ ਹੈ। ਜਾਣਕਾਰੀ ਸੌਖਿਆਂ ਹੀ ਬੇਨਤੀ ਪੱਤਰ ਦੇ ਫਾਰਮ ਤੋਂ ਜੁਟਾਈ ਜਾ ਸਕਦੀ ਹੈ ਜਿਸ ਵਿਚ ਰਾਖਵਾਂਕਰਨ ਦਾ ਲਾਭ ਲੈਣ ਦਾ ਇਤਿਹਾਸ ਹੋਣਾ ਚਾਹੀਦਾ ਹੈ।

ਰਾਖਵਾਂਕਰਨ ਦੇ ਲਾਭਾਂ ਦੀ ਸਿੱਖਿਆ ਅਤੇ ਰੁਜ਼ਗਾਰ ਵਰਗੇ ਮੁੱਖ ਖੇਤਰਾਂ ਵਿਚ ਨਿਸ਼ਾਨਦੇਹੀ ਕੀਤੀ ਜਾਂਦੀ ਹੈ ਅਤੇ ਇਸ ਦਾ ਉਦੇਸ਼ ਇਕ ਲਾਭਪਾਤਰੀ ਦੁਆਰਾ ਦੂਜਿਆਂ ਦੀ ਕੀਮਤ 'ਤੇ ਕਈ ਲਾਭ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਘਟਾਉਣਾ ਹੈ। ਮਿਸਾਲ ਲਈ ਪ੍ਰਾਪਤ ਲਾਭਾਂ ਦੇ ਪੱਧਰ ਦੇ ਆਧਾਰ 'ਤੇ ਅੰਕਾਂ ਦੀ ਯੋਜਨਾ ਬਣਾਈ ਜਾ ਸਕਦੀ ਹੈ ਜਿਵੇਂ ਸਿੱਖਿਆ ਦੇ ਖੇਤਰ ਵਿਚ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਪੱਧਰਾਂ 'ਤੇ ਪ੍ਰਾਪਤ ਰਾਖਵਾਂਕਰਨ ਲਾਭਾਂ ਨੂੰ ਵੱਖ-ਵੱਖ ਅੰਕ ਦਿੱਤੇ ਜਾ ਸਕਦੇ ਹਨ ਜੋ ਇਨ੍ਹਾਂ ਪੱਧਰਾਂ ਦੇ ਲਾਭਪਾਤਰੀਆਂ ਨੂੰ ਮੁਹੱਈਆ ਕੀਤੇ ਜਾਣ ਵਾਲੇ ਵੱਖ-ਵੱਖ ਸੰਭਾਵੀ ਮੁੱਲ ਦਰਸਾਉਂਦੇ ਹਨ।

ਮਿਸਾਲ ਵਜੋਂ ਮੈਂ ਸਿੱਖਿਆ ਵਿਚ ਰਾਖਵੇਂਕਰਨ ਲਈ ਹੇਠ ਲਿਖੀ ਕਾਰਜ ਯੋਜਨਾ ਤਜਵੀਜ਼ ਕਰਦਾ ਹਾਂ:

| | ਗ਼ੈਰ-ਪੇਸ਼ੇਵਰ | ਪੇਸ਼ੇਵਰ |
|---|---|---|
| ਗ੍ਰੈਜੂਏਟ ਪੱਧਰ ਦਾ ਰਾਖਵਾਂਕਰਨ | 25 | 40 |
| ਪੋਸਟ ਗ੍ਰੈਜੂਏਟ ਪੱਧਰ ਦਾ ਰਾਖਵਾਂਕਰਨ | 50 | 60 |

ਉਪਰੋਕਤ ਅੰਕ ਛੋਟ (ਡਿਸਕਾਊਂਟ) ਦਰਸਾਉਂਦੇ ਹਨ; ਜਿੰਨੇ ਜ਼ਿਆਦਾ ਛੋਟ ਅੰਕ ਹੋਣਗੇ, ਰਾਖਵੇਂਕਰਨ ਦਾ ਲਾਭ ਲੈਣ ਦੀ ਸੰਭਾਵਨਾ ਓਨੀ ਹੀ ਘੱਟ ਹੁੰਦੀ ਹੈ।

ਇਸੇ ਤਰ੍ਹਾਂ ਰੁਜ਼ਗਾਰ ਰਾਖਵੇਂਕਰਨਾਂ ਲਈ ਸਾਧਾਰਨ ਕਾਰਜ ਯੋਜਨਾ ਤਜਵੀਜ਼ ਹੈ:

| | |
|---|---|
| ਕਲਾਸ ਡੀ | 20 |
| ਕਲਾਸ ਸੀ | 30 |
| ਕਲਾਸ ਬੀ | 40 |
| ਕਲਾਸ ਏ | 80 |
| ਸੀਨੀਅਰ ਕਲਾਸ ਏ | 100 |

ਇਕ ਪਰਿਵਾਰ ਜਿਸ ਵਿਚ ਪਿਤਾ, ਮਾਤਾ, ਉਹ ਖ਼ੁਦ ਅਤੇ ਭੈਣ-ਭਰਾ ਸ਼ਾਮਲ ਹਨ, ਵਿਚ ਖ਼ਪਤ ਵਜ਼ਨ ਦੀ ਵੰਡ ਕ੍ਰਮਵਾਰ 100, 100 ਅਤੇ 50 ਹੈ। ਮੰਨ ਲਓ ਕਿ ਦੋ ਭੈਣ-ਭਰਾ ਹਨ (ਗਿਣਤੀ ਦੀ ਕੋਈ ਸੀਮਾ ਨਹੀਂ) ਜਿਨ੍ਹਾਂ ਨੇ ਪੇਸ਼ੇਵਰ ਪੋਸਟ-ਗ੍ਰੈਜੂਏਟ ਕੋਰਸਾਂ ਲਈ ਰਾਖਵਾਂਕਰਨ ਦਾ ਲਾਭ ਲਿਆ ਹੈ ਤਾਂ ਜੋੜਿਆ ਗਿਆ ਵਜ਼ਨ 40 ਹੋਵੇਗਾ।

ਹੁਣ ਇਸ ਨੂੰ ਇਸ ਮਿਸਾਲ ਦੀ ਮਦਦ ਨਾਲ ਦੇਖੀਏ:

ਮੰਨ ਲਓ, ਪੰਜ ਉਮੀਦਵਾਰ ਆਪਣੇ ਬਾਇਓ-ਡੇਟਾ ਵਿਚ ਹੇਠ ਲਿਖੀ ਮਾਤਰਾ ਨਾਲ ਨੌਕਰੀ ਚਾਹ ਰਹੇ ਹਨ। ਬਰੈਕਟ (ਆਰ.) ਰਿਜ਼ਰਵੇਸ਼ਨ ਲਾਭ ਪ੍ਰਾਪਤ ਕਰਨ ਵਾਲੇ ਨੂੰ ਦਰਸਾਉਂਦੀ ਹੈ।

1. ਪਿਤਾ: ਬੀ.ਟੈੱਕ. (ਆਰ.), ਐੱਮ.ਟੈੱਕ. (ਆਰ.), ਸੀਨੀਅਰ ਕਲਾਸ ਏ; ਮਾਤਾ: ਐੱਮ.ਐੱਸ.ਸੀ. (ਆਰ.), ਕਲਾਸ ਏ; ਖ਼ੁਦ: ਬੀਈ, ਐੱਮ.ਬੀ.ਏ. (ਆਰ.) ਭੈਣ/ਭਰਾ 1: ਬੀ.ਟੈੱਕ. (ਆਰ.); ਭੈਣ/ਭਰਾ 2: ਐੱਮ.ਏ.

2. ਪਿਤਾ ਬੀ.ਐੱਸ.ਸੀ. (ਆਰ.) ਕਲਾਸ ਬੀ; ਮਾਤਾ ਐੱਮਏ, ਕਲਾਸ ਏ, ਖ਼ੁਦ: ਬੀ.ਟੈੱਕ. (ਆਰ.), ਐੱਮ.ਟੈੱਕ. (ਆਰ.) ਭੈਣ/ਭਰਾ 1: ਐੱਮ.ਏ. (ਆਰ.), ਪੀ.ਐੱਚ.ਡੀ. (ਆਰ.); ਭੈਣ/ਭਰਾ 2: ਬੀ.ਟੈੱਕ. (ਆਰ.)

3. ਪਿਤਾ: ਨਿੱਲ, ਮਾਤਾ ਕਲਾਸ ਸੀ. (ਆਰ.); ਖ਼ੁਦ: ਬੀ.ਟੈੱਕ. (ਆਰ.), ਐੱਮ.ਟੈੱਕ. (ਆਰ.), ਭੈਣ/ਭਰਾ 1: ਬੀ.ਟੈੱਕ.

4. ਪਿਤਾ: ਬੀ.ਐੱਸ.ਸੀ. (ਆਰ.), ਐੱਮ.ਐੱਸ.ਸੀ. (ਆਰ.), ਕਲਾਸ ਏ (ਆਰ.); ਮਾਤਾ: ਐੱਮ.ਐੱਸ.ਸੀ. (ਆਰ.), ਕਲਾਸ ਬੀ. (ਆਰ.), ਖ਼ੁਦ: ਬੀ.ਟੈੱਕ. (ਆਰ.), ਭੈਣ/ਭਰਾ 1: ਬੀ.ਟੈੱਕ., ਐੱਮ.ਬੀ.ਏ. (ਆਰ.)

5. ਪਿਤਾ: ਨਿੱਲ, ਮਾਤਾ: ਨਿੱਲ; ਖ਼ੁਦ: ਬੀ.ਈ. (ਆਰ.); ਭੈਣ/ਭਰਾ 1: ਨਿੱਲ

ਰਾਖਵਾਂਕਰਨ ਫੈਕਟਰ (ਆਰ.ਐੱਫ.) ਦਾ ਹਿਸਾਬ ਸਾਧਾਰਨ ਅੰਕ ਗਣਿਤ ਫਾਰਮੂਲੇ ਦੀ ਵਰਤੋਂ ਕਰ ਕੇ ਲਾਇਆ ਜਾ ਸਕਦਾ ਹੈ:

**ਫਾਰਮੂਲਾ**

$$RQ = 1 - [(Score_{Father}/200 + Score_{Mother}/200 + Score\ Self/200 + \sum (Score_{Siblings}/200)*0.5)]$$

Hence,

$$RQ \text{ for the case } 1 = 1[(40+60+100)/200+(50+60)/200+(60/200)+(40/200)*.5]$$

$$= -0.95$$

*ਰਾਖਵਾਂਕਰਨ ਫੈਕਟਰ ਦੇ ਹਿਸਾਬ ਲਈ ਗਣਿਤ ਦਾ ਫਾਰਮੂਲਾ।*

ਇਸ ਤਰ੍ਹਾਂ ਸਾਰੇ ਪੰਜ ਉਮੀਦਵਾਰਾਂ ਲਈ ਆਰ.ਐੱਫ. ਦੀ ਗਣਨਾ ਹੇਠਾਂ ਸਾਰਨੀ ਬੱਧ ਕੀਤੀ ਗਈ ਹੈ:

| ਉਮੀਦਵਾਰ | ਆਰ.ਐੱਫ. |
|---|---|
| 1. | -0.950 |
| 2. | -0.428 |
| 3. | 0.350 |
| 4. | -0.575 |
| 5. | 0.800 |

ਉਮੀਦਵਾਰਾਂ ਨੂੰ ਇਸ ਤਰ੍ਹਾਂ ਦਰਜਾ ਦਿੱਤਾ ਜਾਵੇਗਾ: 5, 3, 2, 4 ਅਤੇ 1; ਜੇ ਦੋ ਅਸਾਮੀਆਂ ਹਨ ਤਾਂ 5 ਅਤੇ 3 ਨੰਬਰ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਜੇ ਮੈਰਿਟ ਸਕੋਰ ਹਨ ਤਾਂ ਉਨ੍ਹਾਂ ਦੇ ਪੋਸਟ-ਆਰ.ਐੱਫ. ਸਕੋਰਾਂ ਦੀ ਗਣਨਾ ਕਰਨ ਲਈ ਉਨ੍ਹਾਂ ਨੂੰ ਇਨ੍ਹਾਂ ਕਾਰਕਾਂ ਨਾਲ ਗੁਣਾ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦਾ ਰੈਂਕ ਤੈਅ ਕੀਤਾ ਜਾ ਸਕਦਾ ਹੈ। ਇਹ ਹਮੇਸ਼ਾ ਉਨ੍ਹਾਂ ਦੇ ਪੱਖ 'ਚ ਜਾਵੇਗਾ ਜਿਨ੍ਹਾਂ ਨੂੰ ਰਾਖਵਾਂਕਰਨ ਨਹੀਂ ਮਿਲਿਆ, ਉਨ੍ਹਾਂ ਦੇ ਮੁਕਾਬਲੇ ਜਿਨ੍ਹਾਂ ਨੂੰ ਕਿਸੇ ਰੂਪ ਵਿਚ ਰਾਖਵਾਂਕਰਨ ਮਿਲ ਚੁੱਕਾ ਹੈ।

ਇਸ ਪ੍ਰਣਾਲੀ ਦੀ ਯੋਗਤਾ ਹੇਠ ਲਿਖੇ ਅਨੁਸਾਰ ਹੋਵੇਗੀ:

1. ਇਹ ਲਾਭਪਾਤਰੀਆਂ ਨੂੰ ਸਰਸਰੀ ਤੌਰ 'ਤੇ ਬਾਹਰ ਨਹੀਂ ਕਰਦਾ ਪਰ ਉਨ੍ਹਾਂ ਦੇ ਪਹਿਲਾਂ ਪ੍ਰਾਪਤ ਕੀਤੇ ਰਾਖਵੇਂਕਰਨ ਲਾਭਾਂ ਦੇ ਅਨੁਸਾਰ ਉਨ੍ਹਾਂ ਦੀਆਂ ਸੰਭਾਵਨਾਵਾਂ ਘਟਾਉਂਦਾ ਹੈ।

2. ਇਹ ਡਾਟਾ ਇਕੱਠਾ ਕਰਨ ਦੇ ਨਾਲ-ਨਾਲ ਕੰਪਿਊਟੇਸ਼ਨ ਲਈ ਵੀ ਕਾਫ਼ੀ ਸੌਖਾ ਹੈ।

3. ਚਾਹੇ ਜੋ ਵੀ ਜਾਤਾਂ ਤੇ ਬਰਾਦਰੀਆਂ ਹੋਣ, ਇਹ ਰਾਖਵੇਂਕਰਨ ਦੇ ਲਾਭਾਂ ਦੀ ਨਿਆਂਪੂਰਨ ਵੰਡ ਨੂੰ ਯਕੀਨੀ ਬਣਾਉਂਦਾ ਹੈ।

**ਪੋਸਟ ਸਕ੍ਰਿਪਟ**

ਮੈਂ ਇਹ ਹੱਲ 1990 ਦੇ ਦਹਾਕੇ ਤੋਂ ਪੇਸ਼ ਕਰ ਰਿਹਾ ਹਾਂ ਜਦੋਂ ਆਂਧਰਾ ਪ੍ਰਦੇਸ਼ ਵਿਚ ਉਪ ਵਰਗੀਕਰਨ ਦੀ ਮੰਗ ਪਹਿਲੀ ਵਾਰ ਉਭਰੀ ਸੀ। ਇਹ ਵਿਚਾਰ ਦੇ ਰੂਪ ਵਿਚ ਪੇਸ਼ ਕੀਤੀ ਗਈ ਸੀ ਪਰ ਇਹ ਸਮਝਣਾ ਮੁਸ਼ਕਿਲ ਨਹੀਂ ਸੀ ਕਿ ਕੀ ਇਸ ਮੁੱਦੇ ਨੂੰ ਹੱਲ ਕਰਨ ਦੀ ਕੋਈ ਸੱਚੀ ਇੱਛਾ ਸੀ ਪਰ ਜ਼ਾਹਿਰ ਹੈ ਕਿ ਕੁਝ ਲੋਕ ਨਹੀਂ ਚਾਹੁੰਦੇ ਕਿ ਸਮੱਸਿਆਵਾਂ ਦਾ ਹੱਲ ਹੋਵੇ; ਇਨ੍ਹਾਂ ਨੂੰ ਵਧਾਉਣ ਅਤੇ ਕਾਇਮ ਰੱਖਣ ਵਿਚ ਹੀ ਉਨ੍ਹਾਂ ਦੇ ਸਵਾਰਥੀ ਹਿਤ ਹਨ, ਕੁਝ ਅਜਿਹਾ ਜਿਸ ਦਾ ਹਾਕਮ ਜਮਾਤਾਂ ਆਨੰਦ ਲੈਂਦੀਆਂ ਹਨ।

ਇਹ ਕਹਿਣ ਤੋਂ ਬਾਅਦ ਵੀ ਮੁੱਖ ਮੁੱਦਾ ਬਾਕੀ ਹੈ: ਜਦੋਂ ਨਵਉਦਾਰਵਾਦੀ ਨੀਤੀਆਂ ਅਤੇ ਪਿਛਲੇ ਦਰਵਾਜ਼ਿਓਂ ਪ੍ਰਵੇਸ਼ (ਲੇਟਰਲ ਐਂਟਰੀ) ਵਰਗੀਆਂ ਪਹਿਲਕਦਮੀਆਂ ਦੇ ਹਮਲੇ ਕਾਰਨ ਰਾਖਵਾਂਕਰਨ ਦੀ ਜਗ੍ਹਾ ਘਟ ਰਹੀ ਹੈ ਤਾਂ ਫਿਰ ਇਨ੍ਹਾਂ ਹੱਲਾਂ ਦਾ ਕੀ ਮਹੱਤਵ ਰਹਿ ਜਾਂਦਾ ਹੈ?

# ਪੰਜਾਬ ਵਿਚੋਂ ਖੇਤੀ ਬਰਾਮਦਾਂ ਦੇ ਮਸਲੇ

***ਪੰਜਾਬ ਤੋਂ ਬਰਾਮਦਾਂ ਦੇ ਮਸਲੇ ਨੂੰ ਸਮੇਂ ਦੀਆਂ ਸਰਕਾਰਾਂ ਨੇ ਕਦੀ ਸੰਜੀਦਗੀ ਨਾਲ ਨਹੀਂ ਲਿਆ। ਆਮ ਕਰ ਕੇ ਕਿਹਾ ਜਾਂਦਾ ਹੈ ਕਿ ਬਰਾਮਦਾਂ ਲਈ ਨੇੜੇ ਪੈਂਦੀ ਬੰਦਰਗਾਹ ਵਧੇਰੇ ਸਹਾਈ ਹੁੰਦੀ ਹੈ ਪਰ ਕਈ ਵਸਤਾਂ ਬਰਾਮਦ ਕਰਨ ਦੇ ਮਾਮਲੇ ਵਿਚ ਹਰਿਆਣਾ, ਪੰਜਾਬ ਦੇ ਮੁਕਾਬਲੇ ਬਹੁਤ ਅਗਾਂਹ ਲੰਘ ਗਿਆ ਹੈ। ਲੰਡਨ (ਯੂ.ਕੇ.) ਦੇ ਇੰਪੀਰੀਅਲ ਕਾਲਜ ਦੀ ਫੈਕਲਟੀ ਆਫ ਮੈਡੀਸਨ ਵਿਚ ਟੀਚਿੰਗ ਫੈਲੋ ਡਾ. ਰਾਜ ਮਾਨ ਨੇ ਇਸ ਮਸਲੇ ਬਾਰੇ ਆਪਣੇ ਵਿਚਾਰ ਵਿਸਥਾਰ ਸਹਿਤ ਸਾਂਝੇ ਕੀਤੇ ਹਨ।***

ਭਾਰਤ ਤੋਂ ਖੇਤੀ ਬਰਾਮਦ ਵਿਚ ਪੰਜਾਬ ਦੀ ਹਿੱਸੇਦਾਰੀ ਦੀ ਗੱਲ ਕਰਦਿਆਂ ਇਹ ਗੱਲ ਵੀ ਦੇਖਣ ਵਾਲੀ ਹੈ ਕਿ ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਜੋ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ 'ਤੇ ਸਥਿਤ ਹਨ, ਪੰਜਾਬ ਦੇ ਮੁਕਾਬਲੇ ਖੇਤੀ ਬਰਾਮਦ ਵਿਚ ਕਿਵੇਂ ਯੋਗਦਾਨ ਪਾ ਰਹੇ ਹਨ। ਐਗਰੀਕਲਚਰਲ ਐਂਡ ਪ੍ਰੋਸੈਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਿਟੀ (ਏ.ਪੀ.ਈ.ਡੀ.ਏ.) ਤੋਂ ਪ੍ਰਾਪਤ ਡੇਟਾ ਦਾ ਵਿਸ਼ਲੇਸ਼ਣ ਕਰ ਕੇ ਪ੍ਰਾਪਤ ਨਤੀਜਿਆਂ/ਖੋਜਾਂ ਪਿਛਲੇ ਕਾਰਨਾਂ ਦੀ ਪੜਚੋਲ ਕਰਨ ਮਗਰੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਵੇਂ ਭਾਰਤ-ਮੱਧ ਪੂਰਬ-ਯੂਰਪ ਕੌਰੀਡੋਰ ਪੰਜਾਬ ਨੂੰ ਖੇਤੀ ਬਰਾਮਦ ਲਈ ਲਾਭ ਪਹੁੰਚਾ ਸਕਦਾ ਹੈ।

ਡਾ. ਰਾਜ ਮਾਨ

ਪਹਿਲਾਂ ਭਾਰਤ ਤੋਂ ਖੇਤੀ ਬਰਾਮਦ ਵਿਚ ਪੰਜਾਬ ਦੀ ਹਿੱਸੇਦਾਰੀ ਦੇਖਦੇ ਹਾਂ। 2023-24 ਵਿਚ ਭਾਰਤ ਦੀ ਵਿਸ਼ਵ ਵਿਆਪੀ ਖੇਤੀ ਬਰਾਮਦ 212098 ਕਰੋੜ ਰੁਪਏ ਦੀ ਸੀ ਅਤੇ ਗੁਜਰਾਤ 58655 ਕਰੋੜ ਰੁਪਏ ਨਾਲ ਭਾਰਤ ਦੀ ਕੁੱਲ ਖੇਤੀ ਬਰਾਮਦ ਦੇ 27.65% ਦੇ ਹਿੱਸੇ ਨਾਲ ਸਭ ਤੋਂ ਵੱਡਾ ਬਰਾਮਦਕਾਰ ਸੀ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਨੇ 9.17% ਦੇ ਹਿੱਸੇ ਨਾਲ 19445 ਕਰੋੜ ਰੁਪਏ ਦੇ ਖੇਤੀ ਉਤਪਾਦਨ ਬਰਾਮਦ ਕੀਤੇ ਜਦੋਂਕਿ ਪੰਜਾਬ ਦੀ ਬਰਾਮਦ ਕਾਫ਼ੀ ਘੱਟ ਸੀ। ਪੰਜਾਬ ਨੇ 2.88 ਫ਼ੀਸਦੀ ਦੇ ਹਿੱਸੇ ਨਾਲ 6117 ਕਰੋੜ ਰੁਪਏ ਦੀ ਬਰਾਮਦ ਹੀ ਕੀਤੀ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪੰਜਾਬ ਤੋਂ ਖੇਤੀ ਬਰਾਮਦ ਬਹੁਤ ਘੱਟ ਹੈ।

ਦੂਜੇ ਪਾਸੇ ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਦੀਆਂ ਖੇਤੀ ਬਰਾਮਦਾਂ ਨਾਲ ਪੰਜਾਬ ਦੀ ਤੁਲਨਾ ਕਰਦਿਆਂ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਨ੍ਹਾਂ ਸੂਬਿਆਂ ਦੀ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ ਪੰਜਾਬ ਨਾਲੋਂ ਘੱਟ ਹੈ ਪਰ ਉਹ ਫਿਰ ਵੀ ਬੰਦਰਗਾਹਾਂ ਤੋਂ ਦੂਰ ਸਥਿਤ ਹਨ ਜੋ ਤੁਲਨਾ ਨੂੰ ਜਾਇਜ਼ ਠਹਿਰਾਉਂਦਾ ਹੈ। ਪਹਿਲਾਂ ਹਵਾਈ ਰਸਤੇ ਰਾਹੀਂ ਖੇਤੀਬਾੜੀ ਉਤਪਾਦਾਂ ਦੀ ਬਰਾਮਦ ਦੇਖਦੇ ਹਾਂ। ਬਦਕਿਸਮਤੀ ਨਾਲ 2023-24 ਦੌਰਾਨ ਪੰਜਾਬ ਅਤੇ ਹਰਿਆਣਾ ਨੇ ਹਵਾਈ ਰਸਤੇ ਰਾਹੀਂ ਕੋਈ ਉਤਪਾਦ ਬਰਾਮਦ ਨਹੀਂ ਕੀਤਾ। ਇਸ ਸਮੇਂ ਦੌਰਾਨ ਦਿੱਲੀ ਅਤੇ ਯੂ.ਪੀ. ਨੇ ਕ੍ਰਮਵਾਰ 971 ਕਰੋੜ ਅਤੇ 87 ਕਰੋੜ ਰੁਪਏ ਦੇ ਖੇਤੀ ਉਤਪਾਦ ਹਵਾਈ ਰਸਤੇ ਰਾਹੀਂ ਬਰਾਮਦ ਕੀਤੇ। ਇੰਨਾ ਹੀ ਨਹੀਂ, ਪੰਜਾਬ ਅਤੇ ਹਰਿਆਣਾ ਨੇ 2020 ਅਤੇ 2023 ਦਰਮਿਆਨ ਹਵਾਈ ਰਸਤੇ ਰਾਹੀਂ ਕੋਈ ਬਰਾਮਦ ਦਰਜ ਨਹੀਂ ਕੀਤੀ; ਦਿੱਲੀ ਅਤੇ ਯੂ.ਪੀ., ਦੋਵਾਂ ਨੇ ਇਨ੍ਹਾਂ ਸਾਲਾਂ ਦੌਰਾਨ ਮਹੱਤਵਪੂਰਨ ਮਾਤਰਾ ਵਿਚ ਬਰਾਮਦ ਕੀਤੀ ਹਾਲਾਂਕਿ ਹਵਾਈ ਰਸਤੇ ਦੁਆਰਾ ਬਰਾਮਦ ਨਾ ਹੋਣ ਦੇ ਬਾਵਜੂਦ ਹਰਿਆਣਾ ਨੇ 2023-24 ਵਿਚ ਪੰਜਾਬ ਨਾਲੋਂ ਕਾਫ਼ੀ ਵੱਧ ਬਰਾਮਦ ਕੀਤੀ ਸੀ। ਇਨ੍ਹਾਂ ਰਾਜਾਂ ਤੋਂ ਕੁਝ ਪ੍ਰਮੁੱਖ/ਚੋਣਵੇਂ ਉਤਪਾਦਾਂ ਦੀ ਬਰਾਮਦ 'ਤੇ ਵੀ ਵਿਚਾਰ ਕਰਨਾ ਬਣਦਾ ਹੈ।

2023-24 ਦੇ ਪ੍ਰਮੁੱਖ ਉਤਪਾਦਾਂ ਦੇ ਅੰਕੜਿਆਂ ਦੇ ਮੱਦੇਨਜ਼ਰ ਦਿੱਲੀ ਨੇ ਹਵਾਈ ਰਸਤੇ ਰਾਹੀਂ 413 ਕਰੋੜ ਰੁਪਏ ਦਾ ਭੇਡ/ਬੱਕਰੀ ਦਾ ਮਾਸ, 222 ਕਰੋੜ ਰੁਪਏ ਦਾ ਮੱਝ ਦਾ ਮਾਸ, 62 ਕਰੋੜ ਰੁਪਏ ਦੇ ਫ਼ਲ ਅਤੇ ਸਬਜ਼ੀਆਂ ਦੇ ਬੀਜ, 19 ਕਰੋੜ ਰੁਪਏ ਦੀਆਂ ਹੋਰ ਤਾਜ਼ੀਆਂ ਸਬਜ਼ੀਆਂ, 14 ਕਰੋੜ ਰੁਪਏ ਦੀਆਂ ਪ੍ਰੋਸੈਸਡ ਸਬਜ਼ੀਆਂ, 8 ਕਰੋੜ ਰੁਪਏ ਦੇ ਡੇਅਰੀ ਉਤਪਾਦ, 6-6 ਕਰੋੜ ਰੁਪਏ ਦੇ ਪੋਲਟਰੀ ਉਤਪਾਦ ਅਤੇ ਬਾਸਮਤੀ ਚੌਲ ਅਤੇ 5 ਕਰੋੜ ਰੁਪਏ ਦੇ ਪ੍ਰੋਸੈਸਡ ਫਲ, ਜੂਸ ਅਤੇ ਮੇਵੇ ਬਰਾਮਦ ਕੀਤੇ। ਇਸੇ ਸਾਲ ਯੂ.ਪੀ. ਨੇ ਹਵਾਈ ਰਸਤੇ ਰਾਹੀਂ 63 ਕਰੋੜ ਰੁਪਏ ਦਾ ਮੱਝ ਦਾ ਮਾਸ, 18 ਕਰੋੜ ਰੁਪਏ ਦਾ ਭੇਡ/ਬੱਕਰੀ ਦਾ ਮਾਸ ਅਤੇ 5 ਕਰੋੜ ਰੁਪਏ ਦੀਆਂ ਹੋਰ ਤਾਜ਼ੀਆਂ ਸਬਜ਼ੀਆਂ ਬਰਾਮਦ ਕੀਤੀਆਂ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜੇ ਦਿੱਲੀ ਅਤੇ ਯੂ.ਪੀ. ਹਵਾਈ ਰਸਤੇ ਰਾਹੀਂ ਖੇਤੀ ਉਤਪਾਦਾਂ ਦੀ ਬਰਾਮਦ ਕਰ ਰਹੇ ਹਨ ਤਾਂ ਫਿਰ ਪੰਜਾਬ ਨੇ ਆਪਣੇ ਉਤਪਾਦਾਂ ਨੂੰ ਹਵਾਈ ਰਸਤੇ ਰਾਹੀਂ ਬਰਾਮਦ ਕਰਨ ਦਾ ਕੋਈ ਉਪਰਾਲਾ ਕਿਉਂ ਨਹੀਂ ਕੀਤਾ।

ਰੇਲ/ਸੜਕ ਅਤੇ ਅੰਦਰੂਨੀ ਕੰਟੇਨਰ ਡਿਪੂ ਰਾਹੀਂ ਬਰਾਮਦ ਦੇ ਮਾਮਲੇ 'ਚ ਪੰਜਾਬ ਦੀ ਖ਼ਾਸ ਕਰ ਕੇ ਹਰਿਆਣਾ ਨਾਲ ਤੁਲਨਾ ਕਰਦੇ ਹਾਂ। ਦਲੀਲ ਨੂੰ ਮਜ਼ਬੂਤ ਕਰਨ ਲਈ ਦਿੱਲੀ ਦੁਆਰਾ ਬਰਾਮਦ ਕੀਤੇ ਗਏ ਕੁਝ ਚੋਣਵੇਂ ਉਤਪਾਦਾਂ ਦਾ ਵੀ ਜ਼ਿਕਰ ਕਰਾਂਗੇ। ਸਾਲ 2023-24 ਵਿਚ ਮੁੱਖ ਉਤਪਾਦਾਂ ਦੀ ਬਰਾਮਦ ਨੂੰ ਦੇਖਦਿਆਂ ਹਰਿਆਣਾ ਨੇ 13120 ਕਰੋੜ ਰੁਪਏ ਦੇ ਬਾਸਮਤੀ ਚੌਲਾਂ ਦੀ



ਬਰਾਮਦ ਕੀਤੀ ਜਦੋਂਕਿ ਪੰਜਾਬ 3769 ਕਰੋੜ ਰੁਪਏ ਦੀ ਬਰਾਮਦ ਨਾਲ ਬਹੁਤ ਪਿੱਛੇ ਰਿਹਾ। ਵਾਰ-ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਵਧੇਰੇ ਬਾਸਮਤੀ ਚੌਲਾਂ ਦੀ ਕਾਸ਼ਤ ਪੰਜਾਬ ਨੂੰ ਪਾਣੀ ਦੀ ਬੱਚਤ ਕਰਨ ਅਤੇ ਬਰਾਮਦ ਰਾਹੀਂ ਵਧੇਰੇ ਕਮਾਈ ਕਰਨ ਵਿਚ ਮਦਦ ਕਰ ਸਕਦੀ ਹੈ। ਇਹ ਅੰਕੜੇ ਇਸ ਦਲੀਲ ਨੂੰ ਉਜਾਗਰ ਕਰਦੇ ਹਨ ਕਿ ਜੇ ਹਰਿਆਣਾ ਇੰਨਾ ਬਾਸਮਤੀ ਚੌਲ ਬਰਾਮਦ ਕਰ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ?

ਇਸੇ ਸਾਲ ਹਰਿਆਣਾ ਨੇ 3270 ਕਰੋੜ ਰੁਪਏ ਦਾ ਮੱਝਾਂ ਦਾ ਮਾਸ ਬਰਾਮਦ ਕੀਤਾ ਜਦੋਂਕਿ ਪੰਜਾਬ ਨੇ ਮੱਝ ਦਾ ਮਾਸ ਬਰਾਮਦ ਨਹੀਂ ਕੀਤਾ। ਹਰਿਆਣਾ ਨੇ 664 ਕਰੋੜ ਰੁਪਏ ਦੇ ਕੁਦਰਤੀ ਸ਼ਹਿਦ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ 419 ਕਰੋੜ ਰੁਪਏ 'ਤੇ ਹੀ ਸਿਮਟ ਗਿਆ। ਹਰਿਆਣਾ ਨੇ 528 ਕਰੋੜ ਰੁਪਏ ਦੇ ਗ਼ੈਰ-ਬਾਸਮਤੀ ਚੌਲਾਂ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ 271 ਕਰੋੜ ਰੁਪਏ ਦੀ ਬਰਾਮਦ ਨਾਲ ਕਾਫ਼ੀ ਪਿੱਛੇ ਰਹਿ ਗਿਆ। ਹਰਿਆਣਾ ਨੇ 284 ਕਰੋੜ ਰੁਪਏ ਦੇ ਗੁਆਰਗਮ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ ਬਹੁਤ ਜ਼ਿਆਦਾ ਘੱਟ 0.18 ਕਰੋੜ ਰੁਪਏ ਦੀ ਗੁਆਰਗਮ ਹੀ ਬਰਾਮਦ ਕਰ ਸਕਿਆ। ਹਰਿਆਣਾ ਨੇ 36 ਕਰੋੜ ਰੁਪਏ ਦਾ ਕੈਸੀਨ ਬਰਾਮਦ ਕੀਤਾ ਜਦੋਂਕਿ ਪੰਜਾਬ ਨੇ ਕੋਈ ਕੈਸੀਨ ਬਰਾਮਦ ਨਹੀਂ ਕੀਤਾ।

ਪੰਜਾਬ ਡੇਅਰੀ ਉਤਪਾਦਾਂ ਵਿਚ ਵੀ ਪਿੱਛੇ ਰਿਹਾ ਜਿਸ ਵਿਚ 34 ਕਰੋੜ ਰੁਪਏ ਦੀ ਬਰਾਮਦ ਹੋਈ ਜਦੋਂਕਿ ਹਰਿਆਣਾ ਨੇ 146 ਕਰੋੜ ਰੁਪਏ ਦੀ ਬਰਾਮਦ ਕੀਤੀ। ਹਰਿਆਣਾ ਅਤੇ ਦਿੱਲੀ ਨੇ ਕ੍ਰਮਵਾਰ 39 ਕਰੋੜ ਰੁਪਏ ਅਤੇ 24 ਕਰੋੜ ਰੁਪਏ ਦੀ ਪਸ਼ੂ ਖ਼ੁਰਾਕ ਬਰਾਮਦ ਕੀਤੀ ਜਦੋਂਕਿ ਪੰਜਾਬ ਸਿਰਫ਼ 4 ਕਰੋੜ ਦੀ ਪਸ਼ੂ ਖ਼ੁਰਾਕ ਹੀ ਬਰਾਮਦ ਕਰ ਸਕਿਆ। ਹਰਿਆਣਾ ਅਤੇ ਦਿੱਲੀ ਨੇ ਕ੍ਰਮਵਾਰ 319 ਕਰੋੜ ਅਤੇ 13 ਕਰੋੜ ਰੁਪਏ ਦੇ ਪ੍ਰੋਸੈਸਡ ਫਲ, ਜੂਸ ਅਤੇ ਮੇਵਿਆਂ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ ਦੀ ਬਰਾਮਦ ਸਿਰਫ਼ 7 ਕਰੋੜ ਰੁਪਏ ਸੀ। ਹਰਿਆਣਾ ਤੋਂ ਦਾਲਾਂ ਦੀ ਬਰਾਮਦ 45 ਕਰੋੜ ਰੁਪਏ ਦੀ ਸੀ ਜਦੋਂਕਿ ਪੰਜਾਬ ਤੋਂ ਇਹ ਸਿਰਫ਼ 3 ਕਰੋੜ ਰੁਪਏ ਦੀ ਸੀ।

ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਤੋਂ ਖੇਤੀਬਾੜੀ ਜਿਣਸਾਂ ਦੀ ਬਰਾਮਦ ਬਹੁਤ ਘੱਟ ਹੈ। ਦਿੱਲੀ ਅਤੇ ਯੂ.ਪੀ. ਹਵਾਈ ਰਸਤੇ ਰਾਹੀਂ ਖੇਤੀ ਉਤਪਾਦਾਂ ਦੀ ਬਰਾਮਦ ਕਰ ਰਹੇ ਹਨ ਜਦੋਂਕਿ ਪੰਜਾਬ ਹਵਾਈ ਰਸਤੇ ਰਾਹੀਂ ਕੋਈ ਬਰਾਮਦ ਨਹੀਂ ਕਰ ਰਿਹਾ। ਪੰਜਾਬ ਦਾ ਗੁਆਂਢੀ ਰਾਜ ਹਰਿਆਣਾ ਰੇਲ/ਸੜਕ ਅਤੇ ਆਈ.ਸੀ.ਡੀ. ਰਾਹੀਂ ਪੰਜਾਬ ਨਾਲੋਂ ਵੱਡੀ ਮਾਤਰਾ ਵਿਚ ਖੇਤੀ ਉਤਪਾਦ ਬਰਾਮਦ ਕਰਦਾ ਹੈ। ਸਮੁੰਦਰੀ ਬੰਦਰਗਾਹਾਂ ਤੋਂ ਦੂਰ ਸਥਿਤ ਹੋਣ ਦੇ ਬਾਵਜੂਦ ਹਰਿਆਣਾ ਖੇਤੀਬਾੜੀ ਬਰਾਮਦ ਵਿਚ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਪੰਜਾਬ ਦੀਆਂ ਬਰਾਮਦਾਂ ਨੂੰ ਵਧਾਉਣ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ। ਇਹ ਤੱਥ ਕਿ ਹਰਿਆਣਾ ਪਹਿਲਾਂ ਹੀ ਇਨ੍ਹਾਂ ਜਿਣਸਾਂ ਦੀ ਬਰਾਮਦ ਕਰ ਰਿਹਾ ਹੈ; ਇਹ ਦਰਸਾਉਂਦਾ ਹੈ ਕਿ ਇਨ੍ਹਾਂ ਲਈ ਮੰਡੀ ਮੌਜੂਦ ਹੈ। ਜੇ ਮੰਡੀ ਮੌਜੂਦ ਹੈ ਤਾਂ ਅਹਿਮ ਸਵਾਲ ਇਹ ਹੈ ਕਿ ਪੰਜਾਬ ਆਪਣੀ ਬਰਾਮਦ ਵਧਾਉਣ ਵਿਚ ਦਿਲਚਸਪੀ ਕਿਉਂ ਨਹੀਂ ਰੱਖਦਾ? ਪੰਜਾਬ ਦੀ ਬਰਾਮਦ ਸਥਿਤੀ ਦਾ ਮੁੱਖ ਕਾਰਨ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਅਤੇ ਚੌਲਾਂ ਤੇ ਕਣਕ ਦੀ ਯਕੀਨੀ ਖਰੀਦ ਹੈ ਜਿਸ ਨਾਲ ਕਿਸਾਨਾਂ ਨੂੰ ਗਾਰੰਟੀਸ਼ੁਦਾ ਆਮਦਨ ਮਿਲਦੀ ਹੈ; ਹਾਲਾਂਕਿ ਐੱਮ.ਐੱਸ.ਪੀ. ਅਤੇ ਯਕੀਨੀ ਖਰੀਦ ਹਰਿਆਣਾ 'ਚ ਵੀ ਲਾਗੂ ਹੈ। ਪੰਜਾਬ ਤੋਂ ਘੱਟ ਬਰਾਮਦ ਦਾ ਇੱਕ ਹੋਰ ਅਕਸਰ ਦਿੱਤਾ ਜਾਂਦਾ ਕਾਰਨ ਇਹ ਹੈ ਕਿ ਇਹ ਰਾਜ ਬੰਦਰਗਾਹ ਤੋਂ ਬਹੁਤ ਦੂਰ ਹੈ ਅਤੇ ਗੁਜਰਾਤ ਸਥਿਤ ਸਮੁੰਦਰੀ ਬੰਦਰਗਾਹਾਂ ਤੱਕ ਇਸ ਦੀ ਦੂਰੀ ਇਸ ਨੂੰ ਬੰਦਰਗਾਹਾਂ ਦੇ ਨੇੜੇ ਸਥਿਤ ਰਾਜਾਂ ਦੀ ਤੁਲਨਾ ਵਿਚ ਸਥਾਨਕ ਤੌਰ 'ਤੇ ਨੁਕਸਾਨ ਵਿਚ ਪਾਉਂਦੀ ਹੈ ਪਰ ਹਰਿਆਣਾ ਵੀ ਬੰਦਰਗਾਹਾਂ ਤੋਂ ਕਾਫ਼ੀ ਦੂਰ ਹੈ ਪਰ ਇਹ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ।

ਇਸ ਲਈ ਇਹ ਦੋਵੇਂ ਕਾਰਨ (ਐੱਮ.ਐੱਸ.ਪੀ. 'ਤੇ ਯਕੀਨੀ ਖਰੀਦ ਅਤੇ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ) ਪੰਜਾਬ ਤੋਂ ਘੱਟ ਬਰਾਮਦ ਦੀ ਸਹੀ/ਪੂਰੀ ਵਿਆਖਿਆ ਨਹੀਂ ਕਰਦੇ। ਅੰਕੜਿਆਂ ਦੀ ਰੋਸ਼ਨੀ ਵਿਚ ਪੰਜਾਬ ਤੋਂ ਘੱਟ ਬਰਾਮਦ ਦੀ ਮੰਨਣਯੋਗ ਵਿਆਖਿਆ ਸੂਬੇ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਸ ਦੀ ਖੇਤੀ ਆਰਥਿਕਤਾ ਵਿਚ ਲਗਾਤਾਰ ਦਿਖਾਈ ਬੇਰੁਖ਼ੀ ਹੋ ਸਕਦੀ ਹੈ। ਅਟਾਰੀ/ਵਾਹਗਾ ਰਾਹੀਂ ਹੋਣ ਵਾਲਾ ਵਪਾਰ ਅਗਸਤ 2019 ਤੋਂ ਬੰਦ ਹੈ। ਇਸ ਲਈ ਜਦੋਂ ਤੱਕ ਇਹ ਜ਼ਮੀਨੀ ਰਸਤਾ ਨਹੀਂ ਖੋਲ੍ਹਿਆ ਜਾਂਦਾ, ਉਦੋਂ ਤੱਕ ਸਮੁੰਦਰੀ ਰਸਤੇ ਰਾਹੀਂ ਮੌਜੂਦ ਮੌਕਿਆਂ ਦਾ ਪਤਾ ਲਗਾਉਣ ਦੀ ਲੋੜ ਹੈ। ਇਹ ਸਾਨੂੰ ਤੀਜੇ ਹਿੱਸੇ ਵੱਲ ਲਿਆਉਂਦਾ ਹੈ, ਪੰਜਾਬ ਨੂੰ ਕਿਵੇਂ ਲਾਭ ਪਹੁੰਚਾ ਸਕਦਾ ਹੈ। ਉਪਰ ਦੱਸੇ ਵਾਂਗ ਕਿ ਹਰਿਆਣਾ ਖੇਤੀਬਾੜੀ ਬਰਾਮਦ ਵਿਚ ਪੰਜਾਬ ਨਾਲੋਂ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ, ਇਹ ਦਰਸਾਉਂਦਾ ਹੈ ਕਿ ਇੱਕ ਵਾਰ ਚਾਲੂ ਹੋ ਜਾਣ ਤੋਂ ਬਾਅਦ ਕਾਫ਼ੀ ਸੰਭਾਵਨਾਵਾਂ ਰੱਖਦਾ ਹੈ।

ਇਸ ਲਈ ਪੰਜਾਬ ਨੂੰ ਹੁਣ ਤੋਂ ਹੀ ਆਪਣੀ ਖੇਤੀ ਬਰਾਮਦ ਸੁਧਾਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਦੁਆਰਾ ਹੁਣੇ ਤੋਂ ਕੀਤੇ ਇਨ੍ਹਾਂ ਯਤਨਾਂ ਦਾ ਦੇ ਕਾਰਜਸ਼ੀਲ ਹੋ ਜਾਣ 'ਤੇ ਖੇਤੀਬਾੜੀ ਬਰਾਮਦ ਵਿਚ ਵਧੇਰੇ ਲਾਭ ਮਿਲ ਸਕਦਾ ਹੈ। ਪੰਜਾਬ ਪ੍ਰਸ਼ਾਸਨ ਸੜਕ/ਰੇਲ, ਸਮੁੰਦਰੀ ਅਤੇ ਹਵਾਈ ਰਸਤੇ ਰਾਹੀਂ ਆਪਣੀਆਂ ਖੇਤੀਬਾੜੀ ਬਰਾਮਦਾਂ ਨੂੰ ਬਿਹਤਰ ਬਣਾਉਣ ਲਈ ਵਰਤ ਸਕਦਾ ਹੈ।

# ਭਾਰਤ ਦੀ ਆਰਥਿਕ ਕਾਰਗੁਜ਼ਾਰੀ

ਉਦੋਂ ਸ਼ਾਇਦ ਇਸ ਨੂੰ ਇੰਝ ਨਹੀਂ ਸੀ ਲਿਆ ਗਿਆ ਪਰ 50 ਸਾਲ ਪਹਿਲਾਂ ਭਾਰਤ ਫ਼ੈਸਲਾਕੁਨ ਮੋੜ 'ਤੇ ਅੱਪੜ ਗਿਆ ਸੀ। ਉਦੋਂ ਇੱਕ ਪਾਸੇ ਆਰਥਿਕ ਸੰਕਟ ਅਤੇ ਦੂਜੇ ਪਾਸੇ ਸਿਆਸੀ ਘਮਸਾਣ ਚੱਲ ਰਿਹਾ ਸੀ। ਸਾਲ ਬਾਅਦ ਫ਼ੈਸਲਾਕੁਨ ਕਾਰਵਾਈ ਆਈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਗੂ ਕਰ ਦਿੱਤੀ। ਉਂਝ, ਦੋ ਸਾਲ ਤੋਂ ਘੱਟ ਸਮੇਂ ਵਿਚ ਇਹ ਹਟਾ ਲਈ ਪਰ ਜੋ ਗੱਲ ਜ਼ਿਆਦਾ ਦੇਰ ਬਾਅਦ ਸਾਬਿਤ ਹੋਈ, ਉਸ ਵੱਲ ਉਦੋਂ ਕਿਸੇ ਦਾ ਧਿਆਨ ਨਹੀਂ

ਟੀ.ਐੱਨ. ਨੈਨਾਨ

ਗਿਆ; ਉਹ ਸੀ ਆਰਥਿਕ ਨੀਤੀ ਵਿਚ ਨਵੀਂ ਦਿਸ਼ਾ ਜੋ ਇੰਦਰਾ ਗਾਂਧੀ ਦੇ ਕੁਝ ਵਧੇਰੇ ਖੱਬੇ ਪੱਖੀ ਪੜਾਅ ਨਾਲੋਂ ਹਟਵੀਂ ਸੀ। ਇਸ ਤੋਂ ਬਾਅਦ ਆਰਥਿਕ ਤੌਰ 'ਤੇ ਭਾਰਤ ਦੀ ਲੰਮੇ ਚਿਰ ਤੋਂ ਚਲੀ ਆ ਰਹੀ ਨੀਵੀਂ ਕਾਰਕਰਦਗੀ ਦਾ ਅੰਤ ਹੋਇਆ ਅਤੇ ਸਮਾਂ ਪਾ ਕੇ ਭਾਰਤ ਦੀ ਨਵੀਂ ਕਹਾਣੀ ਦਾ ਜਨਮ ਹੋਇਆ।

1970ਵਿਆਂ ਦੇ ਅੱਧ ਤੱਕ ਭਾਰਤ ਆਲਮੀ ਅਰਥਚਾਰੇ ਨਾਲੋਂ ਮੱਠੀ ਰਫ਼ਤਾਰ ਨਾਲ ਵਿਕਾਸ ਕਰ ਰਿਹਾ ਸੀ। 1970ਵਿਆਂ ਦੇ ਦੂਜੇ ਅੱਧ ਵਿਚ ਇਹ ਬਦਲਾਓ 15 ਸਾਲ ਬਾਅਦ ਆਇਆ ਸੀ ਜਿਸ ਦੌਰਾਨ ਜੰਗਾਂ, ਫ਼ਸਲੀ ਖਰਾਬੇ, ਇਥੋਂ ਤੱਕ ਕਿ ਕਾਲ, ਰੁਪਏ ਦੀ ਕੀਮਤ ਵਿਚ ਤ੍ਰਾਸਦਿਕ ਗਿਰਾਵਟ ਅਤੇ ਤੇਲ ਦੀਆਂ ਕੀਮਤਾਂ ਦੇ ਦੋ ਵੱਡੇ ਝਟਕੇ ਦੇਖਣ ਨੂੰ ਮਿਲੇ। ਇਨ੍ਹਾਂ 'ਚੋਂ ਕਈ ਘਟਨਾਵਾਂ ਨੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ ਅਗਵਾਈ ਹੇਠਲੇ ਸ਼ੁਰੂਆਤੀ ਆਸ਼ਾਵਾਦ ਤੋਂ ਬਾਅਦ ਕੌਮੀ ਆਤਮ ਬਲ ਨੂੰ ਤੋੜਨ ਦਾ ਕੰਮ ਕੀਤਾ ਸੀ।

ਉਂਝ, ਜਦੋਂ ਇਕ ਵਾਰ ਅਰਥਚਾਰਾ ਸਥਿਰ ਹੋ ਗਿਆ ਤਾਂ ਅੱਧੀ ਸਦੀ ਤੱਕ ਇਸ ਵਿਚ ਸਾਵੀਂ ਕਾਰਗੁਜ਼ਾਰੀ ਦਾ ਦੌਰ ਚਲਦਾ ਰਿਹਾ। ਵਿਕਾਸ ਦਰ ਘੱਟ ਆਮਦਨ ਅਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਤੇ ਨਾਲ ਹੀ ਆਲਮੀ ਅਰਥਚਾਰੇ ਦੀ ਦਰ ਨਾਲੋਂ ਉਪਰ ਰਹੀ। ਨਤੀਜੇ ਵਜੋਂ ਅੱਜ ਭਾਰਤ ਨੂੰ ਅਜਿਹਾ ਕੌਮਾਂਤਰੀ ਰੁਤਬਾ ਹਾਸਿਲ ਹੋ ਗਿਆ ਜੋ ਪਹਿਲਾਂ ਕਦੇ ਹਾਸਿਲ ਨਹੀਂ ਹੋ ਸਕਿਆ ਸੀ। ਫਿਰ ਵੀ ਸਮਾਜਿਕ ਆਰਥਿਕ ਪੈਮਾਨਿਆਂ ਅਤੇ ਵਧਦੀ ਨਾ-ਬਰਾਬਰੀ ਕਰ ਕੇ ਇਹ ਕੋਈ ਚਮਕਦਾਰ ਰਿਕਾਰਡ ਨਹੀਂ ਹੋ ਸਕਿਆ।

ਇਸ ਬਦਲਾਓ ਤੋਂ ਪਹਿਲਾਂ ਆਲਮੀ ਅਰਥਚਾਰੇ ਵਿਚ ਭਾਰਤ ਦੀ ਹਿੱਸੇਦਾਰੀ 1960 ਵਿਚ 2.7% ਤੋਂ 1975 ਵਿਚ 1.9% ਤੱਕ ਸੀ ਜੋ ਪਹਿਲਾਂ ਡਿੱਗੀ, ਫਿਰ ਸਥਿਰ ਹੋਈ ਅਤੇ ਅੰਤ ਨੂੰ ਸੁਧਰ ਗਈ। 2013 ਵਿਚ ਆਲਮੀ ਕੁੱਲ ਘਰੇਲੂ ਪੈਦਾਵਾਰ ਵਿਚ ਭਾਰਤ ਦੀ ਹਿੱਸੇਦਾਰੀ 1960 ਨਾਲੋਂ ਥੋੜ੍ਹੀ ਘੱਟ ਹੀ ਸੀ। 2024 ਵਿਚ ਇਹ 3.5% ਹੋ ਗਈ। ਜਦੋਂ ਤੋਂ ਭਾਰਤੀ ਅਰਥਚਾਰੇ ਦੀ ਵਿਕਾਸ ਦਰ ਆਲਮੀ ਔਸਤ ਨਾਲੋਂ ਦੁੱਗਣੀ ਹੋਈ ਹੈ, ਭਾਰਤ ਆਲਮੀ ਵਿਕਾਸ ਦਰ ਵਿਚ ਸਭ ਤੋਂ ਵੱਧ ਯੋਗਦਾਨ ਦੇਣ ਵਾਲਾ ਤੀਜਾ ਸਭ ਤੋਂ ਵੱਡਾ ਮੁਲਕ ਬਣ ਗਿਆ ਹੈ। ਇਸੇ ਤਰ੍ਹਾਂ ਪ੍ਰਤੀ ਜੀਅ ਆਮਦਨ ਵਿਚ ਵੀ ਸੁਧਾਰ ਹੋਇਆ ਹੈ।

1960 ਵਿਚ ਇਸ ਦੀ ਪ੍ਰਤੀ ਜੀਅ ਆਮਦਨ ਆਲਮੀ ਔਸਤ ਦਾ 8.4% ਸੀ ਜੋ 1974 ਵਿਚ ਡਿੱਗ ਕੇ 6.4% ਰਹਿ ਗਈ ਸੀ। 2011 ਵਿਚ ਪ੍ਰਤੀ ਜੀਅ ਆਮਦਨ ਸੁਧਰ ਕੇ 13.5% ਅਤੇ 2023 ਵਿਚ ਇਹ 18.1% ਹੋ ਗਈ। ਪਿਛਲੇ ਪੰਜ ਦਹਾਕਿਆਂ ਵਿਚ ਇਸ ਕਰੀਬ ਤਿੰਨ ਗੁਣਾ ਵਾਧਾ ਹੋਇਆ ਹੈ। ਫਿਰ ਵੀ ਬਹੁਤ ਸਾਰੇ ਮੁਲਕਾਂ ਵਿਚ ਲੋਕ ਸਾਡੇ ਨਾਲੋਂ ਬਿਹਤਰ ਜ਼ਿੰਦਗੀ ਬਸਰ ਕਰ ਰਹੇ ਹਨ। ਦਰਅਸਲ, ਅਫਰੀਕਾ ਅਤੇ ਸਾਡੇ ਦੱਖਣੀ ਏਸ਼ਿਆਈ ਆਂਢ-ਗੁਆਂਢ ਤੋਂ ਬਾਹਰ ਸ਼ਾਇਦ ਹੀ ਕੋਈ ਅਜਿਹਾ ਦੇਸ਼ ਹੋਵੇ ਜਿਸ ਦੀ ਪ੍ਰਤੀ ਜੀਅ ਆਮਦਨ ਭਾਰਤ ਨਾਲੋਂ ਘੱਟ ਹੈ। ਇਸ ਮਾਮਲੇ ਵਿਚ ਅਜੇ ਬਹੁਤ ਲੰਮਾ ਪੈਂਡਾ ਤੈਅ ਕਰਨਾ ਹੈ।

ਭਾਰਤ ਦੀ ਆਬਾਦੀ ਦੇ ਆਕਾਰ ਨੇ ਕਹਾਣੀ ਵਿਚ ਬਦਲਾਓ ਲਿਆਂਦਾ ਹੈ। ਪ੍ਰਤੀ ਜੀਅ ਆਮਦਨ ਬਹੁਤੀ ਨਹੀਂ ਪਰ ਜਦੋਂ ਇਸ ਨੂੰ 140 ਕਰੋੜ ਨਾਲ ਜ਼ਰਬ ਕੀਤਾ ਜਾਂਦਾ ਹੈ ਤਾਂ ਭਾਰਤੀ ਅਰਥਚਾਰਾ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਜਾਂਦਾ ਹੈ। ਭਾਰਤ ਪਹਿਲਾਂ ਹੀ ਮੋਬਾਈਲ ਫੋਨਾਂ ਤੇ ਮੋਟਰ ਸਾਈਕਲਾਂ/ਸਕੂਟਰਾਂ ਦੀ ਦੂਜੀ ਸਭ ਤੋਂ ਵੱਡੀ ਮੰਡੀ ਅਤੇ ਜਹਾਜ਼ਰਾਨੀ ਤੇ ਕਾਰਾਂ ਦੀ ਤੀਜੀ ਜਾਂ ਚੌਥੀ ਸਭ ਤੋਂ ਮੰਡੀ ਬਣ ਗਿਆ ਹੈ। ਇਨ੍ਹਾਂ ਉਤਪਾਦਾਂ ਅਤੇ ਸੇਵਾਵਾਂ ਦੀਆਂ ਮੰਡੀਆਂ ਵਿਚ ਵਿਕਾਸ ਨਾਲ ਮੱਧ ਵਰਗ ਦਾ ਫੈਲਾਅ ਹੁੰਦਾ ਰਿਹਾ ਹੈ। ਇਨ੍ਹਾਂ ਲਈ ਪੂਰਤੀ ਕਰਨ ਵਾਲੇ ਕਾਰੋਬਾਰਾਂ ਨੇ ਨਿਵੇਸ਼ਕਾਂ ਲਈ ਚੋਖੀ ਦੌਲਤ ਪੈਦਾ ਕੀਤੀ ਹੈ ਜਿਸ ਨਾਲ ਡਾਲਰ ਅਰਬਪਤੀਆਂ ਦੀ ਸੰਖਿਆ ਵਿਚ ਵਾਧਾ ਹੋ ਰਿਹਾ ਹੈ। ਮੰਡੀ ਪੂੰਜੀਕਰਨ ਦੇ ਲਿਹਾਜ਼ ਤੋਂ ਭਾਰਤੀ ਸਟਾਕ ਮਾਰਕਿਟ ਚੌਥੇ ਮੁਕਾਮ 'ਤੇ ਹੈ।

1970ਵਿਆਂ ਦੇ ਅੱਧ ਤੱਕ ਕਰੀਬ ਅੱਧੀ ਆਬਾਦੀ ਭੁੱਖ-ਨੰਗ ਵਾਲੀ ਗ਼ਰੀਬੀ ਰੇਖਾ ਤੋਂ ਹੇਠਾਂ ਸੀ। ਅੱਜ 10% ਤੋਂ ਵੀ ਘੱਟ ਆਬਾਦੀ ਸਰਕਾਰੀ ਤੌਰ 'ਤੇ ਗ਼ਰੀਬ ਗਿਣੀ ਜਾਂਦੀ ਹੈ। ਹੁਣ ਭਾਰਤ ਦਾ ਜ਼ਿਕਰ ਗ਼ਰੀਬ ਦੇਸ਼ ਨਾਲੋਂ ਉਭਰਦੀ ਸ਼ਕਤੀ ਦੇ ਤੌਰ 'ਤੇ ਜ਼ਿਆਦਾ ਕੀਤਾ ਜਾਂਦਾ ਹੈ। ਫਿਰ ਵੀ ਅਜੇ ਭਾਰਤ ਇਸ ਦੇ ਮਾਨਵੀ ਵਿਕਾਸ ਪੱਖੋਂ ਦਰਮਿਆਨੇ ਵਿਕਾਸ ਦੀ ਸ਼੍ਰੇਣੀ ਵਿਚ ਹੀ ਆ ਸਕਿਆ ਹੈ। ਅਗਲੇ ਇੱਕ ਦਹਾਕੇ ਜਾਂ ਇਸ ਤੋਂ ਵੀ ਵੱਧ ਅਰਸੇ ਤੱਕ ਭਾਰਤ ਦੇ ਉਚ ਵਿਕਾਸ ਦੇ ਦਰਜੇ ਤੱਕ ਪਹੁੰਚਣ ਦੇ ਆਸਾਰ ਘੱਟ ਹਨ।

ਵੱਧ ਵੰਨ-ਸਵੰਨੀ ਤੇ ਪੌਸ਼ਟਿਕ ਖ਼ੁਰਾਕ 'ਚੋਂ ਉਚ ਆਮਦਨੀ ਝਲਕਦੀ ਹੈ। ਦੁੱਧ ਦੀ ਖ਼ਪਤ 10 ਗੁਣਾ ਵਧ ਗਈ ਹੈ। ਇਸੇ ਤਰ੍ਹਾਂ ਮੱਛੀ ਦੀ ਖ਼ਪਤ ਵੀ ਵਧੀ ਹੈ। ਆਂਡਿਆਂ ਦੀ ਖ਼ਪਤ ਵਿਚ ਤਾਂ 20 ਗੁਣਾ ਤੋਂ ਵੱਧ ਦਾ ਵਾਧਾ ਦਰਜ ਹੋਇਆ ਹੈ। ਇਸ ਤੋਂ ਇਲਾਵਾ ਬਾਗ਼ਬਾਨੀ ਵਿਚ ਵੀ ਵਾਧਾ ਹੋਇਆ ਹੈ; ਫ਼ਲ ਤੇ ਸਬਜ਼ੀਆਂ 'ਚ ਵੀ। ਇਸੇ ਦੌਰਾਨ ਆਮਦਨੀ ਦੇ ਹਿੱਸੇ ਵਜੋਂ ਪਰਿਵਾਰਕ ਬੱਚਤ 70 ਪ੍ਰਤੀਸ਼ਤ ਵਧ ਗਈ ਹੈ। ਔਸਤਨ ਆਮਦਨੀ ਵੀ ਛੇ ਗੁਣਾ ਵਧ ਚੁੱਕੀ ਹੈ।

ਸ਼ਾਇਦ ਇਨ੍ਹਾਂ 'ਚ ਸਭ ਤੋਂ ਵੱਧ ਮਹੱਤਵਪੂਰਨ ਮਾਨਸਿਕਤਾ 'ਚ ਬਦਲਾਓ ਹੈ। ਭਾਰਤ ਸੱਤਰ ਦੇ ਦਹਾਕੇ ਦੇ ਅੱਧ ਤੱਕ ਸਮਾਜਵਾਦੀ ਬਿਆਨਬਾਜ਼ੀ 'ਚ ਹੀ ਖੁੱਭਿਆ ਹੋਇਆ ਸੀ। ਕਈ ਉਦਯੋਗਾਂ ਦੇ ਵਿਆਪਕ ਕੌਮੀਕਰਨ ਤੋਂ ਇਲਾਵਾ ਹਰ ਚੀਜ਼ ਉਤੇ ਕੀਮਤ ਤੇ ਉਤਪਾਦਨ ਦੇ ਪੱਖ ਤੋਂ ਸਰਕਾਰ ਦਾ ਕੰਟਰੋਲ ਸੀ, ਪੇਪਰ ਤੋਂ ਲੈ ਕੇ ਸਟੀਲ ਤੱਕ ਤੇ ਖੰਡ ਤੋਂ ਲੈ ਕੇ ਸੀਮਿੰਟ ਤੱਕ, ਇੱਥੋਂ ਤੱਕ ਕਿ ਨਹਾਉਣ ਵਾਲੇ ਸਾਬਣ ਤੋਂ ਲੈ ਕੇ ਕਾਰਾਂ ਤੱਕ ਵੀ! ਇਸ ਦਾ ਲਾਜ਼ਮੀ ਸਿੱਟਾ ਸੀ ਕਿੱਲਤ ਤੇ ਕਾਲਾ ਬਾਜ਼ਾਰੀ। ਉਦਯੋਗਕ ਵਿਵਾਦਾਂ 'ਚ ਰਾਜ ਸਰਕਾਰਾਂ ਹਮੇਸ਼ਾ ਟਰੇਡ ਜਥੇਬੰਦੀਆਂ ਨਾਲ ਖੜ੍ਹਦੀਆਂ ਸਨ ਪਰ ਹੁਣ ਚੀਜ਼ਾਂ ਬਦਲ ਗਈਆਂ ਹਨ। ਭਾਰਤ ਦੀ ਸਿਆਸਤ ਹੁਣ ਸਮਾਜਵਾਦ ਨਾਲੋਂ ਵੱਧ ਲੁਭਾਊ ਹੋ ਚੁੱਕੀ ਹੈ, ਕਮਿਊਨਿਸਟ ਪਾਰਟੀਆਂ ਦੀ ਹਾਲਤ ਖਰਾਬ ਹੈ ਤੇ ਉਹ ਆਈ.ਸੀ.ਯੂ. 'ਚ ਹਨ ਤੇ ਸਰਕਾਰਾਂ ਕਾਰੋਬਾਰੀ ਸੌਖ ਲਈ ਕਿਰਤ ਕਾਨੂੰਨਾਂ ਨੂੰ ਬਦਲਣਾ ਚਾਹੁੰਦੀਆਂ ਹਨ। ਟੈਕਸ ਦਰਾਂ ਤਰਕਸੰਗਤ ਹੋ ਗਈਆਂ ਹਨ।

ਭਾਰਤੀ ਲੋਕ ਸ਼ੇਅਰ ਬਾਜ਼ਾਰ ਦੇ ਸਰਗਰਮ ਪੂੰਜੀਪਤੀ ਬਣ ਚੁੱਕੇ ਹਨ। 1974 ਵਿਚ ਸ਼ੇਅਰਾਂ ਦਾ ਸਭ ਤੋਂ ਵੱਡਾ ਜਨਤਕ ਨਿਕਾਸ (ਆਈ.ਪੀ.ਓ.) ਕੁੱਲ 12 ਕਰੋੜ ਰੁਪਏ ਦਾ ਸੀ (ਅੱਜ ਦੇ ਸਮੇਂ 'ਚ ਇਹ 350 ਕਰੋੜ ਰੁਪਏ ਬਣਦੇ)। ਇਸ ਦੇ ਮੁਕਾਬਲੇ ਪਿਛਲੇ ਕੁਝ ਸਾਲਾਂ ਵਿਚ ਕਈ ਕੰਪਨੀਆਂ ਨੇ ਆਈ.ਪੀ.ਓ. ਕੱਢੇ ਹਨ ਜੋ 15000-21000 ਕਰੋੜ ਰੁਪਏ ਦੇ ਹਨ (ਐੱਲ.ਆਈ.ਸੀ., ਅਡਾਨੀ, ਵੋਡਾਫੋਨ ਆਦਿ)। ਪਿੱਛੇ ਝਾਤ ਮਾਰੀਏ ਤਾਂ ਕਰੀਬ ਦਹਾਕਾ ਪਹਿਲਾਂ ਤੱਕ ਮਿਊਚੁਅਲ ਫੰਡ ਕੰਪਨੀਆਂ ਬੈਂਕ ਜਮ੍ਹਾਂ ਖਾਤਿਆਂ ਦੇ ਅੱਠਵੇਂ ਹਿੱਸੇ ਤੋਂ ਕੁਝ ਘੱਟ-ਵੱਧ ਫੰਡ ਸੰਭਾਲ ਰਹੀਆਂ ਸਨ, ਇਹੀ 'ਸ਼ੇਅਰ' ਹੁਣ ਦੁੱਗਣਾ ਹੋ ਕੇ ਚੌਥੇ ਹਿੱਸੇ ਤੋਂ ਵਧ ਚੁੱਕਾ ਹੈ। ਅਗਲੇ ਪੰਜ ਸਾਲਾਂ 'ਚ ਭਾਰਤ ਨਿਰਪੇਖ ਗਿਣਤੀ 'ਚ ਆਪਣੀ ਜੀ.ਡੀ.ਪੀ. 'ਚ ਹੋਰ ਵਾਧਾ ਕਰ ਸਕਦਾ ਹੈ ਜੋ ਪਿਛਲੇ 10 ਸਾਲਾਂ 'ਚ ਕੀਤੀ ਤਰੱਕੀ ਨਾਲੋਂ ਵੀ ਵੱਧ ਹੋਵੇਗਾ।

ਭਾਰਤ 'ਚ ਹਰ ਕਹਾਣੀ ਸਾਹਮਣੇ ਇੱਕ ਹੋਰ ਕਹਾਣੀ ਹੈ। ਸੱਤ ਸਾਲ ਪਹਿਲਾਂ ਦੇ ਮੁਕਾਬਲੇ ਟਿਕਾਊ ਵਸਤਾਂ ਦੇ ਉਤਪਾਦਨ 'ਚ ਬਿਲਕੁਲ ਵੀ ਵਾਧਾ ਨਹੀਂ ਹੋਇਆ ਹੈ ਤੇ ਗ਼ੈਰ-ਟਿਕਾਊ ਵਸਤਾਂ ਲਈ ਵੀ ਇਹ ਸਾਲਾਨਾ ਔਸਤ ਦੇ ਮਹਿਜ਼ 2.8% ਨਾਲ ਹੀ ਵਧਿਆ ਹੈ। ਖਪਤਕਾਰ ਵਿੱਤੀ ਤੌਰ 'ਤੇ ਦਬਾਅ ਹੇਠ ਹਨ, ਖ਼ਾਸ ਤੌਰ 'ਤੇ ਉਹ ਜੋ ਆਮਦਨ ਦੀ ਪੌੜੀ ਦੇ ਹੇਠਲੇ ਡੰਡੇ ਉਤੇ ਹਨ; ਸ਼ਾਇਦ ਇਸ ਦਾ ਕਾਰਨ ਚੰਗੀ ਤਨਖ਼ਾਹ 'ਤੇ ਢੁੱਕਵੇਂ ਕੰਮਕਾਜ ਦੀ ਘਾਟ ਹੈ। ਜਦ ਇਹ ਬਦਲੇਗਾ, ਉਦੋਂ ਹੀ ਅਰਥਚਾਰਾ 7% ਤੋਂ ਵੱਧ ਦੀ ਦਰ ਉਤੇ ਦੌੜੇਗਾ ਜਿਸ ਨੂੰ ਕਿਸੇ ਸਮੇਂ ਤੇਜ਼ ਰਫ਼ਤਾਰ ਅਰਥਚਾਰੇ ਦੀ ਅਸਲ ਨਿਸ਼ਾਨੀ ਸਮਝਿਆ ਜਾਂਦਾ ਸੀ।

# ਧਰਮ, ਗਿਆਨ ਲਹਿਰ ਅਤੇ ਮੌਜੂਦਾ ਦੌਰ

**ਸ਼ਕਤੀਸ਼ਾਲੀ ਰੋਮਨ ਸਮਰਾਟ ਕੌਂਸਟੈਨਟਾਈਨ ਧਰਮ ਦੇ ਹੱਕ ਵਿਚ ਖੜ੍ਹ ਗਿਆ ਤਾਂ ਹੌਲੀ-ਹੌਲੀ ਬਾਕੀ ਸਭ ਤਰ੍ਹਾਂ ਦੇ ਧਾਰਮਿਕ ਜਾਂ ਦਾਰਸ਼ਨਿਕ ਵਿਚਾਰ ਦਬਾ ਦਿੱਤੇ ਗਏ। ਬਹੁਤ ਸਾਰੀਆਂ ਹੱਥ ਲਿਖਤਾਂ ਅਤੇ ਲਾਇਬ੍ਰੇਰੀਆਂ ਸਾੜ ਦਿੱਤੀਆਂ। ਮਨੁੱਖਤਾ ਨੂੰ ਡੂੰਘੇ ਹਨੇਰੇ ਵਿਚ ਸੁੱਟ ਦਿੱਤਾ ਗਿਆ। ਇਹ ਦੌਰ ਤਕਰੀਬਨ ਇਕ ਹਜ਼ਾਰ ਸਾਲ ਚੱਲਿਆ। ਇਸ ਹਨੇਰੇ ਦੌਰ ਦੇ ਪਿਛੋਕੜ ਬਾਰੇ ਵਿਸਥਾਰ ਸਹਿਤ ਚਰਚਾ ਰਾਜਪਾਲ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਇਕ ਯੂਰਪ ਉਹ ਸੀ... ਜਦ ਸਥਾਪਿਤ ਧਾਰਮਿਕ ਮਾਨਤਾਵਾਂ ਉਤੇ ਥੋੜ੍ਹਾ ਬਹੁਤ ਵੀ ਕਿੰਤੂ ਕਰਨ ਵਾਲੇ ਨੂੰ ਜਿਉਂਦਾ ਸਾੜ ਦਿੱਤਾ ਜਾਂਦਾ ਸੀ। ਹਜ਼ਾਰਾਂ ਔਰਤਾਂ ਨੂੰ ਜਾਦੂਗਰਨੀਆਂ ਕਹਿ ਕੇ ਜਿਉਂਦਾ ਸਾੜਿਆ ਜਾਂ ਪਾਣੀ ਵਿਚ ਡੋਬ ਕੇ ਮਾਰਿਆ ਗਿਆ। ਇਹੋ ਜਿਹੀਆਂ ਹਾਸੋਹੀਣੀਆਂ ਰਵਾਇਤਾਂ ਪ੍ਰਚਲਿਤ ਸਨ ਕਿ ਜੋ ਪੈਸੇ ਦੇ ਸਕਦੇ ਸਨ, ਉਨ੍ਹਾਂ ਨੂੰ ਪਾਪਾਂ ਤੋਂ ਮੁਕਤੀ ਦੇ ਸਰਟੀਫ਼ਿਕੇਟ ਵੇਚੇ ਜਾਂਦੇ ਸਨ। ਇਹ ਕੰਮ ਕੋਈ ਚੋਰੀ ਛੁਪੇ ਜਾਂ ਕੁਝ ਪਾਦਰੀਆਂ ਨਹੀਂ ਸਨ ਚਲਾਉਂਦੇ ਬਲਕਿ ਇਸ ਨੂੰ ਚਰਚ ਦੀ ਬਾਕਾਇਦਾ ਮਾਨਤਾ ਸੀ। ਇਹ ਕਿਹਾ ਗਿਆ ਕਿ ਸਾਰੇ ਗਿਆਨ ਅਤੇ ਸਚਾਈ ਦਾ ਮੂਲ ਸੋਮਾ ਬਾਈਬਲ ਹੈ, ਜੋ ਗੱਲ ਬਾਈਬਲ ਨਾਲ ਮੇਲ ਨਹੀਂ ਖਾਂਦੀ, ਉਹ ਝੂਠੀ ਹੈ। ਕੋਈ ਤਰਕ ਕਰਨਾ ਜਾਂ ਅਜਿਹੀ ਗੱਲ ਕਰਨੀ ਜੋ ਬਾਈਬਲ ਨਾਲ ਮੇਲ ਨਾ ਖਾਂਦੀ ਹੋਵੇ, ਸਿੱਧਾ ਮੌਤ ਨੂੰ ਸੱਦਾ ਦੇਣਾ ਸੀ।



**ਰਾਜਪਾਲ ਸਿੰਘ**
**ਫੋਨ: +91-98767-10809**

ਇਕ ਯੂਰਪ ਇਹ ਹੈ... ਜਿੱਥੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਮਨੁੱਖੀ ਹੋਂਦ ਦਾ ਗੁਣ ਮੰਨਿਆ ਜਾਂਦਾ ਹੈ। ਜਿੱਥੇ ਕਿਸੇ ਵੀ ਧਰਮ ਦੀ ਕਿੰਨੀ ਵੀ ਆਲੋਚਨਾ ਕੀਤੀ ਜਾ ਸਕਦੀ ਹੈ, ਧਾਰਮਿਕ ਮਾਨਤਾਵਾਂ ਦਾ ਮਖੌਲ ਉਡਾਇਆ ਜਾ ਸਕਦਾ ਹੈ; ਜਿੱਥੇ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਚਰਚ ਵਿਕ ਰਹੇ ਹਨ। ਜਿਹੜੇ ਮੌਜੂਦ ਹਨ, ਉਹਨਾਂ ਵਿਚ ਕੋਈ ਰੌਣਕ ਨਹੀਂ। ਵਿਗਿਆਨ ਅਤੇ ਤਰਕ ਨੂੰ ਸਚਾਈ ਦੀ ਅਸਲ ਕਸਵੱਟੀ ਮੰਨਿਆ ਜਾਂਦਾ ਹੈ।

ਇਹ ਕਿਵੇਂ ਹੋਇਆ ਕਿ ਯੂਰਪ ਐਨੇ ਪੱਛੜੇਪਨ ਅਤੇ ਧਾਰਮਿਕ ਕੱਟੜਤਾ ਵਿਚੋਂ ਨਿਕਲ ਕੇ ਆਧੁਨਿਕ ਦੌਰ ਵਿਚ ਪਹੁੰਚ ਸਕਿਆ ਹੈ? ਇਹ ਸਮਝਣ ਲਈ ਸਾਨੂੰ ਇਤਿਹਾਸ ਵਿਚ ਲੰਮੀ ਝਾਤ ਮਾਰਨੀ ਪਵੇਗੀ ਕਿਉਂਕਿ ਇਹ ਸਾਰਾ ਕੁਝ ਕੋਈ ਦਸ-ਵੀਹ ਸਾਲਾਂ ਵਿਚ ਨਹੀਂ ਹੋ ਗਿਆ ਬਲਕਿ ਯੂਰਪੀ ਸਮਾਜ ਦੇ ਇਸ ਵਿਕਾਸ ਪਿੱਛੇ ਸਦੀਆਂ ਦੇ ਸੰਘਰਸ਼, ਕੁਰਬਾਨੀਆਂ ਅਤੇ ਤਬਦੀਲੀਆਂ ਨਾਲ ਭਰਿਆ ਇਤਿਹਾਸ ਪਿਆ ਹੈ।

### ਹਨੇਰੇ ਯੁੱਗ ਦੀ ਸ਼ੁਰੂਆਤ

ਈਸਾ ਮਸੀਹ ਦੇ ਜਨਮ ਸਮੇਂ ਤਕਰੀਬਨ ਸਾਰੇ ਯੂਰਪ, ਅਫਰੀਕਾ ਦੇ ਉਤਰੀ ਹਿੱਸੇ ਅਤੇ ਪੱਛਮੀ ਏਸ਼ੀਆ ਦੇ ਵਿਸ਼ਾਲ ਇਲਾਕੇ ਉਪਰ ਰੋਮਨਾਂ ਦਾ ਰਾਜ ਸੀ। ਉਸ ਸਮੇਂ ਦੀਆਂ ਹੋਰ ਸਭਿਅਤਾਵਾਂ ਵਾਂਗ ਰੋਮਨ ਸਾਮਰਾਜ ਵਿਚ ਬਹੁਤ ਸਾਰੇ ਦੇਵੀ-ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਜਿਵੇਂ ਹਰ ਨਵੇਂ ਧਰਮ ਨਾਲ ਹੁੰਦਾ ਆਇਆ ਹੈ, ਈਸਾ ਨੂੰ ਮੰਨਣ ਵਾਲਿਆਂ ਉਪਰ ਜ਼ੁਲਮ ਕੀਤੇ ਜਾਂਦੇ ਸਨ ਪਰ ਚੌਥੀ ਸਦੀ ਵਿਚ (312 ਸੀ.ਈ. - ਕਾਮਨ ਇਰਾ; ਗੈਰ-ਧਾਰਮਿਕ ਲੋਕਾਂ ਵੱਲੋਂ ਏ.ਡੀ. ਦੀ ਥਾਂ ਵਰਤੇ ਜਾਣ ਵਾਲੇ ਅੱਖਰ) ਵਿਚ ਰੋਮਨ ਸਮਰਾਟ ਕੌਂਸਟੈਨਟਾਈਨ ਨੇ ਇਸਾਈਆਂ ਨੂੰ ਤੰਗ ਕਰਨ ਉਤੇ ਪਾਬੰਦੀ ਲਗਾ ਦਿੱਤੀ, ਇਸਾਈ ਮੱਠਾਂ ਦੀ ਜ਼ਬਤ ਕੀਤੀ ਜਾਇਦਾਦ ਵਾਪਸ ਮੋੜ ਦਿੱਤੀ ਅਤੇ ਖੁਦ ਵੀ ਇਸਾਈ ਧਰਮ ਅਪਣਾ ਲਿਆ। ਰਵਾਇਤੀ ਇਤਿਹਾਸਕਾਰ ਭਾਵੇਂ ਉਸ ਦੁਆਰਾ ਇਸਾਈ ਧਰਮ ਅਪਣਾਉਣ ਪਿੱਛੇ ਉਸ ਦੀ ਮਾਂ ਹੈਲੇਨਾ ਦਾ ਪ੍ਰਭਾਵ ਮੰਨਦੇ ਹਨ ਪਰ ਅਸਲ ਵਿਚ ਇਹ ਫ਼ੈਸਲਾ ਇਸਾਈ ਧਰਮ ਦੀ ਸਿੱਖਿਆਵਾਂ ਤੋਂ ਪ੍ਰਭਾਵਿਤ ਹੋਣ ਦੀ ਬਜਾਏ ਉਸ ਸਮੇਂ ਦੀਆਂ ਸਮਾਜਿਕ-ਰਾਜਨੀਤਕ ਲੋੜਾਂ ਵਿਚੋਂ ਨਿਕਲਿਆ ਸੀ। ਪਹਿਲੇ ਦੌਰ ਵਿਚ ਰੋਮਨ ਰਾਜ ਰਿਪਬਲਿਕ ਸੀ ਜਿੱਥੇ ਸੱਤਾ ਤਾਕਤਵਰ ਲੋਕਾਂ ਦੇ ਸਮੂਹ ਕੋਲ ਹੁੰਦੀ ਸੀ, ਵੱਡੇ ਲੋਕਾਂ ਦੀਆਂ ਸਭਾਵਾਂ ਵਿਚ ਫ਼ੈਸਲੇ ਕੀਤੇ ਜਾਂਦੇ ਸਨ। ਵੰਨ-ਸਵੰਨੇ ਦੇਵਤਿਆਂ ਨੂੰ ਮੰਨਣ ਵਾਲੀ ਗੱਲ ਓਨਾ ਚਿਰ ਤਾਂ ਪੁੱਗਦੀ ਸੀ ਜਿੰਨਾ ਚਿਰ ਰਾਜਨੀਤਕ ਤਾਕਤ ਵੱਖ-ਵੱਖ ਮੁਖੀਆਂ ਕੋਲ ਸੀ ਪਰ ਕੌਂਸਟੈਨਟਾਈਨ ਤੱਕ ਆਉਂਦੇ-ਆਉਂਦੇ ਸਾਰੀ ਤਾਕਤ ਉਸ ਕੋਲ ਕੇਂਦਰਿਤ ਹੋ ਗਈ ਅਤੇ ਉਸ ਨੇ ਅੱਗੇ ਲਈ ਵੀ ਆਪਣੀ ਸੰਤਾਨ ਵਿਚੋਂ ਹੀ ਸਮਰਾਟ ਬਣਨ ਦੀ ਪਰੰਪਰਾ ਚਲਾ ਦਿੱਤੀ। ਜਦੋਂ ਰਾਜਨੀਤਕ ਖੇਤਰ ਵਿਚ ਸਮਰਾਟ ਇਕੋ ਸੀ ਤਾਂ ਧਾਰਮਿਕ ਖੇਤਰ ਵਿਚ ਵੀ ਲੋੜ ਸੀ ਕਿ ਸਾਰੇ ਲੋਕ ਇਕੋ ਰੱਬ ਨੂੰ ਮੰਨਣ। ਇਹ ਲੋੜ ਇਸਾਈ ਧਰਮ ਪੂਰੀ ਕਰਦਾ ਸੀ।

ਜਦ ਸ਼ਕਤੀਸ਼ਾਲੀ ਰੋਮਨ ਸਮਰਾਟ ਕੌਂਸਟੈਨਟਾਈਨ ਇਸਾਈ ਧਰਮ ਦੇ ਹੱਕ ਵਿਚ ਖੜ੍ਹ ਗਿਆ ਤਾਂ ਹੌਲੀ-ਹੌਲੀ ਬਾਕੀ ਸਭ ਤਰ੍ਹਾਂ ਦੇ ਧਾਰਮਿਕ ਜਾਂ ਦਾਰਸ਼ਨਿਕ ਵਿਚਾਰਾਂ ਨੂੰ ਦਬਾ ਦਿੱਤਾ ਗਿਆ। ਕੁਝ ਸਮੇਂ ਵਿਚ ਹੀ ਹਾਲ ਇਹ ਹੋ ਗਿਆ ਕਿ ਜੋ ਕੁਝ ਵੀ ਬਾਈਬਲ ਜਾਂ ਇਸਾਈ ਧਰਮ ਦੀਆਂ ਮਾਨਤਾਵਾਂ ਨਾਲ ਮੇਲ ਨਹੀਂ ਖਾਂਦਾ, ਉਹ ਗਿਆਨ ਬੇਕਾਰ ਮੰਨਿਆ ਜਾਣ ਲੱਗਾ। ਬਹੁਤ ਸਾਰੀਆਂ ਹੱਥ ਲਿਖਤਾਂ ਅਤੇ ਲਾਇਬ੍ਰੇਰੀਆਂ ਸਾੜ ਦਿੱਤੀਆਂ ਜਿਨ੍ਹਾਂ ਵਿਚ ਅਲੈਗਜ਼ੈਂਡਰੀਆ ਦੀ ਮਹਾਨ ਲਾਇਬ੍ਰੇਰੀ ਵੀ ਸ਼ਾਮਲ ਸੀ। ਪ੍ਰਾਚੀਨ ਯੂਨਾਨੀ ਅਤੇ ਰੋਮਨ ਚਿੰਤਕਾਂ ਦਾ ਚਿੰਤਨ ਤੇ ਗਿਆਨ ਇਸਾਈ ਧਰਮ ਗ੍ਰੰਥਾਂ ਹੇਠ ਦਬਾ ਦਿੱਤਾ ਗਿਆ। ਸਮੁੱਚੀ ਮਨੁੱਖਤਾ ਨੂੰ ਡੂੰਘੇ ਹਨੇਰੇ ਵਿਚ ਸੁੱਟ ਦਿੱਤਾ ਗਿਆ। ਇਹ ਦੌਰ ਤਕਰੀਬਨ ਇਕ ਹਜ਼ਾਰ ਸਾਲ ਤੱਕ ਚੱਲਿਆ। ਅੱਜ ਬਹੁਤ ਸਾਰੇ ਵਿਚਾਰਕ ਮੰਨਦੇ ਹਨ ਕਿ ਜੇ ਐਨਾ ਲੰਮਾ ਇਹ ਹਨੇਰਾ ਦੌਰ ਨਾ ਚੱਲਿਆ ਹੁੰਦਾ ਤਾਂ ਮਨੁੱਖੀ ਗਿਆਨ ਅਤੇ ਸਮਾਜ ਹੁਣ ਨਾਲੋਂ ਬਹੁਤ ਵਿਕਸਿਤ ਹੋਣਾ ਸੀ। ਇਸ ਦੌਰਾਨ ਜੇ ਪੁਰਾਣਾ ਗਿਆਨ ਬਚਿਆ ਰਿਹਾ ਤਾਂ ਉਸ ਦਾ ਸਿਹਰਾ ਅਰਬ ਸੰਸਾਰ ਨੂੰ ਜਾਂਦਾ ਹੈ ਜਿੱਥੇ ਇਨ੍ਹਾਂ ਕੱਟੜ ਇਸਾਈ ਤਾਕਤਾਂ ਦੀ ਪਹੁੰਚ ਨਹੀਂ ਸੀ।

### ਪੁਨਰ-ਜਾਗਰਤੀ ਦੌਰ (Renaissance Period)

ਧਰਮ ਨੇ ਭਾਵੇਂ ਲੰਮਾ ਸਮਾਂ ਨਵੇਂ ਵਿਚਾਰ ਪਨਪਣ ਲਈ ਹਾਲਤਾਂ ਪ੍ਰਤੀਕੂਲ ਬਣਾਈ ਰੱਖੀਆਂ ਪਰ ਸਮੁੱਚੇ ਮਨੁੱਖੀ ਸਮਾਜ ਦੇ ਵਿਕਾਸ ਨੂੰ ਅਨਿਸ਼ਚਿਤ ਕਾਲ ਤੱਕ ਬੰਨ੍ਹ ਮਾਰ ਕੇ ਨਹੀਂ ਰੱਖਿਆ ਜਾ ਸਕਦਾ। ਮਨੁੱਖ ਆਪਣੇ ਜਿਉਂਦੇ ਰਹਿਣ ਲਈ ਸਾਧਨ ਪੈਦਾ ਕਰਨ ਵਾਸਤੇ ਪੈਦਾਵਾਰੀ ਅਮਲ ਵਿਚ ਪਿਆ ਰਹਿੰਦਾ ਹੈ। ਇਸ ਲਈ ਉਹ ਕੁਦਰਤ ਨਾਲ ਕਿਰਿਆ-ਪ੍ਰਤੀਕਿਰਿਆ ਕਰਦਾ ਹੈ ਜਿਸ ਵਿਚੋਂ ਉਸ ਦਾ ਕੁਦਰਤ ਬਾਰੇ ਗਿਆਨ ਵਿਕਸਿਤ ਹੁੰਦਾ ਜਾਂਦਾ ਹੈ। ਇਸ ਹਨੇਰੇ ਦੌਰ ਵਿਚ ਵੀ ਅਜਿਹਾ ਅਮਲੀ ਗਿਆਨ ਵਿਕਸਿਤ ਹੁੰਦਾ ਰਿਹਾ। 14ਵੀਂ-15ਵੀਂ ਸਦੀ ਤੱਕ ਸਥਿਤੀ ਇਹ ਹੋ ਗਈ ਕਿ ਮਨੁੱਖ ਦੁਆਰਾ ਹਾਸਲ ਕੀਤੇ ਜਾ ਰਹੇ ਨਵੇਂ ਗਿਆਨ ਨੂੰ ਧਰਮ ਦੀਆਂ ਸੀਮਾਵਾਂ ਅਤੇ ਬਾਈਬਲ ਦੀਆਂ ਵਿਆਖਿਆਵਾਂ ਵਿਚ ਬੰਨ੍ਹ ਕੇ ਰੱਖਣਾ ਮੁਸ਼ਕਿਲ ਹੋ ਗਿਆ। ਤਦ ਵਿਦਵਾਨਾਂ ਅਤੇ ਚਿੰਤਕਾਂ ਨੇ ਇਸਾਈ ਧਰਮ ਦੀਆਂ ਲਿਖਤਾਂ ਤੋਂ ਵੱਖਰੇ ਵਿਚਾਰਾਂ ਦੀ ਭਾਲ ਆਰੰਭ ਕੀਤੀ ਪਰ ਪਿਛਲੇ ਇਕ ਹਜ਼ਾਰ ਸਾਲ ਤਾਂ ਇਸਾਈ ਸੰਸਾਰ ਦੇ ਖੇਤਰ ਵਿਚ ਕੋਈ ਗਿਣਨਯੋਗ ਫ਼ਲਸਫ਼ਾ ਜਾਂ ਲਿਖਤ ਨਹੀਂ ਰਚੀ ਗਈ ਸੀ ਜੋ ਇਨ੍ਹਾਂ ਧਾਰਮਿਕ ਲਿਖਤਾਂ ਤੋਂ ਪਾਰ ਕੋਈ ਨਵੀਂ ਸੋਚ ਪੇਸ਼ ਕਰਦੀ ਹੋਵੇ। ਸੋ, ਉਸ ਤੋਂ ਪਹਿਲਾਂ ਦੇ ਗ੍ਰੰਥ, ਲਿਖਤਾਂ ਅਤੇ ਵਿਚਾਰ ਫਰੋਲੇ ਜਾਣ ਲੱਗੇ। ਪੁਰਾਤਨ ਯੂਨਾਨ ਵਿਚ ਚਿੰਤਨ, ਫ਼ਲਸਫ਼ੇ ਅਤੇ ਗਿਆਨ ਵਿਧੀਆਂ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਗਈਆਂ ਸਨ। ਉਹ ਸਾਰਾ ਕੁਝ ਭਾਵੇਂ ਮਨੁੱਖੀ ਸੂਝ ਦੇ ਮੁੱਢਲੇ ਦੌਰ ਅਨੁਸਾਰ ਸੀ, ਬਹੁਤ ਸਾਰੀਆਂ ਧਾਰਨਾਵਾਂ ਬੀਜ ਰੂਪ ਵਿਚ ਸਨ ਪਰ ਹਜ਼ਾਰ ਸਾਲ ਤੋਂ ਧਰਮ ਵੱਲੋਂ ਅੱਖਾਂ ਬੰਨ੍ਹ ਕੇ ਅਗਿਆਨਤਾ ਦੇ ਹਨੇਰੇ ਵਿਚ ਸੁੱਟੇ ਸਮਾਜ ਲਈ ਇਹ ਪੁਰਾਤਨ ਲਿਖਤਾਂ ਵੀ ਗਿਆਨ ਦੀ ਨਵੀਂ ਖੁੱਲ੍ਹੀ ਖਿੜਕੀ ਨਿਆਈਂ ਸਨ। ਸੋ, ਪੁਰਾਤਨ ਗਿਆਨ ਫਰੋਲਿਆ ਗਿਆ। ਜਿੱਥੋਂ ਮਨੁੱਖੀ ਬੌਧਿਕ ਵਿਕਾਸ ਦੀ ਤੰਦ ਛੁੱਟੀ ਸੀ, ਉਹ ਮੁੜ ਫੜੀ। ਇਸੇ ਕਰ ਕੇ ਇਸ ਨੂੰ ਪੁਨਰ-ਜਾਗਰਤੀ ਦੌਰ ਕਿਹਾ ਜਾਂਦਾ ਹੈ ਜੋ 15ਵੀਂ ਤੋਂ 17ਵੀਂ ਸਦੀ ਤੱਕ ਚੱਲਿਆ।

### ਐਨਲਾਈਟਨਮੈਂਟ (ਗਿਆਨ) ਲਹਿਰ

ਇਸ ਨਾਲ ਮਨੁੱਖ ਦੇ ਬੌਧਿਕ ਵਿਕਾਸ ਦੀ ਟੁੱਟੀ ਤੰਦ ਤਾਂ ਜੁੜ ਗਈ ਪਰ ਹਜ਼ਾਰ ਸਾਲ ਪੁਰਾਣੀਆਂ ਧਾਰਨਾਵਾਂ ਨਵੇਂ ਗਿਆਨ ਨਾਲ ਕਿੰਨਾ ਕੁ ਚਿਰ ਮੇਲ ਖਾ ਸਕਦੀਆਂ ਸਨ? ਸੋ, ਕੁਝ ਸਮੇਂ ਬਾਅਦ ਉਨ੍ਹਾਂ ਤੋਂ ਵੀ ਅਸੰਤੁਸ਼ਟੀ ਹੋਣ ਲੱਗੀ। ਇਸ ਨਾਲ ਯੂਰਪੀ ਗਿਆਨ ਨਵੇਂ ਦੌਰ ਵਿਚ ਪ੍ਰਵੇਸ਼ ਕਰਦਾ ਹੈ ਜਿਸ ਨੂੰ ਗਿਆਨ ਕਾਲ (Age of Enlightenment) ਕਿਹਾ ਜਾਂਦਾ ਹੈ। ਇਸ ਨੂੰ ਬਹੁਤ ਸਾਰੇ ਚਿੰਤਕਾਂ ਤਰਕ ਦਾ ਯੁੱਗ (Age of Reason) ਵੀ ਕਿਹਾ ਜਾਂਦਾ ਹੈ।

ਪੁਨਰ-ਜਾਗਰਤੀ ਦੌਰਾਨ ਪੈਦਾ ਹੋਏ ਮਾਹੌਲ ਸਦਕਾ ਕੌਫ਼ੀ ਹਾਊਸਾਂ ਵਿਚ ਬੁੱਧੀਜੀਵੀਆਂ, ਸ਼ੰਕਾਵਾਦੀਆਂ, ਖੋਜੀਆਂ, ਕਲਾਕਾਰਾਂ, ਵਪਾਰੀਆਂ ਅਤੇ ਗਿਆਨ-ਪਿਆਸਿਆਂ ਦੀਆਂ ਮੀਟਿੰਗਾਂ ਵਿਚ ਤਰ੍ਹਾਂ-ਤਰ੍ਹਾਂ ਦੇ ਵਿਸ਼ਿਆਂ ਉਪਰ ਭਖਵੀਆਂ ਬਹਿਸਾਂ ਹੁੰਦੀਆਂ। ਇਨ੍ਹਾਂ ਬਹਿਸਾਂ ਵਿਚੋਂ ਇਹੋ ਜਿਹੀਆਂ ਗੱਲਾਂ ਨਿਕਲ ਕੇ ਬਾਹਰ ਆਉਂਦੀਆਂ ਜੋ ਸਥਾਪਤ ਧਾਰਮਿਕ ਮਾਨਤਾਵਾਂ ਦੇ ਬਿਲਕੁਲ ਉਲਟ ਜਾ ਖੜ੍ਹਦੀਆਂ। ਛਾਪੇਖਾਨੇ ਦੀ ਖੋਜ ਨਾਲ ਨਵੇਂ ਵਿਚਾਰ ਦੂਰ-ਦੂਰ ਤੱਕ ਫੈਲਣ ਲੱਗੇ ਅਤੇ ਇਨ੍ਹਾਂ ਨੂੰ ਦਬਾ ਕੇ ਰੱਖਣਾ ਮੁਸ਼ਕਿਲ ਹੋ ਗਿਆ। ਹੌਲੀ-ਹੌਲੀ ਚਰਚ ਦੀ ਤਾਨਾਸ਼ਾਹੀ ਟੁੱਟਣ ਲੱਗੀ। ਇਹ ਸਾਰਾ ਕੁਝ ਸੌਖੇ ਮਾਹੌਲ ਵਿਚ ਨਹੀਂ ਹੋ ਰਿਹਾ ਸੀ। ਨਵੇਂ ਵਿਚਾਰ ਲੈ ਕੇ ਆਉਣ ਵਾਲਿਆਂ ਵਿਚੋਂ ਬਹੁਤ ਸਾਰਿਆਂ ਨੂੰ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ, ਕੁਝ ਨੂੰ ਦੇਸ਼ ਨਿਕਾਲੇ ਵੀ ਮਿਲੇ।

ਉਂਝ ਇਸ ਟੱਕਰ ਦੌਰਾਨ ਚਰਚ ਨੂੰ ਵੀ ਆਪਣੀਆਂ ਕਰਨੀਆਂ ਦਾ ਮੁੱਲ 1789 ਦੇ ਫਰਾਂਸੀਸੀ ਇਨਕਲਾਬ ਦੌਰਾਨ ਉਤਾਰਨਾ ਪਿਆ। ਫਰਾਂਸੀਸੀ ਇਨਕਲਾਬ ਦੌਰਾਨ ਚਰਚ ਦੀ ਸਾਰੀ ਜਾਇਦਾਦ ਦਾ ਕੌਮੀਕਰਨ ਕਰ ਦਿੱਤਾ ਗਿਆ, ਹਜ਼ਾਰਾਂ ਪਾਦਰੀ ਦੇਸ਼ ਵਿਚੋਂ ਭਜਾ ਦਿੱਤੇ ਗਏ ਅਤੇ ਸੈਂਕੜੇ ਮਾਰੇ ਵੀ ਗਏ। ਫਰਾਂਸੀਸੀ ਇਨਕਲਾਬ ਨੇ ਸਾਰੀਆਂ ਰੂੜੀਵਾਦੀ ਮਾਨਤਾਵਾਂ ਉਪਰ ਹਿੰਸਕ ਹੱਲਾ ਬੋਲਿਆ। ਇਸ ਦਾ ਅਸਰ ਫਰਾਂਸ ਤੱਕ ਹੀ ਮਹਿਦੂਦ ਨਾ ਰਿਹਾ ਬਲਕਿ ਸਾਰੇ ਯੂਰਪ ਉਪਰ ਪਿਆ। ਇਸ ਨਾਲ ਆਜ਼ਾਦੀ, ਬਰਾਬਰੀ, ਭਾਈਚਾਰੇ ਦਾ ਨਾਅਰਾ ਸਾਰੀ ਦੁਨੀਆ ਵਿਚ ਫੈਲ ਗਿਆ।



ਥੌਮਸ ਕੋਲ ਦਾ 1836 ਦਾ ਬਣਾਇਆ ਚਿੱਤਰ 'ਦਿ ਕੋਰਸ ਆਫ ਐਂਪਾਇਰ ਡੈਸਟਰੱਕਸ਼ਨ'।

ਫਰਾਂਸ ਵਿਚ ਜੋ ਕੁਝ 1789 ਦੇ ਇਨਕਲਾਬ ਰਾਹੀਂ ਹੋਇਆ, ਉਸ ਦਾ ਮੁੱਢ 'ਗਿਆਨ' (ਐਨਲਾਈਟਨਮੈਂਟ) ਦੇ ਚਿੰਤਕਾਂ ਰੂਸੋ, ਵਾਲਟੇਅਰ, ਕਾਂਤ, ਦਿਦਰੋ, ਸਪਾਈਨੋਜ਼ਾ ਆਦਿ ਦੇ ਵਿਚਾਰਾਂ ਨੇ ਬੰਨ੍ਹ ਦਿੱਤਾ ਸੀ।

ਰੂਸੋ ਨੇ ਆਪਣੀਆਂ ਲਿਖਤਾਂ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਨੁੱਖ ਬੁਨਿਆਦੀ ਤੌਰ ਉਤੇ ਚੰਗਾ ਹੈ, ਉਸ ਨੂੰ ਸਾਡਾ ਸਮਾਜ ਹੀ ਖ਼ਰਾਬ ਕਰਦਾ ਹੈ; ਇਸਾਈ ਧਰਮ ਇਸ ਦੇ ਉਲਟ ਮਨੁੱਖ ਨੂੰ ਬੁਨਿਆਦੀ ਤੌਰ 'ਤੇ ਪਾਪੀ ਮੰਨਦਾ ਸੀ ਅਤੇ ਚਰਚ ਦਾ ਸਾਰਾ ਕਾਰੋਬਾਰ ਹੀ ਪਾਪਾਂ ਤੋਂ ਮੁਕਤੀ 'ਤੇ ਖੜ੍ਹਾ ਸੀ। ਇਸੇ ਕਰ ਕੇ ਰੂਸੋ ਨੂੰ ਆਪਣੀ ਪੁਸਤਕ 'ਐਮਿਲੀ' ਦੇ ਪ੍ਰਕਾਸ਼ਨ ਬਾਅਦ ਫਰਾਂਸ ਛੱਡ ਕੇ ਪਰਸ਼ੀਆ (ਹੁਣ ਵਾਲਾ ਇਰਾਨ) ਵਿਚ ਪਨਾਹ ਲੈਣੀ ਪਈ ਸੀ।

ਵਾਲਟੇਅਰ ਵਿਚਾਰਾਂ ਦੀ ਆਜ਼ਾਦੀ ਉਤੇ ਧਾਰਮਿਕ ਤਾਨਾਸ਼ਾਹੀ ਦੇ ਸਖ਼ਤ ਖ਼ਿਲਾਫ਼ ਸੀ। ਉਸ ਦਾ ਇਹ ਕਥਨ ਅੱਜ ਵੀ ਓਨਾ ਹੀ ਪ੍ਰਸੰਗਿਕ ਹੈ ਕਿ "ਮੈਂ ਭਾਵੇਂ ਤੇਰੇ ਵਿਚਾਰਾਂ ਨਾਲ ਸਹਿਮਤ ਨਹੀਂ ਪਰ ਤੇਰੀ ਵਿਚਾਰ ਰੱਖਣ ਦੀ ਆਜ਼ਾਦੀ ਲਈ ਮੈਂ ਆਪਣੀ ਜਾਨ ਵੀ ਦੇ ਸਕਦਾ ਹਾਂ।" ਦਿਦਰੋ ਨੇ ਗਿਆਨ ਦੇ ਮਹਾਂ ਕੋਸ਼ (ਐਨਸਾਈਕਲੋਪੀਡੀਆ) ਬਣਾ ਕੇ ਗਿਆਨ ਤੱਕ ਆਮ ਲੋਕਾਂ ਦੀ ਪਹੁੰਚ ਬਣਾਈ। ਇਸੇ ਤਰ੍ਹਾਂ ਬਾਕੀ ਚਿੰਤਕਾਂ ਨੇ ਵੀ ਆਜ਼ਾਦੀ, ਬਰਾਬਰੀ, ਭਾਈਚਾਰੇ ਤੇ ਵਿਗਿਆਨਕ ਸੋਚ ਦੇ ਹੱਕ ਵਿਚ ਲੋਕ ਰਾਇ ਖੜ੍ਹੀ ਕੀਤੀ ਅਤੇ ਉਸ ਨੂੰ ਆਮ ਜਨਤਾ ਦੀ ਸੋਚ ਦਾ ਅੰਗ ਬਣਾਇਆ।

ਕੁੱਲ ਮਿਲਾ ਕੇ ਗਿਆਨ (ਐਨਲਾਈਟਨਮੈਂਟ) ਲਹਿਰ ਨੇ ਜੋ ਅਸਰ ਪਾਏ ਅਤੇ ਜੋ ਵਿਚਾਰ ਮਨੁੱਖੀ ਸੋਚ ਦਾ ਅੰਗ ਬਣ ਗਏ, ਉਨ੍ਹਾਂ ਨੂੰ ਸੰਖੇਪ ਰੂਪ ਵਿਚ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ:

1. ਕਿਸੇ ਵੀ ਮੁੱਦੇ ਸਬੰਧੀ ਸਚਾਈ ਉਤੇ ਪਹੁੰਚਣ ਦਾ ਰਾਹ ਤੱਥਾਂ ਅਤੇ ਤਰਕ ਵਿਚੋਂ ਨਿਕਲਦਾ ਹੈ। ਇਹ ਨਹੀਂ ਕਿ ਪਰੰਪਰਾ ਵਿਚ ਜੋ ਚੱਲਿਆ ਆਉਂਦਾ ਹੈ ਜਾਂ ਕਿਸੇ ਧਾਰਮਿਕ ਸ਼ਖ਼ਸੀਅਤ ਨੇ ਜੋ ਕਹਿ ਦਿੱਤਾ, ਉਸ ਨੂੰ ਸੱਚ ਮੰਨ ਲਿਆ ਜਾਵੇ। ਇਹ ਨਜ਼ਰੀਆ ਵਿਗਿਆਨਕ ਸੋਚ ਦਾ ਆਧਾਰ ਹੈ।

2. ਵੱਖ-ਵੱਖ ਸਮਿਆਂ ਦੇ ਲੋਕ ਵੱਖ-ਵੱਖ ਢੰਗਾਂ ਨਾਲ ਸੋਚਦੇ ਰਹੇ ਹਨ, ਵੱਖ-ਵੱਖ ਸਭਿਆਚਾਰਾਂ ਵਿਚ ਜ਼ਿੰਦਗੀ ਜਿਉਣ ਦੇ ਢੰਗ ਵੱਖੋ-ਵੱਖਰੇ ਹਨ। ਜ਼ਰੂਰੀ ਨਹੀਂ, ਸਭ ਲੋਕ ਇਕੋ ਤਰ੍ਹਾਂ ਨਾਲ ਸੋਚਣ ਅਤੇ ਨਾ ਹੀ ਸਭ ਉਤੇ ਇਕੋ ਤਰ੍ਹਾਂ ਦਾ ਜਿਉਣ ਢੰਗ ਅਤੇ ਇਕੋ ਕਦਰਾਂ-ਕੀਮਤਾਂ ਥੋਪੀਆਂ ਜਾ ਸਕਦੀਆਂ ਹਨ।

3. ਹਰ ਮਨੁੱਖ ਆਪਣੇ ਵਿਚਾਰ ਰੱਖਣ ਲਈ ਆਜ਼ਾਦ ਹੈ। ਜ਼ਰੂਰੀ ਨਹੀਂ ਕਿ ਇਹ ਵਿਚਾਰ ਕਿਸੇ ਵਿਸ਼ੇਸ਼ ਧਰਮ ਜਾਂ ਰਾਜਸੀ ਧਾਰਨਾ ਨਾਲ ਮੇਲ ਖਾਂਦੇ ਹੋਣ।

4. ਸ਼ਾਸਕਾਂ ਨੂੰ ਰਾਜ ਕਰਨ ਦਾ ਕੋਈ ਦੈਵੀ ਹੱਕ ਨਹੀਂ। ਉਨ੍ਹਾਂ ਨੂੰ ਆਪਣੇ ਪ੍ਰਬੰਧ ਦੀ ਵਾਜਬੀਅਤ ਲੋਕਾਂ ਦੇ ਜੀਵਨ ਦੀ ਬਿਹਤਰੀ ਵਿਚੋਂ ਜਚਾਉਣੀ ਪਵੇਗੀ।

5. ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਹਨ। ਉਨ੍ਹਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨਣਾ ਅਤੇ ਪਾਬੰਦੀਆਂ ਲਾਉਣੀਆਂ ਗ਼ਲਤ ਹਨ।

6. ਗ਼ੁਲਾਮਾਂ ਦੇ ਵਪਾਰ ਨੂੰ ਮਨੁੱਖਤਾ ਉਤੇ ਬਹੁਤ ਵੱਡਾ ਧੱਬਾ ਮੰਨਿਆ ਗਿਆ। ਨੀਗਰੋ ਜਾਂ ਹੋਰ ਨਸਲਾਂ ਦੇ ਗ਼ੁਲਾਮ ਵੀ ਓਨੇ ਹੀ ਮਨੁੱਖੀ ਹੱਕ ਰੱਖਦੇ ਹਨ।

7. ਕਾਮ ਸਬੰਧਾਂ ਨੂੰ ਪਾਪ ਮੰਨਣ ਅਤੇ ਇਨ੍ਹਾਂ ਉਤੇ ਬੇਲੋੜੀਆਂ ਬੰਦਿਸ਼ਾਂ ਨੂੰ ਰੱਦ ਕਰ ਕੇ ਇਸ ਨੂੰ ਕੁਦਰਤੀ ਵਰਤਾਰਾ ਮੰਨਿਆ ਜਾਣ ਲੱਗਾ।

8. ਇਸ ਦੌਰ ਵਿਚ ਨਾਸਤਿਕ ਵਿਚਾਰਾਂ ਦਾ ਸ਼ਰੇਆਮ ਪ੍ਰਗਟਾਵਾ ਹੋਣ ਲੱਗਾ। ਅਜਿਹੀਆਂ ਦਲੀਲਾਂ ਬਹੁਤ ਜ਼ੋਰ ਨਾਲ ਦਿੱਤੀਆਂ ਜਾਣ ਲੱਗੀਆਂ ਕਿ ਜੇ ਪਰਮਾਤਮਾ ਸਰਵ ਸ਼ਕਤੀਮਾਨ ਅਤੇ ਦਿਆਲੂ ਹੈ ਤਾਂ ਦੁਨੀਆ ਵਿਚ ਐਨੇ ਦੁੱਖ ਤੇ ਬੁਰਾਈ ਕਿਉਂ ਹੈ?

9. ਗਿਆਨ (ਐਨਲਾਈਟਨਮੈਂਟ) ਲਹਿਰ ਦੀ ਸੋਚ ਦਾ ਵਿਸ਼ਵਾਸ ਸੀ ਕਿ ਗਿਆਨ ਦੇ ਫੈਲਾਅ, ਤਰਕ ਦੀ ਵਰਤੋਂ ਅਤੇ ਵਿਗਿਆਨਕ ਵਿਧੀ ਨੂੰ ਲਾਗੂ ਕਰਨ ਨਾਲ ਮਨੁੱਖਤਾ ਦੀ ਖ਼ੁਸ਼ੀ ਅਤੇ ਖ਼ੁਸ਼ਹਾਲੀ ਵਿਚ ਵਾਧਾ ਹੋਵੇਗਾ।

ਅੱਜ ਯੂਰਪ ਵਿਚ ਜੇ ਬਾਕੀ ਦੁਨੀਆ ਦੇ ਮੁਕਾਬਲੇ ਜ਼ਿੰਦਗੀ ਬਿਹਤਰ ਹੈ, ਲੋਕਾਂ ਦੀ ਸੋਚ ਵਿਚ ਮਾਨਵਤਾਵਾਦੀ ਭਾਵਨਾ ਬਲਵਾਨ ਹੈ, ਧਾਰਮਿਕ ਕੱਟੜਤਾ ਤੋਂ ਕਾਫ਼ੀ ਹੱਦ ਤੱਕ ਮੁਕਤੀ ਹਾਸਲ ਹੋ ਚੁੱਕੀ ਹੈ, ਕਦਰਾਂ-ਕੀਮਤਾਂ ਉਸਾਰੂ ਹਨ ਤਾਂ ਇਸ ਪਿੱਛੇ ਗਿਆਨ (ਐਨਲਾਈਟਨਮੈਂਟ) ਦੀ ਲਹਿਰ ਦਾ ਵੱਡਾ ਰੋਲ ਹੈ। ਇਹ ਸਾਰਾ ਕੁਝ ਕਹਿਣ ਦਾ ਭਾਵ ਇਹ ਨਹੀਂ ਕਿ ਅੱਜ ਦੇ ਯੂਰਪੀ ਸਮਾਜ ਵਿਚ ਕੋਈ ਸਮੱਸਿਆਵਾਂ ਨਹੀਂ ਹਨ ਪਰ ਉਹ ਸਮੱਸਿਆਵਾਂ ਮਨੁੱਖੀ ਹੋਂਦ ਦੇ ਉਚੇਰੇ ਪੱਧਰ ਦੀਆਂ ਹਨ। ਸਮੱਸਿਆਵਾਂ ਤੋਂ ਰਹਿਤ ਤਾਂ ਕੋਈ ਜ਼ਿੰਦਗੀ ਹੁੰਦੀ ਹੀ ਨਹੀਂ ਪਰ ਯੂਰਪੀ ਸਮਾਜ ਦੀਆਂ ਸਮੱਸਿਆਵਾਂ ਉਥੋਂ ਦੇ ਵਸਨੀਕਾਂ ਨੂੰ ਅਮਨੁੱਖੀ ਹਾਲਤਾਂ ਵਿਚ ਨਹੀਂ ਸੁੱਟਦੀਆਂ। ਖ਼ੁਸ਼ੀ ਅਤੇ ਖ਼ੁਸ਼ਹਾਲੀ ਦੇ ਮਾਪਦੰਡਾਂ ਵਿਚ ਉਹ ਲੋਕ ਬਾਕੀਆਂ ਨਾਲੋਂ ਕਾਫ਼ੀ ਅੱਗੇ ਲੰਘ ਚੁੱਕੇ ਹਨ।

ਇਸ ਦੇ ਮੁਕਾਬਲੇ ਭਾਰਤੀ ਸਮਾਜ 'ਤੇ ਨਿਗ੍ਹਾ ਮਾਰੀਏ ਤਾਂ ਇਸ ਦੀ ਸਥਿਤੀ ਮੁੜ ਇਸਾਈ ਜਗਤ ਦੇ ਹਨੇਰੇ ਯੁੱਗ ਵਰਗੀ ਹੋ ਰਹੀ ਹੈ। ਉਸ ਤੋਂ ਵੀ ਮਾੜੀ ਗੱਲ, ਯੂਰਪੀ ਸਮਾਜ ਦੇ ਚਿੰਤਕਾਂ ਦੀ ਸੋਚ ਦੀ ਦਿਸ਼ਾ ਉਸ ਹਨੇਰੇ ਵਿਚੋਂ ਨਿਕਲ ਕੇ ਚਾਨਣ ਵੱਲ ਜਾਣ ਦੀ ਸੀ ਤੇ ਸਾਡੀ ਸੋਚ ਦੀ ਦਿਸ਼ਾ ਹੀ ਹਨੇਰੇ ਵੱਲ ਹੋ ਰਹੀ ਹੈ। ਜਿਵੇਂ 16ਵੀਂ ਸਦੀ ਤੱਕ ਉਥੇ ਹਰ ਨਵੇਂ ਗਿਆਨ ਨੂੰ ਬਾਈਬਲ ਨਾਲ ਮੇਲ ਕੇ ਦੇਖਿਆ ਜਾਂਦਾ ਸੀ, ਉਸੇ ਤਰ੍ਹਾਂ ਇਥੇ ਵੀ ਹਰ ਵਿਗਿਆਨਕ ਖੋਜ ਨੂੰ ਪੁਰਾਤਨ ਧਾਰਮਿਕ ਗ੍ਰੰਥਾਂ ਤੇ ਮਿੱਥਾਂ ਨਾਲ ਜੋੜਿਆ ਜਾਂਦਾ ਹੈ।

ਅੱਜ ਵਿਗਿਆਨ ਭਾਵੇਂ ਸਾਡੀ ਜ਼ਿੰਦਗੀ ਵਿਚ ਐਨਾ ਦਾਖ਼ਲ ਹੋ ਚੁੱਕਿਆ ਹੈ ਕਿ ਇਸ ਬਿਨਾਂ ਕੱਟੜ ਤੋਂ ਕੱਟੜ ਬੰਦੇ ਵੀ ਸਾਰ ਨਹੀਂ ਸਕਦੇ ਪਰ ਵਿਚਾਰਾਂ ਦੇ ਖੇਤਰ ਵਿਚ ਵਿਗਿਆਨਕ ਸੋਚ ਮਨਫ਼ੀ ਹੀ ਹੈ। ਸਮਾਂ ਇਥੋਂ ਦੇ ਲੇਖਕਾਂ, ਚਿੰਤਕਾਂ, ਵਿਗਿਆਨੀਆਂ, ਸਮਾਜਿਕ ਅਤੇ ਰਾਜਨੀਤਕ ਕਾਰਕੁਨਾਂ ਤੋਂ ਮੰਗ ਕਰਦਾ ਹੈ ਕਿ ਯੂਰਪ ਦੀ ਗਿਆਨ (ਐਨਲਾਈਟਨਮੈਂਟ) ਲਹਿਰ ਵਾਂਗ ਇਥੇ ਵੀ ਗਿਆਨ, ਵਿਗਿਆਨ ਅਤੇ ਤਰਕ ਦੇ ਹੱਕ ਵਿਚ ਵੱਡੀ ਲਹਿਰ ਖੜ੍ਹੀ ਕੀਤੀ ਜਾਵੇ। ਕੁਝ ਵਿਗਿਆਨਕ ਸੋਚ ਵਾਲੇ ਲੋਕ, ਤਰਕਸ਼ੀਲ ਸੰਸਥਾਵਾਂ ਅਤੇ ਅਗਾਂਹਵਧੂ ਜਥੇਬੰਦੀਆਂ ਇਸ ਲਈ ਕੋਸ਼ਿਸ਼ ਕਰ ਵੀ ਰਹੀਆਂ ਹਨ ਪਰ ਇਹ ਕੋਸ਼ਿਸ਼ਾਂ ਨਾਕਾਫ਼ੀ ਹਨ। ਲੋਕਾਈ ਨੂੰ ਰੂੜੀਵਾਦੀ ਸੋਚ ਵਿਚੋਂ ਕੱਢਣ ਲਈ ਯੂਰਪ ਦੀ 'ਐਨਲਾਈਟਨਮੈਂਟ' ਵਰਗੀ ਹੀ ਵਿਸ਼ਾਲ ਲਹਿਰ ਦੀ ਲੋੜ ਹੈ। ਫਿਰ ਹੀ ਅਸੀਂ ਕਿਸੇ ਬਿਹਤਰ ਸਮਾਜਿਕ-ਰਾਜਨੀਤਕ ਪ੍ਰਬੰਧ ਵੱਲ ਵਧ ਸਕਾਂਗੇ।

ਕਹਾਣੀ

# ਸਨਮਾਨ ਚਿੰਨ੍ਹ

ਡਾਕਟਰ ਕੰਗਾਰੂ ਦਿਲ ਦੇ ਕੰਢਿਆਂ ਤੱਕ ਭਰਿਆ, ਸੱਟ ਖਾਧੇ ਜ਼ਹਿਰੀ ਸੱਪ ਵਾਂਗ ਵਿੱਸ ਘੋਲਦਾ ਬੱਸ ਅੱਡੇ 'ਚੋਂ ਬਾਹਰ ਨਿਕਲ ਕੇ 'ਪੰਜਾਬੀ ਚਿਕਨ-ਕਾਰਨਰ' ਵਿਚ ਜਾ ਵੜਿਆ। ਉਸ ਦਾ ਚਿੱਤ ਅੱਜ ਅਤਿਅੰਤ ਉਦਾਸੀ ਤੇ ਘੋਰ ਨਮੋਸ਼ੀ ਵਿਚ ਡੁੱਬਿਆ ਪਿਆ ਸੀ, ਠੀਕ ਓਵੇਂ ਹੀ ਜਿਵੇਂ ਉਸ ਦੇ ਪੜ੍ਹੇ ਪਰਚੇ ਦੇ ਨਾਇਕ ਦੀ ਦੁਰਦਸ਼ਾ ਉਸ ਨੇ ਆਪ ਜਾਣ ਬੁੱਝ ਕੇ ਕੀਤੀ ਸੀ। ਨਾਵਲ ਦੇ ਇੱਕ ਪਾਤਰ ਨੂੰ ਉਸ ਨੇ ਰੱਜ ਕੇ ਭੰਡਿਆ ਤੇ ਪੂਰੀ ਤਰ੍ਹਾਂ ਨਿਰਬਸਤਰ ਕਰ ਕੇ ਭ੍ਰਿਸ਼ਟ ਗੰਧਲਾ ਜਤਾਉਣ ਦੀ ਪੂਰੀ ਵਾਹ ਲਾਈ। ਰਚਨਾ ਦੀਆਂ ਲਗਾਂ-ਮਾਤਰਾਂ ਤੇ ਹੋਰ ਅੰਗ ਤਰੋੜ-ਮਰੋੜ ਕੇ ਨਾਲ ਮਨਫ਼ੀ ਜੋੜ ਕੇ ਨਾਂਹਵਾਚੀ ਤਸਵੀਰ ਸਰੋਤਿਆਂ ਸਾਹਮਣੇ ਪੇਸ਼ ਕੀਤੀ। ਰਚਨਾ ਦੀਆਂ ਵਿਸ਼ੇਸ਼ਤਾਈਆਂ, ਨਵੀਆਂ ਗੱਲਾਂ, ਨਵਾਂ ਵਿਸ਼ਾ, ਨਵੇਂ ਨਿਵੇਕਲੇ ਗੁਣ, ਜੋ ਡਾ. ਭੁਪਿੰਦਰ ਤੇ ਹੋਰ ਆਲੋਚਕਾਂ ਨੇ ਪਰਚੇ ਪੜ੍ਹਨ ਸਮੇਂ ਬੜੀ ਸੰਤੁਲਨ ਇਕਸਾਰਤਾ



**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

ਨਾਲ ਉਜਾਗਰ ਕੀਤੇ, ਉਸ ਨੇ ਪਹਿਲਾਂ ਮਿਥੀ ਤਰਕੀਬ ਅਨੁਸਾਰ ਅੱਖੋਂ-ਪਰੋਖੇ ਕਰ ਦਿੱਤੇ ਸਨ। ਉਹ ਪੂਰੀ ਤਰ੍ਹਾਂ ਡਾ. ਤੁਲਸਾ ਰਾਮ ਦੇ ਟੇਟੇ ਚੜ੍ਹ ਕੇ ਇੱਕ ਪਾਸੜ ਹੋ ਗਿਆ ਸੀ ਜਿਸ ਨੇ ਉਸ ਨੂੰ ਪਹਿਲਾਂ ਹੀ ਚੰਗੀ ਤਰ੍ਹਾਂ ਤੁੱਖਣਾ ਦੇ ਦਿੱਤੀ ਸੀ।

'ਇਹਨੂੰ ਪੂਰੀ ਤਰ੍ਹਾਂ ਡਾਊਨ ਕਰ ਕੇ ਅਸਲ ਦੁਨੀਆਦਾਰੀ ਦਾ ਸਬਕ ਸਿਖਾਉਣਾ ਹੈ। ਇਹ ਕਿਸੇ ਉਸਤਾਦ ਦੀ ਸੇਵਾ ਪਾਣੀ ਨਹੀਂ ਕਰਦਾ। ਖੌਰੇ ਕੀ ਅਫ਼ਲਾਤੂਨ ਬਣਿਆ ਫਿਰਦਾ ਹੈ! ਆਪਣੇ ਆਪ ਨੂੰ ਕਹਾਣੀਕਾਰਾਂ ਦੀ ਮੁਹਰਲੀ ਕਤਾਰ ਦਾ ਸਾਹਿਤਕਾਰ ਬਣਦਾ-ਬਣਦਾ ਨਾਵਲਕਾਰ ਬਣ ਗਿਆ।'

ਸੜੂੰ-ਸੜੂੰ ਕਰਦੀ ਉਸ ਦੀ ਸੱਜੀ ਗੱਲ ਉਸ ਨੂੰ ਪਰੇਸ਼ਾਨ ਕਰ ਰਹੀ ਸੀ। ਸੱਜੇ ਹੱਥ ਨਾਲ ਪਲੋਸਣ ਦੀ ਕੋਸ਼ਿਸ਼ ਕੀਤੀ। ਚਿਕਨ ਕਾਰਨਰ ਵਿਚੋਂ ਉੱਠਦੇ ਖ਼ੁਸ਼ਬੂਦਾਰ ਮਸਾਲੇ ਦੀਆਂ ਲਪਟਾਂ ਉਸ ਦੇ ਧੁਰ ਅੰਦਰ ਤੱਕ ਝਰਨਾਹਟਾਂ ਛੇੜ ਰਹੀਆਂ ਸਨ।

ਉੱਧਰ ਪਿੱਛੇ ਤਾਂ ਜਸ਼ਨ ਹੁੰਦੇ ਹੋਣਗੇ... ਬੋਤਲਾਂ ਦੇ ਡਟ ਖੁੱਲ੍ਹੇ ਹੋਣਗੇ! ਗੜ੍ਹਕਦੇ ਕੁੱਕੜ ਦੀ ਕੁਕੜੂੰ-ਘੁੜੂੰ ਤਾਂ ਉਸ ਵੇਲੇ ਹੀ ਸਾਰੇ ਹਾਲ ਵਿਚ ਸੁਗੰਧੀ ਫੈਲਾ ਰਹੀ ਸੀ। ਖੈਰ ਕੀ ਹੋਇਆ! ਕੋਈ ਨਾ! ਮੈਂ ਯਾਰੀ ਨਿਭਾਈ ਹੈ...ਨਿਭਾ ਦਿੱਤੀ ਹੈ। ਤੁਲਸਾ ਵੀ ਤਾਂ ਯਾਰਾਂ ਦਾ ਯਾਰ ਹੈ, ਉੱਚੀ ਪਹੁੰਚ ਵਾਲਾ ਪ੍ਰੋਫੈਸਰ ਹੈ, ਮੀਡੀਆ ਪ੍ਰਭਾਰੀ ਹੈ, ਵੇਲੇ ਕੁਵੇਲੇ ਕੰਮ ਆਉਣ ਵਾਲਾ ਬੰਦਾ ਹੈ। ਵੱਡੇ ਮਿਆਰੀ ਪਰਚੇ ਦਾ ਮਾਲਕ ਹੈ। ਬਹੁਤੇ ਪਰਚੇ ਵੀ ਭਾਵੇਂ ਅੱਜ ਕੱਲ੍ਹ ਖੁੰਬਾਂ ਵਾਂਗੂ ਉੱਗਦੇ ਪਾਠਕਾਂ ਕੋਲੋਂ ਸੌ ਸੌ ਡਾਲਰ ਜੀਵਨ-ਚੰਦਾ ਇਕੱਠਾ ਕਰ ਕੇ ਗਡੋਇਆਂ ਵਾਂਗ ਲੁਪਤ ਹੋ ਜਾਂਦੇ ਨੇ, ਫਿਰ ਤੂੰ ਕੌਣ ਤੇ ਮੈਂ ਕੌਣ! ਪਰ ਇਹ ਅਜੇਹਾ ਨਹੀਂ। ਮਾਂ ਬੋਲੀ ਦੀ ਬੜੀ ਭਾਰੀ ਸੇਵਾ ਸਤਿਕਾਰ ਕਰਦਾ ਹੈ, ਮੇਰੀ ਭਾਜੀ ਜ਼ਰੂਰ ਦੂਣ-ਸਵਾਈ ਕਰ ਕੇ ਮੋੜੇਗਾ। ਬਾਹਰਲੇ ਦੇਸ਼ਾਂ ਵਿਚ ਵਿਸ਼ਵ ਕਾਨਫ਼ਰੰਸਾਂ ਵਾਸਤੇ ਵਿਚੋਲਗੀ ਕਰਦਾ ਬਾਹਰ ਵਿਦਵਾਨ ਭੇਜਦਾ ਹੈ। ਰਾਹਦਾਰੀ ਮੰਗਾਉਣ ਲਈ ਸਿਰਫ਼ ਪੰਜ ਲੱਖ ਲੈਂਦਾ ਹੈ। ਏਜੰਟਾਂ ਦੇ ਤੀਹ-ਚਾਲੀ ਤੋਂ ਕਿੰਨਾ ਸਸਤਾ ਹੈ, ਨਾਲੇ ਪੂਰੇ ਯਕੀਨ ਵਾਲਾ। ਮੇਰੀ ਤਾਂ ਰਾਹਦਾਰੀ ਆਈ ਖੜੀ ਸਮਝੋ ਇਸ ਸਾਲ...ਮੈਥੋਂ ਕਿਹੜਾ ਉਹਨੇ ਪੰਜ ਲੱਖ ਮੰਗਣਾ! ਕਿੰਨਾ ਵੱਡਾ ਪਰਉਪਕਾਰੀ ਹੈ। ਪਿਛਲੇ ਸਾਲ ਉਸ ਦੇ ਭੇਜੇ ਦਸਾਂ ਵਿਚੋਂ ਪੰਜਾਂ ਦੇ ਦਸ ਦਸ ਸਾਲ ਵੀਜ਼ੇ ਲੱਗ ਗਏ ਸਨ। ਉਹ ਪੰਜ ਪ੍ਰੋਫੈਸਰ ਉੱਥੇ ਖੂਬ ਮੌਜ ਮੇਲਾ ਕਰ ਕੇ ਤੋਹਫ਼ਿਆਂ ਸੁਗਾਤਾਂ ਦੇ ਅਟੈਚੀ, ਬੋਰੀਆਂ ਭਰ ਕੇ ਆਪਣੇ ਬਾਲ ਬੱਚਿਆਂ ਵਾਸਤੇ ਭਵਿੱਖਤ ਸਕੀਮਾਂ ਤਹਿ ਕਰ ਉਸ ਦੇ ਗੁਣ ਗਾਉਂਦੇ ਵਾਪਸ ਆਏ ਸਨ। ਮੇਜ਼ਬਾਨਾਂ ਨੇ ਉਨ੍ਹਾਂ ਨੂੰ ਖੂਬ ਸੈਰਾਂ ਕਰਵਾਈਆਂ ਤੇ ਰੰਗ-ਬਰੰਗੀ ਸ਼ਰਾਬ, ਸ਼ਬਾਬ, ਕਬਾਬ ਨਾਲ ਨਿਹਾਲ ਕਰੀ ਰੱਖਿਆ। ਲਾਸ ਵੇਗੱਸ ਜਿਹੇ ਅੱਯਾਸ਼ ਭਰਪੂਰ ਸ਼ਹਿਰ ਵਿਖੇ ਮਹਿਮਾਨਾਂ ਨੂੰ ਸ਼ਬਾਬ ਦੇ ਰੋਮਾਂਟਿਕ ਜਲੌਅ ਵਿਚ ਡੋਬਿਆ। ਇਸ ਦੇ ਇਵਜ਼ ਵਿਚ ਅੱਧ ਪੜ੍ਹ ਮੇਜ਼ਬਾਨਾਂ ਨੂੰ ਇਨ੍ਹਾਂ ਪਰਾਹੁਣਿਆਂ ਨੇ ਕਲਮਾਂ ਪਕੜਾ ਕੇ ਆਪ ਲਿਖਣਾ ਸਿਖਾਇਆ। ਇਨ੍ਹਾਂ ਦੋ ਹਫ਼ਤਿਆਂ ਦੇ ਠਹਿਰਾਓ ਦੌਰਾਨ ਆਪਣੀਆਂ ਰਚਨਾਵਾਂ ਉਨ੍ਹਾਂ ਦੇ ਨਾਂ ਲਿਖੀਆਂ ਤੇ ਅਖ਼ਬਾਰਾਂ ਵਿਚ ਛਪਵਾ ਕੇ ਉਨ੍ਹਾਂ ਨੂੰ ਮੁਕੰਮਲ ਵੱਡੇ ਸਾਹਿਤਕਾਰ ਸਾਬਤ ਕਰ ਕੇ ਵਾਪਸ ਮੁੜੇ ਸਨ।

ਮੈਨੂੰ ਵੀ ਬੇਨਾਮੀ ਘੋਸਟ ਲੇਖਕ ਬਣ ਕੇ ਕਈ ਵਿਦੇਸ਼ੀ ਪ੍ਰੇਮੀਆਂ ਨੂੰ ਸਾਹਿਤਕਾਰ ਬਣਾਉਣਾ ਪਵੇਗਾ! ਉਨ੍ਹਾਂ ਦਾ ਰੂਬਰੂ ਕਰਵਾ ਕੇ ਤੇ ਆਲੋਚਨਾਤਮਕ ਪਰਚੇ ਲਿਖਵਾ-ਪੜ੍ਹਵਾ ਕੇ ਵਿਦੇਸ਼ੀ ਆਲੋਚਕ ਕਹਾਵਾਂਗਾ ਤੇ ਆਪਣੀ ਕਦਰ-ਕੀਮਤ ਵਧਾਵਾਂਗਾ।' ਉਹ ਮਨ ਹੀ ਮਨ ਵਿਚ ਖੀਰਾਂ-ਪੂੜੇ ਪਕਾਉਂਦਾ ਡਾ. ਤੁਲਸਾ ਰਾਮ ਦੇ ਖੰਭਾਂ 'ਤੇ ਚੜ੍ਹ ਕੇ ਕਿੰਨੀ ਦੂਰ ਵਿਦੇਸ਼ਾਂ ਦੀਆਂ ਰੰਗੀਨ ਹਵਾਵਾਂ ਵਿਚ ਉਡਾਰੀਆਂ ਭਰਦਾ ਕਾਨਫ਼ਰੰਸਾਂ ਵਿਚ ਪਰਚੇ ਪੜ੍ਹ ਕੇ ਆਪਣੀ ਵਾਹ-ਵਾਹ ਕਰਾਉਂਦਾ ਰਿਹਾ।

'ਹਾਂ ਜੀ! ਹੁਕਮ ਕਰੋ...ਦੱਸੋ! ਕੀ ਸੇਵਾ ਕਰਾਂ! ਕੀ ਲਿਆਵਾਂ?' ਬਹਰੇ ਨੇ ਪਾਣੀ ਦਾ ਗਿਲਾਸ ਮੇਜ਼ 'ਤੇ ਰੱਖਦੇ ਹੱਥਾਂ ਵਿਚੋਂ ਪਾਣੀ ਦੇ ਛਿੱਟੇ ਛਿੜਕਦੇ ਉਸ ਦੀ ਉਡਾਰੀ ਢਾਬੇ ਵਿਚ ਉਤਾਰ ਲਈ।

'ਜਰਾ ਠਹਿਰ!...ਠਹਿਰ ਕੇ ਆਈਂ...।' ਪਲਕ ਝਲਕ ਵਿਚ ਉਸ ਨੇ ਬਹਰੇ ਨੂੰ ਝਟਕ ਦਿੱਤਾ।

ਆਪਣਾ ਹਥਲਾ ਬੈਗ ਸਾਂਭਦਾ ਉੱਠ ਕੇ ਬਾਥਰੂਮ ਵੱਲ ਗਿਆ। ਸਾਹਮਣੇ ਸ਼ੀਸ਼ੇ ਅੱਗੇ ਖੜੋ ਕੇ ਵਾਸ਼-ਬੇਸਨ 'ਚੋਂ ਅੱਖਾਂ ਨੂੰ ਛਿੱਟੇ ਮਾਰੇ ਤੇ ਤਰਲ ਸਾਬਣ ਨਾਲ ਮੂੰਹ ਧੋਤਾ। ਚਿਹਰਾ ਕੁੱਝ ਨਿੱਖਰ ਆਇਆ।

'ਇਹ ਕੀ?'

ਉਹ ਡਰ ਗਿਆ, ਉਸ ਦੀ ਖੱਬੀ ਗੱਲ੍ਹ ਡਬਲ ਰੋਟੀ ਵਾਂਗ ਕੁੱਝ ਕੁੱਝ ਉੱਭਰਵੀਂ ਜਿਹੀ ਲੱਗ ਰਹੀ ਸੀ। ਪੋਲੇ-ਪੋਲੇ ਹੱਥਾਂ ਨਾਲ ਉਸ ਨੇ ਸੇਕ ਦੇਣ ਦੀ ਕੋਸ਼ਿਸ਼ ਕੀਤੀ। ਤਰੋ-ਤਾਜ਼ਾ ਸਾਵਧਾਨ ਵਾਪਸ ਟੇਬਲ ਤੇ ਆ ਕੇ ਡਟ ਗਿਆ।

ਅਲੋਚਨਾ ਦਾ ਕੀ ਹੈ! ਇਹ ਤਾਂ ਉਸ ਦੇ ਹੱਡਾਂ ਵਿਚ ਮਿਲੀ ਹੋਈ ਵਿਰਾਸਤੀ ਸੌਗਾਤ ਹੈ...ਉਸ ਦੇ ਲਹੂ ਵਿਚ ਰਚੀ ਹੋਈ ਚਿਣਗ ਚਰਨਾਮਤ ਹੈ। ਖ਼ਾਨਦਾਨੀ ਵੈਦ ਹਕੀਮ ਵਾਂਗ ਇਹ ਪਿਤਾ-ਪੁਰਖੀ ਗੁੜ੍ਹਤੀ ਉਸ ਨੂੰ ਆਪਣੇ ਪਿਤਾ ਸ੍ਰੀ ਕੋਲੋਂ ਵਿਰਸੇ ਵਿਚ ਮਿਲੀ ਸੀ, ਜੋ ਕਹਿੰਦਾ ਹੁੰਦਾ ਸੀ, 'ਅਲੋਚਨਾ ਵਾਸਤੇ ਕਿਸੇ ਤਿਆਰੀ ਦੀ ਲੋੜ ਨਹੀਂ ਹੁੰਦੀ, ਬੱਸ ਪੈਂਦੀ ਸੱਟੇ ਲੇਖਕ ਬਾਰੇ, ਦੋ ਚਾਰ ਸ਼ਬਦ ਉਸ ਦੀ ਸ਼ਖ਼ਸੀਅਤ ਬਾਰੇ, ਕੁੱਝ ਸਮਾਜ ਬਾਰੇ, ਗਰਮਾ-ਗਰਮ ਚਲੰਤ ਖ਼ਬਰਾਂ ਬਾਰੇ, ਕੁੱਝ ਸਾਹਿਤ ਸਭਾਵਾਂ ਬਾਰੇ, ਪੁਰਾਣੇ ਖ਼ਾਸ ਕਰ ਕੇ ਅੰਗਰੇਜ਼ੀ ਜਾਂ ਉਰਦੂ ਦੇ ਕੁੱਝ ਲੇਖਕਾਂ ਦੀਆਂ ਟੂਕਾਂ ਅਤੇ ਨਾਲ ਪ੍ਰਧਾਨਗੀ ਮੰਚ 'ਤੇ ਬੈਠੇ ਭੱਦਰ-ਪੁਰਸ਼ਾਂ ਬਾਰੇ ਸ਼ਲਾਘਾ ਭਰੇ ਵਿਸ਼ਲੇਸ਼ਣ ਵਿਖਿਆਨ ਕਰ ਦਿਓ। ਬੱਸ ਫੇਰ ਕੀ! ਸਰੋਤੇ ਤੁਹਾਡੀ ਵਿਦਵਤਾ ਤੋਂ ਪ੍ਰਭਾਵਿਤ ਹੋ ਜਾਣਗੇ ਤੇ ਤੁਹਾਡੀ ਬੱਲੇ ਬੱਲੇ! ਫੇਰ ਜੋ ਮਰਜ਼ੀ ਕਹਿੰਦੇ ਰਹੋ, ਸਰੋਤੇ ਸਿਰ ਨਿਵਾ ਕੇ ਮੰਨੀ ਜਾਣਗੇ। ਇਸ ਫ਼ਾਰਮੂਲੇ ਨਾਲ ਤੁਸੀਂ ਮਹਿਫ਼ਲ ਵਿਚ ਛਾ ਜਾਉਗੇ। ਇਹ ਤੁਹਾਡਾ ਪਹਿਲਾ ਇਮਤਿਹਾਨ ਹੈ, ਇੱਥੋਂ ਪਾਸ ਹੋ ਗਏ ਤਾਂ ਤੁਹਾਡਾ ਨਾਂ ਕੌਮਾਂਤਰੀ ਕਦਰਦਾਨਾਂ ਵਿਚ ਸ਼ੁਮਾਰ ਹੋ ਜਾਏਗਾ।'

ਆਪਣੇ ਪਾਪਾ ਦੀ ਇਹੀ ਗੁਰ-ਸਿੱਖਿਆ ਉਸ ਨੇ ਪੱਲੇ ਬੰਨ੍ਹ ਲਈ ਸੀ। ਉਸ ਕੋਲ ਤਾਂ ਪੀ.ਐਚ.ਡੀ. ਦੀ ਡਿਗਰੀ ਹੈ। ਕੀ ਹੋਇਆ ਜੇ ਉਸ ਨੇ ਲਿਖਿਆ-ਲਿਖਾਇਆ, ਬਣਿਆ-ਬਣਾਇਆ ਥੀਸਿਸ ਖ਼ਰੀਦਿਆ ਵੀ ਨਹੀਂ, ਸਗੋਂ ਉਸ ਨੂੰ ਮੁਫ਼ਤ ਮਿਲ ਗਿਆ ਸੀ, ਉਸ ਦੇ ਪਿਤਾ ਦੇ ਕਿਸੇ ਸ਼ਾਗਿਰਦ ਕੋਲੋਂ। ਇਸੇ ਤਰ੍ਹਾਂ ਹੀ ਕਿਸੇ ਹੋਰ ਉਸਤਾਦ ਨੂੰ ਗਾਈਡ ਧਾਰ ਕੇ ਉਸ ਨੇ ਆਪਣੇ ਬਾਪ ਦੇ ਕੀਤੇ ਹੋਏ ਪਰਉਪਕਾਰ ਦਾ ਮੁਆਵਜ਼ਾ ਲੈ ਲਿਆ ਸੀ...ਤੇ ਇਹ ਸੀ ਉਹ ਡਿਗਰੀ ਪੀ. ਐਚ. ਡੀ. ਡਾਕਟਰੀ ਦੀ, ਜਿਸ ਪਿੱਛੇ ਲੋਕ ਦਰ-ਦਰ ਭਟਕਦੇ ਦੇਸੀਂ-ਵਿਦੇਸ਼ੀਂ ਦੂਰ-ਨੇੜੇ ਥਾਂ-ਥਾਂ ਖੋਜ ਕਰਦੇ ਖਾਕ ਛਾਣਦੇ ਫਿਰਦੇ ਨੇ। ਕਈ ਬਦਕਿਸਮਤ ਔਰਤਾਂ ਵਿਚਾਰੀਆਂ ਨੂੰ ਤਾਂ ਇਹ ਡਿਗਰੀਆਂ ਤਗਮੇ ਹਥਿਆਉਣ ਵਾਸਤੇ ਆਪਣੇ ਗਾਈਡ ਨੂੰ ਖ਼ੁਸ਼ ਕਰਨ ਲਈ ਕਈ ਕਿਸਮ ਦੇ ਵਿੰਗੇ-ਟੇਢੇ ਕਸੂਤੇ ਪਾਪੜ ਵੇਲਣੇ ਪੈਂਦੇ ਹਨ। ਸ਼ੁਕਰ ਹੈ! ਉਸ ਨੂੰ ਘਰੇ ਬੈਠੇ-ਬਿਠਾਏ ਸਭ ਮੈਟਰ ਮਸਾਲਾ ਬਣਿਆ-ਬਣਾਇਆ ਮਿਲ ਗਿਆ ਸੀ। ਅੱਜ ਉਹ ਡਾਕਟਰ ਹ... ਪੀ. ਐਚ. ਡੀ. ਸੱਚੀਂ-ਮੁਚੀਂ ਦਾ ਪੂਰਾ ਅਸਲੀ ਡਾਕਟਰ। ਕਾਲਜ ਦੇ ਉਸ ਦੇ ਸਹਿਕਰਮੀ ਵੀ ਉਸ ਦੀ ਇਸ ਉਪਲਬਧੀ ਤੋਂ ਸੜ-ਬ਼ਲ ਕੋਇਲਾ ਹੋ ਗਏ ਸਨ। ਕਈਆਂ ਨੇ ਤਾਂ ਇਹ ਵੀ ਕਿਹਾ ਸੀ, ਪਈ ਪੰਜਾਬੀ ਦੀ ਡਿਗਰੀ ਕੋਈ ਵੱਡੀ ਉਪਾਧੀ ਨਹੀਂ, ਭਾਵੇਂ ਇਹ ਉਪਲਬਧੀ ਉਸ ਕਾਲਜ ਦੇ ਕਿਸੇ ਹੋਰ ਪ੍ਰੋਫੈਸਰ ਕੋਲ ਹੈ ਨਹੀਂ ਸੀ ਤੇ ਇਹ ਕਾਲਜ ਵਿਚ ਪਲੇਠੀ ਹੀ ਸੀ। ਉਹ ਅੰਦਰਖਾਤੇ ਪ੍ਰਿੰਸੀਪਲ ਦੀ ਕੁਰਸੀ 'ਤੇ ਵੀ ਅੱਖ ਰੱਖਣ ਲੱਗ ਪਿਆ ਸੀ। ਆਪਣੇ ਬਾਪ ਦੇ ਅਸਰ-ਰਸੂਖ਼ ਤੇ ਸਿਫ਼ਾਰਿਸ਼ ਦੀਆਂ ਵਸਾਖੀਆਂ ਦੇ ਸਹਾਰੇ ਉਸ ਨੇ ਦੋ ਸਾਲ ਦਾ ਆਪਣਾ ਪਰਖ-ਸਮਾਂ ਮੁਕੰਮਲ ਕਰ ਲਿਆ। ਹੁਣ ਉਹ ਹੋਰ ਚੌੜੀ ਛਾਤੀ ਕਰ ਕੇ ਮੌਰਾਂ ਉੱਪਰੋਂ ਥੁੱਕਾਂ ਸੁੱਟਣ ਲੱਗ ਪਿਆ ਸੀ।

ਡਾ. ਤੁਲਸਾ ਦਾ ਕਿਹਾ, ਦੱਸਿਆ-ਸਮਝਾਇਆ ਨੁਕਤਾ ਵੀ ਤਾਂ ਉਸ ਦੇ ਕੰਮ ਆ ਗਿਆ ਸੀ।

'ਨਾਵਲ ਵਿਚ ਇਰਾਕ ਦਾ ਜ਼ਿਕਰ ਹੈ, ਜਦ



ਕਿ ਇਸ ਨਾਵਲ ਦੇ ਪਾਤਰ ਇਰਾਕ ਯੁੱਧ ਤੋਂ ਪਹਿਲਾਂ ਦੇ ਦੱਸੇ ਜਾਂਦੇ ਹਨ। ਉਨ੍ਹਾਂ ਦਾ ਇਤਿਹਾਸਕ ਸਮਾਂ ਮੇਲ ਨਹੀਂ ਖਾਂਦਾ। ਜਾਂ ਇਸ ਰਚਨਾ ਦੀ ਰਵਾਨਗੀ ਵਿਚ ਝੋਲ ਪੈਂਦੀ ਜਾਪਦੀ ਹੈ...ਇਸ ਦਾ ਵਿਸ਼ਾ-ਵਸਤੂ ਪੂਰੀ ਤਰ੍ਹਾਂ ਉਘੜਿਆ ਨਹੀਂ। ਨਾਵਲ ਦੀ ਚਮੜੀ ਵਿਚੋਂ ਅਸ਼ਲੀਲਤਾ ਦੀ ਦੁਰਗੰਧ ਆਉਂਦੀ ਹੈ। ਲੇਖਕ ਨੇ ਬਹੁਤ ਸਖ਼ਤ ਮਿਹਨਤ ਕੀਤੀ ਹੈ ਪਰ ਅਨਾੜੀ ਰਸੋਈਏ ਵਾਂਗ ਲੇਖਕ ਨੇ ਗੰਦੇ ਗ਼ਲੇ ਸੜੇ ਹੋਏ ਅੰਡੇ ਦੀ ਭੁਰਜੀ ਬਣਾ ਧਰੀ ਹੈ ਜੋ ਸੂਝਵਾਨ ਪਾਠਕਾਂ ਆਲੋਚਕਾਂ ਦੇ ਗ਼ਲੋਂ ਹੇਠਾਂ ਨਹੀਂ ਉੱਤਰਦੀ।...ਲੇਖਕ ਅਜੇ ਅਪ੍ਰੌੜ੍ਹ ਹੈ ਉਸ ਨੂੰ ਹੋਰਾਂ ਨੂੰ ਪੜ੍ਹ ਕੇ ਸੇਧ ਲੈਣੀ ਚਾਹੀਦੀ ਹੈ...ਆਦਿ ਆਦਿ।'

ਉਸ ਦੇ ਇਨ੍ਹਾਂ ਅਖੌਤੀ ਖੋਜ ਭਰੇ ਤੱਥਾਂ ਨੇ ਲੇਖਕ ਦੇ ਨਾਲ ਸਰੋਤਿਆਂ ਨੂੰ ਵੀ ਚਕਾਚੌਂਧ ਕਰ ਦਿੱਤਾ। ਕਈਆਂ ਨੇ ਚਾਂਭਲ ਕੇ ਖ਼ੂਬ ਤਾੜੀਆਂ ਵੀ ਲਾਈਆਂ ਸਨ। ਅਗਿਆਨ ਸਾਹਿਬ ਆਲੋਚਕ ਦੀ ਅਲੋਚਨਾ ਸੁਣ ਕੇ ਪਾਣੀ-ਪਾਣੀ ਹੋ ਰਹੇ ਸਨ। ਤੋਲੀ ਰਾਮ ਨੇ ਤਾਂ ਉੱਠ ਕੇ ਜੱਫੀ ਪਾ ਕੇ ਕੰਗਾਰੂ ਨੂੰ ਵਧਾਈ ਦਿੱਤੀ ਸੀ ਕਿ ਉਸ ਨੇ ਅਜਿਹੀ ਅਲੋਚਨਾ ਕਰਨ ਲਈ ਨਾਵਲ ਚੰਗੀ ਤਰ੍ਹਾਂ ਪੜ੍ਹਿਆ ਤੇ ਡੂੰਘੀ ਖੋਜ ਕੀਤੀ ਹੈ। ਇਸ ਤਰਾਂ ਉਸ ਦੇ ਦੱਸੇ ਫ਼ਾਰਮੂਲੇ ਨੇ ਚੰਗਾ ਰੰਗ ਬੰਨ੍ਹਿਆ ਸੀ। ਪ੍ਰਧਾਨਗੀ ਮੰਚ ਤੇ ਬੈਠੇ ਵਿਦਵਾਨ ਵੀ ਸੁੰਨ ਜਿਹੇ ਹੁੰਦੇ ਜਾਪੇ ਸਨ। ਇਸ ਤਿੱਕੜੀ ਨੂੰ ਕੋਈ ਵੀ ਝੁਠਲਾਉਣ ਦੀ ਹਿੰਮਤ ਨਹੀਂ ਕਰ ਸਕਿਆ ਤੇ ਨਾ ਹੀ ਕਿਸੇ ਨੇ ਅਜਿਹੇ ਵਿਵਾਦ-ਗ੍ਰਸਤ ਮੁੱਦੇ ਵਿਚ ਆਪਣੇ ਆਪ ਨੂੰ ਸ਼ਾਮਿਲ ਕਰਨ ਦੀ ਜੁਰਅਤ ਕੀਤੀ ਸੀ।

ਮੰਚ 'ਤੇ ਪਏ ਮੋਮੈਂਟੋ ਉਸ ਨੇ ਗਿਣੇ। ਇਹ ਚਾਰ ਹੀ ਸਨ... ਸਿਰਫ਼ ਚਾਰ। ਇਹ ਚਾਰ ਤਾਂ ਮੰਚ 'ਤੇ ਸੁਸ਼ੋਭਿਤ ਪ੍ਰਧਾਨਗੀ ਮੰਡਲ ਵਾਸਤੇ ਹੀ ਸਨ ਤੇ ਉਹ! ਉਹ ਆਪ ਘਰ ਕੀ ਲਿਜਾਏਗਾ! ਆਪਣੇ ਪਿਤਾ ਨੂੰ, ਬੱਚਿਆਂ ਨੂੰ, ਪਤਨੀ ਨੂੰ ਅੱਜ ਦੀ ਉਪਲਬਧੀ ਕੀ ਵਿਖਾਏਗਾ?

'ਸ਼ਰੀਫ਼ ਨਾਲਾਇਕ ਪਿਉ ਦੇ ਪੁੱਤਾ...ਤੇਰਾ ਇਹ ਪਿਉ ਜਿੱਥੇ ਵੀ ਗਿਆ... ਸ਼ੀਲਡਾਂ, ਸਨਮਾਨ-ਚਿੰਨ੍ਹ ਮੇਰੇ ਅੱਗੇ ਪਿੱਛੇ ਫਿਰਦੇ ਸਨ। ਵੇਖ! ਇਹ ਅਲਮਾਰੀਆਂ, ਖੁੱਡੇ, ਪੜਛੱਤੀਆਂ, ਵਾਧਰੇ ਸਭ ਭਰੀਆਂ ਪਈਆਂ ਨੇ, ਤੇ ਤੂੰ ਨਿਕੰਮਿਆਂ ਦੋ ਸਾਲਾਂ ਵਿਚ ਅਜੇ ਦੋ ਹੀ ਲਿਆਇਆਂ! ਉਹ ਵੀ ਕਾਲਜ ਵਾਲਿਆਂ ਨੇ ਮੇਰੇ ਲਿਹਾਜ਼ ਕਰ ਕੇ ਤੈਨੂੰ ਰਿਆਇਤੀ ਦੇ ਕੇ ਨਿਵਾਜਿਆ।' ਪਿਤਾ ਜੀ ਨੇ ਤਾਂ ਪੌਂਚੜੇ ਚੁੱਕ ਕੇ ਪੈ ਜਾਣਾ! ਪਿਤਾ ਦੀ ਯਾਦ ਨਾਲ ਮਨ ਦੇ ਉਬਾਲ ਉਗਲਦੇ ਉਸ ਦਾ ਸਿਰ ਫੱਟਣ ਲੱਗਾ।

'ਸਰ! ਆਰਡਰ ਦੇ ਦਿਓ, ਫਿਰ ਰਿੰਨ੍ਹਣ ਪਕਾਉਣ ਦੀ ਤਿਆਰੀ ਵਿਚ ਕੁੱਝ ਟਾਈਮ ਲੱਗੇਗਾ।' ਬਹਿਰਾ ਉਸ ਦੇ ਸਾਹਮਣੇ ਨੋਟ-ਪੈਡ ਲਈ ਸਾਵਧਾਨ ਖੜ੍ਹਾ ਸੀ। ਗਾਹਕ ਅਜੇ ਚੁੱਪ-ਚਾਂਤ ਦਿਨ ਭਰ ਦਾ ਲੇਖਾ ਜੋਖਾ ਕਰਦਾ ਆਪਣੇ ਆਪ ਵਿਚ ਸਹਿਜ ਹੋਣ ਕਈ ਕੁੱਝ ਸਮਾਂ ਹੋਰ ਲੈਣਾ ਚਾਹੁੰਦਾ ਸੀ ਪਰ ਬਹਿਰਾ ਸਾਨ੍ਹ ਵਾਂਗ ਆਕੜਿਆ ਉਸ ਵੱਲ ਅੱਖਾਂ ਅੱਡੀ ਮੁਖ਼ਾਤਬ ਸੀ. ਕਾਊਂਟਰ ਮੈਨੇਜਰ ਨੇ ਉਸ ਨੂੰ ਜੋਰ ਦੇ ਕੇ ਭੇਜਿਆ ਸੀ ਪਈ ਉਸ ਨੂੰ ਕਹੋ ਜਲਦੀ ਆਰਡਰ ਦੇਵੇ ਤੇ ਸੀਟ ਵਿਹਲੀ ਕਰੇ। ਉਸ ਦੇ ਗਵਾਂਢੀ ਮੇਜ਼ਾਂ ਤੋਂ ਤਾਂ ਉਸ ਦੇ ਪਿੱਛੋਂ ਆਏ ਕਈ ਹੋਰ ਪਿਆਕਲ ਬੋਤਲਾਂ ਚਾੜ੍ਹ ਕੇ ਮੁਰਗ਼ੇ ਦੀਆਂ ਸੰਖੀਆਂ ਚੂੰਡ ਕੇ ਰਸਤੇ ਪੈ ਗਏ ਸਨ ਤੇ ਉਹ ਅਜੇ ਫ਼ੈਸਲਾ ਨਹੀਂ ਕਰ ਸਕਿਆ।

'ਹਾਂ...ਲਿਆ ਪਈ...।' ਉਹ ਜਿਵੇਂ ਸੁਪਨੇ 'ਚੋਂ ਉੱਠਿਆ ਹੋਵੇ।

'ਕੀ ਸਰ?' ਬਹਰੇ ਨੇ ਨੋਟ-ਬੁੱਕ 'ਤੇ ਪੈਨਸਿਲ ਧਰੀ।

'ਅੱਧੀ ਪਲੇਟ...ਮਸਰਾਂ ਦੀ ਦਾਲ...।'

'ਸਰ! ਇੱਥੇ ਮਸਰਾਂ ਦੀ ਦਾਲ ਨਹੀਂ ਬਣਦੀ! ਨਾਲੇ ਇੱਥੇ ਅੱਧਾ-ਉੱਧਾ ਕੁੱਝ ਨਹੀਂ ਬਣਦਾ, ਜੋ ਕਹਿਣਾ ਹੈ ਪੂਰੀ ਪਲੇਟ ਮਿਲੂ।' ਬਹਿਰਾ ਖੁੱਚਾਂ ਵਿਚ ਹੱਸਿਆ, ਜਿਵੇਂ ਕਹਿ ਰਿਹਾ ਹੋਵੇ, 'ਆਹ ਮੂੰਹ ਤੇ ਮਸਰਾਂ ਦੀ ਦਾਲ!'

'ਚੱਲ ਠੀਕ...ਲਿਆ ਮੁਰਗ਼ੇ ਦੀ ਦਾਲ...ਹਾਂ! ਖੁੱਡੇ ਵਾਲੇ ਮੁਰਗ਼ੇ ਦੀ ਪਲੇਟ ਲਿਆਈਂ...ਆਲੇ ਵਾਲੇ ਕੁੱਕੜ ਦੀ ਨਹੀਂ।' ਉਹ ਆਪਣੇ ਆਪ ਵੱਖੀਆਂ ਵਿਚ ਹੱਸਿਆ, ਕਿਉਂਕਿ ਅੱਜ ਦੀ ਗੋਸ਼ਟੀ ਵਿਚ ਉਸ ਨੇ ਇਤਰਾਜ਼ ਉਠਾਇਆ ਸੀ ਕਿ ਲੇਖਕ ਨੂੰ ਖੁੱਡੇ ਵਾਲੇ ਮੁਰਗ਼ੇ ਦੀ ਥਾਂ ਆਲ਼ੇ ਵਾਲਾ ਕੁੱਕੜ ਲਿਖਣਾ ਚਾਹੀਦਾ ਸੀ, ਤੇ ਇਸ ਦੀ ਖੂਬ ਤਾਈਦ ਹੋਈ ਸੀ। ਇਸ ਸੰਦਰਭ ਵਿਚ ਸਟੇਜ ਸਕੱਤਰ ਨੇ ਆਪਣੀ ਟਿੱਪਣੀ ਵਿਚ ਮਾਲਵੇ ਮਾਝੇ ਦੁਆਬੇ ਦੀ ਬੋਲੀ, ਉਪ-ਭਾਸ਼ਾ ਦਾ ਫ਼ਰਕ, ਆਲੋਚਕ ਦੀ ਬੁੱਧੀ ਵਿਚ ਇਸ ਦਾ ਅਭਾਵ ਗਰਦਾਨ ਕੇ ਉਸ ਦੀ ਇਕ ਫਾਲ ਢਿੱਲੀ ਕਰ ਦਿੱਤੀ ਸੀ।

ਕੰਗਾਰੂ ਦੇ ਪਰਚੇ ਤੋਂ ਬਾਅਦ ਹਾਲ ਵਿਚ ਬੇਮੌਸਮੇ ਬੱਦਲ ਵਾਂਗ ਬੇਕਿਰਕੀ ਬੇਰਸੀ ਜਿਹੀ ਪੈਦਾ ਹੋ ਗਈ। ਗਿਣਵੀਆਂ ਚੁਣਵੀਆਂ ਤਾੜੀਆਂ ਵੱਜੀਆਂ ਪਰ ਇਕ ਨਿਰਾਸ਼ਤਾ ਜਿਹੀ ਘੁੱਟਣ ਵੀ ਮਹਿਸੂਸ ਹੋਈ। ਅਗਲੇ ਬੁਲਾਰੇ ਡਾ. ਅਗਿਆਨ ਨੇ ਡਾ. ਕੰਗਾਰੂ ਦੇ ਪਰਚੇ ਦੀ ਤਾਈਦ ਕਰ ਕੇ ਇਸ ਤੇ ਨਿਰਪੱਖ ਉਸਾਰੂ ਅਲੋਚਨਾ ਦਾ ਠੱਪਾ ਲਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਇਹ ਪਰਚਾ ਸੁਣ ਕੇ ਪਾਣੀ-ਪਾਣੀ ਹੋ ਰਹੇ ਸਨ। ਪਿਛਲੇ ਪਾਸੇ ਕੁੱਝ ਘੁਸਰ-ਮੁਸਰ ਹਿੱਲ-ਜੁੱਲ ਜਿਹੀ ਦੇਖ ਕੇ ਸਕੱਤਰ ਨੇ ਪ੍ਰੋਫੈਸਰ ਭਿੰਦਰ ਨੂੰ ਦਾਅਵਤ ਦਿੱਤੀ। ਸਵੇਰ ਦੇ ਭੁੱਖਣ ਭਾਣੇ ਬੈਠੇ ਸਰੋਤੇ ਸੁੱਕੀ ਰੁੱਖੀ ਅਲੋਚਨਾ ਭੋਡੀ ਪ੍ਰਚਾਰ ਸੁਣ-ਸੁਣ ਕੇ ਅੱਕ ਗਏ ਸਨ। ਚਾਹ ਨਾਸ਼ਤੇ ਦੀ ਤਲਬ ਹਰ ਇਕ ਨੂੰ ਬੇਹਾਲ ਕਰ ਰਹੀ ਸੀ। ਰਿੱਝਦੇ ਮੁਰਗ਼ੇ ਦੀ ਭੁੱਖ-ਵਧਾਊ ਸੁਗੰਧ ਸਭਨਾਂ ਦੇ ਪੇਟ ਦੀ ਅੱਗ ਹੋਰ ਉਤੇਜਿਤ ਕਰ ਰਹੀ ਸੀ।

'ਪਿਆਰੇ ਵਿਦਵਾਨ ਦੋਸਤੋ! ਮੈਂ ਵੀ ਇਹ ਨਾਵਲ ਚੰਗੀ ਤਰਾਂ ਪੜ੍ਹਿਆ ਹੈ, ਪਰ ਮੇਰੀ ਦਲੀਲ ਡਾਕਟਰ ਕੰਗਾਰੂ ਦੀ ਖੋਜ ਦੇ ਬਿਲਕੁਲ ਵਿਪਰੀਤ ਹੈ। ਤੁਸੀਂ ਸਾਰੇ ਬੈਠੇ ਮੂੰਹ ਵਿਚ ਘੁੰਙਣੀਆਂ ਪਾਈ ਇਸ ਨੂੰ ਸੁਣ ਕੇ ਧੰਨ-ਧੰਨ ਕਰ ਰਹੇ ਹੋ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਸ ਨੇ ਇਹ ਪੁਸਤਕ ਸਾਰੀ ਨਹੀਂ ਪੜ੍ਹੀ ਤੇ ਸੁਣੀ ਸੁਣਾਈ ਕਹਾਣੀ 'ਤੇ ਆਧਾਰਿਤ ਅਲੋਚਨਾ ਕੀਤੀ ਹੈ, ਸਿਰਫ਼ ਅਲੋਚਨਾ ਵਾਸਤੇ। ਇਹ ਉਸਾਰੂ ਜਾਂ ਸੁਚਾਰੂ ਅਲੋਚਨਾ ਨਹੀਂ, ਢਾਹੂ ਤੇ ਮਾਰੂ ਅਲੋਚਨਾ ਹੈ। 'ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਖਪਾ, ਮੱਝ ਅੱਗੇ ਬੀਨ ਵਜਾਉਣੀ' ਅਨੁਸਾਰ ਅਨਾੜੀ ਜਾਂ ਬੇ-ਪ੍ਰਵਾਹ ਸਰੋਤਿਆਂ ਸਾਹਮਣੇ ਬਹੁਤ ਗੰਭੀਰ ਵਿਸ਼ੇ ਮਖ਼ੌਲ ਬਣ ਕੇ ਰਹਿ ਜਾਂਦੇ ਨੇ। ਆਲੋਚਕ ਨੇ ਲੇਖਕ ਤੇ ਇਲਜ਼ਾਮ ਮੜ੍ਹਿਆ ਹੈ ਕਿ ਉਸ ਨੇ ਔਰਤ ਜਾਤ ਬਾਰੇ ਅਪਸ਼ਬਦ ਲਿਖ ਕੇ ਅਪਮਾਨ ਕੀਤਾ ਹੈ। ਆਪਣੇ ਬੱਚੇ ਨੂੰ ਵੇਖ ਕੇ ਮਾਂ ਦੇ ਥਣਾਂ ਵਿਚ ਦੁੱਧ ਉੱਤਰ ਆਇਆ, 'ਥਣ' ਸ਼ਬਦ ਉਨ੍ਹਾਂ ਨਾਮ-ਧਰੀਕ ਆਲੋਚਕਾਂ ਵਾਸਤੇ ਅਸ਼ਲੀਲ ਬਣ ਜਾਂਦੇ ਹਨ, ਜਿਸ ਨੂੰ ਉਹ ਆਪਣੀ ਮਨਸ਼ਾ ਨਾਲ ਵਰਤਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ 'ਦੁੱਧਾਂ ਥਣੀਂ ਨਾ ਉੱਤਰੇ ਫਿਰ ਹੋਈ ਨਾ ਮੇਲਾ,' ਸ਼ਬਦ ਅੰਕਿਤ ਹੈ...ਪਰ ਕਿਉਂਕਿ ਉਨ੍ਹਾਂ ਫ਼ੈਸਲਾ ਪਹਿਲਾਂ ਰੱਖਿਆ ਸੀ ਕਿ ਇਹ ਸ਼ਬਦ ਹਾਈ ਲਾਈਟ ਕਰਨਾ ਹੈ ਤੇ ਪ੍ਰਮਾਣ ਵਰਤ ਕੇ ਸਰੋਤਿਆਂ ਵਿਚ ਲੇਖਕ ਨੂੰ ਨਵਿਆਉਣਾ ਹੈ। ਮੈਂ ਇਹ ਵੀ ਪੂਰੇ ਦ੍ਰਿੜ੍ਹ ਨਿਸ਼ਚੇ ਨਾਲ ਕਹਿੰਦਾ ਹਾਂ ਕਿ ਤੁਸੀਂ ਵੀ (ਮੰਚ ਵੱਲ ਹੱਥ ਕਰ ਕੇ) ਇਹ ਨਾਵਲ ਪੜ੍ਹਨ ਦੀ ਖੇਚਲ ਨਹੀਂ ਕੀਤੀ ਤੇ ਅੱਖਾਂ ਮੀਟ ਕੇ ਉਸ ਦੀ ਹਾਂ ਵਿਚ ਹਾਂ ਮਿਲ਼ਾਉਂਦੇ ਰਹੇ ਹੋ। ਉਸ ਨੇ ਆਲ਼ੇ ਤੇ ਖੁੱਡੇ ਦੇ ਫ਼ਰਕ ਦਾ ਇਤਰਾਜ਼ ਕੀਤਾ ਹੈ। ਉਸ ਨੇ ਰਾਤ ਕਿਹਾ, ਤੁਸਾਂ ਸੱਤ ਕਰ ਕੇ ਮੰਨਿਆਂ, ਉਹਨੇ ਦਿਨ ਕਿਹਾ, ਤੁਸਾਂ ਹਾਂ ਵਿਚ ਸਿਰ ਨਿਵਾਇਆ। ਤੁਹਾਨੂੰ ਪਤਾ ਹੈ, ਖੁੱਡੇ ਵਾਲੇ ਮੁਰਗ਼ੇ ਜਾਂ ਆਲ਼ੇ ਵਾਲਾ ਕੁੱਕੜ ਵਿਚ ਕੋਈ ਅੰਤਰ ਨਹੀਂ। ਇਸ ਆਲੋਚਕ ਦੇ ਢੰਗ ਤਰੀਕੇ ਤੇ ਵਰਤੀ ਗਈ ਅਸੱਭਿਅਕ ਭਾਸ਼ਾ ਵਿਚੋਂ ਵੀ ਸਪਸ਼ਟ ਪੱਖਪਾਤੀ ਦੁਰਗੰਧ ਝਲਕ ਰਹੀ ਹੈ। ਅਨਾੜੀ ਆਲੋਚਕ ਨੇ ਇਸ ਨਾਵਲ ਵਿਚ ਇਰਾਕ ਦੇ ਯੁੱਧ ਦਾ ਜ਼ਿਕਰ ਹੋਣ ਦਾ ਦਾਅਵਾ ਕੀਤਾ ਹੈ, ਮੈਨੂੰ ਇਹ ਸ਼ਬਦ ਕਿਤੇ ਨਹੀਂ ਲੱਭਾ! ਜੇ ਤੁਸੀਂ ਕਿਸੇ ਨੇ ਉਹ ਪੰਨਾ ਪੜ੍ਹਿਆ ਹੈ ਤਾਂ ਮੈਨੂੰ ਦਿਖਾਓ।...ਅਜੇਹਾ ਹੈ ਹੀ ਨਹੀਂ! ਪਰ ਜੇ ਹੋਵੇ ਵੀ ਤਾਂ ਇਹ ਕੋਈ ਊਣਤਾਈ ਜਾਂ ਅਚੰਭੇ ਵਾਲੀ ਗੱਲ ਨਹੀਂ ਕਿਉਂਕਿ ਇਹ ਇਤਿਹਾਸਕ ਨਾਵਲ ਨਹੀਂ। ਡਾਕਟਰ ਅਗਿਆਨ ਸਾਹਿਬ ਜੋ ਪਰਚਾ ਸੁਣ ਕੇ ਪਾਣੀ ਹੋ ਰਹੇ ਸਨ, ਜਿਵੇਂ ਉਨ੍ਹਾਂ ਹੁਣੇ ਫ਼ਰਮਾਇਆ ਹੈ, ਨੂੰ ਚਾਹੀਦਾ ਹੈ ਕਿ ਉਹ ਚੱਪਣੀ 'ਚ ਪਾਣੀ ਪਾ ਕੇ ਨੱਕ ਡੋਬਣ, ਕਿਉਂਕਿ ਜੇ ਉਨ੍ਹਾਂ ਕਿਤਾਬ ਪੜ੍ਹੀ ਹੁੰਦੀ ਤਾਂ ਉਨ੍ਹਾਂ ਦਾ ਫ਼ਰਜ਼ ਬਣਦਾ ਸੀ, ਆਲੋਚਕ ਦੀਆਂ ਗਲਤ ਧਾਰਾਵਾਂ ਨੂੰ ਵੰਗਾਰ ਦਿੰਦੇ ਪਰ ਉਨ੍ਹਾਂ ਨੇ ਵੀ ਇਸ ਪੱਖਪਾਤੀ ਭੇਡ-ਚਾਲ ਵਿਚ ਆਲੋਚਕ ਧਰਮ ਵਾਲਾ ਆਪਣਾ ਫ਼ਰਜ਼ ਵਿਸਾਰ ਕੇ ਸਾਹਿਤਕ ਮੁਜਰਮ ਵਾਲਾ ਕਿਰਦਾਰ ਨਿਭਾ ਦਿੱਤਾ ਹੈ।'

ਪ੍ਰਧਾਨਗੀ ਮੰਡਲ ਵਿਚ ਬੈਠੇ ਪਤਵੰਤਿਆਂ ਦੀਆਂ ਐਨਕਾਂ ਢਿਲਕ ਕੇ ਥੱਲੇ ਪਲਮ ਗਈਆਂ। ਹਾਲ ਵਿਚ ਸਾਰੇ ਚੁੱਪ-ਚਾਂਤ ਵਰਤ ਗਈ। ਆਲੋਚਕ ਦੀ ਤਾਈਦ ਕਰਨ ਵਾਲਿਆਂ ਦੀ ਜ਼ਬਾਨ ਨੂੰ ਤੰਦਵਾ ਪੈ ਗਿਆ। ਤੋਲੀ ਰਾਮ ਜੋ ਉਸ ਦੀ ਲੇਖਣੀ ਦਾ ਸਲਾਹਕਾਰ ਸੀ, ਨੂੰ ਤਰੇਲੀਆਂ ਆਉਣ ਲੱਗੀਆਂ। ਅਗਿਆਨ ਸਾਹਿਬ ਆਪਣੀ ਪੈਂਟ ਸਾਂਭਦੇ ਕਲ਼ੰਜਦੇ ਬਾਥਰੂਮ ਵੱਲ ਵਧ ਗਏ। ਡਾ. ਤੁਲਸਾ ਰਾਮ ਨੇ ਝਟਪਟ ਜੱਗ 'ਚੋਂ ਪਾਣੀ ਦਾ ਗਿਲਾਸ ਭਰਿਆ ਤੇ ਮੂੰਹ ਨੂੰ ਲਾ ਲਿਆ।

'ਕਿਧਰ ਜਾ ਰਿਹਾ ਪੰਜਾਬੀ ਸਾਹਿੱਤ! ਜਿੱਥੇ ਹਰ ਚੀਜ਼ ਮੁੱਲ ਵਿਕਦੀ ਹੈ, ਮੁੱਲ ਵਿਕਦੇ ਖ਼ਰੀਦੇ ਅਸਲੀ ਨਕਲੀ ਡਾਕਟਰ ਆਲੋਚਕ ਲੇਖਣੀ ਦੀ ਕੀਮਤ ਪਾਉਂਦੇ ਹਨ। ਪੈਸੇ ਦੇ ਕੇ ਨਾਵਲ ਕਹਾਣੀਆਂ ਲਿਖਾਉਣੀਆਂ ਤੇ ਆਪਣੇ ਨਾਮ ਥੱਲੇ ਛਪਵਾਉਣੀਆਂ ਦੁਕਾਨਦਾਰੀ ਬਣ ਗਈਆਂ ਹਨ। ਵਿਦੇਸ਼ੀ ਘੋਸਟ ਲੇਖਕ, ਕਵੀ, ਕਹਾਣੀਕਾਰ, ਗਲਪਕਾਰ ਨੂੰ ਅਜਿਹੇ ਆਲੋਚਕ ਰਾਤੋ-ਰਾਤ ਆਧੁਨਿਕ ਸਮੇਂ ਦੇ ਹਾਣੀ ਬਣਾ ਦਿੰਦੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਾਸਤੇ ਸਿਫ਼ਾਰਿਸ਼ਾਂ ਕਰਦੇ ਹਨ। ਇਸ ਮਿਹਰ ਦੇ ਇਵਜ਼ ਵਿਚ ਉਨ੍ਹਾਂ ਨੂੰ ਹਵਾਈ ਟਿਕਟਾਂ ਆਉਂਦੀਆਂ ਹਨ ਬਾਹਰੋਂ ਵਿਦੇਸ਼ੀ ਕਾਨਫ਼ਰੰਸਾਂ ਵਾਸਤੇ...ਉਹ ਅੰਤਰ-ਰਾਸ਼ਟਰੀ ਆਲੋਚਕ ਬਣ ਜਾਂਦਾ ਹੈ। ਇੱਕ ਕੌੜਾ ਸੱਚ ਇਹ ਹੈ ਕਿ ਬਿਨਾ ਕਿਸੇ ਗਿਆਨ, ਸਮਝ ਦੇ ਮੁੱਲ ਦੀਆਂ ਸਿਫ਼ਾਰਸ਼ੀ ਡਿਗਰੀਆਂ ਚੁੱਕੀ ਫਿਰਦੇ ਪੜ੍ਹਾਕੂ, ਰਾਜਨੀਤਕ ਅਹੁਦਿਆਂ, ਸੱਤਾ ਦੇ ਲਾਲਚ 'ਚ ਭੱਜ-ਦੌੜ ਕਰਦੇ ਦੱਲੇ ਸਰਕਾਰੇ-ਦਰਬਾਰੇ ਸਨਮਾਨਾਂ, ਐਵਾਰਡਾਂ, ਪੁਰਸਕਾਰਾਂ ਖ਼ਾਤਰ ਸਰਕਸ ਦੇ ਜਾਨਵਰ ਵਾਂਗ ਸ਼ੋਅ-ਪੀਸ ਤੱਕ ਸੀਮਤ ਹੋ ਜਾਣ ਦੀ ਦਲਦਲ ਵਿਚ ਧਸ ਚੁੱਕੇ ਹਨ। ਇਹ ਲੋਕ ਸ਼ਾਇਦ ਹੀ ਦਰਾਵੜ, ਆਈਨਸਟਾਈਨ, ਜਾ ਪਲੈਨਮੈਨ ਬਣਨ ਦਾ ਖ਼ਤਰਾ ਮੁੱਲ ਲੈ ਸਕਣ। ਮਨ ਦੀ ਸ਼ਾਂਤੀ, ਸਬਰ, ਸੰਤੋਖ ਨਾ਼ਲ ਭਰੀਆਂ ਤ੍ਰਿਪਤ ਰੱਜੀਆਂ ਰੂਹਾਂ ਵੱਲ ਦੇਖ ਕੇ ਇਨਸਾਫ਼ ਪਸੰਦ ਲੋਕਾਂ ਦਾ ਸਿਰ ਸਨਮਾਨ ਨਾ਼ਲ ਝੁਕ ਜਾਂਦਾ ਹੈ। ਜੇ ਤੁਹਾਨੂੰ ਕਿਸੇ ਹੰਕਾਰੀ, ਹੋਛੇ, ਚਾਪਲੂਸ ਜਾਂ ਝੂਠੇ ਕਥਿਤ ਸਾਹਿਤਕਾਰ ਦੀ ਬੋ ਛਾਇਆ ਆਉਣ ਲੱਗੇ ਤਾਂ ਅਜਿਹਿਆਂ ਦੇ ਚਿਹਰੇ ਮੋਹਰਿਆਂ ਨੂੰ ਥੂਹ-ਥੂਹ ਕਰ ਕੇ ਅੱਖਾਂ ਮੋੜ ਲਿਆ ਕਰੋ।'

'ਸ਼ੇਮ... ਸ਼ੇਮ...ਸ਼ੇਮ।' ਸਰੋਤਿਆਂ ਵਿਚੋਂ ਆਵਾਜ਼ਾਂ ਆਉਂਦੀਆਂ ਹਨ।

ਅੱਜ ਉਹ ਪੀਵੀ ਜਾ ਰਿਹਾ ਸੀ। ਦਿਨ ਦੇ ਸਾਰੇ ਘਟਨਾ-ਚੱਕਰ ਦੀ ਫਿਰਕੀ ਉਸ ਦੇ ਸਰੂਰ ਦੇ ਰਸਤੇ ਰੁਕਾਵਟ ਬਣਦੀ ਰਹੀ। ਇੱਕ ਪਊਆ...ਅਧੀਆ...ਫੇਰ ਪਊਆ...ਹੋਰ ਤੇ ਹੋਰ...ਆਪਣੇ ਦਿਮਾਗ 'ਚੋਂ ਉਹ ਘਟਨਾ ਦੁਰਘਟਨਾ ਕੱਢਣ ਤੇ ਭੁਲਾਉਣ ਲਈ...ਪਰ ਇਹ ਬਾਰ-ਬਾਰ ਉਸ ਦੇ ਮਨ ਅੰਦਰ ਹੋਰ ਤੇਜ਼-ਤਰਾਰ

*(ਬਾਕੀ ਅਗਲੇ ਸਫੇ 'ਤੇ)*

# ਭਾਰਤ ਪਾਕਿਸਤਾਨ ਦੇ ਰਿਸ਼ਤਿਆਂ ਦਾ ਅਗਲਾ ਸਫਰ

ਕੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਝਿਜਕ ਤਿਆਗਣ ਅਤੇ ਇਹ ਕਹਿਣ ਕਿ 'ਹਾਂ, ਮੈਂ ਪਾਕਿਸਤਾਨ ਜਾਵਾਂਗਾ' ਵਾਲਾ ਸਮਾਂ ਆ ਗਿਆ ਹੈ? ਜਿਹੜੇ ਨਹੀਂ ਜਾਣਦੇ, ਉਨ੍ਹਾਂ ਨੂੰ

ਜਯੋਤੀ ਮਲਹੋਤਰਾ

ਦੱਸ ਦੇਈਏ ਕਿ ਪਿਛਲੇ ਕੁਝ ਦਿਨਾਂ ਦੌਰਾਨ ਕਾਫੀ ਕੁਝ ਵਾਪਰ ਚੁੱਕਾ ਹੈ। ਪੰਜਾਬ 'ਚ ਆਮ ਆਦਮੀ ਪਾਰਟੀ ਸੁੰਗੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਖ਼ੁਦ ਨੂੰ ਮਜ਼ਬੂਤ ਕਰ ਰਹੀ ਹੈ ਤੇ ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਦੇ ਵਿਧਾਇਕ, ਸਾਥੀ ਰਹੀ ਪਾਰਟੀ ਭਾਜਪਾ ਵਿਚ ਸ਼ਾਮਲ ਨਹੀਂ ਹੋ ਰਹੇ। ਇਸੇ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਜਿਨ੍ਹਾਂ ਦੇ ਪਰਿਵਾਰ ਦੀਆਂ ਜੜ੍ਹਾਂ ਅੰਮ੍ਰਿਤਸਰ ਜ਼ਿਲ੍ਹੇ 'ਚ ਹਨ, ਨੇ ਮੋਦੀ ਨੂੰ ਪੱਤਰ ਲਿਖ ਕੇ ਅਕਤੂਬਰ ਮਹੀਨੇ ਇਸਲਾਮਾਬਾਦ ਵਿਚ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੀ ਮੀਟਿੰਗ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

ਵਿਦੇਸ਼ ਮੰਤਰਾਲੇ ਨੇ ਇਸ ਗੱਲ ਦੀ ਪੁਸ਼ਟੀ ਤਾਂ ਕਰ ਦਿੱਤੀ ਹੈ ਕਿ ਸੱਦਾ ਪੱਤਰ ਮਿਲਿਆ ਹੈ ਪਰ ਉਹ ਇਸ ਬਾਰੇ ਕੀ ਕਰਨਗੇ, ਇਹ ਅਜੇ ਨਹੀਂ ਦੱਸਿਆ। ਇਹ ਵੀ ਸੱਚ ਹੈ ਕਿ ਪਾਕਿਸਤਾਨੀ ਸੈਨਾ ਤੇ ਖ਼ੁਫ਼ੀਆ ਏਜੰਸੀਆਂ ਨੇ ਸ਼ਾਇਦ ਇਸ ਆਸ ਵਿਚ ਇਹ ਖ਼ਬਰ ਬਾਹਰ ਕੱਢੀ ਹੈ ਕਿ ਇਸ ਨਾਲ ਉਹ ਭਾਰਤ ਅੰਦਰ ਕੁਝ ਜਨਤਕ ਦਬਾਅ ਬਣਾ ਸਕਦੇ ਹਨ- ਨਰਮ ਦਿਲ ਉਦਾਰਵਾਦੀ (ਜਿਨ੍ਹਾਂ ਦੀ ਰੋਜ਼ੀ-ਰੋਟੀ ਕਿਸੇ ਨਾ ਕਿਸੇ ਨੂੰ ਮਿਲਦੇ ਰਹਿਣ ਤੇ ਉਨ੍ਹਾਂ ਨੂੰ ਭਾਵਨਾਤਮਕ ਪੱਧਰ 'ਤੇ ਛੂਹਣ 'ਚੋਂ ਨਿਕਲਦੀ ਹੈ) ਤੇ ਨਾਲ ਹੀ ਵਾਹਗਾ ਦਾ ਮੋਮਬੱਤੀ ਜਗਾਉਣ ਵਾਲਾ ਦਲ (ਇਨ੍ਹਾਂ ਨੂੰ ਵਾਰਤਾ ਦਾ ਪੱਖ ਪੂਰਨ ਖਾਤਰ ਮੁਹਿੰਮ ਛੇੜਨ ਲਈ ਕਿਸੇ ਵੀ ਵੇਲੇ ਕਿਹਾ ਜਾ ਸਕਦਾ ਹੈ)।

ਨਿੰਦਕਾਂ ਵੱਲੋਂ ਲਾਏ ਜਾਂਦੇ ਅਕਾਊ ਅੰਦਾਜ਼ੇ ਵੀ ਓਨੇ ਹੀ ਸਹੀ ਹਨ। ਮੋਦੀ ਇਸਲਾਮਾਬਾਦ ਨਹੀਂ ਜਾ ਸਕਦੇ, ਬਿਲਕੁਲ ਨਹੀਂ, ਨਹੀਂ ਜਾਣਾ ਚਾਹੀਦਾ ਕਿਉਂਕਿ ਪਾਕਿਸਤਾਨ ਦੁਸ਼ਮਣ ਹੈ ਜਿਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਜੇ ਤੁਸੀਂ ਵੀ ਇਸੇ ਕਿਸਮ ਦੇ ਹੋ ਤਾਂ ਤੁਹਾਨੂੰ ਜਲਦੀ ਆਪਣਾ ਬਸਤਾ ਬੰਨ੍ਹ ਗੁਰਦਾਸਪੁਰ ਵਾਲੀ ਅਗਲੀ ਬੱਸ ਫੜ ਲੈਣੀ ਚਾਹੀਦੀ ਹੈ ਤਾਂ ਕਿ ਤੁਹਾਨੂੰ ਆਪਣੀ ਇਸ ਵੈਰ-ਭਾਵਨਾ ਦੀ ਪੁਸ਼ਟੀ ਕਰਨ ਦਾ ਮੌਕਾ ਮਿਲ ਸਕੇ। ਇਹ ਉਹੀ ਜਗ੍ਹਾ ਹੈ ਜਿੱਥੇ ਡਰੋਨ ਜ਼ੀਰੋ ਰੇਖਾ ਤੋਂ ਬਿਲਕੁਲ ਥੁੱਕ ਸੁੱਟਣ ਜਿੰਨੀ ਦੂਰੀ 'ਤੇ ਡਿੱਗਦੇ ਹਨ; ਜੋ ਭਾਰਤ-ਪਾਕਿਸਤਾਨ ਬਾਰਡਰ ਦੇ ਕੁਝ ਕਿਲੋਮੀਟਰ ਅੰਦਰ ਜਾ ਕੇ ਹੈ; ਤੇ ਤੁਸੀਂ ਹੀ ਜਾਣਦੇ ਹੋ ਕਿ ਸਭ ਤੋਂ ਸ਼ੁੱਧ ਦਰਜੇ ਦੀ ਵ੍ਹਾਈਟ ਹੈਰੋਇਨ (ਚਿੱਟਾ) ਜਿਸ ਨੂੰ 'ਹੈਕਸਾਕੌਪਟਰ' ਉਡਾ ਕੇ ਲਿਆਉਂਦੇ ਹਨ, ਪਾਕਿਸਤਾਨੀ ਸੈਨਾ ਦੇ ਨਿਰਦੇਸ਼ਾਂ 'ਤੇ ਪੈਕ ਹੁੰਦੀ ਤੇ ਸੁੱਟੀ ਜਾਂਦੀ ਹੈ। 'ਲੁਕਵੀਂ ਜੰਗ' ਛੇੜਨ ਦੇ ਕਈ ਤਰੀਕੇ ਹਨ!

ਇਕ ਹੋਰ ਢੰਗ ਸਿਖਲਾਈ ਦੇ ਕੇ ਅਤਿਵਾਦੀਆਂ ਦੀ ਜੰਮੂ ਖੇਤਰ ਵਿਚ ਘੁਸਪੈਠ ਕਰਾਉਣਾ ਹੈ। ਫੌਜੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਹਾਲ ਦੇ ਮਹੀਨਿਆਂ 'ਚ ਭਾਰਤੀ ਸੈਨਿਕਾਂ ਅਤੇ ਨੀਮ ਫੌਜੀ ਬਲਾਂ 'ਤੇ ਘਾਤ ਲਾ ਕੇ ਕੀਤੇ ਗਏ ਹਮਲੇ ਪਾਕਿਸਤਾਨ ਦੀ ਸੋਚ-ਸਮਝ ਕੇ ਘੜੀ ਗਈ ਰਣਨੀਤੀ ਹੈ ਤਾਂ ਕਿ ਕਸ਼ਮੀਰ ਵਾਦੀ ਤੋਂ ਧਿਆਨ ਭਟਕਾਇਆ ਜਾ ਸਕੇ। ਇਨ੍ਹਾਂ ਹਮਲਿਆਂ ਵਿਚ ਹੁਣ ਤੱਕ ਬੀਤੀ ਗਰਮੀ ਦੀ ਰੁੱਤ 'ਚ ਹੀ ਲਗਭਗ 18 ਸੈਨਿਕ ਮਾਰੇ ਜਾ ਚੁੱਕੇ ਹਨ।

ਇਸ ਸੂਰਤ 'ਚ ਮੋਦੀ ਨੂੰ ਪਾਕਿਸਤਾਨ ਜਾਣਾ ਚਾਹੀਦਾ ਹੈ ਜਾਂ ਨਹੀਂ?

ਦਸ ਸਾਲ ਪਹਿਲਾਂ 2014 ਵਿਚ ਮੋਦੀ ਨੇ ਆਪਣੇ ਹਲਫ਼ਦਾਰੀ ਸਮਾਗਮ ਲਈ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਦਿੱਲੀ ਆਉਣ ਦਾ ਸੱਦਾ ਦਿੱਤਾ ਸੀ ਤੇ ਸ਼ਰੀਫ ਆਪਣੀ ਤਾਕਤਵਰ ਫੌਜ ਦੀ ਸਲਾਹ ਨਾ ਮੰਨਦਿਆਂ

*(ਬਾਕੀ ਅਗਲੇ ਸਫੇ 'ਤੇ)*

---

*(ਪਿਛਲੇ ਸਫੇ ਦੀ ਬਾਕੀ)*

ਪ੍ਰਚੰਡ ਹੋ ਕੇ ਉਸ ਦੀ ਭ੍ਰਿਸ਼ਟ ਅੰਤਰ-ਆਤਮਾ ਦੇ ਕੁੰਡੇ ਖੜਕਾਉਂਦੀ ਰਹੀ।

'ਮੇਰੇ ਦੋਸਤ ਤੁਲਸਾ ਰਾਮ ਨੇ ਫਸਾ ਕੇ ਮੇਰੀ ਵਾਤ ਵੀ ਨਹੀਂ ਪੁੱਛੀ। ਮੈਨੂੰ ਕਿਸੇ ਨੇ ਛੁਡਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਨਾ ਕਿਸੇ ਨੇ ਮੈਨੂੰ ਇਸ ਦੁਰਘਟਨਾ ਬਾਰੇ ਅਫ਼ਸੋਸ ਜ਼ਾਹਿਰ ਕੀਤਾ, ਨਾ ਕਿਸੇ ਵਾਪਸ ਬੁਲਾਇਆ...ਸਭ ਆਪੋ-ਧਾਪੀ ਪੈ ਗਈ।' ਗਰਮ ਤੌੜੀ ਵਾਂਗ ਉਹ ਅੰਦਰ ਹੀ ਅੰਦਰ ਰਿੱਝ ਰਿਹਾ ਸੀ। ਪਛਤਾਵੇ ਤੇ ਨਮੋਸ਼ੀ ਦੀ ਅੱਗ ਉਸ ਅੰਦਰ ਭਾਂਬੜ ਬਾਲ ਰਹੀ ਸੀ।

ਉਸ ਨੇ ਗਿਲਾਸ ਹਲੂਣਿਆ...ਦਾਰੂ ਦੇ ਬਚਦੇ ਘੁੱਟ ਵਿਚ ਬਰਫ਼ ਖੁਰ ਕੇ ਹੇਠਾਂ ਪਾਣੀ ਬਣ ਗਈ ਸੀ। ਉਹ ਮੂੰਹ ਨੂੰ ਲਾਉਣ ਲੱਗਾ। ਇਸ ਵਿਚ ਦੋ ਮੱਖੀਆਂ, ਪਿਆਰ ਦੇ ਅਲਿੰਗਨ ਵਿਚ ਮਸਤ ਡਿਗ ਕੇ ਸ਼ਰਾਬੀ ਹੋਈਆਂ ਤਾਂਡਵ ਨਾਚ ਤੜਫਣ ਲੱਗੀਆਂ ਤੇ ਫਿਰ ਸ਼ਾਂਤ ਹੋ ਗਈਆਂ।

'ਅੱਖੀਂ ਵੇਖ ਕੇ ਮੱਖੀ ਵੀ ਨਿਗ਼ਲ ਨਹੀਂ ਹੁੰਦੀ!' ਉਹ ਪਲ ਦੀ ਪਲ ਰੁਕਿਆ... 'ਪਰ ਅੱਜ ਤਾਂ ਇਹ ਆਪਣੀਆਂ ਹੀ ਹਨ...ਮਹਿੰਗੀ ਜੇਬ ਵਾਲੀ ਦਾਰੂ ਵੀ ਆਪਣੀ ਤੇ ਗਲਾਸੀ ਵੀ ਆਪਣੀ ਹੀ ਹੈ.' ਉਸ ਨੇ ਉਂਗਲ ਨਾਲ ਮੱਖੀਆਂ ਬਾਹਰ ਕੱਢ ਕੇ ਪਾਸੇ ਸੁੱਟ ਮਾਰੀਆਂ ਤੇ ਇਕੋ ਘੁੱਟੇ ਗਿਲਾਸ ਖਾਲੀ ਕਰ ਦਿੱਤਾ। ਉਸ ਨੇ ਪਊਏ ਵਾਸਤੇ ਵੇਟਰ ਨੂੰ ਹੋਰ ਆਰਡਰ ਦੇ ਦਿੱਤਾ। ਪਲਕ ਝਲਕ ਵਿਚ ਬਹਰੇ ਨੇ ਪਊਆ ਭਰ ਕੇ ਉਸ ਅੱਗੇ ਲਿਆ ਰੱਖਿਆ।

'ਲਓ ਬਾਬੂ ਜੀ! ਇਹ ਸੰਜੀਵਨੀ ਦਾਰੂ ਹੈ...ਤੁਹਾਡੇ ਸਾਰੇ ਗ਼ਮ ਕਸ਼ਟ ਦੂਰ ਭਜਾ ਦੇਵੇਗੀ। ਮੈਨੂੰ ਪਤਾ, ਤੁਸੀਂ ਅੱਜ ਬਹੁਤ ਉਦਾਸ ਤੇ ਨਿਰਾਸ਼ ਜਾਪਦੇ ਹੋ। ਇਹ ਇੱਕ ਦਮ ਨਵਿਰਤ ਕਰ ਦੇਵੇਗੀ ਤੁਹਾਡੇ ਸਾਰੇ ਦੁੱਖ ਦਲਿੱਦਰ।'

'ਅਰੇ ਵੋਹ ਕੈਸੇ ਭਾਈ...?'

'ਜਨਾਬ ਏਕ-ਏਕ ਬੂੰਦ ਸੇ ਤਲਾਬ ਭਰ ਜਾਤਾ ਹੈ, ਸਾਤ ਖੂਹੋਂ ਕਾ ਪਾਣੀ ਕਈ ਬਿਮਾਰੀਆਂ ਹਟਾ ਦਿੰਦਾ ਹੈ, ਸੱਤ ਜਿਨਸਾਂ ਮਿਲਾ ਕੇ ਸਤਨਾਜਾ ਕਈ ਮਰਜ਼ਾਂ ਦਾ ਇਲਾਜ ਹੈ ਤੇ ਹਰ ਬੋਤਲ, ਅੱਧੇ, ਪਊਏ ਵਿਚੋਂ ਤੁਬਕਾ-ਤੁਬਕਾ ਇਕੱਠਾ ਕਰ ਕੇ ਸ਼ਾਮ ਤੱਕ ਬੋਤਲ, ਦੋ ਜਾਂ ਕਈ ਵੇਰਾਂ ਸ਼ਰਾਬੀਆਂ ਦੇ ਜੂਠੇ ਗਲਾਸਾਂ ਵਿਚ ਪਈ ਬਚੀ ਵੱਖ ਵੱਖ ਤੋੜ ਦੀ ਦਾਰੂ ਮਿਲਾ ਕੇ ਵੱਖ ਵੱਖ ਤੋੜ ਦੀਆਂ ਕਈ ਬੋਤਲਾਂ ਬਣ ਜਾਂਦੀਆਂ ਨੇ। ਭਿੰਨ ਭਿੰਨ ਰੰਗਾਂ ਤੇ ਅੱਡੋ-ਅੱਡਰੇ ਸਵਾਦ ਦੀਆਂ ਮਿਲਾਈਆਂ ਇਹ ਸਵਾਂਤੀ ਬੂੰਦਾਂ ਬੜੀ ਸੁੰਦਰ ਸ਼ਾਨਦਾਰ ਬਲੈਂਡਡ ਕਾਕਟੇਲ ਬਣਾ ਦਿੰਦੀਆਂ ਹਨ। ਤੁਸੀਂ ਰੋਜ਼ ਆਇਆ ਕਰੋ, ਮੈਂ ਤੁਹਾਨੂੰ ਇਹ ਅੱਧੇ ਮੁੱਲ ਤੇ ਦੇ ਦਿਆ ਕਰਾਂਗਾ।' ਬਹਰੇ ਨੇ ਗਾਹਕ ਅੱਗੇ ਨਵੇਂ ਪੱਤੇ ਖਿਲਾਰ ਦਿੱਤੇ। ਉਹ ਝਟਪਟ ਉਸ ਦਾ ਪ੍ਰਤੀਕਰਮ ਜਾਣ ਕੇ ਆਪਣਾ ਪੱਕਾ ਗਾਹਕ ਬਣਾ ਕੇ ਆਪਣੀ ਟਿੱਪ ਯਕੀਨੀ ਬਣਾਉਣੀ ਚਾਹੁੰਦਾ ਸੀ।

'ਆਹਾ...ਬੜੀ ਮਜ਼ੇਦਾਰ ਹੈ ਇਹ ਭਾਈ! ਪਹਿਲਾਂ ਇਹ ਕਿਉਂ ਨਹੀਂ ਦਿੱਤੀ ਕਦੇ? ਮੈਨੂੰ ਹਰ ਰੋਜ਼ ਇਹੀ ਕੁਆਲਿਟੀ ਦਿਆ ਕਰ, ਮੈਂ ਤੇਰਾ ਪੱਕਾ ਗਾਹਕ ਬਣ ਜਾਊਂ।' ਉਹ ਸੱਚ-ਮੁੱਚ ਹੀ ਇਸ ਉੱਤਮ ਮਿਆਰ ਤੋਂ ਕਾਇਲ ਹੋ ਗਿਆ।

ਡਾਕਟਰ ਭਿੰਦਰ ਦੇ ਬਿੱਲੀ ਗਲ ਟੱਲੀ ਬੰਨ੍ਹਣ ਤੋਂ ਬਾਅਦ ਮੰਚ ਤੋਂ ਡਾਕਟਰ ਨਿੱਜਰ ਨੂੰ ਆਵਾਜ਼ ਪਈ, ਉਹ ਹੱਥ ਦੇ ਕੇ ਆਪੇ ਹੀ ਖੜ੍ਹਾ ਹੋ ਗਿਆ ਸੀ। ਤਾਏ ਦੀ ਧੀ ਚੱਲੀ ਮੈਂ ਕਿਉਂ ਰਹਾਂ ਕੱਲ੍ਹੀ। ਉਹ ਬੋਲਣ ਨੂੰ ਬਹੁਤ ਕਾਹਲਾ ਜਾਪਦਾ ਸੀ ਜਿਵੇਂ ਆਪਣੇ ਮਨ ਵਿਚ ਬਹੁਤ ਕੁੱਝ ਅਣਕਿਹਾ ਉਗਲੱਛਣ ਨੂੰ ਤਿਆਰ ਸੀ।

'ਜੇ ਰੱਬ ਨੇ ਤੁਹਾਨੂੰ ਕੁੱਝ ਬੁੱਧੀ ਦਿੱਤੀ ਹੈ, ਕੁੱਝ ਅਕਲ ਦਿੱਤੀ ਹੈ...ਕੁੱਝ ਪਾਵਰ ਦਿੱਤੀ ਹੈ, ਇਸ ਨੂੰ ਸਕਾਰਾਤਮਕ ਉਸਾਰੀ ਲਈ ਵਰਤੋ...ਲੋਕਾਂ ਨੂੰ ਗਾਲ਼ਾਂ ਕੱਢਣ ਲਈ ਨਹੀਂ। ਜੇ ਰੱਬ ਨੇ ਤੁਹਾਨੂੰ ਕਲਮ ਦਿੱਤੀ ਹੈ, ਮਨੁੱਖਤਾ ਦੀ ਭਲਾਈ ਲਈ ਵਰਤੋ, ਤਬਾਹੀ ਲਈ ਨਹੀਂ। ਜੇ ਤੁਹਾਡੇ ਹੱਥ ਐਟਮ ਆ ਹੀ ਗਿਆ ਹੈ ਤਾਂ ਧਰਤੀ ਨੂੰ ਅੱਗ ਦੇ ਲਾਂਬੂ ਲਾਉਣ ਦੀ ਬਿਜਾਏ ਸਮਾਜ ਭਲਾਈ ਦੇ ਕਈ ਨਿਰਮਾਣ ਕਾਰਜਾਂ ਵਾਸਤੇ ਵੀ ਵਰਤਿਆ ਜਾ ਸਕਦਾ ਹੈ।' ਨਿੱਜਰ ਸਾਹਿਬ ਨੇ ਨਵੀਂ ਨਿੱਗਰ ਤੇ ਨਿਡਰ ਗੱਲ ਕਰ ਕੇ ਵਹਿਣ ਦਾ ਮੁਹਾਣ ਮੋੜ ਦਿੱਤਾ।

'ਮੁਆਫ਼ ਕਰਨਾ ਵਿਦੇਸ਼ੀ ਰਾਹਦਾਰੀਆਂ ਦੇ ਲਾਲਚ ਵੱਸ ਕੁੱਝ ਫੰਨੇ ਖ਼ਾਂ ਆਲੋਚਕ ਵਿਦਵਾਨ ਸਾਹਿੱਤਕਾਰ ਆਪਣੀ ਜ਼ਮੀਰ ਗਹਿਣੇ ਰੱਖ ਦਿੰਦੇ ਹਨ। ਉਹ ਬਾਹਰ ਜਾ ਕੇ ਓਥੋਂ ਦੀ ਚਕਾਚੌਂਧ ਬੋਤਲ ਵਿਚ ਕੈਦ ਹੋ ਜਾਂਦੇ ਨੇ। ਮੇਜ਼ਬਾਨ ਦੇ ਹੱਥੀਂ ਬੰਨ੍ਹੀਂ ਗ਼ੁਲਾਮ! ਉਹ ਓਹੀ ਕਰਦੇ ਲਿਖਦੇ ਨੇ ਜੋ ਉਸ ਦਾ ਮੇਜ਼ਬਾਨ ਕਹਿੰਦਾ ਹੈ।

'ਤੋਤਾ ਰਾਮਾ ਚੂਰੀ ਖਾਣੀਆਂ?' 'ਹਾਂ ਖਾਣੀਆਂ.'

'ਤੇ ਫਿਰ ਉਹੀ ਕਰੀਂ...ਲਿਖੀਂ...ਬੋਲੀਂ...ਜੋ ਮੈਂ ਕਹੂੰਗਾ.' ਇਹ ਵਿਚਾਰੇ ਮਹਿਮਾਨ ਦੀ ਮਜਬੂਰੀ ਵੀ ਬਣ ਜਾਂਦੀ ਹੈ।

'ਬਿਹਤਰ ਮੇਰੇ ਆਕਾ! ...ਠਗਾਂ ਦੀ ਟੋਲੀ...ਇੱਕੋ ਜਿਹੀ ਬੋਲੀ। ਉਹ ਸਿਰਫ਼ ਇਹ ਹੁਕਮ ਹੀ ਨਹੀਂ ਦਿੰਦੇ ਕਿ ਮੇਰੇ ਬਾਰੇ ਚੰਗਾ ਲਿਖ ਪ੍ਰੰਤੂ ਇਹ ਵੀ ਲਿਖਵਾਉਂਦੇ ਨੇ ਕਿ ਉਨ੍ਹਾਂ ਦਾ ਸ਼ਰੀਕ ਫਲਾਣਾ-ਫਲਾਣਾ ਬਹੁਤ ਨਿਕੰਮਾ ਲੇਖਕ ਹੈ, ਉਸ ਦੀ ਚੰਗੀ ਤਰ੍ਹਾਂ ਭੰਡੀ ਕਰ ਕੇ ਉਸ ਨੂੰ ਇਸ ਹੋੜ ਤੋਂ ਪਾਸੇ ਕਰਨਾ ਹੈ, ਮੁਕਾਬਲੇ ਚੋਂ ਹਟਾਉਣਾ ਹੈ।'

'ਇਕ ਚੰਗਾ ਨਵਾਂ ਲੇਖਕ ਇੱਥੇ ਗਲਤ ਥਾਂ ਫਸ ਗਿਆ। ਇਕ ਸਾਹਿਤ ਸਭਾ ਜਿਹੜੀ ਕਈ ਗੋਸ਼ਟੀਆਂ ਕਰਾਉਂਦੀ ਹੈ, ਵੱਡੇ-ਵੱਡੇ ਕਹਾਣੀਕਾਰ, ਨਾਵਲਕਾਰ ਬੁਲਾਉਂਦੀ ਹੈ, ਉਨ੍ਹਾਂ ਨੂੰ ਸਨਮਾਨਿਤ ਕਰਦੀ ਹੈ, ਉਨ੍ਹਾਂ ਦੇ ਪ੍ਰਧਾਨ ਜਾਂ ਸਕੱਤਰ ਕੋਈ ਵੀ ਦਸਵੀਂ ਤੋਂ ਉੱਪਰ ਨਾ ਪੜ੍ਹਿਆ ਹੋਵੇ ਤੇ ਕਿਸੇ ਨੇ ਕੋਈ ਕਿਤਾਬ ਨਾਵਲ ਕਹਾਣੀ ਤਾਂ ਕੀ, ਇਕ ਪੰਗਤੀ ਵੀ ਸਾਹਿਤ ਦੇ ਲੇਖੇ ਨਾ ਪਾਈ ਹੋਵੇ! ਸ਼ਰਮ ਦੀ ਗੱਲ ਹੈ, ਉਹ ਕਿਸੇ ਸਾਹਿਤਕ ਰਚਨਾ ਦਾ ਲੇਖਾ-ਜੋਖਾ ਕਰ/ਕਰਵਾ ਰਹੇ ਨੇ!.. ਇਹ ਵੀ ਸਾਹਿਤ ਵਿਗਿਆਨੀਆਂ ਦੇ ਵਿਚਾਰ ਗੋਚਰਾ ਬੜਾ ਗੰਭੀਰ ਮਸਲਾ ਹੈ। ਅਜਿਹੀ ਸੰਸਥਾ ਜਿਸ ਨੂੰ ਤੁਸੀਂ ਸਾਹਿਤ ਸਭਾ ਦਾ ਨਾਮ ਦਿੰਦੇ ਹੋ, ਇਸ ਦਾ ਨਾਮ ਬਦਲ ਦਿਓ। ਚੰਗਾ ਰਹੇਗਾ....ਬੜਾ ਢੁਕਵਾਂ ਨਾਮ...ਅਨਪੜ੍ਹ ਸਾਹਿਤ ਆਸ਼ਰਮ।

ਮੁਆਫ਼ ਕਰਨਾ! ਮੇਰਾ ਮਤਲਬ ਤੁਸੀਂ ਸਮਝ ਹੀ ਗਏ ਹੋਵੋਗੇ। ਸਾਧਾਂ ਦੇ ਡੇਰਿਆਂ ਵਾਂਗ ਵਿਵਹਾਰ ਕਰਦੀਆਂ ਅਜੇਹੀਆਂ ਸਾਹਿੱਤਿਕ ਜਥੇਬੰਦੀਆਂ ਜੇਬ ਰੁਤਬਾ ਵੇਖ ਕੇ ਆਪਣਿਆਂ ਨੂੰ ਅੱਗੇ ਕਰਦੀਆਂ ਹੱਕਦਾਰਾਂ ਨੂੰ ਪਛਾੜ ਦਿੰਦੀਆਂ ਹਨ। ਜੇ ਕਿਸੇ ਕਿਰਤ ਦੇ ਮੁਲੰਕਣ ਵਾਸਤੇ ਤੁਸੀਂ ਅਲੋਚਨਾ-ਧਰਮ ਨੂੰ ਪਛਾੜ ਕੇ ਭਾਈ-ਭਤੀਜਾ ਵਾਦ ਦੀ ਸਿਆਸਤ ਹੀ ਬੱਲੇ-ਬੱਲੇ ਜਾਂ ਥੱਲੇ-ਥੱਲੇ ਕਰਨੀ ਹੈ ਤਾਂ ਇਸ ਤੋਂ ਚੰਗਾ ਨਾਮ ਹੋਰ ਕੀ ਹੋ ਸਕਦਾ ਹੈ।

ਇਸ ਵਿਚਾਰ ਅਧੀਨ ਨਾਵਲ ਵਿਚ ਲੇਖਕ ਨੇ ਉਲੀਕੇ ਹਨ ਅਮੀਰਾਂ ਵਜ਼ੀਰਾਂ ਤੇ ਕਰੱਪਟ ਅਧਿਕਾਰੀਆਂ ਦੇ ਸਕੈਂਡਲ, ਅਣਪਚਣ ਯੋਗ ਸਮਾਜਕ ਕ੍ਰਿਸ਼ਮੇ, ਸਰਕਾਰੀ ਮਸ਼ੀਨਰੀ ਦੀਆਂ ਢਿੱਲੀਆਂ ਤੜਾਵਾਂ ਤੇ ਅਧਿਕਾਰਾਂ ਦਾ ਦੁਰਉਪਯੋਗ...ਕੰਮ-ਚੋਰ ਪ੍ਰੋਫੈਸਰਾਂ ਤੇ ਸਮਾਜ ਦੀਆਂ ਹੋਰ ਭ੍ਰਿਸ਼ਟ ਕੁਰੀਤੀਆਂ ਅਤੇ ਸੰਸਕਾਰਾਂ ਬਾਰੇ ਸ਼ੋਸ਼ਣ ਤੱਤ। ਇਹ ਤੁਹਾਡੇ ਹਲਕ ਵਿਚ ਨਹੀਂ ਲਹਿਣੇ। ਪਰਚੇ ਵਿਚ ਆਲੋਚਕ ਨੇ ਇਹਨਾਂ ਵਿਸ਼ਿਆਂ ਨੂੰ ਅਣਗੌਲੇ ਕਰ ਕੇ ਆਪਣੀ ਖੋਜ ਨਾਲ ਵਿਸ਼ਵਾਸਘਾਤ ਕੀਤਾ ਹੈ। ਇਸ 'ਪਾਰਖੂ ਆਲੋਚਕ' ਨੇ ਲੇਖਕ ਦੀ ਸਿਰਜਣ-ਪ੍ਰਕਿਰਿਆ ਬਾਰੇ ਬਿਲਕੁਲ ਖ਼ਾਮੋਸ਼ੀ ਧਾਰਨ ਕਰ ਕੇ ਤੇ ਇਸ ਸੰਵਾਦ ਨੂੰ ਅੱਗੇ ਤੋਰਨ ਦੀ ਬਿਜਾਏ ਬੰਦ ਕਰਨ ਦੀ ਕੋਝੀ ਹਰਕਤ ਕੀਤੀ ਹੈ। ਮੈਂ ਚਾਹਾਂਗਾ ਕਿ ਅਜੇਹੇ ਸਾਹਿਤਕ ਆਤੰਕਵਾਦ ਤੇ ਕਿੜ ਕੱਢ ਆਲੋਚਕਾਂ ਦਾ ਬਾਈਕਾਟ ਕਰ ਕੇ ਬਲੈਕ ਲਿਸਟ ਕੀਤਾ ਜਾਏ ਤਾਂ ਜੋ ਕੋਈ ਵੀ ਸਾਹਿਤਕ ਸੰਸਥਾ ਅਜਿਹੇ ਉਲਟ-ਸੁਭਾਵੀ ਸੋਚ ਵਾਲੇ ਨੂੰ ਨੇੜੇ ਨਾ ਫਟਕਣ ਦੇਵੇ। ਮੈਂ ਹੋਰ ਵੀ ਅਜੇਹੇ ਇਕਾ-ਦੁੱਕਾ ਆਲੋਚਕ ਦੇਖੇ ਸੁਣੇ ਹਨ ਜੋ ਦਾਰੂ ਦੇ ਖੂਹ ਦੀ ਮਣ ਤੇ ਬੈਠ ਕੇ ਗਿਣੇ-ਚੁਣੇ ਲੇਖਕਾਂ ਦੀ ਹੀ ਚਰਚਾ ਕਰਦੇ ਹਨ। ਇਸ ਪਰਚੇ ਦੀ ਭੂਮਿਕਾ ਵਿਚ ਇਕ ਹੋਰ ਵਿਸ਼ੇਸ਼ ਲੇਖਕ ਦਾ ਜ਼ਿਕਰ ਕਰ ਕੇ ਵਡਿਆਉਣ ਦੀ ਪੂਰੀ ਵਾਹ ਲਾਈ ਗਈ ਹੈ ਭਾਵੇਂ ਉਹ ਮੇਰੀ ਜਾਚੇ ਇਸ ਦੇ ਮੁਕਾਬਲੇ ਪਾਸਕੂ ਵੀ ਨਹੀਂ। ਪਾਲਤੂ ਆਲੋਚਕ ਆਪਣੇ ਆਕਾਵਾਂ ਦੀ ਹੀ ਜੀ-ਹਜ਼ੂਰੀ ਕਰਦੇ ਹਨ। ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਨਿੱਜ/ਖੂਹ ਤੋਂ ਉੱਪਰ ਉੱਠ ਕੇ ਸਮੁੰਦਰ ਕੰਢੇ ਜਾਣ, ਉਨ੍ਹਾਂ ਨੂੰ ਲੇਖਕਾਂ ਨਾਲ ਭਰਪੂਰ ਖਜਾਨਾ ਮਿਲੇਗਾ। ਇਹ ਗੁੱਟ-ਬੰਦੀ ਜੋ ਸਾਹਿਤਕ ਖਜਾਨੇ 'ਤੇ ਸੱਪ-ਵ਼ਲੇਵਾਂ ਮਾਰ ਬੈਠੀ ਹੈ, ਸਾਹਿਤ ਪ੍ਰਫੁੱਲਣ ਦੇ ਰਸਤੇ ਬੜੀ ਘਾਤਕ ਸਾਬਤ ਹੋਵੇਗੀ। ਇਹ ਨਹੀਂ ਚਾਹੁੰਦੇ ਕਿ ਕੋਈ ਹੋਰ ਨਵਾਂ ਲੇਖਕ ਉਨ੍ਹਾਂ ਦੇ ਪੱਧਰ 'ਤੇ ਆਵੇ ਜਾਂ ਅੱਗੇ ਲੰਘੇ ਜਾਵੇ। ਪਰ ਯਾਦ ਰੱਖੋ! ਇਹ ਤੁਹਾਡੇ ਸਾਰੇ ਗੱਠਜੋੜ ਜੁੰਡਲੀਆਂ ਟੁੱਟ ਜਾਣੀਆਂ ਨੇ। ਨਵੀਂ ਸੋਚ ਆ ਰਹੀ ਹੈ, ਨਵੇਂ ਵਿਸ਼ੇ ਤੇ ਨਵੇਂ ਲੇਖਕ ਪੈਦਾ ਹੋ ਰਹੇ ਨੇ, ਨਵੀਂ ਪਨੀਰੀ ਆ ਰਹੀ ਹੈ। ਨਵੀਨ ਨਰੋਈ ਅਲੋਚਨਾ ਆ ਰਹੀ ਹੈ। ਸੰਭਲ ਜਾਓ! ਉਨ੍ਹਾਂ ਮਲਕੜੇ ਜਿਹੇ ਤੁਹਾਡੇ ਮਖੌਟੇ ਨੰਗੇ ਕਰ ਕੇ ਉਠਾ ਕੇ ਪਾਸੇ ਕਰ ਦੇਣਾ ਹੈ।

ਮੈਂ ਸਮਝਦਾ ਹਾਂ ਕਿ ਤੁਸਾਂ ਜੋ ਇਹ ਸਾਰਾ ਖਲਜਗਣ ਰਚਾਇਆ ਹੈ, ਇਸ ਦਾ ਮਕਸਦ ਇਕ ਪ੍ਰਤਿਭਾਸ਼ੀਲ ਲੇਖਕ ਨੂੰ ਭੰਡਣਾ ਤੇ ਪਛਾੜਨਾ ਹੈ, ਉਜਾਗਰ ਕਰਨਾ ਜਾਂ ਉਭਾਰਨਾ ਨਹੀਂ। ਇਸ ਤੌਰ-ਤਰੀਕੇ ਬਾਰੇ ਮੈਨੂੰ ਬੜਾ ਭਾਰੀ ਇਤਰਾਜ਼ ਹੈ। ਇਸ ਵਿਚ ਨਾ ਹੀ ਕਿਤਾਬ ਦਾ ਮੁਲੰਕਣ ਹੋਇਆ ਹੈ ਤੇ ਨਾ ਹੀ ਲੇਖਕ ਦਾ। ਇਹ ਮਾਮਲਾ ਤਾਂ ਉੱਥੇ ਦਾ ਉੱਥੇ ਹੀ ਖੜ੍ਹਾ ਹੈ ਜਿੱਥੋਂ ਚੱਲਿਆ ਸੀ। ਹਾਂ ਇਹ ਗੱਲ ਜ਼ਰੂਰ ਹੈ ਕਿ ਤੁਸਾਂ ਆਪਣੀ ਇਹ ਵਿੰਗੀ-ਟੇਢੀ ਡਫਲੀ ਵਜਾ ਕੇ ਆਪਣੇ ਆਕਾ ਦੀ ਨਜ਼ਰਾਂ ਵਿਚ ਛਾ ਜਾਣ ਦੀ ਕੋਝੀ ਚਾਲ ਚੱਲੀ ਹੈ ਤੇ ਕੱਲ੍ਹ ਦੀ ਅਖ਼ਬਾਰ ਲਈ ਆਪਣੀ ਸੁਰਖ਼ੀ ਬਣਾ ਲਈ ਹੈ।'

'ਲਾਹਨਤ ਹੈ ਅਜਿਹੀ ਗੋਸ਼ਟੀ 'ਤੇ।' ਸਰੋਤਿਆਂ ਵਿਚੋਂ ਆਵਾਜ਼ਾਂ ਹਨ।

ਨਿੱਜਰ ਸਾਹਿਬ ਦਾ ਭਾਸ਼ਣ ਹੁਣ ਤੱਕ ਡਾਕਟਰ ਕੰਗਾਰੂ ਦੇ ਸਿਰ ਠੋਲ੍ਹੇ ਮਾਰ ਮਾਰ ਉਸ ਦੀ ਖਾਧੀ ਪੀਤੀ ਦਾ ਸਵਾਦ ਕਿਰਕਿਰਾ ਕਰ ਰਿਹਾ ਸੀ।

'ਨਕਲ ਮਾਰ ਕੇ, ਨੋਟ ਚੁਰਾ ਕੇ ਸਿਫ਼ਾਰਿਸ਼ਾਂ ਪੁਆ ਕੇ, ਗਾਈਡਾਂ ਦੇ ਗੋਡੇ ਘਸਾ ਕੇ ਲਈਆਂ ਡਿਗਰੀਆਂ ਨਾਲ ਬਣੇ ਆਲੋਚਕ ਜਿਸ ਨੇ ਕੋਈ ਕ੍ਰਿਆਤਮਕ ਸ਼ਬਦ ਨਾ ਲਿਖੇ ਹੋਣ, ਕੋਈ ਕਿਤਾਬ ਨਾ ਛਪਾਈ ਹੋਵੇ, ਉਹ ਹੋਰ ਕਿਸੇ ਦੀ ਅਲੋਚਨਾ ਕੀ ਕਰ ਸਕਦਾ ਹੈ? ਇਕ ਬਾਂਝ ਔਰਤ ਜਿਸ ਨੇ ਆਪ ਬੱਚਾ ਨਹੀਂ ਜਣਿਆ, ਉਹ ਪ੍ਰਸੂਤ ਦੀਆਂ ਪੀੜਾਂ ਬਾਰੇ ਹੋਰਾਂ ਨੂੰ ਸਿਖਿਆ ਦੇਵੇ, ਕਿੰਨੀ ਬੇਹੂਦਾ ਤੇ ਹਾਸੋਹੀਣੀ ਗੱਲ ਹੈ। ਪ੍ਰੋ. ਸੰਧੂ ਨੇ ਵੀ ਉੱਖਲੀ ਵਿਚ ਮੋਹ਼ਲੇ ਵਾਲਾ ਵਾਰ ਵਾਹ ਕੇ ਆਪਣੀ ਭੜਾਸ ਕੱਢ ਲਈ ਤੇ ਵਗਦੀ ਗੰਗਾ ਵਿਚ ਹੱਥ ਧੋ ਲਏ।

ਪ੍ਰਧਾਨਗੀ ਮੰਚ 'ਤੇ ਬੈਠੇ ਨਾਮਵਰ ਡਾਕਟਰ, ਨਾਵਲਕਾਰ, ਕਹਾਣੀਕਾਰ ਆਪਣੇ ਤੋਂ ਘੱਟ ਯੋਗਤਾ ਔਕਾਤ ਵਾਲੇ ਸਭਾ ਦੇ ਅਹੁਦੇਦਾਰਾਂ ਕੋਲੋਂ ਮੋਮੈਂਟੋ ਲੋਈਆਂ ਲੈਂਦੇ, ਹੱਸ ਹੱਸ ਕੇ ਫ਼ੋਟੋ ਖਿਚਾਉਂਦੇ, ਗਲ ਹਾਰ ਪਵਾਉਂਦੇ, ਉਨ੍ਹਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਦੇ ਰਹੇ। ਕੰਗਾਰੂ ਆਲੋਚਕ ਬਨੇਰੇ ਬੈਠੇ ਕਾਂ ਵਾਂਗ ਸਭ ਕੁੱਝ ਵੇਖ ਕੇ ਆਪਣੀ ਵਾਰੀ ਦੀ ਇੰਤਜ਼ਾਰ ਵਿਚ ਕੁੜ੍ਹਦਾ ਰਿਹਾ। ਮੋਮੈਂਟੋ ਤੇ ਦੁਸ਼ਾਲੇ ਖ਼ਤਮ ਹੁੰਦੇ ਵੇਖ ਕੇ ਉਹ ਉੱਠਿਆ ਤੇ ਜਾ ਕੇ ਸਕੱਤਰ ਦੇ ਕੰਨ ਵਿਚ ਕੁੱਝ ਘੁਸਰ-ਮੁਸਰ ਕਰਨ ਲੱਗਾ।

'ਤੇਰਾ ਵੀ ਕੁੱਝ ਪ੍ਰਬੰਧ ਕਰਦੇ ਹਾਂ।' ਸਕੱਤਰ ਨੇ ਗ਼ੁਸੈਲੇ ਜਿਹੇ ਲਹਿਜ਼ੇ ਵਿਚ ਉਸ ਨੂੰ ਝਟਕ ਦਿੱਤਾ।

ਪ੍ਰਬੰਧਕਾਂ ਨੇ ਇਸ ਦੁਰਵਿਵਹਾਰ ਦੀ ਮੁਆਫ਼ੀ ਮੰਗੀ। ਉਨ੍ਹਾਂ ਕਿਹਾ ਕਿ ਸਾਨੂੰ ਦੱਸਿਆ ਗਿਆ ਸੀ ਕਿ ਇਹ ਕ੍ਰਾਂਤੀਕਾਰੀ ਗਾਈਡ ਪ੍ਰੋਫੈਸਰ ਦਾ ਪਹਿਲਾ ਸ਼ਾਗਿਰਦਾ ਨਵਾਂ ਨਵਾਂ ਡਾਕਟਰ ਬਣਿਆ ਹੈ ਤੇ ਬਹੁਤ ਉਸਾਰੂ ਖ਼ਿਆਲਾਂ ਦਾ ਆਲੋਚਕ ਹੈ। ਡਾ. ਤੁਲਸਾ ਨੇ ਇਸ ਦੀ ਸ਼ਾਹਦੀ ਭਰੀ ਤੇ ਸਿਫ਼ਾਰਿਸ਼ ਵੀ ਕੀਤੀ ਸੀ। ਅਸੀਂ ਅਜਿਹੇ ਨਿਖੇਧਾਤਮਿਕ ਸੋਚ ਤੇ ਰੰਗ ਵਿਚ ਭੰਗ ਪਾਉਣ ਵਾਲੇ ਅਖੌਤੀ ਵਿਦਵਾਨ ਨੂੰ ਸਮਾਂ ਦੇਣ ਲਈ ਸ਼ਰਮਿੰਦੇ ਹੁੰਦੇ ਮਾਫ਼ੀ ਮੰਗਦੇ ਹਾਂ।

ਕੰਗਾਰੂ ਦੋਨੋਂ ਹੱਥ ਮੂੰਹ 'ਤੇ ਰੱਖ ਕੇ ਠਠੰਬਰਿਆ ਹੋਇਆ ਮੰਚ ਵੱਲ ਲਲਚਾਈਆਂ ਤੇ ਘਬਰਾਈਆਂ ਅੱਖਾਂ ਨਾਲ ਝਾਕ ਰਿਹਾ ਸੀ। ਇਸ ਪਾਸਿਉਂ ਅੰਡਿਆਂ ਦੀ ਬੁਛਾੜ! 'ਆਹ ਲੈ ਆਮਲੇਟ ਭੁਰਜੀ ਬਣਾ ਲੈ' ਆਲੋਚਕ ਦਾ ਮੂੰਹ ਮੱਥਾ ਸਾਫ਼ ਕਰ ਗਈ। ਸਰੋਤਿਆਂ ਵਿਚ ਭਗਦੜ ਮੱਚ ਗਈ। ਬਾਂਹਾਂ ਅੰਦਰ ਸਿਰ ਛੁਪਾਉਂਦਾ ਉਹ ਬਾਥਰੂਮ ਵੱਲ ਦੌੜਿਆ ਤੇ ਫਿਰ ਜਿੱਧਰ ਦੀ ਰਾਹ ਲੱਭਾ, ਦੌੜ ਕੇ ਪਾਰਕਿੰਗ-ਲਾਟ ਪਹੁੰਚ ਗਿਆ।

ਉਹ ਪਚਾਕੇ ਮਾਰ ਮਾਰ ਜੁਗਾਲੀ ਕਰਦਾ ਆਪਣੇ ਜ਼ਿਹਨ ਵਿਚ ਚੱਲਦੀ ਆਪਣੀ ਕੀਤੀ ਕਰਤੂਤ ਦੀ ਫ਼ਿਲਮ ਵੇਖਦਾ ਝੂਰ ਰਿਹਾ ਸੀ, 'ਚੰਗਾ ਕੀਤਾ ਯਾਰ! ਮੈਂ ਆਮਲੇਟ ਤਾਂ ਬਣਾ ਹੀ ਸਕਦਾ ਸੀ।' ਉਹ ਆਪਣੇ ਆਪ ਵਿਚ ਹੱਸਿਆ। ਜੇਬ ਵਿਚਲੇ ਫ਼ੋਨ ਘੰਟੀ ਨੇ ਟੈਕਸਟ ਮੈਸੇਜ ਸੰਕੇਤ ਦਿੱਤਾ। ਇਹ ਬਿੰਦਰ ਵੱਲੋਂ ਸੀ।

'ਕੰਗਾਰੂ ਜੀ! ਤੁਹਾਡਾ ਧੰਨਵਾਦ। ਤੁਹਾਡੇ ਨਾਮ ਦੇ ਜਾਮ ਹੁਣ ਤੱਕ ਚੱਲਦੇ ਤੁਹਾਡੇ ਸ਼ਬਦ ਗੁਣਗੁਣਾ ਰਹੇ ਹਨ। ਤੁਹਾਡੀ ਸੱਚੀ-ਸੁੱਚੀ ਤੂਫ਼ਾਨੀ ਅਲੋਚਨਾ ਹਰੇਕ ਦੀ ਜ਼ੁਬਾਨ ਤੇ ਨੱਚਦੀ ਰਹੀ ਹੈ। ਅਫ਼ਸੋਸ! ਤੁਸੀਂ ਰੰਗ ਭਰੀ ਮਹਿਫ਼ਲ ਵਿੱਚੇ ਛੱਡ ਕੇ ਚਲੇ ਗਏ...ਜੇ ਨੇੜੇ ਹੋ ਤਾਂ ਵਾਪਸ ਪਹੁੰਚ ਜਾਓ, ਸਾਰੇ ਤੁਹਾਨੂੰ ਯਾਦ ਕਰ ਰਹੇ ਹਨ।' ਪੜ੍ਹ ਕੇ ਪਚਾਕੇ ਮਾਰਦੀ ਜੁਗਾਲੀ ਉਸ ਦੇ ਦੰਦਾਂ ਵਿਚ ਅਟਕ ਗਈ।

'ਸਾਲਾ ਖ਼ਰਗੋਸ਼...ਚਾਤਰ! ਮੈਂ ਹੁਣ ਤੇਰੇ ਕਾਬੂ ਨਹੀਂ ਆਉਂਦਾ...ਵਾਪਸ ਆ ਕੇ ਛਿੱਤਰ ਖਾ ਕੇ ਦੁਰਦਸ਼ਾ ਵਾਲੀ ਰਹਿੰਦੀ ਖੂੰਹਦੀ ਕਸਰ ਵੀ ਪੂਰੀ ਕਰਵਾ ਲਵਾਂ? ਮੈਨੂੰ ਨਹੀਂ ਚਾਹੀਦੇ ਤੇਰੇ ਵੀਜ਼ੇ...ਮੈਨੂੰ ਨਹੀਂ ਚਾਹੀਦੀਆਂ ਤੇਰੀਆਂ ਕੰਬਲੀਆਂ...ਮੈਨੂੰ ਨਹੀਂ ਚਾਹੀਦੇ ਤੇਰੇ ਅਵਾਰਡ ਸਨਮਾਨ...ਮੇਰੀ ਤੋਬਾ! ਜ਼ਖ਼ਮਾਂ ਤੇ ਨਮਕ ਛਿੜਕਣ ਵਾਲੀ ਇਹ ਝੂਠੀ ਚਾਪਲੂਸੀ! ਤੂੰ ਆਪਣੀ ਅਹਿਮੀਅਤ ਵਧਾਉਣ ਖ਼ਾਤਰ ਮੇਰੀ ਪਿੱਠ ਵਿਚ ਛੁਰਾ ਮਾਰਿਆ! ਮੈਨੂੰ ਕਹਿੰਦਾ ਸੀ ਇੱਥੋਂ ਹੀ ਤੇਰਾ ਸ਼੍ਰੋਮਣੀ ਆਲੋਚਕਾਂ ਵਿਚ ਨਾਂ ਦਰਜ ਹੋ ਜਾਣਾ ਤੇ ਸਰਕਾਰ ਵੱਲੋਂ ਸ਼੍ਰੋਮਣੀ ਆਲੋਚਕ ਇਨਾਮ ਵੱਟ 'ਤੇ ਪਿਆ!' ਉਹ ਕੜਾਹੀ ਵਿਚ ਪਏ ਤੇਲ ਵਾਂਗ ਭੜਕ ਉੱਠਿਆ। ਬੈਂਚ 'ਤੇ ਪਈ ਮੀਟ ਦੀ ਪਲੇਟ ਵੱਲ ਗ਼ੁੱਸਾ ਉਗਲਦੇ ਉਸ ਨੇ ਗਿਲਾਸ ਦਾ ਆਖ਼ਰੀ ਘੁੱਟ ਖਾਲੀ ਕਰ ਦਿੱਤਾ। ਬਹਿਰਾ ਬਿੱਲ ਲੈ ਕੇ ਸਿਰ 'ਤੇ ਆ ਖੜ੍ਹਾ ਹੋਇਆ।

ਪੰਜ ਸੌ ਸੰਤਾਲੀ ਰੁਪੈ ਦਾ ਬਿੱਲ ਸਾਹਮਣੇ ਆਇਆ ਦੇਖ ਕੇ ਉਸ ਦੀ ਤਰੀ ਦਾ ਆਖ਼ਰੀ ਚਮਚਾ ਥਿੜਕ ਕੇ ਥੱਲੇ ਡੁੱਲ੍ਹ ਗਿਆ ਤੇ ਕੁੱਝ ਉਸ ਦੀ ਚਿੱਟੀ ਕਮੀਜ਼ ਤੇ ਪੈ ਕੇ ਰੰਗ-ਬਰੰਗੇ ਵੇਲ-ਬੂਟੇ ਵਾਹ ਗਿਆ। ਉਸ ਨੇ ਪਲੇਟ ਉਠਾਈ ਤੇ ਉਂਗਲਾਂ ਨਾਲ ਚੱਟਣ ਲੱਗਾ।

'ਬਾਬੂ ਜੀ! ਹੋਰ ਲੈ ਲਓ। ਬੜੇ ਲੋਗ ਐਸੇ ਨੀਚ ਕਾਮ ਨਹੀਂ ਕਰਤੇ।' ਬਹਰੇ ਦੀ ਫਿਟਕਾਰ ਭਰੀ ਨਸੀਹਤ ਨੇ ਉਸ ਨੂੰ ਝੰਜੋੜ ਦਿੱਤਾ।

ਉਸ ਨੇ ਜੇਬ 'ਚੋਂ ਪੈਸੇ ਕੱਢ ਕੇ ਬਹਰੇ ਦੀ ਟਰੇਅ ਵਿਚ ਰੱਖੇ ਤੇ ਉੱਠ ਤੁਰਿਆ। ਪਹਿਲੀ ਵੇਰਾਂ ਜੇਬ ਵਿਚੋਂ ਪੈਸੇ ਖ਼ਰਚ ਕੇ ਪੀਤੀ, ਉਸ ਨੂੰ ਜਰਾ ਨਾ ਚੜ੍ਹੀ। ਅੱਜ ਆਪਣੇ ਪੈਸੇ ਖ਼ਰਚ ਕੇ ਖਾਧੇ ਮੁਰਗ਼ੇ ਦਾ ਕੜ੍ਹੀ ਜਿੰਨਾ ਸੁਆਦ ਨਾ ਆਇਆ।

ਮੈਂ ਸੋਚਿਆ ਸੀ, ਇਕ ਮੁਰਗੀ ਨਵੀਂ ਫਸਾ ਲਓ, ਵੇਲੇ-ਕੁਵੇਲੇ ਵਰਤਣ ਲਈ! ਨਵਾਂ ਲੇਖਕ ਹੈ...ਕੰਮ ਆਉਂਦਾ ਰਹੇਗਾ। ਸੋਨੇ ਦੀ ਮੁਰਗੀ ਵਾਂਗ ਜਦ ਮਰਜ਼ੀ ਮਰੋੜ ਲਓ! ਪਰ ਇਹ ਨਾਵਲਕਾਰ ਵੀ ਤਾਂ ਕਿੰਨਾ ਲੋਹੇ ਦਾ ਥਣ ਨਿਕਲਿਆ!...ਟੈਲੀਫ਼ੋਨ 'ਤੇ ਹੀ ਕੋਰੀ ਨਾਂਹ ਕਰ ਦਿੱਤੀ।

'ਮੈਂ ਨਾਂ ਪੀਂਦਾ ਹਾਂ, ਨਾ ਪਿਆਉਂਦਾ ਹਾਂ।' ਲੇਖਕ ਦਾ ਸਾਫ਼ ਇਨਕਾਰ ਉਸ ਦੇ ਜ਼ਿਹਨ ਵਿਚ ਫਿਰਕੀ ਵਾਂਗ ਘੁੰਮ ਗਿਆ।

'ਐਵੇਂ ਫਸ ਗਿਆ ਸਾਲੇ ਤੁਲਸੇ ਦੀ ਕੁੱਟਲ-ਚਾਲ ਵਿਚ ਜੋ ਆਪ ਤਾਂ ਹੁਣ ਮੁਰਗ਼ੇ ਦੀਆਂ ਟੰਗਾਂ ਚੂੰਡਦਾ ਹੋਊ ਤੇ ਮੈਨੂੰ ਫਸਾ ਦਿੱਤਾ ਗਰੀਬ ਵਿਚਾਰੇ ਨੂੰ, ਅਖੇ ਇਹਦੇ ਵਿਚ ਤੇਰੀ ਚੜ੍ਹ ਮੱਚ ਜੂ...ਬੱਲੇ-ਬੱਲੇ ਹੋ ਜੂ.. ਤੂੰ ਛਾ ਜਾਏਂਗਾ ਆਲੋਚਕਾਂ ਵਿਚ ਤੇ ਲੇਖਕ ਤੇਰਾ ਰੋਹਬ ਮੰਨਣਗੇ।' ਹੱਡੀਂ ਬੀਤੇ ਇਸ ਦੁਖਾਂਤਕ ਕਾਂਡ ਦੇ ਪੱਤਰੇ ਫੋਲਦਾ ਉਹ ਦੇਰ ਰਾਤ ਘਰ ਪਹੁੰਚਿਆ।

ਸਵੇਰੇ ਉੱਠ ਕੇ ਆਪਣੇ ਪਹਿਲੇ ਮਿਲੇ ਸਨਮਾਨ-ਚਿੰਨ੍ਹਾਂ ਨੂੰ ਟੋਹ ਰਿਹਾ ਸੀ ਤਾਂ ਜੋ ਇਹਨਾਂ ਵਿਚੋਂ ਹੀ ਆਪਣੇ ਘਰ ਦੇ ਮੈਂਬਰਾਂ ਨੂੰ ਦਿਖਾਉਣ ਲਈ ਕੋਈ ਕੱਢ ਕੇ ਬਾਹਰ ਰੱਖ ਲਏ।

'ਕਿਵੇਂ ਰਿਹਾ? ਕਿਹੜਾ ਸਨਮਾਨ ਚਿੰਨ੍ਹ ਮਿਲਿਆ?' ਉਸ ਦਾ ਬਾਪ ਸਾਹਮਣੇ ਖੜ੍ਹਾ ਸੀ।

ਜਿਵੇਂ ਚੋਰ ਦੀ ਚੋਰੀ ਫੜੀ ਗਈ ਹੋਵੇ, ਉਸ ਦਾ ਹੱਥ ਇਕ ਦਮ ਗੱਲ੍ਹ 'ਤੇ ਜਾ ਫਿਰਿਆ। ਜਿਵੇਂ ਦੱਸ ਰਿਹਾ ਹੋਵੇ, 'ਇਹ ਮਿਲਿਆ ਹੈ ਪਾਪਾ ਜੀ।'

'ਕੁੱਝ ਨਕਦ ਨਾਵਾਂ ਵੀ ਹੋਊ...! ਕਿਰਾਇਆ-ਛਰਾਇਆ!...ਸੇਵਾ ਫਲ?' ਉਸ ਦਾ ਦੂਸਰਾ ਹੱਥ ਦੂਸਰੀ ਗੱਲ 'ਤੇ ਜਾ ਅਟਕਿਆ।

'ਇਹ ਕੀ ਮੂੰਹ ਮੱਥਾ ਭਨਾ ਆਇਆਂ...ਐਕਸੀਡੈਂਟ ਕਰਵਾ ਆਇਆਂ?' ਪਿਤਾ ਕੁੱਝ ਚਿੰਤਾ ਵਿਚ ਹੋ ਗਿਆ।

'ਸੁਣ ਬੇਟਾ! ਇਕ ਗੁਰ ਹੋਰ ਨੋਟ ਕਰ ਲੈ...ਪੱਲੇ ਬੰਨ੍ਹ ਲੈ। ਜੇ ਜੇਬ ਬਿਗਾਨੀ ਹੈ ਤਾਂ ਪੇਟ ਤਾਂ ਆਪਣਾ ਹੀ ਹੈ...ਸਿਹਤ ਵੀ ਤਾਂ ਆਪਣੀ ਹੀ ਹੈ। ਇਨ੍ਹਾਂ ਵਿਚਾਰੇ ਨਵੇਂ ਸਾਹਿਤਕਾਰਾਂ ਕੋਲੋਂ ਮੁਫ਼ਤ ਦੀ ਖਾ ਪੀ ਕੇ ਮੂੰਹ ਮੱਥਾ ਭੰਨਾਉਣਾ ਕੋਈ ਅਕਲ-ਮੰਦੀ ਨਹੀਂ।'

'ਹਾਂ ਜੀ, ਹਾਂ...ਜੀ...ਬਿਲਕੁਲ ਠੀਕ!' ਕੰਗਾਰੂ ਨੇ ਆਪਣਾ ਮੂੰਹ ਮੱਥਾ ਦੋਹਾਂ ਹੱਥਾਂ ਵਿਚ ਘੁੱਟ ਕੇ ਨੀਵੀਂ ਪਾ ਲਈ।

# ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ



ਸ਼ਹੀਦੀ ਦਿਨ 'ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ:937-573-9812
ਵਟਸਐਪ 91-94175-33060

ਭਾਈ ਭਾਗ ਸਿੰਘ ਦਾ ਜਨਮ 1872 ਈ. ਵਿਚ ਪਿੰਡ ਭਿੱਖੀਵਿੰਡ ਜੋ ਕਿ ਹੁਣ ਤਰਨਤਾਰਨ ਜ਼ਿਲ੍ਹੇ ਵਿਚ ਹੈ ਤੇ ਉਸ ਸਮੇਂ ਲਾਹੌਰ ਜ਼ਿਲ੍ਹੇ ਵਿਚ ਹੁੰਦਾ ਸੀ, ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਨਰਾਇਣ ਸਿੰਘ ਸੰਧੂ ਤੇ ਮਾਤਾ ਦਾ ਨਾਂ ਬੀਬੀ ਮਾਨ ਕੌਰ ਸੀ। 20 ਸਾਲ ਦੀ ਉਮਰ ਵਿਚ ਆਪ ਦਸਵੀਂ ਬੰਗਾਲ ਲੈਂਸਰ ਰਜਮੈਂਟ ਵਿਚ ਭਰਤੀ ਹੋ ਗਏ ਪਰ ਪੰਜ ਸਾਲ ਪਿੱਛੋਂ ਅਸਤੀਫਾ ਦੇ ਦਿੱਤਾ। ਕੁਝ ਸਮੇਂ ਪਿੱਛੋਂ ਹਾਂਗਕਾਂਗ ਚਲੇ ਗਏ ਤੇ ਉੱਥੇ ਪੁਲੀਸ ਵਿਚ ਭਰਤੀ ਹੋ ਗਏ। ਡੇਢ ਸਾਲ ਨੌਕਰੀ ਕਰਨ ਪਿੱਛੋਂ ਆਪ ਹਾਂਗਕਾਂਗ ਤੋਂ ਚੀਨ ਦੇ ਸ਼ਹਿਰ ਸ਼ੰਘਾਈ ਜਾ ਕੇ ਉੱਥੋਂ ਦੀ ਮਿਉਂਸਿਪਲ ਪੁਲੀਸ ਵਿਚ ਭਰਤੀ ਹੋ ਗਏ। 1906 ਈ. ਵਿਚ ਨੌਕਰੀ ਛੱਡ ਕੇ ਕੈਨੇਡਾ ਰਵਾਨਾ ਹੋ ਗਏ।

ਵੈਨਕੂਵਰ ਆ ਕੇ ਆਪ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਸੋਹਣ ਸਿੰਘ ਪੂਨੀ ਨੇ ਆਪਣੀ ਪੁਸਤਕ 'ਕਨੇਡਾ ਦੇ ਗਦਰੀ ਯੋਧੇ' ਵਿਚ ਇਸ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ ਕਿ ਗੋਰੇ ਬੱਚੇ ਭਾਰਤੀਆਂ ਨੂੰ "ਹੈਲੋ ਇੰਡੀਅਨ ਸਲੇਵ" ਭਾਵ ਕਿ ਹੈਲੋ ਭਾਰਤੀ ਗੁਲਾਮੋਂ ਕਹਿ ਕੇ ਬੁਲਾਉਂਦੇ ਸਨ। ਵੋਟਾਂ ਦੇ ਲਾਲਚ ਵਿਚ ਗੋਰੇ ਹਿੰਦੁਸਤਾਨੀਆਂ ਵਿਰੁੱਧ ਜ਼ਹਿਰ ਉਗਲ ਰਹੇ ਸਨ। ਹਿੰਦੁਸਤਾਨੀ ਅਵਾਸੀ ਕੈਨੇਡਾ ਵਿਚ ਤਿੰਨ ਸਾਲ ਰਹਿਣ ਪਿੱਛੋਂ ਕੈਨੇਡਾ ਦੇ ਵਸਨੀਕ ਬਣ ਜਾਂਦੇ ਸਨ ਤੇ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਮਿਲ ਜਾਂਦਾ ਸੀ। ਪਰ ਬ੍ਰਿਟਿਸ਼ ਕੋਲੰਬੀਆ ਦੀ ਕੰਜ਼ਰਵੇਟਿਵ ਸਰਕਾਰ ਨੇ 27 ਮਾਰਚ, 1907 ਨੂੰ ਬਿੱਲ ਪਾਸ ਕਰ ਕੇ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ। ਏਥੇ ਹੀ ਬੱਸ ਨਹੀਂ ਨਸਲ ਪ੍ਰਸਤ ਗੋਰਿਆਂ ਨੇ ਏਸ਼ਿਆਈਆਂ ਨੂੰ ਬਾਹਰ ਰੱਖਣ ਲਈ ਲੀਗ ਬਣਾ ਲਈ।

ਸਤੰਬਰ 1907 ਵਿਚ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿਚ ਨਸਲ ਪ੍ਰਸਤ ਗੋਰਿਆਂ ਨੇ ਹਿੰਦੁਸਤਾਨੀਆਂ ਨੂੰ ਕੁੱਟਿਆ ਮਾਰਿਆ ਤੇ ਉਹ ਮਜਬੂਰ ਹੋ ਕੇ ਵੈਨਕੂਵਰ ਆ ਗਏ। ਇੱਥੇ ਵੀ ਨਸਲੀ ਦੰਗੇ ਭੜਕ ਉੱਠੇ। ਇਹ ਮਾਹੌਲ ਵੇਖ ਕੇ ਭਾਈ ਜੀ ਦੀ ਰੂਹ ਕੰਬ ਉੱਠੀ। ਵੈਨਕੂਵਰ ਵਿਚ ਆਪ ਦੀ ਨੇੜਤਾ ਬੰਗਾਲੀ ਇਨਕਲਾਬੀ ਬਾਬੂ ਤਾਰਕਨਾਥ ਨਾਲ ਹੋਈ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਵਿਤਕਰੇ ਭਰੇ ਮਾਹੌਲ ਲਈ ਗੁਲਾਮੀ ਜ਼ਿੰਮੇਵਾਰ ਹੈ ਤੇ ਉਨ੍ਹਾਂ ਨੇ ਹਿੰਦੁਸਤਾਨੀਆਂ ਨੂੰ ਦੇਸ਼ ਨੂੰ ਗੁਲਾਮੀ ਤੋਂ ਮੁਕਤ ਕਰਨ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ।

ਭਾਈ ਭਾਗ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕੈਨੇਡਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਇਆ। ਇਹ ਗੁਰਦੁਆਰਾ 19 ਜਨਵਰੀ 1908 ਈ. ਨੂੰ ਖੁੱਲ੍ਹਾ ਜੋ ਕਿ ਧਾਰਮਿਕ ਸਰਗਰਮੀਆਂ ਦੇ ਨਾਲ ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਵੀ ਬਣ ਗਿਆ। ਗੁਰਦੁਆਰਾ ਬਣਾਉਣ ਲਈ 22 ਜੁਲਾਈ, 1906 ਨੂੰ ਮਤਾ ਪਾਸ ਕੀਤਾ ਗਿਆ ਤੇ ਕਮੇਟੀ ਬਣਾਈ ਗਈ ਜੋ 13 ਮਾਰਚ 1909 ਨੂੰ 'ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ' ਦੇ ਨਾਂ ਹੇਠ ਰਜਿਸਟਰ ਕਰਵਾਈ ਗਈ। ਭਾਈ ਭਾਗ ਸਿੰਘ ਇਸ ਸੁਸਾਇਟੀ ਦੇ ਮਾਰਚ 1909 ਤੋਂ ਮਾਰਚ 1910 ਤੀਕ ਖਜ਼ਾਨਚੀ ਤੇ ਮੁੱਖ ਸਕੱਤਰ ਰਹੇ ਤੇ ਮਾਰਚ 1910 ਤੋਂ ਬਾਅਦ ਪ੍ਰਧਾਨ ਰਹੇ।

ਆਪ ਕੈਨੇਡਾ ਵਿਚ ਬਣੀਆਂ ਸੋਸ਼ਲਿਸਟ ਜਥੇਬੰਦੀਆਂ ਦੇ ਵੀ ਅਹੁਦੇਦਾਰ ਰਹੇ। ਆਪ ਨੇ ਭਾਈ ਬਲਵੰਤ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦੇ ਕਾਰਜਕਾਰਨੀ ਦੇ ਆਹੁਦੇਦਾਰਾਂ ਨੇ ਹੁਸੈਨ ਰਹੀਮ ਨਾਲ ਰਲ ਕੇ ਵੈਨਕੂਵਰ ਵਿਚ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੀ ਇੱਕ ਵਿਸ਼ੇਸ਼ ਸ਼ਾਖਾ ਕਾਇਮ ਕੀਤੀ।

ਹਿੰਦੁਸਤਾਨੀਆਂ ਨੇ ਮਹਿਸੂਸ ਕੀਤਾ ਕਿ ਉਹ ਕੰਮ ਕਰਨ ਵਿਚ ਗੋਰਿਆਂ ਨਾਲੋਂ ਘੱਟ ਨਹੀਂ ਪਰ ਉਨ੍ਹਾਂ ਨੂੰ ਉਹ ਮਾਣ ਸਤਿਕਾਰ ਨਹੀਂ ਮਿਲਦਾ ਜੋ ਗੋਰਿਆਂ ਨੂੰ ਮਿਲਦਾ ਹੈ। ਇਸ ਦਾ ਕਾਰਨ ਹਿੰਦੁਸਤਾਨ ਦਾ ਗੁਲਾਮ ਹੋਣਾ ਹੈ। ਰਾਜਨੀਤਕ ਚੇਤਨਾ ਵਧਦੀ ਵੇਖ ਕੇ ਕੈਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਦੇ ਕੈਨੇਡਾ ਵਿਚ ਦਾਖਲੇ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। 1908 ਵਿਚ ਇਹ ਕਾਨੂੰਨ ਬਣਾਇਆ ਗਿਆ ਕਿ ਕੈਨੇਡਾ ਉਹੋ ਹੀ ਆ ਸਕਦਾ ਹੈ ਜਿਸ ਪਾਸ 200 ਡਾਲਰ ਨਕਦ ਹੋਣ ਤੇ ਉਹ ਹਿੰਦੁਸਤਾਨ ਤੋਂ ਸਿੱਧਾ ਕੈਨੇਡਾ ਆਵੇ। ਉਸ ਸਮੇਂ ਕੋਈ ਵੀ ਜਹਾਜ਼ ਸਿੱਧਾ ਨਹੀਂ ਸੀ ਆਉਂਦਾ। ਇਸ ਤਰ੍ਹਾਂ ਹਿੰਦੁਸਤਾਨੀਆਂ ਦਾ ਇਕ ਤਰ੍ਹਾਂ ਨਾਲ ਦਾਖਲਾ ਬੰਦ ਹੋ ਗਿਆ।

ਬਰਤਾਨੀਆ ਦੀਆਂ ਗੋਰੀ ਕਲੋਨੀਆਂ ਨੇ ਭਾਰਤੀਆਂ ਦੇ ਦਾਖਲੇ ਰੋਕਣ ਲਈ ਹਰ ਤਰੀਕਾ ਵਰਤਿਆ। ਆਸਟ੍ਰੇਲੀਆ ਦੀ ਫੈਡਰਲ ਸਰਕਾਰ ਨੇ 1901 ਵਿਚ 'ਇਮੀਗ੍ਰੇਸ਼ਨ ਰਿਸਟ੍ਰਿਕਸ਼ਨ ਐਕਟ' ਅਤੇ 1901 ਦਾ 'ਲੇਬਰ ਰਿਕਰੂਟਮੈਂਟ ਐਕਟ' ਪਾਸ ਕਰ ਕੇ ਹਿੰਦੁਸਤਾਨੀਆਂ ਦਾ ਜਾਣਾ ਬੰਦ ਕਰ ਦਿੱਤਾ ਸੀ। ਨਿਊਜ਼ੀਲੈਂਡ ਨੇ ਵੀ ਅਜਿਹੇ ਕਾਨੂੰਨ ਪਾਸ ਕਰ ਕੇ ਦਾਖਲਾ ਬੰਦ ਕਰ ਦਿੱਤਾ ਸੀ।

1908 ਵਿਚ ਕੈਨੇਡਾ ਦੇ ਸਾਰੇ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚੋਂ ਕੱਢ ਕੇ ਸੈਂਟਰਲ ਅਮਰੀਕਾ ਦੀ ਬ੍ਰਿਟਿਸ਼ ਕਲੋਨੀ ਹਾਂਡੂਰਾਸ ਭੇਜਣ ਦੀ ਯੋਜਨਾ ਬਣਾਈ ਪਰ ਇਸ ਯੋਜਨਾ ਨੂੰ ਭਾਈ ਭਾਗ ਸਿੰਘ, ਭਾਈ ਤੇਜਾ ਸਿੰਘ ਤੇ ਭਾਈ ਬਲਵੰਤ ਸਿੰਘ ਵਰਗੇ ਭਾਈਚਾਰਕ ਆਗੂਆਂ ਨੇ ਸਿਰੇ ਨਾ ਲੱਗਣ ਦਿੱਤਾ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਮਨ ਬਣਾ ਲਿਆ। ਇਨ੍ਹਾਂ ਵਿਚ ਵੱਡੀ ਗਿਣਤੀ ਸਾਬਕਾ ਫ਼ੌਜੀਆਂ ਦੀ ਸੀ, ਜਿਨ੍ਹਾਂ ਨੇ ਭਾਰਤ ਨੂੰ ਗੁਲਾਮ ਬਣਾਈ ਰੱਖਣ ਲਈ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਜਿਹੜੇ ਬਹਾਦਰੀ ਦੇ ਮੈਡਲ ਮਿਲੇ ਹਨ ਇਹ ਅਸਲ ਵਿਚ ਗੁਲਾਮੀ ਦੇ ਮੈਡਲ ਹਨ।

ਇਸ ਸਮੇਂ ਇਕ ਘਟਨਾ 3 ਅਕਤੂਬਰ 1909 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਖੇ ਵਾਪਰੀ। ਭਾਈ ਨੱਥਾ ਸਿੰਘ ਬਿਲਗਾ ਜੋ ਕਿ ਭਾਈ ਭਾਗ ਸਿੰਘ ਦਾ ਦੋਸਤ ਤੇ 'ਹਿੰਦੁਸਤਾਨ ਐਸੋਸੀਏਸ਼ਨ' ਦਾ ਸਰਗਰਮ ਮੈਂਬਰ ਸੀ ਨੇ ਸੰਗਤ ਵਿਚ ਖੜ੍ਹੇ ਹੋ ਕੇ ਬਰਤਾਨੀਆ ਦੀਆਂ ਬਸਤੀਆਂ ਵਿਚ ਹਿੰਦੁਸਤਾਨੀਆਂ ਦੀ ਮਾੜੀ ਦਸ਼ਾ ਬਾਰੇ ਭਾਸ਼ਣ ਦਿੱਤਾ। ਭਾਸ਼ਣ ਤੋਂ ਬਾਅਦ ਮਤਾ ਰੱਖਿਆ ਗਿਆ ਕਿ 'ਗੁਰਦੁਆਰੇ ਦੀ ਕਾਰਜਕਾਰਨੀ ਦਾ ਕੋਈ ਵੀ ਮੈਂਬਰ ਕੋਈ ਵੀ ਐਸਾ ਤਗ਼ਮਾ, ਵਰਦੀ ਜਾਂ ਇਨਸਿਗਨੀਆ ਨਹੀਂ ਪਾਵੇਗਾ ਜਿਸ ਤੋਂ ਪਤਾ ਲੱਗੇ ਕਿ ਪਹਿਨਣ ਵਾਲਾ ਅੰਗਰੇਜ਼ਾਂ ਦੇ ਇੱਕ ਗੁਲਾਮ ਤੋਂ ਵੱਧ ਕੁਝ ਨਹੀਂ। ਇਹ ਮਤਾ ਜੈਕਾਰਿਆਂ ਦੀ ਗੂੰਜ ਵਿਚ ਪਾਸ ਹੋ ਗਿਆ।

ਖਾਲਸਾ ਦੀਵਾਨ ਸੁਸਾਇਟੀ ਨੇ ਉਪ-ਪ੍ਰਧਾਨ ਚੌਦ੍ਹਵੀਂ ਸਿੱਖ ਰਜ਼ਮੈਂਟ ਦੇ ਸਾਬਕਾ ਫ਼ੌਜੀ ਮੋਗੇ ਲਾਗੇ ਫੂਲਾ ਸਿੰਘ ਵਾਲੀ ਕੋਕਰੀ ਦੇ ਭਾਈ ਗਰੀਬ ਸਿੰਘ ਨੇ ਚੀਨ ਵਿਚ ਬੌਕਸਰ ਵਿਦਰੋਹ ਵਿਚ ਵਿਖਾਈ ਬਹਾਦਰੀ ਕਾਰਨ ਮਿਲਿਆ ਤਗਮਾ ਲਾਹ ਦਿੱਤਾ ਅਤੇ ਸਕੱਤਰ ਭਾਈ ਭਾਗ ਸਿੰਘ ਭਿੱਖੀਵਿੰਡ ਨੇ ਆਪਣੀ ਵਰਦੀ ਤੇ ਆਨਰੇਬਲ ਡਿਸਚਾਰਜ ਸਰਟੀਫਿਕੇਟ ਨੂੰ ਅੱਗ ਲਾ ਦਿੱਤੀ। ਬਹੁਤ ਸਾਰੇ ਹੋਰ ਸਾਬਕਾ ਸਿੱਖ ਫ਼ੌਜੀਆਂ ਨੇ ਵੀ ਆਪਣੇ ਮੈਡਲ, ਵਰਦੀਆਂ, ਫੋਟੋਆਂ ਅਤੇ ਸਰਟੀਫਿਕੇਟ ਅਗਨੀ ਭੇਟ ਕਰ ਦਿੱਤੇ।

ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨ 19 ਸਤੰਬਰ 1912 ਨੂੰ ਵੈਨਕੂਵਰ ਵਿਚ ਮਨਾਏ ਜਾਣੇ ਸਨ ਜਿਸ ਵਿਚ ਕੈਨੇਡਾ ਦੇ ਗਵਰਨਰ ਜਨਰਲ ਬੀ.ਸੀ. ਨੇ ਮੁੱਖ ਮਹਿਮਾਨ ਹੋਣਾ ਸੀ। ਵੈਨਕੂਵਰ ਦੇ ਮੇਅਰ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨੂੰ ਸਾਬਕਾ ਸਿੱਖ ਫ਼ੌਜੀਆਂ ਸਮੇਤ ਜਸ਼ਨ ਅਤੇ ਫ਼ੌਜੀ ਪ੍ਰੇਡ ਵਿਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ। ਭਾਈ ਭਾਗ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਅਹੁਦੇਦਾਰਾਂ ਨਾਲ ਸਲਾਹ ਕਰ ਕੇ ਇਹ ਸੱਦਾ-ਪੱਤਰ ਲੈਣੋਂ ਨਾਂਹ ਕਰ ਦਿੱਤੀ।

ਅਪ੍ਰੈਲ 1913 ਵਿਚ ਜਦ ਅਮਰੀਕਾ ਵਿਚ ਗਦਰ ਪਾਰਟੀ ਬਣੀ ਤਾਂ ਭਾਈ ਭਾਗ ਸਿੰਘ ਇਸ ਦੇ ਮੈਂਬਰ ਬਣ ਗਏ। ਜਦ ਗ਼ਦਰ ਪਾਰਟੀ ਨੇ 1 ਨਵੰਬਰ 1913 ਨੂੰ ਸਾਂਨਫਰਾਂਸਿਸਕੋ ਤੋਂ ਉਰਦੂ ਵਿਚ ਹਫਤਾਵਾਰੀ ਗ਼ਦਰ ਅਖ਼ਬਾਰ ਕੱਢਿਆ ਤਾਂ ਭਾਈ ਭਾਗ ਸਿੰਘ ਨੇ ਅਖਬਾਰ ਮੰਗਵਾਉਣਾ ਸ਼ੁਰੂ ਕਰ ਦਿੱਤਾ। ਇਹ ਅਖ਼ਬਾਰ ਗੁਰਦੁਆਰੇ ਦੀਆਂ ਮੀਟਿੰਗਾਂ ਵਿਚ ਪੜ੍ਹਿਆ ਜਾਂਦਾ। ਆਪ ਦੀ ਪ੍ਰੇਰਨਾ ਸਦਕਾ ਸੈਂਕੜੇ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ ਹਜ਼ਾਰਾਂ ਡਾਲਰ ਚੰਦਾ ਇਕੱਠਾ ਕਰ ਕੇ ਗ਼ਦਰ ਪਾਰਟੀ ਦੇ ਮੁੱਖ-ਦਫ਼ਤਰ ਸਾਂਨਫਰਾਂਸਿਸਕੋ ਭੇਜਿਆ।

ਆਪ ਦੀ ਪਤਨੀ ਬੀਬੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਨੂੰ ਜਨਮ ਦਿੱਤਾ। ਜਣੇਪੇ ਸਮੇਂ ਪਈਆਂ ਕਈ ਗੁੰਝਲਾਂ ਕਾਰਨ 30 ਜਨਵਰੀ 1914 ਨੂੰ 28 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਹੋ ਗਈ ਤੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਆਪ ਸਿਰ ਆ ਪਈ।

ਕਾਮਾਗਾਟਾਮਾਰੂ ਦਾ ਜਹਾਜ਼ 23 ਮਈ 1914 ਨੂੰ 376 ਮੁਸਾਫਰਾਂ ਸਮੇਤ ਵੈਨਕੂਵਰ ਆਣ ਪੁੱਜਾ। ਇਮੀਗਰੇਸ਼ਨ ਅਧਿਕਾਰੀਆਂ ਨੇ ਮੁਸਾਫਰਾਂ ਨੂੰ ਉਤਰਨ ਨਾ ਦਿੱਤਾ। ਭਾਈ ਭਾਗ ਸਿੰਘ ਨੇ ਯੂਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੂੰ ਨਾਲ ਲੈ ਕੇ ਮੁਸਾਫਰਾਂ ਦੀ ਸਹਾਇਤਾ ਲਈ 15 ਮੈਂਬਰੀ ਕਮੇਟੀ ਬਣਾਈ। ਕਮੇਟੀ ਨੇ ਚੰਦਾ ਇਕੱਠਾ ਕਰ ਕੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਪਰ ਕੈਨੇਡਾ ਸਰਕਾਰ ਨੇ ਆਪਣੇ ਹੀ ਕਾਨੂੰਨਾਂ ਦੀ ਉਲੰਘਣਾ ਕਰ ਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਭੇਜ ਦਿੱਤਾ।

ਭਾਈ ਭਾਗ ਸਿੰਘ ਤੇ ਉਨ੍ਹਾਂ ਦੇ ਸਾਰੇ ਸਾਥੀ ਚਾਹੁੰਦੇ ਸਨ ਕਿ ਕਾਮਾਗਾਟਾਮਾਰੂ ਦੇ ਜਹਾਜ਼ ਰਾਹੀਂ ਅਸੀਂ ਹਥਿਆਰ ਭੇਜੀਏ ਤਾਂ ਜੋ ਅਮਰੀਕਾ ਨਾਲ ਹਥਿਆਰਬੰਦ ਲੜਾਈ ਹੋ ਸਕੇ। ਉਹ ਕੈਨੇਡਾ ਵਿਚੋਂ ਹਥਿਆਰ ਖ੍ਰੀਦਣ ਵਿਚ ਸਫ਼ਲ ਨਾ ਹੋ ਸਕੇ। ਭਾਈ ਭਾਗ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀ ਭਾਈ ਬਲਵੰਤ ਸਿੰਘ, ਭਾਈ ਮੇਵਾ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਐਬਟਸਫੋਰਡ ਲਾਗਿਉਂ ਸਰਹੱਦ ਪਾਰ ਕਰ ਕੇ ਅਮਰੀਕਾ ਦੇ ਸ਼ਹਿਰ ਸੁਮਾਸ ਤੋਂ ਹਥਿਆਰ ਲੈਣ ਗਏ। ਅਮਰੀਕੀ ਪੁਲੀਸ ਨੇ 17 ਜੁਲਾਈ ਨੂੰ ਭਾਈ ਬਲਵੰਤ ਸਿੰਘ ਅਤੇ ਬਾਬੂ ਹਰਨਾਮ ਦਾਸ ਸਾਹਰੀ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਭਾਈ ਭਾਗ ਸਿੰਘ ਦਾ 32 ਮਹੀਨਿਆਂ ਦਾ ਪੁੱਤਰ ਵੀ ਜੇਲ੍ਹ ਵਿਚ ਬੰਦ ਸੀ। ਅਮਰੀਕਾ ਵਿਚ ਹਥਿਆਰ ਖ੍ਰੀਦਣੇ ਅਤੇ ਰੱਖਣੇ ਜ਼ੁਰਮ ਨਹੀਂ ਸੀ, ਇਸ ਲਈ ਕਾਮਾਗਾਟਾਮਾਰੂ ਦੇ ਵੈਨਕੂਵਰ ਤੋਂ ਤੁਰ ਜਾਣ ਪਿੱਛੋਂ 30 ਜੁਲਾਈ 1914 ਨੂੰ ਭਾਈ ਭਾਗ ਸਿੰਘ ਹੋਰਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਪਹਿਲਾ ਵਿਸ਼ਵ ਯੁੱਧ 4 ਅਗਸਤ 1914 ਨੂੰ ਸ਼ੁਰੂ ਹੋ ਗਿਆ। ਵੱਡੀ ਗਿਣਤੀ ਵਿਚ ਦੇਸ਼ ਭਗਤ ਗਦਰੀ ਯੋਧੇ ਕੈਨੇਡਾ ਅਤੇ ਅਮਰੀਕਾ ਤੋਂ ਹਿੰਦੁਸਤਾਨ ਵੱਲ ਨੂੰ ਕੂਚ ਕਰ ਗਏ। ਭਾਈ ਭਾਗ ਸਿੰਘ ਵੀ ਜਾਣਾ ਚਾਹੁੰਦੇ ਸਨ ਪਰ ਪੌਣੇ ਤਿੰਨ ਸਾਲ ਦੇ ਪੁੱਤਰ ਜੁਗਿੰਦਰ ਸਿੰਘ ਅਤੇ ਛੇ ਮਹੀਨੇ ਦੀ ਧੀ ਕਰਮ ਕੌਰ ਦੀ ਸੰਭਾਲ ਵਿਚ ਦੇਰ ਹੋਣ ਕਰਕੇ ਉਹ ਜਾ ਨਾ ਸਕੇ।

ਉਧਰ ਵੈਨਕੂਵਰ ਵਿਚ ਗ਼ਦਾਰ ਟੋਲਾ ਪੂਰਾ ਜ਼ੋਰ ਲਾ ਰਿਹਾ ਸੀ ਕਿ ਕੋਈ ਵੀ ਹਿੰਦੁਸਤਾਨ ਨਾ ਜਾਵੇ। ਬੇਲਾ ਸਿੰਘ ਜਿਆਣ ਨੇ 22 ਅਤੇ 25 ਅਗਸਤ 1914 ਨੂੰ ਵੈਨਕੂਵਰ ਅਤੇ ਵਿਕਟੋਰੀਆ ਦੇ ਘਾਟਾਂ ਤੋਂ ਜਹਾਜ਼ਾਂ 'ਤੇ ਚੜ੍ਹਨ ਵਾਲੇ ਹਿੰਦੁਸਤਾਨੀਆਂ ਨੂੰ ਡਰਾਇਆ ਧਮਕਾਇਆ ਪਰ ਹਿੰਦੁਸਤਾਨੀਆਂ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ।

ਬੇਲਾ ਸਿੰਘ ਜਿਆਣ ਧੜੇ ਦੇ ਅਰਜਨ ਸਿੰਘ ਦੀ ਤਿੰਨ ਸਤੰਬਰ ਨੂੰ ਗੋਲੀ ਲੱਗਣ ਨਾਲ ਮੌਤ ਹੋ ਗਈ। ਬਹੁਤੇ ਲੋਕ ਇਸ ਨੂੰ ਦੁਰਘਟਨਾ ਸਮਝਦੇ ਸਨ ਪਰ ਬੇਲਾ ਸਿੰਘ ਦਾ ਖਿਆਲ ਸੀ ਕਿ ਅਰਜਨ ਸਿੰਘ ਦਾ ਕਤਲ ਹੋਇਆ ਹੈ। ਅਰਜਨ ਸਿੰਘ ਦੇ ਸਸਕਾਰ ਤੋਂ ਬਾਅਦ 5 ਸਤੰਬਰ 1914 ਨੂੰ ਸ਼ਾਮ ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਸੰਗਤ ਜੁੜੀ ਹੋਈ ਸੀ। ਭਾਈ ਬਲਵੰਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ। ਭਾਈ ਭਾਗ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਵਾਲੇ ਤਖ਼ਤ ਪੋਸ਼ ਦੇ ਕੋਲ ਹੀ ਬੈਠੇ ਸਨ। ਬੇਲਾ ਸਿੰਘ ਸੱਤ ਵੱਜਣ ਵਿਚ ਕੁਝ ਮਿੰਟ ਰਹਿੰਦਿਆਂ ਗੁਰਦੁਆਰੇ ਅੰਦਰ ਆਇਆ ਤੇ ਮੱਥਾ ਟੇਕ ਕੇ ਭਾਈ ਭਾਗ ਸਿੰਘ ਦੇ ਪਿੱਛੇ ਚਾਰ-ਪੰਜ ਫੁੱਟ ਦੀ ਦੂਰੀ 'ਤੇ ਬੈਠ ਗਿਆ। 20-25 ਮਿੰਟ ਬਾਅਦ ਜਦੋਂ ਅਰਦਾਸ ਹੋਣ ਲੱਗੀ ਤਾਂ ਬੇਲਾ ਸਿੰਘ ਨੇ ਕਾਹਲੀ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਭਾਈ ਭਾਗ ਸਿੰਘ ਦੇ ਪਿੱਛਿਉਂ ਗੋਲੀਆਂ ਚਲਾਈਆਂ। ਉਹ ਦੋਹਾਂ ਹੱਥਾਂ ਵਿਚ ਪਿਸਤੌਲ ਫੜ ਕੇ ਗੋਲੀਆਂ ਚਲਾ ਰਿਹਾ ਸੀ। ਸਾਰਾ ਹਾਲ ਧੂੰਏਂ ਨਾਲ ਭਰ ਗਿਆ ਤੇ ਭਗਦੜ ਮੱਚ ਗਈ। ਬੇਲਾ ਸਿੰਘ ਧੂੰਏਂ ਦਾ ਲਾਭ ਉਠਾ ਕੇ ਗੁਰਦੁਆਰੇ ਵਿਚੋਂ ਭੱਜ ਗਿਆ।

ਸਾਰਾ ਹਾਲ ਲਹੂ ਲੁਹਾਨ ਹੋਇਆ ਸੀ। ਬਹੁਤ ਸਾਰੇ ਬੰਦੇ ਜ਼ਖ਼ਮੀ ਹੋ ਗਏ। ਭਾਈ ਭਾਗ ਸਿੰਘ ਦੇ ਕਮਰ ਤੋਂ ਉਪਰ ਅਤੇ ਮੌਰਾਂ ਵਿਚਕਾਰ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਇੱਕ ਗੋਲੀ ਪਿੱਠ ਵਿਚੋਂ ਦੀ ਹੋ ਕੇ ਫੇਫੜਿਆਂ ਵਿਚ ਜਾ ਫਸੀ। ਡਾਕਟਰਾਂ ਨੇ ਰਾਤ ਨੂੰ ਸਰਜਰੀ ਕੀਤੀ। ਅਗਲੇ ਦਿਨ ਪੁਲੀਸ ਬੇਲਾ ਸਿੰਘ ਨੂੰ ਲੈ ਕੇ ਦੁਪਹਿਰ ਇੱਕ ਵਜੇ ਹਸਪਤਾਲ ਪੁੱਜੀ। ਭਾਈ ਭਾਗ ਸਿੰਘ ਨੇ ਬੇਲਾ ਸਿੰਘ ਵੱਲ ਵੇਖਦਿਆਂ ਕਿਹਾ ਕਿ ਉਨ੍ਹਾਂ ਦੇ ਗੋਲੀਆਂ ਮਾਰਨ ਵਾਲਾ ਬੇਲਾ ਸਿੰਘ ਹੀ ਹੈ।

ਭਾਈ ਭਾਗ ਸਿੰਘ ਦੇ ਮਿੱਤਰ ਉਨ੍ਹਾਂ ਨੂੰ ਹਸਪਤਾਲ ਮਿਲੇ। ਭਾਈ ਭਾਗ ਸਿੰਘ ਦਾ ਕਹਿਣਾ ਸੀ "ਮਨ ਦੀ ਚਾਹ ਸੀ ਕਿ ਆਜ਼ਾਦੀ ਦੇ ਮੈਦਾਨੇ ਜੰਗ ਵਿਚ ਜੂਝ ਕੇ ਸ਼ਹੀਦ ਹੁੰਦਾ ਪਰ ਭਾਣਾ ਅਮਿੱਟ ਹੈ, ਅੱਜ ਇਸ ਬਿਸਤਰ ਪਰ ਸਰੀਰ ਛੱਡਣਾ ਪੈ ਰਿਹਾ ਹੈ"। 6 ਸਤੰਬਰ 1914 ਨੂੰ ਲੌਢੇ ਵੇਲੇ ਉਹ ਵੈਨਕੂਵਰ ਦੇ ਹਸਪਤਾਲ ਵਿਚ ਅਕਾਲ ਚਲਾਣਾ ਕਰ ਗਏ।

---

*(ਪਿਛਲੇ ਸਫੇ ਦੀ ਬਾਕੀ)*

ਆ ਵੀ ਗਏ ਸਨ। ਕਿਹਾ ਜਾਂਦਾ ਹੈ ਕਿ ਜਦ ਸ਼ਰੀਫ ਦਿੱਲੀ ਤੋਂ ਮੁੜੇ ਤਾਂ ਉਹ ਅਤੇ ਉਨ੍ਹਾਂ ਦਾ ਅਹੁਦਾ ਖ਼ਤਰੇ ਵਿਚ ਸਨ ਕਿਉਂਕਿ ਉਨ੍ਹਾਂ ਉਸ ਸ਼ਖਸ ਨਾਲ ਹੱਥ ਮਿਲਾਇਆ ਸੀ ਜੋ ਉਦੋਂ ਗੁਜਰਾਤ ਦਾ ਮੁੱਖ ਮੰਤਰੀ ਸੀ ਜਦ 2002 ਵਿਚ ਉਥੇ ਦੰਗੇ ਹੋਏ ਸਨ ਜਿਨ੍ਹਾਂ 'ਚ ਹਜ਼ਾਰ ਤੋਂ ਵੱਧ ਮੁਸਲਮਾਨ ਮਾਰੇ ਗਏ ਸਨ। ਸ਼ਰੀਫ ਨੇ ਇਸ ਨੂੰ ਇਉਂ ਬਿਆਨ ਕੀਤਾ ਸੀ, "ਮੋਦੀ ਦੱਖਣ ਏਸ਼ੀਆ ਦੇ ਸਭ ਤੋਂ ਤਾਕਤਵਰ ਮੁਲਕ ਦੇ ਪ੍ਰਧਾਨ ਮੰਤਰੀ ਹਨ, ਪਾਕਿਸਤਾਨ ਭਾਰਤ ਦਾ ਗੁਆਂਢੀ ਹੈ ਅਤੇ ਦੋਵੇਂ ਇਤਿਹਾਸ ਦੇ ਬਿਖੜੇ ਪੈਂਡਿਆਂ 'ਚੋਂ ਲੰਘੇ ਹਨ; ਸ਼ਾਂਤੀ ਦਾ ਹੱਥ ਵਧਾਉਣਾ ਉਨ੍ਹਾਂ ਦਾ ਫ਼ਰਜ਼ ਸੀ।"

ਸ਼ਾਂਤੀ ਦੀ ਬੰਸਰੀ ਜ਼ਿਆਦਾ ਦੇਰ ਤੱਕ ਨਹੀਂ ਵੱਜੀ। ਪਹਿਲੀ ਜਨਵਰੀ 2016 ਨੂੰ ਪਾਕਿਸਤਾਨੀ ਅਤਿਵਾਦੀਆਂ ਨੇ ਪਠਾਨਕੋਟ ਉਤੇ ਹਮਲਾ ਕਰ ਦਿੱਤਾ। ਜਲਦ ਹੀ ਮੋਦੀ ਨੇ ਐਲਾਨ ਕਰ ਦਿੱਤਾ ਕਿ ਉਹ ਉਦੋਂ ਤੱਕ ਪਾਕਿਸਤਾਨ ਨਾਲ ਗੱਲਬਾਤ ਖ਼ਤਮ ਕਰ ਰਹੇ ਹਨ ਜਦੋਂ ਤੱਕ ਸਰਹੱਦ ਪਾਰਲਾ ਅਤਿਵਾਦ ਬੰਦ ਨਹੀਂ ਹੁੰਦਾ। ਫਿਰ ਰਿਸ਼ਤਿਆਂ 'ਚ ਲੰਮੇ ਸਮੇਂ ਲਈ ਖੜੋਤ ਆਈ ਰਹੀ।

ਉਂਝ, ਸਚਾਈ ਇਹ ਹੈ ਕਿ ਨੌਂ ਸਾਲਾਂ ਬਾਅਦ ਵੀ ਸਰਹੱਦ ਪਾਰੋਂ ਅਤਿਵਾਦ ਬੰਦ ਨਹੀਂ ਹੋਇਆ। ਇਨ੍ਹਾਂ ਗਰਮੀਆਂ 'ਚ ਜੰਮੂ ਵਿਚ ਵਾਪਰੀਆਂ ਦਹਿਸ਼ਤੀ ਘਟਨਾਵਾਂ ਸੰਕੇਤ ਦਿੰਦੀਆਂ ਹਨ ਕਿ ਪਰਦੇ ਪਿੱਛਿਓਂ ਕੋਈ ਹੋਰ ਤਮਾਸ਼ਾ ਚਲਾ ਰਿਹਾ ਹੈ। 1999 ਦੀਆਂ ਗਰਮੀਆਂ ਵਿਚ ਕਾਰਗਿਲ ਜੰਗ ਦੇ ਸਿਖ਼ਰ 'ਤੇ ਇਕ ਸੀਨੀਅਰ ਪਾਕਿਸਤਾਨੀ ਜਨਰਲ ਨੇ ਕਿਹਾ ਸੀ ਸਰਹੱਦ ਪਾਰੋਂ ਅਤਿਵਾਦ ਦਾ ਕੰਟਰੋਲ ਤਤਕਾਲੀ ਪਾਕਿਸਤਾਨੀ ਸੈਨਾ ਮੁਖੀ ਪਰਵੇਜ਼ ਮੁਸ਼ੱਰਫ ਕੋਲ ਸੀ। ਇਸ ਗੱਲਬਾਤ ਨੂੰ ਭਾਰਤੀ ਖੁਫ਼ੀਆ ਤੰਤਰ ਨੇ ਰਿਕਾਰਡ ਕੀਤਾ ਸੀ ਅਤੇ ਤਤਕਾਲੀ ਵਿਦੇਸ਼ ਮੰਤਰੀ ਸਰਤਾਜ ਅਜ਼ੀਜ਼ ਨੂੰ ਦਿਖਾਇਆ ਸੀ ਜਦ ਉਹ ਪੇਈਚਿੰਗ ਜਾਂਦਿਆਂ ਦਿੱਲੀ ਰੁਕੇ ਸਨ।

ਜਦ ਸਰਤਾਜ ਅਜ਼ੀਜ਼ ਨੂੰ ਟੇਪ ਸੁਣਾਈ (ਉਹ ਉਸ ਚੀਜ਼ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਸਨ ਜਿਸ ਨੂੰ ਲੁਕਾਉਣਾ ਸੰਭਵ ਨਹੀਂ ਸੀ - ਕਾਰਗਿਲ 'ਚ ਪਾਕਿਸਤਾਨੀ ਘੁਸਪੈਠ) ਤਾਂ ਉਨ੍ਹਾਂ ਕੋਲ ਕਹਿਣ ਲਈ ਕੁਝ ਨਹੀਂ ਸੀ। ਮੋਦੀ ਵੀ 2016 ਤੋਂ ਇਸੇ ਦੁਚਿੱਤੀ 'ਚ ਹਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਪਾਕਿਸਤਾਨ ਦਾ ਸ਼ਾਸਨ ਤੰਤਰ ਬਦਲਿਆ ਨਹੀਂ ਅਤੇ ਨੇੜ ਭਵਿੱਖ ਵਿਚ ਬਦਲਣ ਦੀ ਸੰਭਾਵਨਾ ਵੀ ਨਹੀਂ ਹੈ। ਜੇ ਉਨ੍ਹਾਂ ਨੂੰ ਕੋਈ ਸ਼ੱਕ ਹੈ ਤਾਂ ਉਹ ਨੇੜਲੇ ਗੁਆਂਢ ਬੰਗਲਾਦੇਸ਼ 'ਚ ਸ਼ੇਖ ਹਸੀਨਾ ਦੇ ਯੋਜਨਾਬੱਧ ਢੰਗ ਨਾਲ ਤਖ਼ਤਾ ਪਲਟ ਤੋਂ ਅੰਦਾਜ਼ਾ ਲਾ ਸਕਦੇ ਹਨ ਕਿ ਭਾਰਤ ਦਾ ਆਂਢ-ਗੁਆਂਢ ਕਿੰਨਾ ਖਤਰਨਾਕ ਹੈ ਹਾਲਾਂਕਿ ਕੋਈ ਸ਼ੱਕ ਨਹੀਂ ਕਿ ਹਾਲਾਤ ਨੂੰ ਇਸ ਪੱਧਰ ਤੱਕ ਪਹੁੰਚਣ ਦੇਣ ਲਈ ਹਸੀਨਾ ਖ਼ੁਦ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ।

ਫਿਰ ਕੀ ਮੋਦੀ ਨੂੰ ਸਖ਼ਤ ਰੁਖ਼ ਜਾਰੀ ਰੱਖਣਾ ਚਾਹੀਦਾ ਹੈ? 2016 'ਚ ਸਰਜੀਕਲ ਸਟ੍ਰਾਈਕ ਕੀਤੀ, ਮਗਰੋਂ 2019 ਵਿਚ ਬਾਲਾਕੋਟ 'ਚ ਮਿਜ਼ਾਈਲ ਹਮਲਾ ਵੀ ਕੀਤਾ ਜਦਕਿ ਇਹ ਸਪੱਸ਼ਟ ਹੈ ਕਿ ਪਾਕਿਸਤਾਨ ਭਾਰਤ ਨੂੰ ਦੁਖੀ ਕਰਨ ਦੇ ਨਵੇਂ ਤਰੀਕੇ ਲੱਭ ਲਏਗਾ ਜਾਂ ਫਿਰ ਉਨ੍ਹਾਂ ਨੂੰ ਅਟਲ ਬਿਹਾਰੀ ਵਾਜਪਈ ਤੋਂ ਸਬਕ ਲੈਣਾ ਚਾਹੀਦਾ ਹੈ ਤੇ ਉਸ ਮੁਲਕ ਨਾਲ ਸ਼ਾਂਤੀ ਵਾਰਤਾ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਨਾਲ ਵਾਜਪਈ ਨੂੰ ਵੀ ਯੁੱਧ ਕਰਨਾ ਪਿਆ!

ਸਪਸ਼ਟ ਹੈ ਕਿ ਭਾਰਤ ਪਾਕਿਸਤਾਨ ਵਾਲੇ ਪਾਸੇ ਹਵਾ ਦਾ ਰੁਖ਼ ਇਕ ਵਾਰ ਫਿਰ ਬਦਲਣਾ ਸ਼ੁਰੂ ਹੋ ਗਿਆ ਹੈ। ਮੋਦੀ ਤੀਜੇ ਕਾਰਜਕਾਲ 'ਚ ਅਜੇ ਵੀ ਮਜ਼ਬੂਤ ਪ੍ਰਧਾਨ ਮੰਤਰੀ ਹਨ ਪਰ ਯੂਕਰੇਨ ਦੇ ਸਵਾਲ 'ਤੇ ਉਨ੍ਹਾਂ ਨੂੰ ਰੂਸ ਅਤੇ ਅਮਰੀਕਾ, ਦੋਵਾਂ ਨੂੰ ਖੁਸ਼ ਕਰਨ ਲਈ ਕਾਫ਼ੀ ਤਰੱਦਦ ਕਰਨਾ ਪਵੇਗਾ। ਇਹ ਗੱਲ ਸਪਸ਼ਟ ਨਹੀਂ ਕਿ ਵੱਡੀਆਂ ਤਾਕਤਾਂ ਇਹ ਚਾਹੁੰਦੀਆਂ ਹਨ ਕਿ ਮੋਦੀ ਪਾਕਿਸਤਾਨ ਨਾਲ ਨਵੇਂ ਸਿਰਿਓਂ ਰਾਬਤਾ ਬਣਾਵੇ। ਜਿਸ ਵਕਤ ਇਸਲਾਮਾਬਾਦ ਦਾ ਇਹ ਸੱਦਾ ਆਇਆ ਹੈ, ਉਸ ਤੋਂ ਇਹੀ ਗੱਲ ਸਮਝ ਪੈਂਦੀ ਹੈ। ਇਹ ਸੱਦਾ ਭਾਵੇਂ ਚੀਨ ਪੱਖੀ ਸੰਗਠਨ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੀ ਸਿਖਰ ਵਾਰਤਾ ਲਈ ਆਇਆ ਹੈ ਪਰ ਸ਼ਾਇਦ ਅਮਰੀਕੀ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ। ਉਹ ਹਰਗਿਜ਼ ਨਹੀਂ ਚਾਹੁਣਗੇ ਕਿ ਪਾਕਿਸਤਾਨ ਪੂਰੀ ਤਰ੍ਹਾਂ ਚੀਨ ਦੇ ਪਾਲੇ ਵਿਚ ਚਲਿਆ ਜਾਵੇ; ਤੇ ਫਿਰ ਕਸ਼ਮੀਰ ਦਾ ਮੁੱਦਾ ਵੀ ਤਾਂ ਹੈ। ਇਕ ਤੋਂ ਵੱਧ ਵਾਰ ਭਾਰਤ-ਪਾਕਿਸਤਾਨ-ਅਮਰੀਕਾ ਟਰੈਕ ਟੂ ਵਾਰਤਾ 'ਚ ਖੁਲਾਸਾ ਹੋਇਆ ਹੈ ਕਿ ਪਾਕਿਸਤਾਨ ਧਾਰਾ 370 ਦੀ ਮਨਸੂਖੀ ਬਾਰੇ ਨੁਕਤਾਚੀਨੀ ਦੀ ਸੁਰ ਥੋੜ੍ਹੀ ਮੱਠੀ ਕਰਨ ਲਈ ਰਾਜ਼ੀ ਅਤੇ ਗੱਲਬਾਤ ਵਿਚ ਦੁਬਾਰਾ ਸ਼ਾਮਲ ਹੋ ਸਕਦਾ ਹੈ ਬਸ਼ਰਤੇ ਭਾਰਤ ਜੰਮੂ ਕਸ਼ਮੀਰ ਵਿਚ ਚੋਣਾਂ ਕਰਵਾ ਲਵੇ। ਅੰਦਾਜ਼ਾ ਲਾਓ ਕਿ ਸਤੰਬਰ ਵਿਚ ਉਥੇ ਕੀ ਹੋਵੇਗਾ। ਇਹ ਤੱਥ ਆਪਣੀ ਥਾਂ 'ਤੇ ਹੈ ਕਿ ਮੋਦੀ ਨੂੰ ਇਸਲਾਮਾਬਾਦ ਜਾਣ ਜਾਂ ਨਾ ਜਾਣ ਬਾਰੇ ਫੈਸਲਾ ਇਹ ਗੁਣ ਦੋਸ਼ ਵਿਚਾਰ ਕੇ ਲੈਣਾ ਚਾਹੀਦਾ ਹੈ ਕਿ ਇਸ ਦਾ ਘਰੇਲੂ ਤੌਰ 'ਤੇ ਕਿਹੋ ਜਿਹਾ ਅਸਰ ਪਵੇਗਾ। ਇਕ ਤਾਂ ਇਸ ਨਾਲ ਵਾਹਗਾ 'ਤੇ ਮੋਮਬੱਤੀਆਂ ਬਾਲਣ ਵਾਲੇ ਪ੍ਰਭਾਵਸ਼ਾਲੀ ਹਲਕੇ ਵਿਚ ਉਨ੍ਹਾਂ ਦਾ ਅਕਸ ਚਮਕ ਜਾਵੇਗਾ; ਦੂਜਾ, ਮੋਦੀ ਜਾਣਦੇ ਹਨ ਕਿ ਮਜ਼ਬੂਤ ਆਗੂ ਅਤੇ ਰਾਸ਼ਟਰ ਕਿਸੇ ਨਾਲ ਵੀ, ਖਾਸਕਰ ਦੁਸ਼ਮਣਾਂ ਨਾਲ ਗੱਲ ਕਰਨ ਤੋਂ ਡਰਦੇ ਨਹੀਂ ਹੁੰਦੇ। ਤੀਜਾ, ਕੁਝ ਅਹਿਮ ਸੂਬਾਈ ਚੋਣਾਂ ਹੋਣ ਵਾਲੀਆਂ ਹਨ। ਜੇ ਉਹ ਹਰਿਆਣਾ ਅਤੇ ਮਹਾਰਾਸ਼ਟਰ ਵਿਚ ਹਾਰ ਜਾਂਦੇ ਹਨ ਤਾਂ ਭਾਜਪਾ ਅਤੇ ਮੋਦੀ ਨੂੰ ਧੱਕ ਕੇ ਹੋਰ ਖੂੰਜੇ ਲਾ ਦਿੱਤਾ ਜਾਵੇਗਾ। ਇਹ ਤੱਥ ਵੀ ਹੈ ਕਿ ਆਪਣੇ ਦੁਸ਼ਮਣ ਨਾਲ ਇਮਾਨਦਾਰਾਨਾ ਅਤੇ ਆਹਮੋ-ਸਾਹਮਣੀ ਵਾਰਤਾ ਵਾਕਈ ਭੜਾਸ ਨਿਕਲਣ ਵਾਂਗ ਹੁੰਦੀ ਹੈ ਪਰ ਇਸ ਤੋਂ ਇਲਾਵਾ ਇਹ ਅੰਦਾਜ਼ਾ ਲਾ ਕੇ ਦੇਖੋ ਕਿ ਜੇ ਮੋਦੀ ਪਾਕਿਸਤਾਨ ਚਲੇ ਜਾਂਦੇ ਹਨ ਤਾਂ ਉਨ੍ਹਾਂ ਦੀ ਲੋਕਪ੍ਰਿਅਤਾ ਨੂੰ ਕਿੰਨਾ ਹੁਲਾਰਾ ਮਿਲੇਗਾ?

# ਮੇਰੀ ਪੱਗ ਵਾਲਾ ਪਾਕਿਸਤਾਨੀ ਪੰਜਾਬੀ ਸ਼ਾਇਰ ਅਮਾਨਤ ਅਲੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲਾਹੌਰ ਵਾਲਾ ਅਮਾਨਤ ਅਲੀ ਗਿੱਲ ਮੇਰਾ ਮੂੰਹ ਬੋਲਦਾ ਬੇਟਾ ਹੈ। ਉਹ ਪੰਜਾਬੀ ਅਧਿਆਪਕ ਵੀ ਹੈ ਤੇ ਪੰਜਾਬੀ ਸ਼ਾਇਰ ਵੀ। ਉਸਦਾ ਕਾਵਿਕ ਨਾਂ ਅਮਾਨਤ ਅਲੀ ਮੁਸਾਫ਼ਰ ਹੈ। ਇਕ ਸਾਦ ਮੁਰਾਦੀ ਪੇਸ਼ਕਾਰੀ ਵਾਲਾ ਕਵੀ। 'ਪੀਘਾਂ ਸੋਚ ਦੀਆਂ ਸਾਹਿਤ ਸੰਸਥਾ' (ਅੰਮ੍ਰਿਤਸਰ) ਹਰ ਮਹੀਨੇ ਭਾਰਤ-ਪਾਕਿ ਦੀ ਸਾਂਝੀ ਸ਼ਾਇਰੀ ਗੂਗਲ ਉੱਤੇ ਪੇਸ਼ ਕਰਦੀ ਹੈ। ਹੁਣੇ ਹੁਣੇ ਲੋਕ ਅਰਪਨ ਹੋਇਆ 'ਸੋਚਾਂ ਦੀ ਪਰਵਾਜ਼' ਨਾਮੀ ਕਾਵਿ-ਸੰਗ੍ਰਹਿ ਧਿਆਨ ਮੰਗਦਾ ਹੈ। ਮੁਖ ਪੰਨੇ ਉੱਤੇ ਰਚਨਹਾਰਿਆਂ ਦੀਆਂ ਤਸਵੀਰਾਂ ਹਨ। ਅਮਾਨਤ ਅਲੀ ਮੁਸਾਫ਼ਰ (ਗਿੱਲ) ਦੀ ਪੱਗ ਵਾਲੀ ਫੋਟੋ ਸਮੇਤ।

ਅਮਾਨਤ ਅਲੀ ਦੇ ਮਾਪੇ ਦੇਸ਼ ਵੰਡ ਸਮੇਂ ਅੰਮ੍ਰਿਤਸਰ ਤੋਂ ਉਜੜ ਕੇ ਓਧਰ ਗਏ ਸਨ। ਉਹ ਏਧਰ ਦੇ ਪੰਜਾਬ ਨਾਲ ਸਾਂਝ ਬਣਾਈ ਰਖਦਾ ਹੈ। ਏਥਰੋਂ ਪੱਗਾਂ ਮੰਗ ਕੇ ਤੇ ਕਾਵਿਕ ਆਦਾਨ ਪਰਦਾਨ ਕਰ ਕੇ। ਮੇਰੇ ਵੱਲੋਂ ਭੇਜੀ ਪੱਗ ਸਮੇਤ। ਹੋ ਸਕਦਾ 'ਸੋਚਾਂ ਦੀ ਪਰਵਾਜ਼' ਵਾਲੀ ਪੱਗ ਮੇਰੀ ਹੋਵੇ। ਮੈਨੂੰ ਉਸਦੀ ਓਦੋਂ ਵਾਲੀ ਕਵਿਤਾ ਅੱਜ ਵੀ ਚੇਤੇ ਹੈ।

ਇਹ ਪੱਗ ਵੀ ਏ ਭਗਵਾਨ ਵੀ ਏ
ਮੇਰੇ ਦਿਲ ਦਾ ਖਾਸ ਅਰਮਾਨ ਵੀ ਏ
ਚੈਨ ਕਰਾਰ ਤੇ ਇੱਜ਼ਤ ਸ਼ੁਹਰਤ
ਮੇਰੀ ਸ਼ਰਧਾ ਸੋਚ ਤੇ ਸ਼ਾਨ ਵੀ ਏ
ਸਾਡੇ ਮੁਸਲਿਮ ਸਿੱਖ ਭਰੱਪਣ ਦਾ
ਇੱਕ ਦੂਜੇ ਲਈ ਸਨਮਾਨ ਵੀ ਏ
ਇਹ ਯਾਰ ਮੁਸਾਫਰ ਰੂਹ ਮੇਰੀ
ਮੇਰੇ ਜੀਵਨ ਦੀ ਪਰਧਾਨ ਵੀ ਏ।

'ਸੋਚਾਂ ਦੀ ਪਰਵਾਜ਼' ਦਾ ਸਵਾਗਤ ਕਰਦਿਆਂ ਮੈਨੂੰ ਇਕ ਪੁਰਾਣੀ ਗੱਲ ਚੇਤੇ ਆ ਗਈ ਹੈ। ਮੇਰਾ ਮਿਹਰਬਾਨ ਮਿੱਤਰ ਖੁਸ਼ਵੰਤ ਸਿੰਘ ਭਰ ਗਰਮੀ ਦੇ ਮੌਸਮ ਵਿਚ ਆਪਣੀ ਕਸੌਲੀ ਵਾਲੀ ਕੋਠੀ ਵਿਚ ਆ ਕੇ ਲਿਖਣਾ ਪੜ੍ਹਨਾ ਜਾਰੀ ਰਖਦਾ ਸੀ। ਚੰਡੀਗੜ੍ਹ ਦੇ ਲੇਖਕ ਤੇ ਪੱਤਰਕਾਰ ਉਸ ਨੂੰ ਚੰਡੀਗੜ੍ਹ ਪਰੈੱਸ ਕਲੱਬ ਵਿਚ ਮਿਲਣਾ ਚਾਹੁੰਦੇ ਸਨ। ਮੇਰੇ ਕਹਿਣ ਉੱਤੇ ਉਹ ਮੰਨ ਤਾਂ ਗਿਆ ਪਰ ਏਸ ਸ਼ਰਤ ਉੱਤੇ ਕਿ ਉਹ ਕਸੌਲੀ ਤੋਂ ਚੰਡੀਗੜ੍ਹ ਆ ਕੇ ਮੀਟਿੰਗ ਤੋਂ ਪਹਿਲਾਂ ਕਿਸੇ ਹੋਟਲ ਵਿਚ ਆਰਾਮ ਕਰੇਗਾ। ਹੋਟਲ ਤੋਂ ਕਲੱਬ ਲਿਆਉਣ ਦੀ ਜ਼ਿੰਮੇਵਾਰੀ ਮੇਰੀ ਸੀ।

ਮੈਂ ਆਪਣੇ ਘਰੋਂ ਤੁਰਨ ਤੋਂ ਪਹਿਲਾਂ ਉਸਦੀ ਸੁਵਿਧਾ ਜਾਨਣ ਲਈ ਟੈਲੀਫੋਨ ਕੀਤਾ ਤਾਂ ਉਹ ਹੱਸ ਕੇ ਬੋਲਿਆ ਕਿ ਕਸੌਲੀ ਵਾਲੀ ਕੋਠੀ ਵਿਚ ਕੋਈ ਪੱਗ ਨਹੀਂ ਸੀ। ਮੈਂ ਇੱਕ ਪੱਗ ਲੈ ਕੇ ਗਿਆ। ਉਸਨੇ ਕਲੱਬ ਵਾਲੀ ਮੀਟਿੰਗ ਵਿਚ ਮੇਰੀ ਪੱਗ ਨਾਲ ਹਾਜ਼ਰੀ ਭਰੀ। ਮੈਨੂੰ ਆਪਣੇ ਕਾਲਮ ਲਈ ਮਸਾਲਾ ਮਿਲ ਗਿਆ, ਜਿਸ ਨੂੰ ਮੈਂ 'ਮੇਰੀ ਪੱਗ ਵਾਲਾ ਖੁਸ਼ਵੰਤ ਸਿੰਘ' ਨਾਂ ਦਿੱਤਾ। ਮੇਰੀ ਪਗੜੀ ਭਾਰਤ ਵਿਚ ਹੀ ਨਹੀਂ ਵਰਤੀ ਜਾਂਦੀ;



ਇਸ ਨੂੰ ਪਾਕਿਸਤਾਨ ਵਾਲੇ ਵੀ ਵਰਤਦੇ ਹਨ। ਪੰਜਾਬੀ ਸ਼ਾਇਰ ਅਮਾਨਤ ਅਲੀ ਮੁਸਾਫ਼ਰ ਤਾਂ ਇਕ ਉਦਾਹਰਣ ਮਾਤ੍ਰ ਹੈ। ਮੇਰੀ ਪੱਗ ਦੇ ਕੀ ਕਹਿਣੇ!

### ਨਿਰਮਲ ਸਿੰਘ ਭੰਗੂ ਬਨਾਮ ਮਹਿਤਾਬ ਸਿੰਘ ਮੀਰਾਂਕੋਟੀਆ

ਅੱਜ ਕੱਲ੍ਹ ਜ਼ਿਲ੍ਹਾ ਰੂਪਨਗਰ ਦਾ ਨਿਰਮਲ ਸਿੰਘ ਭੰਗੂ ਖ਼ਬਰਾਂ ਵਿਚ ਹੈ। ਉਹ ਲੰਘੇ ਸਪਤਾਹ ਪਰਲੋਕ ਸਧਾਰ ਗਿਆ ਹੈ। ਦੇਹਾਂਤ ਸਮੇਂ ਉਹ ਤੇ ਉਸਦੀ ਘਰ ਵਾਲੀ ਦੋਵੇਂ ਜੇਲ੍ਹ ਵਿਚ ਸਨ। ਉਹ ਪੌਣੇ ਦੋ ਲੱਖ ਕਰੋੜੀ ਪਰਲ ਗਰੁੱਪ ਕੰਪਨੀਆਂ ਦਾ ਸੰਸਥਾਪਕ ਸੀ। ਉਸਨੇ ਭੰਗੂ ਚਿੱਟ ਫੰਡ ਸੰਸਥਾਵਾਂ ਰਾਹੀਂ ਸਾਢੇ ਪੰਜ ਕਰੋੜ ਲੋਕਾਂ ਦੇ 45,000 ਕਰੋੜ ਰੁਪਏ ਡਕਾਰ ਛੱਡੇ ਸਨ। ਭਾਰਤ ਸਰਕਾਰ ਵੱਲੋਂ ਜਸਟਿਸ ਲੋਢਾ ਕਮੇਟੀ ਦੀ ਪੁੱਛ ਪੜਤਾਲ ਤੋਂ ਪਤਾ ਲੱਗਿਆ ਕਿ ਉਸਦੀ ਘਪਲੇਬਾਜ਼ੀ ਦਾ ਸ਼ਿਕਾਰ ਹੋਏ ਕਰੋੜਾਂ ਲੋਕਾਂ ਵਿਚੋਂ ਕੇਵਲ 21 ਲੱਖ ਨਿਵੇਸ਼ਕਾਰਾਂ ਨੂੰ ਬਣਦੀ ਰਕਮ ਮਿਲੀ ਹੈ। ਬਾਕੀ ਸਾਰਿਆਂ ਨੇ ਮਿਲ ਕੇ ਇੱਕ ਸੁਰੱਖਿਆ ਜਥੇਬੰਦੀ ਬਣਾਈ ਹੈ ਤੇ ਲਗਾਤਾਰ ਧਰਨੇ ਲਾ ਰਹੇ ਹਨ। ਹੱਥ ਪੱਲੇ ਕੁਝ ਨਹੀਂ ਪੈ ਰਿਹਾ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਨਿਰਮਲ ਸਿੰਘ ਆਪਣੇ ਬਚਪਨ ਵਿਚ ਰੋਪੜ-ਨੰਗਲ ਮਾਰਗ ਉਤਲੇ ਪਿੰਡ ਬੇਲਾ ਵਿਚ ਦੋਧੀ ਹੁੰਦਾ ਸੀ। ਵੱਡਾ ਹੋ ਕੇ ਕੋਲਕਾਤਾ ਗਿਆ ਤਾਂ ਓਥੇ ਪੀਅਰਲੈੱਸ ਚਿੱਟ ਫੰਡ ਕੰਪਨੀ ਵਿਚ ਕੰਮ ਕਰਦੇ ਸਮੇਂ ਚਿੱਟ ਫੰਡ ਦੀਆਂ ਜੁਗਤਾਂ ਦਾ ਮਾਹਿਰ ਹੋ ਗਿਆ। ਅੰਤਕਾਰ ਹੋਣੀ ਨੇ ਅਜਿਹਾ ਘੇਰਿਆ ਕਿ 2011 ਵਿਚ ਉਸਦੇ ਬੇਟੇ ਦੀ ਦੁਰਘਟਨਾ ਵਿਚ ਮ੍ਰਿਤੂ ਹੋ ਗਈ ਤੇ ਸੁਰੱਖਿਆ ਜਥੇਬੰਦੀ ਦੇ ਧਰਨਿਆਂ ਨੇ ਉਸ ਨੂੰ ਤੇ ਉਸਦੀ ਘਰਵਾਲੀ ਨੂੰ ਜੇਲ੍ਹ ਦਾ ਦਰ ਦਿਖਾ ਦਿੱਤਾ। ਹੁਣ ਜੰਤਰ ਮੰਤਰ ਦਿੱਲੀ ਵਿਖੇ ਛੇ ਸਤੰਬਰ ਨੂੰ ਲੱਗਣ ਵਾਲੇ ਧਰਨੇ ਤੋਂ ਪਹਿਲਾਂ ਹੀ ਚੱਲ ਵਸਿਆ ਹੈ।

ਚੇਤੇ ਰਹੇ ਕਿ ਕਿਸੇ ਸਮੇਂ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦੀ ਹੱਤਿਆ ਕਰਨ ਵਾਲਾ ਬਾਬਾ ਮਹਿਤਾਬ ਸਿੰਘ ਵੀ ਭੰਗੂ ਸੀ। ਉਸਨੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਦੀ ਮਦਦ ਨਾਲ ਮੱਸੇ ਨੂੰ ਉਸ ਵੇਲੇ ਜਾ ਨੱਪਿਆ ਜਦੋਂ ਉਹ ਹਰਿਮੰਦਰ ਵਿਚ ਆਪਣੇ ਪਲੰਘ ਉੱਤੇ ਬੈਠਾ ਕੰਜਰੀ ਦੇ ਨਾਚ ਦਾ ਮਜ਼ਾ ਲੈ ਰਿਹਾ ਸੀ। ਉਸਦੀ ਹੱਤਿਆ ਦੇਖਦੇ ਸਾਰ ਬਾਕੀ ਦੇ ਸਰੋਤਿਆਂ ਵਿਚ ਵੀ ਅਜਿਹੀ ਭਗਦੜ ਮੱਚੀ ਕਿ ਉਨ੍ਹਾਂ ਨੂੰ ਨੱਠਣ ਲਈ ਥਾਂ ਨਹੀਂ ਸੀ ਲੱਭ ਰਹੀ।

ਜਸਟਿਸ ਲੋਢਾ ਕਮੇਟੀ ਜਾਂ ਹੋਰ ਕੋਈ ਅਦਾਲਤ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਵਾ ਸਕੇਗੀ ਜਾਂ ਨਹੀਂ, ਦੁਨੀਆ ਭਰ ਦੇ ਭੰਗੂ ਸਿਖ ਤਾਂ ਖੁਸ਼ ਹੋਣਗੇ। ਖ਼ਾਸ ਕਰਕੇ ਮੀਰਾਂਕੋਟੀਏ।

### ਬਹੁਵਿਧ ਅਨੁਵਾਦਿਕਾ ਪ੍ਰਕਾਸ਼ ਕੌਰ ਸੰਧੂ

ਪ੍ਰਕਾਸ਼ ਕੌਰ ਸੰਧੂ ਮੇਰੇ ਦਿੱਲੀ ਸਮੇਂ ਦੇ ਲੇਖਕ ਮਿੱਤਰ ਸ਼ਿਵਦੇਵ ਸੰਧਾਂਵਾਲੀਆ ਦੀ ਬੇਟੀ ਹੈ। ਓਥੇ ਉਸਦੀ ਆਟੋ ਵਰਕਸ਼ਾਪ ਸੀ ਤੇ ਬੀਵੀ ਬੱਚੇ ਕਰਨਾਲ ਰਹਿੰਦੇ ਸਨ। ਇਸ ਤੋਂ ਪਹਿਲਾਂ ਉਹ ਇੰਡੀਅਨ ਆਰਮੀ ਵਿਚ ਮੋਟਰ ਡਰਾਈਵਿੰਗ ਤੇ ਮੋਟਰ ਮਸ਼ੀਨ ਇੰਸਟਰੱਕਟਰ ਰਹਿ ਚੁੱਕਾ ਸੀ ਤੇ ਸੁਤੰਤਰਤਾ ਸੰਗਰਾਮੀ ਹੋਣ ਨਾਤੇ 1942-45 ਵਿਚ ਜਪਾਨੀਆਂ ਦੀ ਕੈਦ ਵੀ ਕੱਟੀ।

ਪ੍ਰਕਾਸ਼ ਦੀਆਂ ਬਹੁਵਿਧ ਰੁਚੀਆਂ ਦੀ ਨੀਂਹ ਉਸਦੇ ਬਚਪਨ ਵਿਚ ਹੀ ਰੱਖੀ ਗਈ ਸੀ। ਉਸਦਾ ਮੇਰੇ ਨਾਲ ਮੇਲ ਦਾ ਕਾਰਣ ਉਸਦੀ ਹਿੰਦੀ ਕਵਿਤਾਵਾਂ ਤੇ ਗ਼ਜ਼ਲਾਂ ਦੀ ਪੁਸਤਕ 'ਯਾਦੋਂ ਕੇ ਮੌਸਮ' ਬਣੀ। ਪਿਛਲੇ ਦਿਨੀਂ ਉਹ ਮੈਨੂੰ ਲੱਭ ਕੇ ਇਹ ਪੁਸਤਕ ਭੇਟ ਕਰਨ ਆਈ ਤਾਂ ਪਤਾ ਲੱਗਿਆ ਕਿ ਸ਼ਿਵਦੇਵ ਜਦੋਂ ਵੀ ਦਿੱਲੀ ਤੋਂ ਕਰਨਾਲ ਆਉਂਦਾ ਤਾਂ ਭਾਂਤ-ਸੁਭਾਂਤੀ ਪੁਸਤਕਾਂ ਤੇ ਪੱਤਰਕਾਵਾਂ ਦੀ ਗਠੜੀ ਬੰਨ੍ਹ ਕੇ ਲਿਆਉਂਦਾ ਸੀ ਜਿਨ੍ਹਾਂ ਵਿਚੋਂ ਬਹੁਤੀਆਂ ਹਿੰਦੀ ਭਾਸ਼ੀ ਹੁੰਦੀਆਂ ਸਨ।

ਪ੍ਰਕਾਸ਼ ਕੌਰ ਦੀ ਵਿਦਿਆ ਕੁਰੂਕਸ਼ੇਤਰ ਯੂਨੀਵਰਸਿਟੀ ਦੀ ਵੀ ਹੈ ਤੇ ਪੰਜਾਬ ਯੂਨੀਵਰਸਿਟੀ ਦੀ ਵੀ। ਕੁਰੂਕਸ਼ੇਤਰ ਨੇ ਉਸ ਨੂੰ ਹਿੰਦੀ ਤੇ ਸੰਸਕ੍ਰਿਤ ਸਿਖਾਈ ਤੇ ਚੰਡੀਗੜ੍ਹ ਨੇ ਪੰਜਾਬੀ ਤੇ ਅੰਗਰੇਜ਼ੀ। ਉਹ ਪੰਜਾਬ ਯੂਨੀਵਰਸਿਟੀ ਤੋਂ ਅੰਗਰੇਜ਼ੀ ਐੱਮ.ਏ. ਹੈ ਤੇ ਸ਼ਿਵਦੇਵ ਸਦਕਾ ਉਰਦੂ ਪੜ੍ਹੀ ਹੋਈ।

ਪੰਜਾਬੀ ਤੇ ਹਿੰਦੀ ਮੂਲ ਦੀ ਰਚਨਾਕਾਰੀ ਤੋਂ ਬਿਨਾਂ ਉਸਨੇ ਇੱਕ ਦਰਜਨ ਜਗਤ ਪ੍ਰਸਿੱਧ ਪੁਸਤਕਾਂ ਦਾ ਹਿੰਦੀ ਤੇ ਪੰਜਾਬੀ ਅਨੁਵਾਦ ਕੀਤਾ ਹੈ। ਦਾਸਤੋਵਸਕੀ ਦੀ 'ਦੋਸ਼ ਤੇ ਡੰਨ' ਸਮੇਤ। ਉਨ੍ਹਾਂ ਵਿਚ ਅਲਕਸਾਂਦਰ ਕੁਪਰਿਨ ਦੀ ਰਚਨਾਕਾਰੀ ਵੀ ਸ਼ਾਮਲ ਹੈ। ਇਨ੍ਹਾਂ ਤੋਂ ਬਿਨਾਂ ਅੱਧੀ ਦਰਜਨ ਪੁਸਤਕਾਂ ਨਰਸਿੰਗ ਦੇ ਕਾਰੋਬਾਰ ਨਾਲ ਸੰਬੰਧਤ ਹਨ। ਉਸ ਨੂੰ ਹਿੰਦੀ ਤੇ ਪੰਜਾਬੀ ਉੱਤੇ ਬਰਾਬਰ ਦੀ ਪਕੜ ਹੈ। ਅੰਗਰੇਜ਼ੀ ਤੇ ਉਰਦੂ ਭਾਸ਼ਾ ਦੇ ਉਲੱਥਿਆਂ ਸਮੇਤ। ਉਸਦਾ ਪ੍ਰਕਾਸ਼ਕ ਵੀ ਮੇਰੇ ਵਾਲਾ ਹੀ ਹੈ। ਯੂਨੀਸਟਾਰ ਬੁਕਸ ਤੇ ਲੋਕਗੀਤ ਵਾਲਾ। ਉਸ ਨੂੰ ਮਿਲਣਾ ਬਹੁਤ ਚੰਗਾ ਲੱਗਿਆ!

**ਅੰਤਿਕਾ**

ਪ੍ਰਕਾਸ਼ ਕੌਰ ਸੰਧੂ
ਦਿਲ ਤੋ ਰਹਾ ਖਾਮੋਸ਼ ਨਜ਼ਰ ਬੋਲਤੀ ਰਹੀ,
ਮਸਤੀ ਕੇ ਰੰਗ ਹੀ ਫ਼ਿਜ਼ਾ ਮੇਂ ਘੋਲਤੀ ਰਹੀ।
ਕਾਂਟੋਂ ਸੇ ਅਪਨਾ ਦਾਮਨ ਉਸ ਨੇ ਬਚਾ ਲੀਆ,
ਤਿਤਲੀ ਹਸੀਂ ਫੂਲੋਂ ਮੇਂ ਮਗਰ ਡੋਲਤੀ ਰਹੀ।
ਸ਼ਾਇਦ ਕਫ਼ਸ ਸੇ ਪਿਆਰ ਪਰਿੰਦੋਂ ਕੋ ਥਾ ਬਹੁਤ,
ਨਿਕਲੇ ਨਾ ਬਾਹਰ ਮੈਂ ਕਫ਼ਸ ਕੋ ਖੋਲਤੀ ਰਹੀ।
ਆਈ ਨਾ ਮੇਰੇ ਹਾਥ ਮੇਂ ਸ਼ੁਆਏ ਰੋਸ਼ਨੀ,
ਮੈਂ ਜੁਗਨੂਓਂ ਕੇ ਪੰਧ ਟਟੋਲਤੀ ਰਹੀ।

# "ਮਾਸਟਰ ਜੀ! ਮੈਂ ਛੇਵੀਂ ਜਮਾਤ 'ਟੱਪ' ਗਿਆਂ!"

**ਅਧਿਆਪਕ ਦਿਵਸ 'ਤੇ ਵਿਸ਼ੇਸ਼**

ਵਿਲੀਅਮ ਅਰਥਰ ਵਾਰਡ ਅਨੁਸਾਰ, 'ਇੱਕ ਸਾਧਾਰਨ ਅਧਿਆਪਕ ਦਸਦੈ; ਚੰਗਾ ਅਧਿਆਪਕ ਵਿਆਖਿਆ ਕਰਦੈ; ਵਧੀਆ ਅਧਿਆਪਕ ਵਰਣਨ ਕਰਦੈ ਅਤੇ ਮਹਾਨ ਅਧਿਆਪਕ ਪ੍ਰੇਰਤ ਕਰਦੈ'।

ਪਰ ਜੌਰਜ ਬਰਨਾਰਡ ਸ਼ਾਅ ਦਾ ਵਿਚਾਰ ਬਿਲਕੁਲ ਇਸ ਦੇ ਉਲਟ ਹੈ, 'ਜੋ (ਕੁਝ) ਕਰ ਸਕਦੇ ਹਨ, (ਉਹ) ਕਰਦੇ ਹਨ; ਜੋ (ਕੁਝ) ਨਹੀਂ ਕਰ ਸਕਦੇ, (ਉਹ) ਪੜ੍ਹਾਉਂਦੇ ਹਨ'।

ਮੇਰੇ ਜੀਵਨ ਵਿਚ ਦੋਵੇਂ ਤਰ੍ਹਾਂ ਦੇ ਅਧਿਆਪਕ ਆਏ। ਤਨਦੇਹੀ ਅਤੇ ਇਮਾਨਦਾਰੀ ਨਾਲ ਪੜ੍ਹਾਉਣ ਵਾਲੇ ਵੀ ਅਤੇ ਇੱਕਾ-ਦੁੱਕਾ ਡੰਗ-ਟਪਾਉਣ ਵਾਲੇ ਵੀ। ਪਹਿਲੀ ਸ਼੍ਰੇਣੀ, ਜਿਨ੍ਹਾਂ ਦੀ ਗਿਣਤੀ ਵਧੇਰੇ ਸੀ, ਨੇ ਜੀਵਨ ਤਰਾਸ਼ਿਆ, ਸੰਵਾਰਿਆ ਅਤੇ ਜੀਣ-ਲਾਇਕ ਬਣਾਇਆ। ਅਜਿਹੇ ਅਧਿਆਪਕਾਂ ਦਾ ਅਸੀਂ ਦੇਣਾ ਨਹੀਂ ਦੇ ਸਕਦੇ!



ਦੂਸਰੀ ਕੈਟੇਗਰੀ ਵਾਲਿਆਂ, ਜਿਨ੍ਹਾਂ ਦੀ ਗਿਣਤੀ ਇੱਕ-ਦੋ ਹੀ ਸੀ, ਨੇ ਜੀਵਨ ਵਿਚ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91-98766-55055

'ਨੈਗੇਟਿਵਿਟੀ' (ਨਾਂਹਵਾਚੀ ਸੋਚ) ਦਾ ਸੰਚਾਰ ਕੀਤਾ।

ਇੱਕ ਅਧਿਆਪਕ ਸਦਕਾ ਮੈਂ ਐਮ.ਏ. (ਅੰਗਰੇਜ਼ੀ) ਕਰ ਸਕਿਆ ਅਤੇ ਕਾਲਜ ਵਿਚ ਪ੍ਰਾ-ਅਧਿਆਪਕ ਨਿਯੁਕਤ ਹੋ ਕੇ ਰੋਜ਼ੀ-ਰੋਟੀ ਜੋਗਾ ਹੋ ਸਕਿਆ। ਜੇ ਇਹ ਅਧਿਆਪਕ ਨਾ ਹੁੰਦੇ ਤਾਂ ਮੈਂ ਅੱਠਵੀਂ ਜਮਾਤ ਦਾ 'ਡਰਾਪ-ਆਊਟ' ਹੋਣਾ ਸੀ।

ਉਸ ਅਧਿਆਪਕ ਦਾ ਨਾਮ ਪ੍ਰਿੰਸੀਪਲ ਡੀ.ਆਰ.ਪਬਰਾ ਸੀ। ਉਹ ਸੀਨੀਅਰ ਸੈਕੰਡਰੀ ਸਕੂਲ ਹਦੀਆਬਾਦ (ਫਗਵਾੜਾ) ਦੇ ਪ੍ਰਿੰਸੀਪਲ ਸਨ। ਉਨ੍ਹਾਂ ਨੂੰ ਸਵਰਗਵਾਸ ਹੋਇਆਂ ਨੂੰ ਕਈ ਸਾਲ ਹੋ ਗਏ ਹਨ।

ਗੱਲ ਇੰਝ ਹੋਈ ਕਿ ਮੈਂ ਗਣਿਤ ਵਿਚ ਇੱਕ ਅਧਿਆਪਕ ਦੀ ਵਜਾਹ ਕਾਰਨ ਕਮਜ਼ੋਰ ਰਹਿ ਗਿਆ ਸਾਂ (ਉਸ ਦੀ ਚਰਚਾ ਬਾਅਦ 'ਚ ਕਰਾਂਗੇ)। ਹੋਰ ਸਭ ਵਿਸ਼ਿਆਂ ਵਿਚ ਮੈਂ ਪਹਿਲੇ ਸਥਾਨ ਉੱਪਰ ਆਉਂਦਾ ਪਰ ਹਿਸਾਬ ਵਿਚ ਜਾਂ ਤਾਂ ਫੇਲ੍ਹ ਹੋ ਜਾਂਦਾ ਜਾਂ ਮਸੀਂ ਪਾਸ ਮਾਰਕਸ ਲੈ ਸਕਦਾ।

ਹਿਸਾਬ 'ਚੋਂ ਨਾਲਾਇਕ ਹੋਣ ਕਾਰਨ ਮੈਂ ਅੱਠਵੀਂ 'ਚ ਪੜ੍ਹਾਈ ਛੱਡ ਦਿੱਤੀ। ਡੰਗਰ ਤਾਂ ਪਹਿਲਾਂ ਵੀ ਚਾਰੀਦੇ ਸਨ, ਫਿਰ ਸਾਰੀ ਸਾਰੀ ਦਿਹਾੜੀ ਚਾਰਦੇ ਰਹਿਣਾ। ਲੋੜ ਪੈਣ ਵੇਲੇ ਘਰ ਦਿਆਂ ਦਾ ਖੇਤੀ-ਬਾੜੀ ਵਿਚ ਹੱਥ ਵੀ ਵਟਾ ਦੇਣਾ। ਪਿਤਾ ਜੀ ਦੇ ਕਹਿਣ 'ਤੇ ਵੀ ਮੈਂ ਸਕੂਲ ਜਾਣੋਂ ਇਨਕਾਰ ਕਰ ਦਿੱਤਾ।

ਪਿਤਾ ਜੀ ਹਰ ਰੋਜ਼ ਸਵੇਰੇ ਸਾਈਕਲ 'ਤੇ ਸ਼ਹਿਰ ਜਾਇਆ ਕਰਦੇ ਸਨ। ਇੱਕ ਤਾਂ ਉਹ ਉਰਦੂ ਅਖ਼ਬਾਰ ਪੜ੍ਹਨ ਦੇ ਸ਼ੌਕੀਨ ਸਨ, ਦੂਸਰਾ ਉਹ ਪਿੰਡ ਦੇ ਸਰਪੰਚ ਹੋਣ ਕਾਰਨ ਥਾਣੇ-ਕਚਹਿਰੀ ਲੋਕਾਂ ਦੇ ਕੰਮ-ਕਾਜ ਵੀ ਕਰਵਾ ਆਉਂਦੇ ਸਨ। ਪ੍ਰਿੰ. ਪਬਰਾ ਸਾਹਿਬ ਹਰ ਰੋਜ਼ ਸ਼ਹਿਰੋਂ ਸਾਈਕਲ 'ਤੇ ਹਦੀਆਬਾਦ ਸਕੂਲ ਆਇਆ ਕਰਦੇ ਸਨ।

ਇੱਕ ਦਿਨ ਮੇਰੇ ਪਿਤਾ ਜੀ ਦਾ ਉਨ੍ਹਾਂ ਨਾਲ ਰਾਹ 'ਚ ਮੇਲ ਹੋ ਗਿਆ। ਉਨ੍ਹਾਂ ਪਿਤਾ ਜੀ ਨੂੰ ਪੁੱਛਿਆ, ''ਸਰਪੰਚ ਸਾਹਿਬ! ਭੁਚੰਗੀ (ਉਹ ਮੈਨੂੰ ਇਸ ਤਰ੍ਹਾਂ ਹੀ ਸੰਬੋਧਨ ਕਰਦੇ ਸਨ) ਅੱਜ ਕੱਲ੍ਹ ਸਕੂਲ ਕਿਉਂ ਨਹੀਂ ਆਉਂਦਾ''? ਮੇਰੇ ਪਿਤਾ ਜੀ ਵਲੋਂ ਇਹ ਦੱਸਣ 'ਤੇ ਕਿ ਹਿਸਾਬ ਨਾ ਆਉਣ ਕਾਰਨ ਉਸ ਨੇ ਪੜ੍ਹਾਈ ਵਿਚੇ ਈ ਛੱਡ ਦਿਤੀ ਹੈ, ਤਾਂ ਪਬਰਾ ਸਾਹਿਬ ਬੋਲੇ, ''ਸਰਦਾਰ ਜੀ! ਭੁਚੰਗੀ ਤਾਂ 'ਚੰਨ' ਹੈ, ਹਿਸਾਬ ਤਾਂ 'ਚੰਨ' ਉੱਪਰ ਦਾਗ ਲੱਗਾ ਹੈ। ਉਹ ਬਾਕੀ ਸਭ ਵਿਸ਼ਿਆਂ, ਸਮੇਤ ਅੰਗਰੇਜ਼ੀ, ਵਿਚ ਪਹਿਲੇ ਸਥਾਨ 'ਤੇ ਆਉਂਦਾ ਹੈ। ਦਸਵੀਂ ਮਗਰੋਂ ਹਿਸਾਬ ਬੰਦ ਹੋ ਜਾਣੈਂ ਤੇ ਤੁਸੀਂ ਮੇਰੇ ਤੋਂ ਲਿਖ ਕੇ ਲੈ ਲਓ, ਗਿਆਰ੍ਹਵੀਂ 'ਚ ਉਹ ਮੈਰਿਟ 'ਚ ਆਵੇਗਾ। ਤੁਸੀਂ ਭਲਕੇ ਉਸ ਨੂੰ ਮੇਰੇ ਕੋਲ ਭੇਜਿਉ''।

ਸ਼ਾਮੀਂ ਘਰ ਵਾਪਿਸ ਆ ਕੇ ਪਿਤਾ ਜੀ ਨੇ ਪਬਰਾ ਸਾਹਿਬ ਦੀ ਸਾਰੀ ਗੱਲ ਸੁਣਾਈ। ਮੈਂ ਕੋਰੀ ਨਾਂਹ ਕਰ ਦਿੱਤੀ। ਪਰ ਪਿਤਾ ਜੀ ਨੇ ਮੈਨੂੰ ਪਬਰਾ ਸਾਹਿਬ ਨੂੰ ਮਿਲਣ ਜਾਣ ਲਈ ਮਨਾ ਲਿਆ।

ਅਗਲੇ ਦਿਨ ਮੈਂ ਸਕੂਲ ਜਾ ਕੇ ਪਬਰਾ ਸਾਹਿਬ ਨੂੰ ਮਿਲਿਆ। ਉਨ੍ਹਾਂ ਨੇ ਮੈਨੂੰ ਹਿਸਾਬ ਦੀ ਮੁਫਤ ਟਿਊਸ਼ਨ ਪੜ੍ਹਾਏ ਜਾਣ ਦੀ ਪੇਸ਼ਕਸ਼ ਕੀਤੀ ਪਰ ਮੈਂ ਨਾਂਹ ਕਰ ਦਿੱਤੀ। ਉਨ੍ਹਾਂ ਜਦੋਂ ਹੋਰ ਜ਼ੋਰ ਦਿੱਤਾ ਤਾਂ ਮੈਂ ਆਪਣਾ 'ਹਿਸਾਬ ਨਾ ਆਉਣ' ਦਾ ਪੈਂਤੜਾ ਬਦਲਦਿਆਂ ਕਿਹਾ ਕਿ ਸਾਡੇ ਘਰ ਦੇ ਨਿਮਨ ਮੱਧ-ਵਰਗੀ ਕਿਸਾਨੀ ਪਰਿਵਾਰ 'ਚੋਂ ਹਨ ਅਤੇ ਮੇਰੀ ਫੀਸ ਨਹੀਂ ਦੇ ਸਕਦੇ।

ਉਨ੍ਹਾਂ ਮੇਰੇ ਇਸ ਪੈਂਤੜੇ ਦਾ ਤੋੜ ਵੀ ਕੱਢ ਮਾਰਿਆ। ਘੰਟੀ ਮਾਰ ਕੇ ਗਿਆਨੀ ਮਾਸਟਰ ਪ੍ਰੀਤਮ ਸਿੰਘ ਆਜ਼ਾਦ ਨੂੰ ਸੱਦਿਆ ਅਤੇ ਉਨ੍ਹਾਂ ਨੂੰ ਕਿਹਾ ਕਿ 'ਭੁਚੰਗੀ ਨੂੰ ਹਰ ਮਹੀਨੇ 3 ਰੁਪਏ ਰੈੱਡ ਕਰਾਸ 'ਚੋਂ ਦੇ ਦਿਆ ਕਰੋ'। ਗਿਆਨੀ ਜੀ ਕਾਮਰੇਡ ਸਨ/ਹਨ ਅਤੇ ਮੇਰੇ ਪਿਤਾ ਜੀ, ਜੋ ਆਪ ਵੀ ਕਾਮਰੇਡ ਸਨ (1964 ਦੀ ਸਪਲਿਟ ਬਾਅਦ ਉਹ ਕਾਂਗਰਸ 'ਚ ਚਲੇ ਗਏ) ਦੇ ਪੁਰਾਣੇ ਜਾਣੂੰ ਸਨ। ਉਦੋਂ ਸਕੂਲ ਦੀ ਫੀਸ ਵੀ 2-3 ਰੁਪਏ ਹੀ ਹੁੰਦੀ ਸੀ।

ਮੇਰੇ ਕੋਲ ਹੁਣ ਨਾਂਹ ਕਹਿਣ ਦਾ ਕੋਈ ਰਾਹ ਨਹੀਂ ਸੀ ਬਚਿਆ। ਬੜੇ ਭਾਰੇ ਮਨ ਨਾਲ ਮੈਂ ਫਿਰ ਤੋਂ ਸਕੂਲ ਜਾਣਾ ਸ਼ੁਰੂ ਕਰ ਦਿਤਾ। ਪਬਰਾ ਸਾਹਿਬ ਅੰਗਰੇਜ਼ੀ ਪੜ੍ਹਾਉਂਦੇ ਸਨ ਅਤੇ ਗਿਆਨੀ ਜੀ ਪੰਜਾਬੀ। ਦੋਵੇਂ ਬਾ-ਕਮਾਲ ਅਧਿਆਪਕ ਸਨ। ਪਬਰਾ ਸਾਹਿਬ ਨੇ ਮੈਨੂੰ ਅੰਗਰੇਜ਼ੀ ਦੀ ਐਮ.ਏ. ਕਰਨ ਲਈ ਪ੍ਰੇਰਿਆ ਕਰਨਾ, ਬੇਸ਼ੱਕ ਮੈਂ ਪੰਜਾਬੀ ਵਿਚ ਵੀ ਬਹੁਤ ਅੱਛੇ ਨੰਬਰ ਲੈਂਦਾ ਸੀ। ਉਦੋਂ ਐਮ.ਏ. ਕਰਨ ਦੀ ਨਾ ਪੁੱਜਤ ਸੀ ਨਾ ਹੀ ਸੁਪਨਾ। ਦਸਵੀਂ ਕਰਕੇ ਖੰਡ ਮਿੱਲ ਦੀ ਸਹਿਕਾਰੀ ਸੁਸਾਇਟੀ ਵਿਚ ਪਰਚੀਆਂ ਵੰਡਣ ਦੀ ਨੌਕਰੀ ਕਰਨ ਤਕ ਦੀ ਦੌੜ ਸੀ, ਬਸ।

ਪਰ ਪਬਰਾ ਸਾਹਿਬ ਦੀ ਭਵਿੱਖਬਾਣੀ ਸੱਚ ਸਾਬਤ ਹੋਈ। ਦਸਵੀਂ ਮਗਰੋਂ ਹਿਸਾਬ ਬੰਦ ਹੋ ਗਿਆ। ਬਿਨਾਂ ਹਿਸਾਬ ਮੈਂ ਗਿਆਰ੍ਹਵੀਂ 'ਚੋਂ ਮੈਰਿਟ 'ਚ ਆ ਗਿਆ! ਆਮ ਤੌਰ 'ਤੇ ਹਿਸਾਬ ਕਾਰਨ ਵਿਦਿਆਰਥੀ ਮੈਰਿਟ 'ਤੇ ਆਉਂਦੇ ਹਨ, ਕਿਉਂਕਿ ਹਿਸਾਬ ਵਿਚ ਸੌ 'ਚੋਂ ਸੌ ਅੰਕ ਮਿਲ ਸਕਦੇ ਹਨ, ਹੋਰ ਕਿਸੇ ਵਿਸ਼ੇ ਵਿਚੋਂ ਨਹੀਂ (ਕਮ-ਜ਼-ਕਮ ਸਾਡੇ ਸਮੇਂ ਨਹੀਂ)। ਮੈਰਿਟ 'ਤੇ ਆਉਣ ਕਾਰਨ ਮੈਨੂੰ 75 ਰੁਪਏ ਮਹੀਨਾ ਮੈਰਿਟ ਸਕਾਲਰਸ਼ਿਪ ਲਗ ਗਿਆ, ਜੋ ਉਨ੍ਹੀਂ ਦਿਨੀਂ ਇੱਕ ਵਡੀ ਰਕਮ ਹੁੰਦੀ ਸੀ। ਪਰ ਇਹ ਮਿਲਣਾ ਤਾਂ ਸੀ ਜੇ ਮੈਂ ਅੱਗੋਂ ਪੜ੍ਹਦਾ, ਸੋ, ਪਰਚੀਆਂ ਵੰਡਣ ਦੀ ਕਲੈਰੀਕਲ ਨੌਕਰੀ ਕਰਨ ਦੀ ਬਜਾਏ ਮੈਂ ਬੀ.ਏ. ਵਿਚ ਦਾਖਲਾ ਲੈ ਲਿਆ।

ਮੈਂ ਅੰਗਰੇਜ਼ੀ ਦੀ 'ਆਨਰਜ਼' ਕਰਨੀ ਚਾਹੁੰਦਾ ਸੀ। ਪਰ ਉਸ ਵੇਲੇ ਕਾਲਜ ਵਿਚ ਅੰਗਰੇਜ਼ੀ ਦੀ ਆਨਰਜ਼ ਹੈ ਨਹੀਂ ਸੀ, ਰਾਜਨੀਤੀ ਵਿਗਿਆਨ (ਪੁਲਿਟੀਕਲ ਸਾਇੰਸ) ਦੀ ਆਨਰਜ਼ ਸੀ। ਮੈਂ ਇਹੀ ਕਰ ਲਈ ਅਤੇ ਮੈਂ ਯੂਨੀਵਰਸਿਟੀ ਵਿਚ 'ਟੌਪ' ਕਰ ਗਿਆ! ਇਸ ਕਾਰਨ ਮੈਨੂੰ ਫਿਰ 110 ਰੁਪਏ ਮਹੀਨਾ ਮੈਰਿਟ ਸਕਾਲਰਸ਼ਿਪ ਲਗ ਗਿਆ ਪਰ ਇਹ ਵੀ ਮਿਲਣਾ ਤਾਂ ਸੀ ਜੇ ਮੈਂ ਅੱਗੋਂ ਪੜ੍ਹਾਈ ਜਾਰੀ ਰਖਦਾ। ਸੋ ਮੈਂ ਐਮ.ਏ. ਅੰਗਰੇਜ਼ੀ ਵਿਚ ਦਾਖਲਾ ਲੈ ਲਿਆ, ਚੰਗੇ ਨੰਬਰਾਂ 'ਚ ਪਾਸ ਹੋਇਆ ਅਤੇ ਨਤੀਜਾ ਨਿਕਲਦੇ ਸਾਰ ਹੀ ਇੱਕ ਕਾਲਜ ਵਿਚ ਅੰਗਰੇਜ਼ੀ ਦਾ ਪ੍ਰਾ-ਅਧਿਆਪਕ ਨਿਯੁਕਤ ਹੋ ਗਿਆ।

ਇੱਕ ਡੰਗਰ ਚਾਰਨ ਵਾਲਾ ਅਤੇ ਪਿੰਡ ਦੇ ਛੱਪੜ ਵਿਚ ਨਹਾਉਣ ਵਾਲਾ ਨਿਮਨ ਕਿਸਾਨੀ ਟੱਬਰ ਦਾ ਮੁੰਡਾ, ਜੋ ਅੱਠਵੀਂ 'ਚੋਂ ਪੜ੍ਹਾਈ ਛੱਡ ਗਿਆ ਸੀ, ਪ੍ਰਿੰਸੀਪਲ ਡੀ.ਆਰ. ਪਬਰਾ ਦੀ ਬਦੌਲਤ ਇੱਕ ਪ੍ਰੋਫੈਸਰ ਬਣ ਗਿਆ!

ਆਪਣੇ 36 ਸਾਲ ਦੇ ਅਧਿਆਪਨ ਦੌਰਾਨ ਮੈਂ ਅਨੇਕਾਂ ਮਾਂ-ਬਾਪ ਅਤੇ ਉਨ੍ਹਾਂ ਦੇ ਬੱਚੇ ਵੀ ਪੜ੍ਹਾਏ। ਪਬਰਾ ਸਾਹਿਬ ਦੀ ਦੋਹਤੀ ਵੀ ਮੇਰੀ ਵਿਦਿਆਰਥਣ ਰਹੀ!

ਹੁਣ ਜ਼ਰਾ ਉਸ ਅਧਿਆਪਕ ਦੀ ਵੀ ਗੱਲ ਕਰ ਲਈਏ ਜਿਸ ਕਾਰਨ ਮੈਨੂੰ ਹਿਸਾਬ ਨਹੀਂ ਆਇਆ।

ਜਿਵੇਂ ਮੈਂ ਦਸ ਚੁੱਕਾ ਹਾਂ ਕਿ ਮੇਰੇ ਪਿਤਾ ਜੀ ਪਿੰਡ ਦੇ ਸਰਪੰਚ ਸਨ, ਬਲਕਿ ਬਾਨੀ ਸਰਪੰਚ! ਉਹ 1952 ਵਿਚ ਹੋਈਆਂ ਪਹਿਲੀਆਂ ਚੋਣਾਂ ਵਿਚ 3 ਪਿੰਡਾਂ ਦੀ ਸਾਂਝੀ ਪੰਚਾਇਤ ਦੇ ਸਰਪੰਚ ਬਣੇ ਸਨ। ਮੈਂ 1956-57 ਵਿਚ ਪ੍ਰਾਇਮਰੀ ਸਕੂਲ ਵਿਚ ਦਾਖਲ ਹੋਇਆ ਸੀ। ਪਤਾ ਨਹੀਂ ਕੀ ਕਾਰਨ ਸੀ ਕਿ ਹਿਸਾਬ ਵਾਲੇ ਮਾਸਟਰ ਮੈਨੂੰ ਬੜਾ ਨਿਰ-ਉਤਸ਼ਾਹਿਤ ਕਰਦੇ। ਅਕਸਰ ਕਹਿੰਦੇ ਰਹਿੰਦੇ, "ਸਰਪੰਚ ਦਾ ਮੁੰਡਾ ਹੈ, ਇਸ ਲਈ ਪਾਸ ਕਰ ਦਈਦੈ, ਛੇਵੀਂ ਜਮਾਤ ਟੱਪੂ ਤਾਂ ਜਾਣਾਂਗੇ"।

ਉਦੋਂ ਸੋਝੀ ਨਹੀਂ ਸੀ ਕਿ ਉਹ ਅਧਿਆਪਕ ਮੇਰੇ ਬਾਪ ਨਾਲ ਕਿਉਂ ਖਾਰ ਖਾਂਦਾ ਸੀ, ਬਾਅਦ 'ਚ ਮੈਂ ਕਦੇ ਪੁੱਛਿਆ ਨਹੀਂ। ਪਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਮੈਂ ਉਸ ਮਾਸਟਰ ਅਤੇ ਉਸ ਦੁਆਰਾ ਪੜ੍ਹਾਏ ਜਾਂਦੇ ਵਿਸ਼ੇ ਨੂੰ ਹੀ ਨਫਰਤ ਕਰਨੀ ਸ਼ੁਰੂ ਕਰ ਦਿਤੀ। ਪ੍ਰਾਇਮਰੀ ਸਕੂਲ ਵਿਚ ਵੀ ਮੈਂ ਹੋਰ ਵਿਸ਼ਿਆਂ ਵਿਚ ਹੁਸ਼ਿਆਰ ਸੀ ਪਰ ਹਿਸਾਬ ਵਿਚ ਪਿਛੇ ਰਹਿ ਜਾਂਦਾ ਸੀ।

ਜਦ ਐਮ.ਏ. ਅੰਗਰੇਜ਼ੀ ਕਰਨ ਉਪਰੰਤ ਮੈਂ ਕਾਲਜ ਵਿਚ ਪ੍ਰੋਫੈਸਰ ਲਗ ਗਿਆ ਤਾਂ ਮੇਰਾ ਦਿਲ ਤਾਂ ਕੀਤਾ ਕਿ ਕਹਾਂ ਕਿ 'ਮਾਸਟਰ ਜੀ! ਮੈਂ ਛੇਵੀਂ ਜਮਾਤ ਟੱਪ ਗਿਆਂ!' ਪਰ ਫਿਰ ਮੈਂ ਸੋਚਿਆ, 'ਚਲੋ ਛੱਡੋ, ਪਰ੍ਹਾਂ'!

# ਕੁਦਰਤ ਦਾ ਜੰਗਲ

ਬੰਦੇ ਨੇ ਆਪਣੀ ਮੱਤ ਮੁਤਾਬਕ, ਇਸ ਨੂੰ ਵਰਤ ਕੇ ਆਪੋ ਆਪਣੀ ਸੋਚ ਤੇ ਸੂਝ ਵਿਧੀ ਨਾਲ ਨਵੇਂ ਤੋਂ ਨਵੇਂ ਮੱਤ ਕੱਢੇ ਹਨ। ਕੁਦਰਤ ਬੜੀ ਬੇਅੰਤ ਹੈ, ਇਸ ਨੂੰ ਸਮਝਣ ਅਤੇ ਢੂੰਡਣ ਲਈ ਅਸੀਂ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਇਸ ਦੌੜ ਵਿਚ ਬਹੁਤ ਕੁੱਝ ਨਵਾਂ ਖੋਜਿਆ ਜਾ ਰਿਹਾ ਹੈ ਅਤੇ ਬਹੁਤ ਕੁੱਝ ਮਲੀਆਮੇਟ ਕੀਤਾ ਜਾ ਰਿਹਾ ਹੈ। ਬੰਦੇ ਦੀ ਆਪਸੀ ਖਿੱਚੋਤਾਣ ਇਸ ਨੂੰ ਵਿਕਾਸ ਅਤੇ ਵਿਨਾਸ਼ ਵੱਲ ਲਈ ਜਾ ਰਹੀ ਹੈ। ਜਿੰਨੀਆਂ ਵੱਧ ਤੋਂ ਵੱਧ ਨਵੀਆਂ ਖੋਜਾਂ ਕਰਕੇ ਨਵੀਆਂ ਚੀਜ਼ਾਂ ਈਜਾਦ ਕਰ, ਵਰਤੋਂ 'ਚ ਲਿਆਂਦੀਆਂ ਜਾ ਰਹੀਆਂ ਹਨ ਉਤਨੀਆਂ ਹੀ ਬਹੁਤ ਸਾਰੀਆਂ, ਪਹਿਲੋਂ ਹੀ ਵਰਤੋਂ 'ਚ ਲਿਆਂਦੀਆਂ ਹੋਈਆਂ ਦਾ ਵਿਨਾਸ਼ ਵੀ ਕੀਤਾ ਜਾ ਰਿਹਾ ਹੈ। ਚੰਨ ਅਤੇ ਮੰਗਲ ਵਰਗੇ ਗ੍ਰਹਿਾਂ 'ਤੇ ਪਹੁੰਚ ਕੇ ਉੱਥੋਂ ਕੀਮਤੀ ਖਣਜ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਪਦਾਰਥਾਂ ਨੂੰ ਧਰਤੀ 'ਤੇ ਲਿਆਉਣ ਦੀਆਂ ਵਿਚਾਰਾਂ ਅਤੇ ਸਕੀਮਾਂ ਗੁੰਦੀਆਂ ਜਾ ਰਹੀਆਂ ਹਨ। ਇਨ੍ਹਾਂ ਗ੍ਰਹਿਾਂ 'ਤੇ ਆਪੋ ਆਪਣੇ ਮੁਲਕਾਂ ਦੇ ਰਾਕੇਟ ਭੇਜ ਕੇ ਉੱਥੇ ਕਬਜ਼ੇ ਦੀ ਵਿਉਂਤ ਬਣਾਈ ਜਾ ਰਹੀ ਹੈ।

ਬੰਦੇ ਅਤੇ ਜਾਨਵਰਾਂ 'ਚ ਫਰਕ ਇਹ ਹੈ ਕਿ ਬੰਦਾ ਸਭ ਕੁੱਝ ਕੋਲ ਹੁੰਦਿਆਂ ਵੀ ਰੱਜਦਾ ਨਹੀਂ ਪਰ ਜਾਨਵਰ ਆਪਣਾ ਢਿੱਡ ਭਰਨ ਲਈ ਤਾਂ ਓਹੜ ਪੋਹੜ ਕਰਦੇ ਹਨ ਪਰ ਬੰਦੇ ਵਾਂਗੂੰ ਲਾਲਚੀ ਨਹੀਂ ਹਨ। ਉਹ ਵੀ ਹਜ਼ਾਰਾਂ ਲੱਖਾਂ ਸਾਲਾਂ ਤੋਂ ਆਪਣਾ ਪੁਸ਼ਤ ਦਰ ਪੁਸ਼ਤ ਨਿਰਵਾਹ ਕਰਦੇ ਆਏ ਹਨ ਤੇ ਬੰਦਾ ਵੀ। ਬੰਦਾ ਜਾਨਵਰਾਂ ਨੂੰ ਮਾਰ ਮਾਰ ਖਾ ਕੇ ਪੇਟ ਵਧਾਈ ਜਾ ਰਿਹਾ ਹੈ ਪਰ ਜਾਨਵਰਾਂ ਨੇ ਤਾਂ ਕਦੇ ਬੰਦੇ ਨੂੰ ਤੌੜੀ 'ਚ ਰਿੰਨ ਕੇ ਨਹੀਂ ਖਾਧਾ। ਉਹ ਆਪਣੇ ਬਚਾ ਲਈ ਬੰਦੇ ਨਾਲ ਲੜਦੇ ਜ਼ਰੂਰ ਹਨ। ਅਸੀਂ ਜੰਗਲਾਂ ਨੂੰ ਵੱਢ ਕੇ ਨਿੱਕੇ ਜੀਵਾਂ ਤੋਂ ਲੈ ਕੇ ਪਸ਼ੂ, ਪੰਛੀਆਂ, ਜਾਨਵਰਾਂ ਦਾ ਘਰ-ਘਾਟ ਉਜਾੜ ਰਹੇ ਹਾਂ। ਜੰਗਲਾਂ ਦਾ ਸਫਾਇਆ ਕਰਕੇ ਫਾਰਮ ਬਣਾ ਲਏ ਹਨ ਜਾਂ ਰਹਿਣ ਲਈ ਸੁੰਦਰ ਘਰ।

ਪੁਸ਼ਤਾਂ ਤੋਂ ਖੇਤੀਬਾੜੀ ਕਰਦੇ ਆ ਰਹੇ ਪਰਿਵਾਰ ਨਾਲ ਸਬੰਧਤ ਹੋਣ ਕਰਕੇ, ਖੇਤੀ ਕਰਨ ਦਾ ਚਸਕਾ ਪੂਰਾ ਕਰਨ ਲਈ, ਘਰ ਦੇ ਪਿਛਲੇ ਵਿਹੜੇ 'ਚ ਮੈਂ ਛੋਟੀ ਜਿਹੀ ਬਾੜੀ ਬਣਾ ਰੱਖੀ ਹੈ। ਜਿਸ 'ਚ ਤਰ੍ਹਾਂ-ਤਰ੍ਹਾਂ ਦੀਆਂ ਸਬਜ਼ੀਆਂ ਤੇ ਮੱਕੀ ਉਗਾਉਂਦਾ ਸੀ। ਸਾਰੀਆਂ ਗਰਮੀਆਂ ਬੜੀ ਰੂਹ ਨਾਲ ਇਸ ਨੂੰ ਗੁੱਡਣ, ਪਾਣੀ ਲਾਉਣ, ਖਾਦ ਪਾਉਣ ਆਦਿ ਦੀ ਸੇਵਾ ਕਰ, ਜਦੋਂ ਸਤੰਬਰ 'ਚ ਛੱਲੀਆਂ ਪੱਕਣੀਆਂ ਤਾਂ ਤਕਰੀਬਨ ਮਹੀਨਾ ਭਰ ਬੜੇ ਅਨੰਦ ਨਾਲ ਭੁੰਨ ਭੁੰਨ ਕੇ ਚੱਬ ਚੱਬ ਖਾਣੀਆਂ। ਇਨ੍ਹਾਂ ਦਿਨਾਂ 'ਚ ਜੇ ਕੋਈ ਪ੍ਰਾਹੁਣਾ ਜਾਂ ਹੋਰ ਮਿਲਣ ਗਿਲਣ ਵਾਲਾ ਆਉਣਾ ਤਾਂ ਉਸ ਨੂੰ ਚਾਹ ਪਾਣੀ ਮਗਰੋਂ ਪਿਆਉਣਾ ਪਹਿਲਾਂ ਮੱਕੀ ਦੀਆਂ ਛੱਲੀਆਂ ਭੁੰਨ ਕੇ ਛਕਾਉਣੀਆਂ। ਛੱਲੀਆਂ ਮੁੱਕਣ 'ਤੇ ਆਉਣੀਆਂ ਤਾਂ ਨਾਲ ਹੀ ਛੋਲੀਆ ਪੱਕ ਜਾਣਾ ਤਾਂ ਉਸ ਦੀਆਂ ਟੰਟਾਂ ਤੋੜ ਕੇ ਲਿਆ ਕੇ ਤਵੇ 'ਤੇ ਰੱਖ, ਭੁੰਨ ਕੇ ਆਪ ਪਚਾਕੇ ਮਾਰ ਮਾਰ ਖਾਣੀਆਂ ਤੇ ਨਾਲੇ ਆਏ ਗਏ ਨੂੰ ਖੁਆਉਣੀਆਂ। ਇਹ ਸਿਲਸਿਲਾ ਤਕਰੀਬਨ ਦੋ ਦਹਾਕੇ ਚਲਦਾ ਰਿਹਾ, ਜਿਸ ਨੇ ਮੈਨੂੰ ਆਹਰੇ ਵੀ ਲਾਈ ਰੱਖਿਆ ਤੇ ਖੇਤੀ ਦੇ ਮੇਰੇ ਪਛੋਖੜ ਨਾਲ ਵੀ ਜੋੜੀ ਰੱਖਿਆ। ਇੱਕ ਸਾਲ ਮੈਂ ਸਵੇਰੇ ਉੱਠ ਕੇ ਆਪਣੇ ਕਮਰੇ ਦੀ ਤਾਕੀ ਵਿਚ ਦੀ ਬਾੜੀ ਵਲ ਨਿਗ੍ਹਾ ਮਾਰੀ ਤਾਂ ਕੀ ਦੇਖਦਾਂ ਕਿ ਮੱਕੀ ਦੇ ਅੱਧੇ ਟਾਂਡੇ ਲੰਮੇ ਪਏ ਹੋਏ ਸਨ। ਹੈਰਾਨੀ ਹੋਈ ਕਿ ਰਾਤ ਤਾਂ ਕੋਈ ਹਨੇਰੀ ਵੀ ਨਹੀਂ ਚੱਲੀ ਇਹ ਟਾਂਡੇ ਕਿਵੇਂ ਡਿੱਗ ਪਏ? ਘਬਰਾਹਟ 'ਚ ਬਾਹਰ ਜਾ ਕੇ ਦੇਖਿਆ ਤਾਂ ਡਿੱਗੇ ਟਾਂਡਿਆਂ ਦੀਆਂ ਛੱਲੀਆਂ ਨੂੰ ਅੱਧ ਪਚੱਧੀਆਂ ਚਰੂੰਡ ਕੇ ਜੱਖਣਾ ਪੁੱਟੀ ਹੋਈ ਸੀ। ਸਮਝ ਨਾ ਪਏ ਕਿ ਇਹ ਤਬਾਹੀ ਕਿਵੇਂ ਹੋਈ? ਕੀ ਕਾਟੋਆਂ ਦਾ ਕੰਮ ਹੋਊ ਜਾਂ ਚੂਹਿਆਂ ਦਾ? ਫਿਰ ਖਿਆਲ ਆਇਆ ਕਿ ਕਾਟੋ ਅਤੇ ਚੂਹੇ ਤਾਂ ਬੜੀਆਂ ਜਕੜ ਵਾਲੀਆਂ ਜੜ੍ਹਾਂ ਦੇ ਟਾਂਡਿਆਂ ਨੂੰ ਇਉਂ ਚੌਫਾਲ ਧਰਤੀ 'ਤੇ ਲੰਮਾ ਨਹੀਂ ਪਾ ਸਕਦੇ! ਕਿਸੇ ਚੋਰ ਉਚੱਕੇ ਦਾ ਕੰਮ ਵੀ ਨਹੀਂ ਲਗਦਾ; ਉਸ ਨੇ ਤਾਂ ਛੱਲੀਆਂ ਤੋੜ ਕੇ ਲੈਜਾਣੀਆਂ ਸਨ: ਪਰਦਿਆਂ ਦੇ ਵਿਚ ਹੀ ਕੱਚੀਆਂ ਚਰੂੰਡ ਕੇ ਅੱਧੋ ਡੂਢ ਥੋੜ੍ਹੋ ਕਰਨੀਆਂ ਸਨ। ਮੈਂ ਹੈਰਾਨ ਪਰੇਸ਼ਾਨ ਹੋਇਆ ਸੋਚਾਂ ਕਿ ਇਹ ਛੱਲੀਆਂ ਦੀ ਤਬਾਹੀ ਦਾ ਭਾਣਾ ਕਿਵੇਂ ਵਾਪਰ ਗਿਆ?

ਅਗਲੀ ਸਵੇਰੇ ਉੱਠਦਿਆਂ ਸਾਰ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਚੱਪਲਾਂ ਪਾ ਕੇ ਦਬਾਦਬ ਪਿਛਲੀਆਂ ਸਨ-ਡੈਕ ਦੀਆਂ ਪੌੜੀਆਂ ਉਤਰ ਸਿੱਧਾ ਸਬਜ਼ੀ ਬਾੜੀ ਵੱਲ ਗਿਆ। ਜਿਹੜੇ ਅੱਧੇ ਮੱਕੀ ਦੇ ਟਾਂਡੇ ਖੜ੍ਹੇ ਸਨ ਉਹ ਵੀ ਭੰਨੇ ਤੋੜੇ ਹੋਏ ਅਤੇ ਕੁੱਝ ਜ਼ਮੀਨ 'ਤੇ ਲੰਮੇ ਪਏ ਹੋਏ ਸਨ। ਛੱਲੀਆਂ ਦੀ ਜੱਖਣਾ ਵੀ ਉਵੇਂ ਹੀ ਪੁੱਟੀ ਹੋਈ ਸੀ ਜਿਵੇਂ ਪਿਛਲੇ ਦਿਨ ਸੀ। ਦੇਖ ਕੇ ਮਨ ਡਾਢਾ ਦੁਖੀ ਹੋਇਆ। ਗੁੱਸੇ ਨਾਲ ਭਰੇ ਪੀਤੇ ਨੇ ਆਲੇ ਦੁਆਲੇ ਨਿਗ੍ਹਾ ਮਾਰੀ, ਕੁੱਝ ਨਾ ਦਿਸਿਆ। ਸਾਡੇ ਘਰ ਦੇ ਪਿਛਲੇ ਵਿਹੜੇ 'ਚ ਤਿੰਨ ਬਹੁਤ ਵੱਡੇ ਵੱਡੇ ਫਰ ਦੇ ਦਰਖਤ ਹਨ। ਜਦੋਂ ਅੱਤ ਦੀ ਗਰਮੀ ਹੋਵੇ ਤਾਂ ਉਨ੍ਹਾਂ ਥੱਲੇ ਕੱਪੜਾ ਵਿਛਾ ਕੇ ਜਾਂ ਚੁੱਕਵੀਆਂ ਕੁਰਸੀਆਂ ਡਾਹ ਕੇ ਬੈਠੀਏ ਤਾਂ ਏਅਰ ਕੰਡੀਸ਼ਨ ਕਮਰੇ ਨਾਲੋਂ ਵੀ ਜ਼ਿਆਦਾ ਠੰਢਕ ਮਹਿਸੂਸ ਕਰੀਦੀ ਹੈ। ਖੜ੍ਹਾ ਹਾਲੇ ਸੋਚ ਹੀ ਰਿਹਾ ਸਾਂ ਕਿ ਗੁਆਂਢੀਆਂ ਦੀ ਫੈਂਸ (ਲੱਕੜ ਦੀਆਂ ਫੱਟੀਆਂ ਦੀ ਵਾੜ) ਵਲੋਂ ਸਰਕ ਸਰਕ ਦੀ ਆਵਾਜ਼ ਆਈ, ਗਹੁ ਨਾਲ ਦੇਖਿਆ ਤਾਂ ਕੁੱਝ ਨਾ ਦਿਸਿਆ, ਫਿਰ ਉਹੀ ਆਵਾਜ਼ ਆਈ ਤਾਂ ਸਹਿਜ ਸੁਭਾਅ ਹੀ ਮੈਂ ਦੋਹਾਂ ਹੱਥਾਂ ਨਾਲ ਜ਼ੋਰ ਜ਼ੋਰ ਦੀ ਤਾੜੀ ਮਾਰੀ ਤਾਂ ਇੱਕ ਰੈਕੂਨ ਫੈਂਸ ਉੱਤੋਂ ਛਾਲ ਮਾਰ ਕੇ ਫਰ ਦੇ ਦਰੱਖਤ ਉੱਤੇ ਜਾ ਚੜ੍ਹਿਆ। ਮਗਰੇ ਦੂਸਰਾ, ਮਗਰੇ ਹੀ ਤੀਸਰਾ, ਗੱਲ ਕੀ ਕਿ ਰੈਕੂਨਾਂ ਦਾ ਸਾਰਾ ਟੱਬਰ ਹੀ ਦਰੱਖਤਾਂ 'ਤੇ ਚੜ੍ਹ ਵੀਹ ਕੁ ਫੁੱਟ ਦੀ ਉਚਾਈ 'ਤੇ ਜਾ ਵਿਰਾਜਿਆ। ਟਾਹਣਿਆਂ 'ਤੇ ਬੈਠ ਬਿਟਰ ਬਿਟਰ ਮੇਰੇ ਵਲ ਝਾਕੀ ਜਾਣ। ਸਮਝ ਪੈ ਗਈ ਕਿ ਮੱਕੀ ਦੇ ਟਾਂਡੇ ਕਿਹਨੇ ਭੰਨੇ ਤੇ ਕਿਹਨਾਂ ਖੇਹ ਖਰਾਬ ਕੀਤੇ ਹਨ। ਸੋਚਾਂ ਵਿਚਾਰਾਂ 'ਚ ਪਿਆ ਮਨ, ਨਿਰਾਸ਼ ਹੋ ਅੰਦਰ ਆ ਗਿਆ। ਮੱਕੀ ਦੀਆਂ ਛੱਲੀਆਂ ਦੀ ਤਬਾਹੀ ਤਾਂ ਇਨ੍ਹਾਂ ਰੈਕੂਨਾਂ ਨੇ ਅਜਿਹੀ ਕਰਤੀ ਕਿ ਉਹ ਨਾ ਤਾਂ ਆਪ ਖਾਣ ਵਾਲੀਆਂ ਰਹੀਆਂ ਅਤੇ ਨਾ ਹੀ ਕਿਸੇ ਹੋਰ ਨੂੰ ਖੁਆਉਣ ਯੋਗੀਆਂ ਛੱਡੀਆਂ। ਦੋ ਕੁ ਦਿਨ ਮਗਰੋਂ ਅੱਗੇ ਹੋਰ ਕੀ ਦੇਖਦਾਂ ਕਿ ਉਨ੍ਹਾਂ ਡਿੱਗੇ ਪਏ ਟਾਂਡਿਆਂ ਦੁਆਲੇ ਤਿੰਨ ਮੋਟੇ ਮੋਟੇ ਚੂਹੇ ਫਰਲ ਫਰਲ ਕਰਦੇ ਫਿਰਨ। ਰੈਕੂਨਾਂ ਦਾ ਭੋਗ ਲੱਗੀਆਂ ਅੱਧ ਪਚੱਧੀਆਂ ਜ਼ਮੀਨ 'ਤੇ ਵਿਛੀਆਂ ਪਈਆਂ ਛੱਲੀਆਂ ਦਾ ਰਹਿੰਦਾ ਕੰਮ ਇਨ੍ਹਾਂ ਮੋਟੇ ਮੋਟੇ ਚੂਹਿਆਂ ਨੇ ਕਰਤਾ।

ਹੁਣ ਖਿਆਲ ਆਇਆ ਕਿ ਛੋਲਿਆਂ ਦੀਆਂ ਟੰਟਾਂ ਨੂੰ ਪੱਕਣ ਸਾਰ ਹੀ ਤੋੜ ਕੇ ਭੁੰਨ ਕੇ ਖਾ ਲਈਏ ਮਤਾਂ ਇਨ੍ਹਾਂ ਦੀ ਖਰਾਬੀ ਵੀ ਕਿਤੇ ਚੂਹੇ ਜਾਂ ਰੈਕੂਨ ਨਾ ਕਰ ਦੇਣ। ਗੱਲ ਉਹੀ ਹੋਈ ਕਿ ਮੇਰੇ ਟੰਟਾਂ ਪੱਕਣ ਦੇ ਇੰਤਜ਼ਾਰ ਵਿਚ ਹੀ ਉਹੀ ਮੋਟੇ ਮੋਟੇ ਚੂਹੇ ਜਦੋਂ ਛੱਲੀਆਂ ਵਲੋਂ ਵਿਹਲੇ ਹੋਏ ਤਾਂ ਇਕੋ ਰਾਤ 'ਚ ਹੀ ਸਾਰੇ ਛੋਲਿਆਂ ਦਾ ਕੰਮ ਕਰ ਗਏ। ਇਸ ਦਾ ਸਬੂਤ ਇਹ ਸੀ ਕਿ ਛੋਲਿਆਂ ਨੂੰ ਲੱਗੀਆਂ ਟਾਂਟਾਂ ਦੇ ਵਿਚ ਪੱਕਾ ਗੱਦਰਿਆ ਦਾਣਾ ਕੋਈ ਨਹੀਂ ਸੀ, ਅੱਧੀਆਂ ਕੁ ਛਿੱਲਾਂ ਜ਼ਮੀਨ ਤੇ ਕਿਆਰੀ 'ਚ ਖਿੱਲਰੀਆਂ ਪੁੱਲਰੀਆਂ ਪਈਆਂ ਸਨ ਤੇ ਅੱਧੀਆਂ ਕੁ ਬੂਟਿਆਂ ਦੇ ਨਾਲ ਬਿਨਾਂ ਦਾਣਿਆਂ ਦੇ ਅੱਧਮੋਈਆਂ ਲਟਕ ਰਹੀਆਂ ਸਨ। -ਛੋਲਿਆਂ ਦਾ ਐਨ ਮੱਕੀ ਵਾਂਗ ਹੀ ਅਗਲੇ ਸਾਲ ਵੀ ਇਹੀ ਕੁੱਝ ਹੋਇਆ। ਅੱਕ ਕੇ ਮੈਂ ਮੱਕੀ ਤੇ ਛੋਲੇ ਬੀਜਣੇ ਹੀ ਛੱਡ ਦਿੱਤੇ। ਪਰ ਮਨ 'ਚ ਖੇਦ ਬੜਾ ਰਿਹਾ ਕਰੇ ਕਿ ਚੂਹੇ ਤੇ ਰੈਕੂਨ ਮੇਰੇ 'ਤੇ ਇੰਨੇ ਕਰੋਪੇ ਕਿਉਂ ਹਨ? ਮੈਂ ਇਨ੍ਹਾਂ ਦਾ ਕੀ ਵਿਗਾੜਿਆ? ਪਹਿਲਾਂ ਤਾਂ ਵੀਹ ਸਾਲ ਕੋਈ ਅਜਿਹੀ ਦਿੱਕਤ ਆਈ ਹੀ ਨਹੀਂ। ਸੋਚਾਂ 'ਚ ਮਨ ਘੁੰਮਣਘੇਰੀਆਂ ਖਾਂਦਾ, ਸਾਡੇ ਘਰ ਤੋਂ ਪੱਛਮ ਵਲ ਮੀਲ ਕੁ ਦੀ ਦੂਰੀ 'ਤੇ ਬਣੀ ਬਾਈ-ਪਾਸ ਸੜਕ 'ਤੇ ਜਾ ਪਹੁੰਚਾ। ਇਹ ਟਰੱਕਾਂ ਅਤੇ ਹੋਰ ਟਰੈਫਿਕ ਦੀ ਸੁਵਿਧਾ ਲਈ ਸ਼ਹਿਰਾਂ ਤੋਂ ਬਾਹਰ ਬਾਹਰ ਫਰੇਜ਼ਰ ਦਰਿਆ ਦੇ ਕੰਢੇ ਕੰਢੇ ਸਮੁੰਦਰੀ ਬੰਦਰਗਾਹ ਨੂੰ ਪਹੁੰਚਦੀ ਕੀਤੀ ਹੈ। ਜਿਸ ਥਾਂ 'ਤੇ ਇਹ ਬਾਈਪਾਸ ਹਾਈਵੇਅ ਨਿਕਲਿਆ ਹੈ ਉੱਥੇ ਪਹਿਲਾਂ ਅਰਧ ਜੰਗਲ ਸੀ। ਕੁਦਰਤੀ ਜੀਵ ਜੰਤੂ, ਜਾਨਵਰ, ਪੰਛੀ ਆਦਿ ਸਭ ਦਾ ਉੱਥੇ ਬਸੇਰਾ ਸੀ। ਚੂਹੇ ਤੇ ਰੈਕੂਨ ਵੀ ਪੁਸ਼ਤਾਂ ਤੋਂ ਉੱਥੇ ਹੀ ਮੌਜਾਂ ਮਾਣਦੇ ਰਹੇ ਹਨ। ਜਦੋਂ ਹਾਈਵੇਅ ਦੇ ਬਣਨ ਦੌਰਾਨ ਉਨ੍ਹਾਂ ਦੀ ਰਿਹਾਇਸ਼ਗਾਹ (ਹੈਬੀਟੇਸ਼ਨ) ਦਾ ਉਜਾੜਾ ਹੋਣ ਲੱਗਿਆ ਤਾਂ ਉਨ੍ਹਾਂ ਪੂਰਬੀ ਪਾਸੇ ਵੱਲ ਦੇ ਘਰਾਂ ਵੱਲ ਕੂਚ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਦੂਸਰੇ ਪਾਸੇ ਫਰੇਜ਼ਰ ਦਰਿਆ ਵਗਦਾ ਸੀ, ਉਨ੍ਹਾਂ ਦਾ ਉਧਰ ਜਾਣਾ ਸੰਭਵ ਨਹੀਂ ਸੀ। ਹੌਲੀ-ਹੌਲੀ ਦੋ ਕੁ ਸਾਲਾਂ 'ਚ ਉਹ ਸਾਡੇ ਘਰਾਂ ਤੱਕ ਆਣ ਪਹੁੰਚੇ ਤੇ ਲੱਗੇ ਆਪਣੀ ਹੋਂਦ ਦੀ ਪਹਿਚਾਣ ਕਰਾਉਣ।

ਜੇ ਦੇਖਿਆ ਜਾਏ ਤਾਂ ਰੈਕੂਨ, ਚੂਹੇ ਅਤੇ ਹੋਰ ਜਾਨਵਰ ਤੇ ਉਨ੍ਹਾਂ ਦੇ ਪੁਰਖੇ ਤਾਂ ਹਜ਼ਾਰਾਂ ਸਾਲਾਂ ਤੋਂ ਇੱਥੇ ਰਹਿੰਦੇ ਰਹੇ ਹਨ। ਕੁੱਝ ਕੁ ਸੌ ਸਾਲ ਪਹਿਲਾਂ ਯੌਰਪੀਅਨ ਲੋਕਾਂ, ਤੇ ਮਗਰੋਂ ਅਸੀਂ ਆ ਕੇ ਉਨ੍ਹਾਂ ਦੇ ਕੁਦਰਤੀ ਜੰਗਲ ਨੂੰ ਸੰਨ ਆ ਲਾਈ, ਇਕੱਲੀ ਸੰਨ ਹੀ ਨਹੀਂ ਲਾਈ ਸਗੋਂ ਉਨ੍ਹਾਂ ਦੇ ਘਰ ਉਜਾੜ ਤਬਾਹੀ ਮਚਾ ਦਿੱਤੀ। ਸਿੱਧੀਆਂ ਸਿੱਧੀਆਂ, ਲੰਮੀਆਂ ਲੰਮੀਆਂ ਸੜਕਾਂ ਕੱਢ ਕੱਢ, ਲੁੱਕ ਅਤੇ ਸੀਮਿੰਟ ਪਾ ਪਾ ਉਨ੍ਹਾਂ ਦੀ ਰਿਹਾਇਸ਼ਗਾਹ ਦੀ ਬਰਬਾਦੀ ਕਰ ਦਿੱਤੀ। ਰੈਕੂਨ ਤੇ ਚੂਹੇ ਤਾਂ ਧੰਨ ਹਨ ਜਿਨ੍ਹਾਂ ਨੇ ਆਪਣਾ ਸਭ ਕੁੱਝ ਤਬਾਹ ਹੋਣ ਦੇ ਬਾਵਜੂਦ ਵੀ ਸਾਡੇ ਨਵੇਂ ਰਹਿਣ ਸਹਿਣ ਦੇ ਢੰਗ ਤਰੀਕਿਆਂ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਸਾਡੇ ਨਾਲ ਸ਼ਰੀਕ ਬਣ ਕੇ ਰਹਿਣਾ ਸਿੱਖ ਲਿਆ। ਜਦੋਂ ਮੈਂ ਇਹ ਸੋਚਦਾਂ ਤਾਂ ਮੇਰੇ ਭੰਨੇ ਮੱਕੀ ਦੇ ਟਾਂਡੇ ਤੇ ਉਨ੍ਹਾਂ ਦੇ ਹਬੜ ਹਬੜ ਕਰਕੇ ਖਾਧੀਆਂ ਛੋਲਿਆਂ ਦੀਆਂ ਟੰਟਾਂ ਦਾ ਦੁੱਖ ਸਿਰਫ ਘਟਦਾ ਹੀ ਨਹੀਂ ਸਗੋਂ ਮੈਂ ਇਹ ਘਾਟਾ ਵੀ ਮਹਿਸੂਸ ਕਰਦਾਂ ਕਿ ਮਨੁੱਖ ਜਾਤ ਨੇ ਕਿਸ ਤਰ੍ਹਾਂ ਜੀਵ ਜੰਤੂਆਂ, ਪਸ਼ੂ ਪੰਛੀਆਂ ਅਤੇ ਹੋਰ ਜਾਨਵਰਾਂ ਪ੍ਰਤੀ ਨਿਰਦਈ ਰੁਖ਼ ਅਖਤਿਆਰ ਕਰਿਆ ਹੋਇਆ ਹੈ। ਇਸ ਤਬਾਹੀ ਅਧੀਨ ਕੁਦਰਤ ਦੇ ਜੰਗਲਾਂ ਦੀ ਤਬਾਹੀ ਜੰਗੀ ਪੱਧਰ 'ਤੇ ਕਰੀ ਜਾ ਰਹੇ ਹਾਂ। ਦਰੱਖਤ ਕੱਟੇ ਜਾਣ ਦੀ ਨਿਸਬਤ ਨਵੇਂ ਬਹੁਤ ਘੱਟ ਲਾਏ ਜਾ ਰਹੇ ਹਨ। ਸੌ ਕੁ ਸਾਲ ਤੋਂ ਤੇਜ਼ ਰਫਤਾਰ ਨਾਲ ਵਿਕਾਸ ਦੇ ਨਾਂ 'ਤੇ ਵਿਨਾਸ਼ ਦਾ ਖਮਿਆਜ਼ਾ ਅੱਜ ਭੁਗਤ ਰਹੇ ਹਾਂ। ਹੁਣ ਸਾਨੂੰ ਦਿਸਣ ਲੱਗਾ ਹੈ ਕਿ ਹਰ ਆਏ ਸਾਲ ਧਰਤੀ 'ਤੇ ਵਧ ਰਹੀ ਤਪਸ਼, ਬਦਲਦਾ ਮੌਸਮ ਕਿਵੇਂ ਤੇਜ਼ੀ ਨਾਲ ਸਾਡਾ ਰਹਿਣ-ਸਹਿਣ ਪ੍ਰਭਾਵਿਤ ਕਰ ਰਿਹਾ ਹੈ। ਹਰ ਸਾਲ ਲੱਗਦੀਆਂ ਭਿਆਨਕ ਜੰਗਲੀ ਅੱਗਾਂ, ਬੇਤਹਾਸ਼ਾ ਮੀਂਹ, ਝੱਖੜ ਹਨੇਰੀਆਂ, ਧੂੰਦਾਂ, ਬਰਫ ਅਤੇ ਸੀਤ ਲਹਿਰਾਂ ਆਦਿ ਸਾਨੂੰ ਝੰਜੋੜ ਝੰਜੋੜ ਦੱਸ ਰਹੇ ਹਨ ਕਿ ਇਹ ਸਭ ਸਾਡੀਆਂ ਭੂਤਕਾਲ ਅਤੇ ਵਰਤਮਾਨ ਦੌਰਾਨ ਹੋ ਰਹੀਆਂ ਕਰਤੂਤਾਂ ਦਾ ਹੀ ਨਤੀਜਾ ਹੈ; ਅਤੇ ਇਹ ਸਭ ਕੁੱਝ ਸਾਡੀਆਂ ਅੱਖਾਂ 'ਤੇ ਬੰਨ੍ਹੀਆਂ, ਮੈਂ ਨਾ ਮਾਨੂੰ ਦੀਆਂ ਪੱਟੀਆਂ ਖੋਲ੍ਹ ਰਿਹਾ ਹੈ। ਧਰਤੀ 'ਚ ਦੱਬੇ ਖਣਜ ਪਦਾਰਥ ਧੜਾਧੜ ਕੱਢੇ ਜਾ ਰਹੇ ਹਨ ਪਰ ਨਾਲ ਹੀ ਜਿਹੜੀ ਵਾਤਾਵਰਨ ਦੀ ਬਰਬਾਦੀ ਤੇ ਤਬਾਹੀ ਹੁੰਦੀ ਹੈ ਉਸ ਵੱਲ ਸਾਡਾ ਧਿਆਨ ਘੱਟ ਤੇ ਉਸ ਦੇ ਦਿਖਾਵੇ ਦੇ ਬਚਾਓ ਦੇ ਪ੍ਰਚਾਰ ਵੱਲ ਵੱਧ ਹੈ। ਕੁਦਰਤ ਦੇ ਸੰਤੁਲਨ ਨਾਲ ਦਹਾਕਿਆਂ ਬੱਧੀ ਕੀਤੀਆਂ ਵਧੀਕੀਆਂ ਅਤੇ ਛੇੜਖਾਨੀਆਂ ਦੇ ਅੱਜ ਸਾਡੇ ਸਾਹਮਣੇ ਆ ਰਹੇ ਸਿੱਟਿਆਂ ਨੇ ਸਾਨੂੰ ਕੰਬਣੀਆਂ ਲਾ ਦਿੱਤੀਆਂ ਹਨ। ਭੂਤਕਾਲ 'ਚ ਹੋਈਆਂ ਮਨੁੱਖੀ ਅਣਗਹਿਲੀਆਂ ਅਤੇ ਧਾਂਦਲੀਆਂ ਕਾਰਨ ਜਲਵਾਯੂ ਦਾ ਸੰਤੁਲਨ ਵਾਪਸ ਨਾ ਮੁੜ ਸਕਣ ਦੀ ਹੱਦ 'ਤੇ ਪਹੁੰਚ ਚੁੱਕਾ ਹੈ, ਜਿਸ ਦਾ ਖਮਿਆਜ਼ਾ ਸਿਰਫ ਸਾਡੇ ਲਈ ਹੀ ਘਾਤਕ ਨਹੀਂ ਸਗੋਂ ਇਸ ਨੇ ਤਾਂ ਧਰਤੀ 'ਤੇ ਜੀਅ ਰਹੇ ਸਭ ਜੀਵਾਂ ਨੂੰ ਨਾਲ ਹੀ ਗਰਕ ਕਰਨਾ ਹੈ।

ਪੰਜਾਬ 'ਚ ਸਾਡੇ ਪਿੰਡ ਦੇ ਘਰ ਸਾਡਾ ਬਹੁਤ ਵੱਡਾ ਦਲਾਨ ਸੀ, ਜਿਸ ਦੇ ਵਿਚਕਾਰ ਇੱਕ ਪੱਕੀਆਂ ਇੱਟਾਂ ਦਾ ਪੀਲਪਾਵਾ ਸੀ, ਜਿਸ 'ਤੇ ਦੋ ਬਹੁਤ ਭਾਰੀ ਨਿੱਗਰ ਚੀਲ ਦੀਆਂ ਲਟੈਣਾਂ ਪਾ ਕੇ ਦੋਹੀਂ ਪਾਸੀਂ ਸ਼ਤੀਰੀਆਂ ਧਰ, ਉੱਪਰ ਚੀਲ ਦੇ ਹੀ ਬਾਲਿਆਂ ਅਤੇ ਪੱਕੀਆਂ ਇੱਟਾਂ ਦੀ ਮਜ਼ਬੂਤ ਛੱਤ ਸੀ। ਉਹ ਦਲਾਨ ਸਾਡੇ ਬੜਾ ਕੰਮ ਆਉਂਦਾ ਸੀ। ਉਸ ਦਲਾਨ ਦੇ ਐਨ ਗੱਭੇ ਪੀਲਪਾਵੇ ਦੇ ਚੜ੍ਹਦੇ ਪਾਸੇ ਬਹੁਤ ਵੱਡੀ ਗਿਣਤੀ 'ਚ ਥੱਲੇ ਕੀੜਿਆਂ ਦਾ ਭੌਣ ਵੀ ਮੁੱਦਤਾਂ ਤੋਂ ਆਪਣੀ ਛਾਉਣੀ 'ਚ ਬਿਰਾਜਮਾਨ ਸੀ। ਇਨ੍ਹਾਂ ਦਾ ਕਬਜ਼ਾ ਤਾਂ ਸਾਡੇ ਬਜ਼ੁਰਗਾਂ ਦੇ ਦਲਾਨ ਛੱਤਣ ਤੋਂ ਵੀ ਪਹਿਲਾਂ ਦਾ ਸੀ। ਇਸੇ ਦਲਾਨ 'ਚ ਪੇਟੀਆਂ, ਸੰਦੂਕ, ਕਣਕ ਅਤ ਹੋਰ ਅਨਾਜ ਸਾਂਭਣ ਵਾਸਤੇ ਤਾਕੀਆਂ ਵਾਲੀਆਂ ਮਿੱਟੀ ਦੀਆਂ ਕੱਚੀਆਂ ਕੋਠੀਆਂ, ਭਾਂਡਿਆਂ ਵਾਲਾ ਹਾਰਾ, ਗੁੜ ਸ਼ੱਕਰ ਦੀਆਂ ਵੱਡੀਆਂ ਵੱਡੀਆਂ ਮੱਟੀਆਂ ਆਦਿ ਰੱਖ ਕੇ ਵੀ ਦਸ ਤੋਂ ਜ਼ਿਆਦਾ ਮੰਜੇ ਡਾਹੁਣ ਯੋਗਾ ਥਾਂ ਸੀ। ਧੁੱਪ ਲਗਾਉਣ ਵਾਸਤੇ ਅਸੀ ਜਦੋਂ ਵੀ ਕਣਕ ਜਾਂ ਹੋਰ ਅਨਾਜ ਬਾਹਰ ਵਿਹੜੇ 'ਚ ਸੁੱਕਣਾ ਪਾਉਣਾ ਤਾਂ ਝੱਟ ਕੀੜਿਆਂ ਨੇ ਆਪਣੀਆਂ ਡੁੱਡਾਂ 'ਚੋਂ ਨਿਕਲ ਸੁੱਕਣੇ ਪਾਈ ਕਣਕ ਦੇ ਇਕ ਇੱਕ ਕਰਕੇ ਦਾਣੇ ਚੁੱਕ ਆਪਣੀਆਂ ਡੁੱਡਾਂ ਵੱਲ ਨੂੰ ਢੋਆ ਢੁਆਈ ਸ਼ੁਰੂ ਕਰ ਦੇਣੀ। ਅਸੀਂ ਬੜੇ ਯਤਨ ਕਰਨੇ ਕਿ ਕੀੜਿਆਂ ਨੂੰ ਕਿਵੇਂ ਪਰੇ ਰੱਖਿਆ ਜਾਏ ਪਰ ਉਹ ਐਸੇ ਅੜਬ ਤੇ ਜ਼ਿੱਦੀ ਸਨ ਕਿ ਸਾਡੀ ਇੱਕ ਨਾ ਪੇਸ਼ ਜਾਣ ਦਿੰਦੇ। ਜੇ ਕਦੇ ਡੀ ਡੀ ਟੀ ਦਾ ਧੂੜਾ ਉਨ੍ਹਾਂ ਦੇ ਭੌਣ ਦੀ ਹੱਦ ਦੁਆਲੇ ਭੁੱਕ ਦੇਣਾ ਜਾਂ ਸੁੱਕਣੀ ਪਾਈ ਕਣਕ ਦੇ ਦੁਆਲੇ ਇਸੇ ਦੁਆਈ ਦੀ ਲਕੀਰ ਘੁਮਾ ਦੇਣੀ ਤਾਂ ਉਹ ਫਿਰ ਵੀ ਕਿਸੇ ਨਾ ਕਿਸੇ ਤਰੀਕੇ ਕਣਕ 'ਚੋਂ ਆਪਣਾ ਹਿੱਸਾ ਲੈ ਜਾਇਆ ਕਰਦੇ ਸਨ। ਅਸੀਂ ਉਨ੍ਹਾਂ ਤੋਂ ਬਚਣ ਲਈ ਦਲਾਨ ਦੀ ਛੱਤ 'ਤੇ ਵੀ ਕਣਕ ਸੁੱਕਣੀ ਪਾ ਕੇ ਦੇਖੀ ਪਰ ਉਹ ਉੱਥੇ ਵੀ ਬਿਨਾ ਪੌੜੀਓਂ ਚੜ੍ਹ ਇੱਕ ਇੱਕ ਦਾਣਾ ਚੁੱਕ ਕੇ ਬਿਨਾ ਪੌੜੀਓਂ ਹੀ ਉਤਰ ਆਪਣੀਆਂ ਖੁੱਡਾਂ ਦੇ ਗੁਦਾਮਾਂ 'ਚ ਕਣਕ ਜਾਂ ਹੋਰ ਅਨਾਜ ਸਟੋਰ ਕਰਨ ਦੀ ਮੁਹਾਰਤ ਰੱਖਦੇ ਸਨ। ਜਦੋਂ ਸਾਡੇ ਸਾਰੇ ਯਤਨ ਫੇਲ੍ਹ ਹੋ ਗਏ, ਅਤੇ ਕੀੜਿਆਂ ਅੱਗੇ ਸਾਡੀ ਕੋਈ ਪੇਸ਼ ਨਾ ਗਈ ਤਾਂ ਹੱਥ ਖੜ੍ਹੇ ਕਰ ਕੇ ਸਬਰ ਕਰ ਲਿਆ ਕਿ ਸਾਡੀ ਬੇਵਾਹ, ਤੁਸੀਂ ਆਪਣਾ ਜਿਹੜਾ ਹਿੱਸਾ ਬਣਦਾ ਉਹ ਲਈ ਜਾਓ, ਅਸੀਂ ਆਪਣਾ ਜੋ ਸ਼ਾਮ ਤੱਕ ਬਚੂ ਇਕੱਠਾ ਕਰ ਬੋਰੀਆਂ 'ਚ ਪਾ ਲਾਂਗੇ। ਕੀੜਿਆਂ ਨੇ ਆਪਣੇ ਹੱਕਾਂ ਦੀ ਰਾਖੀ ਪੂਰੀ ਸ਼ਿੱਦਤ ਨਾਲ ਕੀਤੀ। ਜਿਸ ਥਾਂ ਉਨ੍ਹਾਂ ਦਾ ਭੌਣ ਸੀ, ਉੱਥੇ ਰਿਹਾਇਸ਼ਗਾਹ (ਘਰ) ਤਾਂ ਉਨ੍ਹਾਂ ਦਾ ਸਾਡੇ ਵਡੇਰਿਆਂ ਦੇ ਦਲਾਨ ਛੱਤਣ ਤੋਂ ਮੁੱਦਤਾਂ ਪਹਿਲਾਂ ਦਾ ਸੀ। ਉਹ ਸਾਡੇ, ਉਨ੍ਹਾਂ ਦੇ ਭੌਣ ਦੇ ਉੱਪਰ ਛੱਤੇ ਦਲਾਨ ਦੀ ਕੀ ਪ੍ਰਵਾਹ ਕਰਦੇ ਹਨ?

ਜਦੋਂ ਰੈਕੂਨਾਂ ਅਤੇ ਚੂਹਿਆਂ ਦੇ ਛੱਲੀਆਂ ਖਾਣ ਅਤੇ ਪੰਜਾਬ 'ਚ ਕੀੜਿਆਂ ਦੇ ਸੁੱਕਣੀ ਪਾਈ ਕਣਕ 'ਚੋਂ ਹਿੱਸਾ ਵੰਡਾਉਣ ਦੀਆਂ ਉਦਾਹਰਨਾਂ ਵੱਲ ਗਹੁ ਨਾਲ ਸੋਚਿਆ ਤਾਂ ਸਮਝ ਆ ਗਈ ਕਿ ਇਹ ਜੀਵ ਜੰਤੂ, ਕੀੜੇ ਮਕੌੜੇ, ਚੂਹੇ, ਰੈਕੂਨ ਅਤੇ ਹੋਰ ਅਨੇਕਾਂ ਕਿਸਮ ਦੇ ਜਾਨਵਰ, ਸਭ ਕੁਦਰਤ ਦੇ ਬਹੁ ਰੰਗਾਂ ਨਾਲ ਭਰਪੂਰ ਜੰਗਲਾਂ 'ਤੇ ਉਤਨਾ ਹੀ ਹੱਕੋ ਹਕੂਕ ਰੱਖਦੇ ਹਨ ਜਿੰਨਾ ਮਨੁੱਖ ਨੇ ਮਗਰੋਂ ਵਿਕਸਤ ਹੋ ਕੇ ਆਪਣਾ ਜਤਾਉਣਾ ਸ਼ੁਰੂ ਕੀਤਾ ਹੈ। ਦਰਅਸਲ ਇਹ ਤਾਂ ਪਹਿਲੋਂ ਇਨ੍ਹਾਂ ਦੀ ਹੀ ਰਿਹਾਇਸ਼ਗਾਹ ਸੀ ਜਿਸ 'ਤੇ ਮਨੁੱਖ ਨੇ ਮਗਰੋਂ ਆਪਣੀ ਸਹੂਲਤ ਲਈ ਧੱਕੇ ਨਾਲ ਕਬਜ਼ਾ ਕਰ ਲਿਆ। ਇਕੱਲਾ ਕਬਜ਼ਾ ਹੀ ਨਹੀਂ ਕੀਤਾ ਸਗੋਂ ਜੰਗਲਾਂ ਦਾ ਵਿਕਾਸ ਦੇ ਨਾਂ 'ਤੇ ਵਿਨਾਸ਼ ਕਰ ਛੱਡਿਆ ਅਤੇ ਲਗਾਤਾਰ ਕਰੀ ਜਾ ਰਹੇ ਹਾਂ।

# ਸੈਨਹੋਜ਼ੇ 'ਚ ਸੁਹਾਂਜਣੇ ਨੇ ਕੀਤਾ ਸ਼ਰਮਿੰਦਾ!

ਕਈ ਦਫਾ ਅੱਖਾਂ ਸਾਹਮਣੇ ਅਚਾਨਕ ਕੋਈ ਚੀਜ਼ ਵਸਤ ਆ ਜਾਣ 'ਤੇ ਤੁਹਾਡੀਆਂ ਯਾਦਾਂ ਦੀ ਪਟਾਰੀ ਵਿਚ ਇਕ ਦਮ ਹਲਚਲ ਸ਼ੁਰੂ ਹੋ ਜਾਂਦੀ ਐ। ਇਕ ਦਿਨ ਮੇਰੇ ਨਾਲ ਕੁੱਝ ਅਜਿਹਾ ਹੀ ਹੋਇਆ! ਆਪਣੀ ਘਰ ਵਾਲ਼ੀ ਨਾਲ਼ ਮੈਂ ਸੈਨਹੋਜ਼ੇ (ਕੈਲੇਫੋਰਨੀਆ) ਸ਼ਹਿਰ ਵਿਚ ਸਾਡੇ ਗੁਆਂਢ ਲਗਦੀ ਹਫ਼ਤਾਵਾਰੀ ਸਬਜ਼ੀ ਮੰਡੀ ਗਿਆ। ਉੱਥੇ ਅਨੇਕਾਂ ਤਰ੍ਹਾਂ ਦੀਆਂ ਸਬਜ਼ੀਆਂ ਅਤੇ ਭਾਂਤ-ਸੁਭਾਂਤੇ ਫ਼ਲਾਂ ਵਿਚਕਾਰ



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +1-408-915-1268

ਟਾਹਣੀਆਂ ਦੀਆਂ ਬੰਨ੍ਹ ਬੰਨ੍ਹ ਕੇ ਰੱਖੀਆਂ ਗੁੱਛੀਆਂ ਉੱਤੇ ਮੇਰੀ ਨਜ਼ਰ ਪਈ ਤਾਂ ਉਨ੍ਹਾਂ ਦੇ ਪੱਤੇ ਦੇਖ ਕੇ ਮੈਨੂੰ ਲੱਗਿਆ ਕਿ ਇਹ ਤਾਂ ਸੁਹਾਂਜਣੇ ਦੀਆਂ ਟਾਹਣੀਆਂ ਹਨ! ਨੇੜੇ ਹੋ ਕੇ ਗਹੁ ਨਾ਼ਲ ਦੇਖਿਆ ਤਾਂ ਇਨ੍ਹਾਂ ਗੁੱਛੀਆਂ ਉੱਤੇ ਅੰਗਰੇਜ਼ੀ ਵਿਚ ਮੋਰਿੰਗਾ ਲਿਖਿਆ ਹੋਇਆ ਸੀ ਤੇ ਨਾ਼ਲ ਲਿਖੀ ਹੋਈ ਸੀ ਇਕ ਗੁੱਛੀ ਦੀ ਕੀਮਤ ਤਿੰਨ ਡਾਲਰ!

ਤਸੱਲੀ ਕਰਨ ਲਈ ਮੈਂ ਉਸੇ ਵੇਲੇ ਆਪਣੇ ਮੋਬਾਈਲ ਫੋਨ 'ਤੇ 'ਮਹਾਨ ਕੋਸ਼' ਦੇਖਿਆ ਤਾਂ ਉੱਥੇ ਸੁਹਾਂਜਣੇ ਨੂੰ ਅੰਗਰੇਜ਼ੀ ਅੱਖਰਾਂ ਵਿਚ 'ਮੋਰਿੰਗਾ' ਲਿਖਿਆ ਦੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਜਿਸ ਸੁਹਾਂਜਣੇ ਨੂੰ ਕਦੇ ਪਿੰਡ ਰਹਿੰਦਿਆਂ ਅਸੀਂ 'ਕੌਡੀਉਂ ਖੋਟਾ ਦਰਖਤ' ਸਮਝਦੇ ਰਹੇ, ਉਸਦੇ ਮੁੱਠ ਕੁ ਭਰ ਪੱਤੇ ਅਮਰੀਕਾ ਵਿਚ 3-3 ਡਾਲਰ ਨੂੰ ਵਿਕ ਰਹੇ ਐ? ਜਿਹੜੇ ਫ਼ਲ ਫਰੂਟ ਦਾ ਰੰਗ ਰੂਪ ਦੇਖਦਿਆਂ ਹੀ ਮੂੰਹ 'ਚ ਪਾਣੀ ਭਰ ਭਰ ਆ ਜਾਵੇ ਉਨ੍ਹਾਂ ਦੇ ਬਰਾਬਰ ਹੀ ਇੱਥੇ, ਸਾਡੇ ਵਲੋਂ ਇਕ ਵੇਲੇ ਨਖਿੱਧ ਤੇ ਨਿਕੰਮਾ ਸਮਝਿਆ ਜਾਣ ਵਾ਼ਲਾ ਸੁਹਾਂਜਣਾ ਵੀ ਸ਼ਾਨ ਨਾਲ ਰੱਖਿਆ ਹੋਇਆ ਸੀ? ਤੇ ਕਈ ਮੈਕਸੀਕੇ, ਗੋਰੇ ਅਤੇ ਚੀਨੇ ਗਾਹਕ ਇਹਦੀਆਂ ਦੋ-ਦੋ, ਤਿੰਨ-ਤਿੰਨ ਗੁੱਛੀਆਂ ਖ਼੍ਰੀਦ ਰਹੇ ਸਨ!

ਦੋਸਤੋ ਅਸਲ ਵਿਚ ਪਿੰਡ ਸਾਡੇ ਘਰ ਦੇ ਬਾਹਰਵਾਰ ਖੁੱਲ੍ਹੇ ਬਾੜੇ ਦੀ ਵਾੜ ਵਿਚ ਹੋਰ ਆਮ ਰਵਾਇਤੀ ਦਰਖਤਾਂ ਤੋਂ ਇਲਾਵਾ ਚਾਰ ਪੰਜ ਸੁਹਾਂਜਣੇ ਦੇ ਦਰਖਤ ਵੀ ਹੁੰਦੇ ਸਨ (ਦੋ ਦਰਖਤ ਹਾਲੇ ਵੀ ਹੈਗੇ) ਜਿਨ੍ਹਾਂ ਬਾਰੇ ਸਾਡੇ ਬਾਪ ਦੇ ਦੱਸਣ



ਮੁਤਾਬਕ ਇਹ ਸਾਡੇ ਦਾਦੇ-ਪੜਦਾਦੇ ਦੇ ਵੇਲਿਆਂ ਤੋਂ ਹੀ ਲਾਏ ਹੋਏ ਸਨ! ਬਰਸਾਤ ਤੋਂ ਮਗਰੋਂ ਆਵਾਗੌਣ ਫੈਲਣ ਕਾਰਨ ਜਦ ਅਸੀਂ ਵਾੜ ਦੀ ਕਾਂਟ-ਛਾਂਟ ਕਰਨ ਵੇਲੇ ਸੁਹਾਂਜਣਿਆਂ ਦੀ ਵੱਢ-ਵਢਾਈ ਕਰਦੇ ਤਾਂ ਏਨਾ ਭੈੜਾ ਜਿਹਾ ਮੁਸ਼ਕ ਚੜ੍ਹਨਾ ਕਿ ਪੁੱਛੋ ਨਾ! ਇਨ੍ਹਾਂ ਨੂੰ ਲਗਦਾ ਲਾਲ ਰੰਗ ਦਾ ਗੂੰਦ ਵੀ ਬੇਕਾਰ ਹੀ ਹੁੰਦਾ ਸੀ ਕਿਉਂਕਿ ਉਹ ਸਾਡੀਆਂ ਕਾਪੀਆਂ ਕਿਤਾਬਾਂ ਜੋੜਨ ਦੇ ਕੰਮ ਨਹੀਂ ਸੀ ਆਉਂਦਾ। ਚੁੱਲ੍ਹੇ ਵਾਸਤੇ ਇਹਦਾ ਬਾਲਣ ਤਾਂ ਬਣਦਾ ਹੀ ਨਹੀਂ ਸੀ, ਬਸ ਇਹਦੇ 'ਗਾਹਕ' ਸਾਡੇ ਘਰੇ ਅਕਸਰ ਆਉਂਦੇ ਰਹਿੰਦੇ ਸਨ! ਕੋਈ ਇਸਦੇ ਪੱਤੇ ਲੈਣ ਆਉਂਦਾ, ਕੋਈ ਦਰਖਤ ਦੀ ਛਿੱਲ ਲਾਹ ਕੇ ਲੈ ਜਾਂਦਾ, ਕੋਈ ਜੜ੍ਹਾਂ ਤੇ ਕੋਈ ਇਹਦੀਆਂ ਫ਼ਲੀਆਂ! ਆਪਣੇ ਬਾਪ ਨੂੰ ਹਰ ਸਾਲ ਬੜੀ ਰੀਝ ਨਾ਼ਲ ਸੁਹਾਂਜਣੇ ਦੀਆਂ ਫ਼ਲੀਆਂ ਦਾ ਅਚਾਰ ਪਾਉਂਦਿਆਂ ਦੇਖ ਕੇ ਅਸੀਂ ਭੈਣ ਭਰਾਵਾਂ ਨੇ ਉਨ੍ਹਾਂ ਨੂੰ ਮਖੌਲ ਕਰਨੇ ਕਿ ਬੁਰਾ ਜਿਹਾ ਮੁਸ਼ਕ ਮਾਰਦਾ ਅਚਾਰ ਪਤਾ ਨੀ ਇਹ ਕਿੱਦਾਂ ਖਾ ਲੈਂਦੇ ਆ! ਪਰ ਉਹ ਅਚਾਰ ਦਾ ਇੱਕ ਡੱਬਾ ਆਪਣੇ ਲਈ ਰੱਖਦੇ ਤੇ ਇੱਕ ਡੱਬਾ ਆਪਣੇ ਮਿੱਤਰ ਬੈਰਸੀਆਂ ਪਿੰਡ ਵਾ਼ਲੇ ਬਜ਼ੁਰਗ ਸ਼ੇਰ ਸਿੰਘ ਬਾਗਾਂ ਵਾ਼ਲੇ ਨੂੰ ਦੇ ਕੇ ਆਉਂਦੇ!

ਸੁਹਾਂਜਣੇ ਦੀਆਂ ਫ਼ਲੀਆਂ ਦਾ ਇਹ ਅਚਾਰ 'ਮਚਾਕੇ ਲਾ ਲਾ' ਖਾਣ ਵੇਲੇ ਕਦੇ ਕਦੇ ਭਾਈਆ ਜੀ ਨੇ ਸਾਡੇ ਕੋ਼ਲ ਬੈਠੇ ਰੋਟੀ ਖਾਂਦਿਆਂ ਦੀਆਂ ਥਾ਼ਲੀਆਂ ਵਿਚ ਵੀ ਬਦੋ ਬਦੀ ਰੱਖਣਾ ਕਿ 'ਓਏ ਇਹ ਬਹੁਤ ਗੁਣਕਾਰੀ ਹੁੰਦਾ ਐ' ਪਰ ਅਸੀਂ ਭੈਣਾ ਭਰਾਵਾਂ ਨੇ ਨੱਕ-ਬੁੱਲ੍ਹ ਵੱਟਦਿਆਂ ਨਾਂਹ ਕਰ ਦੇਣੀ! ਮੈਨੂੰ ਇਹ ਵੀ ਯਾਦ ਹੈ ਕਿ ਬਚਪਨੇ 'ਚ ਅਸੀਂ ਭੈਣ ਭਰਾ ਇਸ ਅਚਾਰ ਦੀਆਂ ਇਕ-ਦੋ ਫ਼ਲੀਆਂ ਕਦੇ ਕਦੇ ਮਜ਼ਾਕ ਵਜੋਂ ਖਾਣ ਦਾ 'ਨਾਟਕ' ਵੀ ਕਰ ਲੈਂਦੇ ਹੁੰਦੇ ਸਾਂ! ਆਪਸ ਵਿਚੀਂ ਅਸੀਂ ਹੱਸਣਾ ਕਿ ਜੇ ਘਰ ਆਉਂਦੇ ਪ੍ਰਾਹੁਣੇ ਬੰਦ ਕਰਨੇ ਹੋਣ ਤਾਂ ਉਨ੍ਹਾਂ ਨੂੰ ਆਇਆਂ ਨੂੰ ਰੋਟੀ ਨਾ਼ਲ ਇਹ ਅਚਾਰ 'ਪ੍ਰੋਸਣਾ' ਚਾਹੀਦਾ ਐ, ਉਹ ਮੁੜ ਕਦੇ ਨਾ ਆਉਣ!! ਭਾਈਆ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਅਸੀਂ ਬੇਲੋੜੇ ਸਮਝ ਕੇ ਸੁਹਾਂਜਣੇ ਦੇ ਕਈ ਦਰਖਤ ਵੱਢ ਸੁੱਟੇ ਸਨ!

ਸੋ ਕੈਲੇਫੋਰਨੀਆ (ਅਮਰੀਕਾ) ਦੇ ਸੈਨਹੋਜ਼ੇ ਸ਼ਹਿਰ ਦੀ ਸਬਜ਼ੀ ਮੰਡੀ ਵਿਚ ਹੁਣ ਸੁਹਾਂਜਣਾ ਮਹਿੰਗਾ ਵਿਕਦਾ ਦੇਖ ਕੇ ਮੈਂ ਆਪਣੇ ਬਚਪਨੇ/ਜਵਾਨੀ ਵਿਚ ਕੀਤੀ ਮਹਾਂ ਬੇਵਕੂਫੀ ਚੇਤੇ ਕਰਕੇ ਸ਼ਰਮਿੰਦਾ ਵੀ ਬਹੁਤ ਹੋਇਆ!

# ਰਾਜਕੁਮਾਰ ਰਾਓ ਦਾ ਅਦਾਕਾਰੀ ਰਾਜ



ਫਿਲਮ 'ਸਤ੍ਰੀ 2' ਨੇ ਇਕ ਵਾਰ ਫਿਰ ਉਘੇ ਅਦਾਕਾਰ ਰਾਜਕੁਮਾਰ ਰਾਓ ਦੀ ਬੱਲੇ-ਬੱਲੇ ਕਰਵਾ ਦਿੱਤੀ ਹੈ। ਕਲਾ ਦੇ ਨਾਲ-ਨਾਲ

**ਆਮਨਾ ਕੌਰ**

ਇਸ ਫਿਲਮ ਨੇ ਕਮਾਈ ਪੱਖੋਂ ਵੀ ਝੰਡੇ ਗੱਡ ਦਿੱਤੇ ਹਨ। ਇਹ 2024 ਵਿਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਦੂਜੀ ਫਿਲਮ ਬਣ ਗਈ ਹੈ। ਇਸ ਨੇ ਹੁਣ ਤੱਕ 725 ਕਰੋੜ ਕਮਾ ਲਏ ਹਨ (ਫਿਲਮ 'ਕਲਕੀ' 1100 ਕਰੋੜ ਰੁਪਏ ਨਾਲ ਪਹਿਲੇ ਨੰਬਰ 'ਤੇ ਹੈ)। ਇਸ ਫਿਲਮ ਦੀ ਕਹਾਣੀ ਉਥੋਂ ਸ਼ੁਰੂ ਹੁੰਦੀ ਹੈ ਜਿਥੋਂ ਇਸ ਦਾ ਪਹਿਲਾ ਭਾਗ 'ਸਤ੍ਰੀ' (2018) ਖਤਮ ਹੋਈ ਸੀ। ਹੁਣ ਅਗਲੇ ਮਹੀਨੇ ਰਾਜਕੁਮਾਰ ਰਾਓ ਦੀ ਇਕ ਹੋਰ ਫਿਲਮ 'ਵਿੱਕੀ ਵਿੱਦਿਆ ਕਾ ਵੋਹ ਵਾਲਾ ਵੀਡੀਓ' ਆ ਰਹੀ ਹੈ। ਇਹ ਫਿਲਮ ਰਾਜ ਸਾਂਡਲਿਆ ਨੇ ਲਿਖੀ ਤੇ ਨਿਰਦੇਸ਼ਤ ਕੀਤੀ ਹੈ ਅਤੇ ਇਸ ਵਿਚ ਨਾਇਕਾ ਤ੍ਰਿਪਤੀ ਡਿਮਰੀ ਹੈ। ਫਿਲਮ ਦੀ ਵਧੇਰੇ ਸ਼ੂਟਿੰਗ ਦੇਹਰਾਦੂਨ (ਉਤਰਾਖੰਡ) ਨੇੜਲੇ ਸ਼ਹਿਰ ਰਿਸ਼ੀਕੇਸ਼ ਦੀ ਹੈ। ਰਾਓ ਦਾ ਦਾਅਵਾ ਹੈ ਕਿ ਇਸ ਫਿਲਮ ਦੀ ਕਹਾਣੀ ਬਹੁਤ ਵਿਲੱਖਣ ਹੈ ਅਤੇ ਦਰਸ਼ਕਾਂ ਨੂੰ ਪਸੰਦ ਆਵੇਗੀ।

# 'ਜਾਂ ਨਿਸਾਰ' ਹਿਬਾ ਬੁਖਾਰੀ

ਹਿਬਾ ਕਾਦਿਰ ਜੋ ਹਿਬਾ ਬੁਖਾਰੀ ਵਜੋਂ ਵਧੇਰੇ ਮਕਬੂਲ ਹੈ, ਅੱਜ ਕੱਲ੍ਹ ਆਪਣੇ ਨਵੇਂ ਡਰਾਮੇ 'ਜਾਂ ਨਿਸਾਰ' ਕਰ ਕੇ ਛਾਈ ਹੋਈ ਹੈ। ਇਹ ਡਰਾਮਾ ਪਾਕਿਸਤਾਨ ਵਿਚ ਹੀ ਨਹੀਂ, ਭਾਰਤ ਵਿਚ ਵੀ ਬੜੇ ਚਾਅ ਨਾਲ ਦੇਖਿਆ ਜਾ ਰਿਹਾ ਹੈ। ਇਸ ਡਰਾਮੇ ਵਿਚ ਹਿਬਾ ਬੁਖਾਰੀ ਨੇ ਅਜਿਹੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜਿਸ ਨੂੰ ਹਾਲਾਤ ਲਤਾੜ-ਲਤਾੜ ਕੇ ਸੁੱਟ ਰਹੇ ਹਨ ਪਰ ਉਹ ਇਨ੍ਹਾਂ ਹਾਲਾਤ ਨਾਲ ਲੜਦੀ ਹੈ।

ਹਿਬਾ ਬੁਖਾਰੀ ਕਰਾਚੀ ਦੀ ਜੰਮਪਲ ਹੈ ਅਤੇ ਉਹ ਸਿੰਧੀ ਪਰਿਵਾਰ ਵਿਚੋਂ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2015 ਵਿਚ

**ਕੁਦਰਤ ਕੌਰ**

ਪਾਕਿਸਤਾਨੀ ਡਰਾਮੇ 'ਤੇਰੀ ਮੇਰੀ ਜੋੜੀ' ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਨੂੰ 2016 ਵਿਚ 'ਛੋਟੀ ਸੀ ਜ਼ਿੰਦਗੀ' ਵਿਚ ਸਹਾਇਕ ਅਦਾਕਾਰਾ ਵਾਲਾ ਰੋਲ ਮਿਲਿਆ। ਅਗਲੇ ਸਾਲ 2017 ਵਿਚ ਉਸ ਨੇ 'ਭੋਲੀ ਬਾਨੋ' ਵਿਚ ਲੀਡ ਰੋਲ ਨਿਭਾਇਆ। ਇਸ ਡਰਾਮੇ ਦੀ ਬੜੀ ਚਰਚਾ ਹੋਈ ਅਤੇ ਨਾਲ ਹੀ ਹਿਬਾ ਬੁਖਾਰੀ ਦੀ ਅਦਾਕਾਰੀ ਦੀ ਵੀ। ਇਹ ਡਰਾਮਾ ਉਘੀ ਨਾਵਲਕਾਰ ਸਮਰਾ ਬੁਖਾਰੀ ਨੇ ਲਿਖਿਆ ਸੀ ਅਤੇ ਇਸ ਵਿਚ ਹਿਬਾ ਬੁਖਾਰੀ ਦੇ ਬਰਾਬਰ ਨਾਇਕ ਦਾ ਰੋਲ ਸਈਦ ਜਿਬਰਾਨ ਨੇ ਨਿਭਾਇਆ।

ਡਰਾਮੇ ਦੀ ਕਹਾਣੀ ਅਨੁਸਾਰ, ਬਾਨੋ ਆਪਣੀ ਨਾਨੀ ਅਤੇ ਮਾਮੂ ਨਾਲ ਰਹਿ ਰਹੀ ਹੈ, ਉਸ ਦੇ ਮਾਪੇ ਮਰ ਚੁੱਕੇ ਹਨ। ਉਸ ਵਕਤ ਸਾਰਾ ਕੁਝ ਉਲਟ-ਪੁਲਟ ਹੋ ਜਾਂਦਾ ਹੈ ਜਦੋਂ ਜ਼ਿਮੀਦਾਰ ਤਾਜਦਾਰ ਬਾਨੋ ਦੇ ਪਿਆਰ ਵਿਚ ਅੰਨ੍ਹਾ ਹੋ ਜਾਂਦਾ ਹੈ। ਇਸ ਬਾਰੇ ਬਾਨੋ ਨੂੰ ਕੋਈ ਖਬਰ ਨਹੀਂ। ਛੇਤੀ ਹੀ ਉਸ ਦੀ ਸ਼ਾਦੀ ਆਪਣੇ ਇਕ ਰਿਸ਼ਤੇਦਾਰ ਦੇ ਮੁੰਡੇ ਨਾਲ ਹੋ ਜਾਂਦੀ ਹੈ। ਉਸ ਨੂੰ ਸਹੁਰੇ ਘਰ ਆਪਣੇ ਖਾਵੰਦ ਦੀ ਮਤਰੇਈ ਮਾਂ ਅਤੇ ਭੈਣ ਦੇ ਜ਼ੁਲਮਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜ਼ਿਮੀਂਦਾਰ ਉਸ ਦੀ ਮਦਦ ਲਈ ਅਹੁਲਦਾ ਹੈ ਪਰ ਬਾਨੋ ਸਾਫ ਇਨਕਾਰ ਕਰ ਦਿੰਦੀ ਹੈ।



ਇਸੇ ਸਾਲ ਉਸ ਦਾ ਇਕ ਹੋਰ ਡਰਾਮਾ 'ਥੋੜ੍ਹੀ ਸੀ ਵਫਾ' ਨਸ਼ਰ ਹੋਇਆ ਜਿਸ ਨੇ ਉਸ ਦੀ ਮਕਬੂਲੀਅਤ ਦੀ ਰਹਿੰਦੀ ਕਸਰ ਵੀ ਕੱਢ ਦਿੱਤੀ। ਇਸ ਡਰਾਮੇ ਵਿਚ ਉਮਦਾ ਅਦਾਕਾਰੀ ਲਈ ਉਸ ਨੂੰ 'ਹਮ ਇਨਾਮ' ਮਿਲਿਆ। ਇਸ ਤੋਂ ਬਾਅਦ ਉਸ ਨੇ 'ਸਿਲਸਿਲੇ', 'ਹਾਰਾ ਦਿਲ', 'ਰਮਜ਼-ਏ-ਇਸ਼ਕ', 'ਦੀਵਾਨਗੀ', 'ਤੜਪ', 'ਫਿਤੂਰ', 'ਇੰਤਹਾ-ਏ-ਇਸ਼ਕ', 'ਬੇਰੁਖੀ', 'ਮੇਰੇ ਹਮਨਸ਼ੀ', 'ਪਹਿਚਾਨ', 'ਇਸ਼ਕ ਨਹੀਂ ਆਸਾਨ', 'ਤੇਰੇ ਇਸ਼ਕ ਕੇ ਨਾਮ', 'ਝੋਕ ਸਰਕਾਰ', 'ਰੱਦ' ਵਰਗੇ ਡਰਾਮਿਆਂ ਵਿਚ ਵੱਖ-ਵੱਖ ਕਿਰਦਾਰ ਨਿਭਾਏ।

# ਸਾਂਝੇ ਪੰਜਾਬ ਦੀ ਮੁਹੱਬਤ 'ਸ਼ਾਹਕੋਟ'

ਪੰਜਾਬੀ ਫਿਲਮ 'ਸ਼ਾਹਕੋਟ' ਸਰਹੱਦ ਦੇ ਦੋਵੇਂ ਪਾਸੇ ਵਸੇ ਪੰਜਾਬ ਦੀ ਕਹਾਣੀ ਹੈ। ਇਸ ਵਿਚ ਉਘਾ ਅਦਾਕਾਰ ਰਾਜ ਬੱਬਰ ਪਿਤਾ ਦੀ ਭੂਮਿਕਾ ਵਿਚ ਨਜ਼ਰ ਆਵੇਗਾ। ਇਸ ਫਿਲਮ ਰਾਹੀਂ ਰਾਜ ਬੱਬਰ ਨੇ ਪੰਜਾਬੀ ਫਿਲਮਾਂ ਵਿਚ ਵਾਪਸੀ ਕੀਤੀ ਹੈ। ਰਾਜ ਬੱਬਰ ਨੇ ਫਿਲਮ ਦੀ ਟੀਮ ਨੂੰ ਪਿਤਾ ਵਾਂਗ ਹੀ ਸੰਭਾਲਿਆ ਹੈ ਅਤੇ ਯਕੀਨੀ ਬਣਾਇਆ ਹੈ ਕਿ ਨੌਜਵਾਨ ਕਲਾਕਾਰਾਂ ਨੂੰ ਅੱਗੇ ਆਉਣ ਤੇ ਆਪਣੀ ਕਲਾ ਦਾ ਮੁਜ਼ਾਹਰਾ ਕਰਨ ਦਾ ਪੂਰਾ ਮੌਕਾ ਮਿਲੇ। ਉਸ ਨੇ ਆਪ ਪਿੱਛੇ ਰਹਿੰਦਿਆਂ ਸਾਥੀ ਕਲਾਕਾਰਾਂ ਨੂੰ ਕੋਮਲਤਾ ਨਾਲ ਉਭਾਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਗਾਇਕ ਗੁਰੂ ਰੰਧਾਵਾ ਤੇ ਅਭਿਨੇਤਰੀ ਈਸ਼ਾ ਤਲਵਾਰ ਵੀ

**ਮੋਨਾ**

ਇਸ ਫਿਲਮ ਦਾ ਹਿੱਸਾ ਬਣੇ ਹਨ।

ਰਾਜ ਬੱਬਰ ਦਾ ਕਹਿਣਾ ਹੈ, "ਸ਼ਾਹਕੋਟ ਭਾਰਤ-ਪਾਕਿਸਤਾਨ ਦੀ ਕਹਾਣੀ ਹੈ ਪਰ ਇਹ ਐਨ ਅਲੱਗ ਹੈ। ਇਹ ਮੁਹੱਬਤ ਦਾ ਪੱਖ ਪੂਰਦੀ ਹੈ!" ਮੁਹੱਬਤ ਨੂੰ ਸਿਜਦਾ ਕਰਦੀ ਇਸ ਫਿਲਮ ਦਾ ਟੀਜ਼ਰ ਜਾਰੀ ਹੋ ਚੁੱਕਾ ਹੈ ਤੇ ਇਹ 4 ਅਕਤੂਬਰ ਨੂੰ ਰਿਲੀਜ਼ ਹੋਵੇਗੀ। ਜਤਿੰਦਰ ਸ਼ਾਹ ਦੇ ਸੰਗੀਤ ਨਾਲ ਸਜੀ ਇਸ ਫਿਲਮ ਦਾ ਨਿਰਮਾਤਾ ਮਾਰਵਾੜੀ ਹੈ। ਨਿਰਮਾਤਾ ਮੋਹਟਾ ਦਾ ਕਹਿਣਾ ਹੈ, "ਮਾਰਵਾੜੀ ਕਾਰੋਬਾਰੀ ਕਦੇ ਕੱਚਾ ਸੌਦਾ ਨਹੀਂ ਕਰਦਾ, ਇਹ ਫਿਲਮ ਚੰਗਾ ਹੀ ਕਰੇਗੀ।"

ਨਿਰਦੇਸ਼ਕ ਅਤੇ ਫਿਲਮ ਦਾ ਲੇਖਕ ਰਾਜੀਵ ਢੀਂਗਰਾ ਕਹਿੰਦਾ ਹੈ ਕਿ ਰਾਜ ਬੱਬਰ ਨੂੰ ਫਿਲਮ ਕਰਨ ਲਈ ਮਨਾਉਣਾ ਜਿੱਤ ਵਰਗਾ ਹੈ। ਢੀਂਗਰਾ 'ਲਵ ਪੰਜਾਬ' ਵਰਗੀ ਫਿਲਮ ਨਿਰਦੇਸ਼ਤ ਕਰ ਚੁੱਕਾ ਹੈ ਅਤੇ 'ਕਾਮੇਡੀ ਨਾਈਟਸ ਵਿਦ ਕਪਿਲ' ਨਾਲ ਵੀ ਜੁੜਿਆ ਰਿਹਾ ਹੈ। ਢੀਂਗਰਾ ਦੱਸਦਾ ਹੈ, "ਫਿਲਮ ਦਿਖਾਉਂਦੀ ਹੈ ਕਿ ਕਿਵੇਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਭਾਰਤੀਆਂ ਨੂੰ ਗਰੀਸ ਦੇ ਰੂਟ ਰਾਹੀਂ ਲਿਜਾਇਆ ਜਾਂਦਾ ਸੀ ਪਰ ਫੜੇ ਜਾਣ 'ਤੇ ਉਨ੍ਹਾਂ ਨੂੰ ਜੰਗੀ ਕੈਦੀ ਬਣਾ ਕੇ ਤਬਾਦਲੇ ਵਜੋਂ ਤੁਰਕੀ, ਇਰਾਨ ਤੇ ਪਾਕਿਸਤਾਨ ਭੇਜ ਦਿੱਤਾ ਜਾਂਦਾ ਸੀ। ਉਂਝ, ਫਿਲਮ ਦਾ ਬਿਰਤਾਂਤ ਕਾਲਪਨਿਕ ਉਡਾਰੀ ਮਾਰਦਾ ਹੈ ਤੇ 'ਮੁਹੱਬਤ' ਨੂੰ ਮਾਟੋ ਬਣਾਉਂਦਾ ਹੈ।"

ਫਿਲਮ 'ਚ ਗੁਰੂ ਰੰਧਾਵਾ ਦੀ ਨਾਇਕਾ ਦਾ ਕਿਰਦਾਰ ਈਸ਼ਾ ਤਲਵਾਰ ਨੇ ਨਿਭਾਇਆ ਹੈ। ਇਹ ਪੰਜਾਬੀ ਕੁੜੀ ਮਲਿਆਲਮ, ਤੇਲਗੂ, ਤਾਮਿਲ ਤੇ ਹਿੰਦੀ ਸਿਨੇਮਾ ਦੇ ਨਾਲ-ਨਾਲ ਕੁਝ ਹਿੱਟ ਵੈੱਬ ਸ਼ੋਅ ਕਰ ਕੇ ਘਰ ਵਾਪਸ ਮੁੜੀ ਹੈ। ਮੁੰਬਈ ਦੀ ਜੰਮਪਲ ਈਸ਼ਾ ਮੁਤਾਬਕ, "ਕਾਸ਼! ਮੇਰੇ ਵੱਡੇ ਹੋਣ ਦੌਰਾਨ ਘਰ ਵਿਚ ਮਾਪਿਆਂ ਨੇ ਕੁਝ ਪੰਜਾਬੀ ਬੋਲੀ ਹੁੰਦੀ। ਹੁਣ ਮੈਨੂੰ ਇੱਥੇ ਆਪਣੀ ਮਾਤ ਭਾਸ਼ਾ ਨਾਲ ਸਹਿਜ ਹੋਣਾ ਸਿੱਖਣਾ ਪੈ ਰਿਹਾ ਹੈ। ਉਂਝ, ਮਾਤਭੂਮੀ 'ਤੇ ਪੰਜਾਬੀ ਸਿੱਖਣਾ ਬਹੁਤ ਚੰਗਾ ਤਜਰਬਾ ਹੈ, ਮੈਂ ਇੱਥੇ ਹੋਰ ਭੂਮਿਕਾਵਾਂ ਵੀ ਕਰਨਾ ਚਾਹਾਂਗੀ।" ਰਾਜ ਬੱਬਰ ਨਾਲ ਕੰਮ ਕਰਨ ਦੇ ਤਜਰਬੇ ਬਾਰੇ ਈਸ਼ਾ ਦਾ ਕਹਿਣਾ ਹੈ, "ਮੈਂ ਗੀਤ 'ਮੇਰੇ ਪਿਆਰ ਕੀ ਉਮਰ ਹੋ ਇਤਨੀ ਸਨਮ' ਸੁਣਦਿਆਂ ਵੱਡੀ ਹੋਈ ਹਾਂ, ਤੇ ਗੀਤ ਦੇ ਨਾਇਕ ਰਾਜ ਬੱਬਰ ਨਾਲ ਕੰਮ ਕਰਨਾ ਸ਼ਾਨਦਾਰ ਅਨੁਭਵ ਹੈ।"


ਗੁਰੂ ਰੰਧਾਵਾ ਨੇ ਭਾਵੇਂ ਪਹਿਲਾਂ ਹਿੰਦੀ ਫਿਲਮ 'ਕੁਛ ਖੱਟਾ ਹੋ ਜਾਏ' ਕੀਤੀ ਹੈ ਪਰ ਉਹ 'ਸ਼ਾਹਕੋਟ' ਨੂੰ ਆਪਣੀ ਪਹਿਲੀ ਫਿਲਮ ਮੰਨਦਾ ਹੈ ਕਿਉਂਕਿ ਇਹ ਪਹਿਲਾਂ ਫਿਲਮਾਈ ਗਈ ਸੀ। ਕਈ ਸੁਪਰਹਿੱਟ ਗੀਤ ਦੇਣ ਵਾਲਾ ਗੁਰੂ ਰੰਧਾਵਾ ਦੱਸਦਾ ਹੈ, "ਕਈ ਲੋਕ ਮੇਰੇ ਕੋਲ ਆਉਂਦੇ ਸਨ ਤੇ ਕਹਿੰਦੇ ਸਨ ਕਿ ਮੈਂ ਚੰਗਾ ਦਿਸਦਾ ਹਾਂ ਤੇ ਗਾਉਂਦਾ ਵੀ ਚੰਗਾ ਹਾਂ, ਇਸ ਲਈ ਮੈਨੂੰ ਹੀਰੋ ਬਣਨਾ ਚਾਹੀਦਾ ਹੈ। ਇਸ ਫਿਲਮ ਨੇ ਮੇਰੀ ਜ਼ਿੰਦਗੀ 'ਚ ਨਵਾਂ ਅਧਿਆਏ ਜੋੜਿਆ ਹੈ। ਹੁਣ ਮੈਂ ਹੋਰ ਭਾਸ਼ਾਵਾਂ ਹਿੰਦੀ, ਤੇਲਗੂ, ਤਾਮਿਲ ਵਿਚ ਵੀ ਫਿਲਮਾਂ ਕਰਨ ਦਾ ਚਾਹਵਾਨ ਹਾਂ। ਮੈਂ ਜਿੱਥੇ ਵੀ ਜਾਂਦਾ ਹਾਂ, ਪੰਜਾਬ ਦੀ ਪ੍ਰਤੀਨਿਧਤਾ ਕਰਦਾ ਹਾਂ। ਹਿੰਦੀ ਫਿਲਮਾਂ ਵਿਚ ਵੀ ਮੈਂ ਪੰਜਾਬੀ ਗੀਤ ਗਾਉਂਦਾ ਹਾਂ ਤੇ ਆਪਣੇ ਸੱਭਿਆਚਾਰ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਰਹਿੰਦੀ ਹੈ। 'ਸ਼ਾਹਕੋਟ' ਫਿਲਮ ਖ਼ੂਬਸੂਰਤ ਪ੍ਰੇਮ ਕਹਾਣੀ ਹੈ ਜਿਸ ਨੂੰ ਦਰਸ਼ਕ ਪਿਆਰ ਦੇਣਗੇ।" ਗੁਰੂ ਰੰਧਾਵਾ 'ਪਟੋਲਾ', 'ਹਾਈ ਰੇਟਡ ਗੱਭਰੂ', 'ਮੋਰਨੀ ਬਣ ਕੇ' ਅਤੇ 'ਲੱਗਦੀ ਲਾਹੌਰ ਦੀ' ਵਰਗੇ ਕਈ ਹਿੱਟ ਗੀਤ ਸਰੋਤਿਆਂ ਦੀ ਝੋਲੀ ਪਾ ਚੁੱਕਾ ਹੈ। 'ਸ਼ਾਹਕੋਟ' ਵਿਚ ਗੁਰੂ ਰੰਧਾਵਾ ਨੇ ਇਕਬਾਲ ਦਾ ਕਿਰਦਾਰ ਨਿਭਾਇਆ ਹੈ ਜੋ ਸਰਹੱਦ ਪਾਰ ਦਿਲ ਜਿੱਤਦਾ ਅਤੇ ਗੁਆ ਬਹਿੰਦਾ ਹੈ।

ਸੰਨ 1980 'ਚ ਆਪਣੀ ਪਹਿਲੀ ਪੰਜਾਬੀ ਫਿਲਮ 'ਚੰਨ ਪ੍ਰਦੇਸੀ' ਕਰਨ ਵਾਲੇ ਰਾਜ ਬੱਬਰ ਨੇ ਪੰਜਾਬੀ ਸਿਨੇਮਾ ਲਈ ਆਪਣਾ ਪ੍ਰੇਮ ਕਾਇਮ ਰੱਖਿਆ ਹੈ। ਆਪਣੇ ਕਰੀਅਰ ਦੀ ਸ਼ੁਰੂਆਤ ਵਿਚ ਉਸ ਨੇ ਹਰ ਸਾਲ ਇੱਕ ਪੰਜਾਬੀ ਫਿਲਮ ਕੀਤੀ ਜਿਨ੍ਹਾਂ 'ਚ ਮੁੱਖ ਰੁਮਾਂਟਿਕ ਭੂਮਿਕਾ ਜਾਂ ਨਾਇਕ ਦਾ ਕਿਰਦਾਰ ਕੀਤਾ। 'ਮੜ੍ਹੀ ਦਾ ਦੀਵਾ', 'ਲੌਂਗ ਦਾ ਲਿਸ਼ਕਾਰਾ', 'ਮਾਹੌਲ ਠੀਕ ਹੈ' ਤੇ 'ਯਾਰਾਂ ਨਾਲ ਬਹਾਰਾਂ' ਤੇ ਹੋਰ ਫਿਲਮਾਂ ਵਿਚ ਉਸ ਨੇ ਅਹਿਮ ਕਿਰਦਾਰ ਨਿਭਾਏ ਹਨ। ਅਦਾਕਾਰ ਤੇ ਸਿਆਸਤਦਾਨ ਬੱਬਰ ਨੇ ਕਿਹਾ, "ਕਹਾਣੀ ਤੇ ਰੂਹ ਨੂੰ ਸਕੂਨ ਦੇਣ ਵਾਲੇ ਕਈ ਗੀਤ ਸੁਣਨ ਤੋਂ ਬਾਅਦ ਗੁਰੂ ਰੰਧਾਵਾ ਦੇ ਫਿਲਮ 'ਚ ਹੋਣ ਦੇ ਮੱਦੇਨਜ਼ਰ ਮੈਂ ਇਹ ਫਿਲਮ ਕਰਨੀ ਹੀ ਸੀ। ਸਿਨੇਮਾ ਨੇ ਮੈਨੂੰ ਪਛਾਣ ਦਿੱਤੀ ਹੈ, ਇਸ ਲਈ ਇਹ ਮੇਰੇ ਦਿਲ ਦੇ ਕਰੀਬ ਹੈ ਤੇ ਹਮੇਸ਼ਾ ਰਹੇਗਾ।"

'ਚੰਨ ਪ੍ਰਦੇਸੀ' ਨੂੰ ਯਾਦ ਕਰਦਿਆਂ ਉਸ ਨੇ ਕਿਹਾ, "ਇਸ ਫਿਲਮ ਰਾਹੀਂ ਤਜਰਬਾ ਕੀਤਾ ਗਿਆ। ਪੂਣੇ ਫਿਲਮ ਸਕੂਲ (ਐੱਫ.ਟੀ.ਆਈ.ਆਈ.) ਦੇ ਲੋਕ ਕੁਝ ਵੱਖਰਾ ਕਰਨ ਲਈ ਇਕੱਠੇ ਹੋਏ ਸਨ। ਸਿਨੇਮੈਟੋਗ੍ਰਾਫਰ ਵਜੋਂ ਇਹ ਮਨਮੋਹਨ ਸਿੰਘ ਦੀ ਪਹਿਲੀ ਫਿਲਮ ਸੀ। ਅਮਰੀਸ਼ ਪੁਰੀ, ਓਮ ਪੁਰੀ, ਕੁਲਭੂਸ਼ਣ ਖਰਬੰਦਾ ਤੇ ਮੈਂ ਇਸ ਪ੍ਰੋਜੈਕਟ ਲਈ ਇਕੱਠੇ ਹੋਏ ਸੀ।" ਰਾਜ ਬੱਬਰ ਖ਼ੁਸ਼ ਹੈ ਕਿ ਲੰਘੇ ਕਈ ਦਹਾਕਿਆਂ 'ਚ ਪੰਜਾਬੀ ਫਿਲਮਾਂ ਨੇ ਆਲਮੀ ਪੱਧਰ 'ਤੇ ਵੱਡੀ ਗਿਣਤੀ ਵਿਚ ਦਰਸ਼ਕ ਕਮਾਏ ਹਨ। ਰਾਜ ਬੱਬਰ ਨੂੰ ਆਪਣੀ ਕਾਮਯਾਬੀ ਦਾ ਗਰੂਰ ਨਹੀਂ ਬਲਕਿ ਉਸ ਦਾ ਕਹਿਣਾ ਹੈ, "ਕਾਮਯਾਬੀ ਨੇ ਹੀ ਮੈਨੂੰ ਨਿਮਰ ਬਣਾਇਆ ਹੈ।"

ਰਾਜ ਬੱਬਰ ਦੇ ਤਿੰਨ ਬੱਚੇ ਆਰੀਆ ਬੱਬਰ, ਜੂਹੀ ਬੱਬਰ ਤੇ ਪ੍ਰਤੀਕ ਬੱਬਰ ਵੀ ਅਦਾਕਾਰੀ ਦੇ ਖੇਤਰ ਵਿਚ ਆਏ ਹਨ। ਰਾਜ ਬੱਬਰ ਕਹਿੰਦਾ ਹੈ, "ਮੈਂ ਉਨ੍ਹਾਂ ਦੀ ਜ਼ਿੰਦਗੀ 'ਚ ਬਹੁਤਾ ਦਖਲ ਨਹੀਂ ਦਿੰਦਾ। ਹਾਂ, ਜਦ ਉਨ੍ਹਾਂ ਨੂੰ ਮੁਸ਼ਕਿਲ ਹੁੰਦੀ ਹੈ ਤਾਂ ਉਹ ਮੇਰੇ ਕੋਲ ਆਉਂਦੇ ਹਨ ਪਰ ਜ਼ਿਆਦਾਤਰ ਮੈਂ ਉਨ੍ਹਾਂ ਵੱਲੋਂ ਆਪਣੇ ਲਈ ਖ਼ੁਦ ਕੀਤੇ ਫ਼ੈਸਲਿਆਂ 'ਤੇ ਹੀ ਭਰੋਸਾ ਰੱਖਦਾ ਹਾਂ।' 'ਨੈਸ਼ਨਲ ਸਕੂਲ ਆਫ ਡਰਾਮਾ' ਤੋਂ ਸਿਖਲਾਈ ਪ੍ਰਾਪਤ ਰਾਜ ਬੱਬਰ ਦਾ ਮੰਨਣਾ ਹੈ ਕਿ ਕਲਾਕਾਰ ਨੂੰ ਤਰਾਸ਼ਿਆ ਜਾ ਸਕਦਾ ਹੈ, ਉਂਝ ਤਾ ਸਾਰੇ ਹੀ ਅਦਾਕਾਰ ਹਨ ਤੇ ਜ਼ਿੰਦਗੀ ਵਿਚ ਆਪੋ-ਆਪਣੇ ਕਿਰਦਾਰ ਜਿਊਂਦੇ ਹਨ।






*ਫਿਲਮ 'ਸ਼ਾਹਕੋਟ' ਦੇ ਦੋ ਪੋਸਟਰ ਅਤੇ (ਐਨ ਸੱਜੇ) ਫਿਲਮ ਦਾ ਡਾਇਰੈਕਟਰ ਰਾਜੀਵ ਢੀਂਗਰਾ।*


PUNJAB FC MELA 2024
PUNJAB FC
9TH ANNUAL KHED MELA
Free PARKING & FOOD AVAILABLE
•Live EVENING CONCERT
SEPTEMBER 7TH 2024
HERITAGE PARK CANTON
1150 CANTON CENTER RD, CANTON, MI
GAME CATEGORIES INCLUDE:
GOLF COMPETITION
SEEP COMPETITION
VOLLEYBALL
KABADDI
SOCCER
CRICKET
ATHLETICS
SOCCER
GURINDER DHANOA 734-674-3813
KABADDI
KEEPA TANDA: +1(214) 973-2233
PARAMJIT S SAGINAW: 989-928-1125
JASWINDER SANDHU: 734-931-2313
VOLLEYBALL
SMASHING & SHOOTING
HARSH GILL: 734-674-0427
CRICKET
SUPER 6 MATCHES
GURINDER MANGAT 734-447-6159
SPONSORSHIPS
GOLDY DHILLON: 734-444-9625 | RUSTY SEKHON: 734-233-8464
DAVINDER GREWAL: 734-560-2886
GENERAL INQUIRIES CONTACT: 734-377-8845
VISIT OUR WEBSITE WWW.PUNJABFCMI.COM


SEPTEMBER 7TH 2024
PUNJAB FC MELA 2024
PUNJAB FC 9TH ANNUAL KHED MELA 2024
HERITAGE PARK CANTON 1150 S CANTON CENTER RD, CANTON, MI 48188
RAUNAK Maan
Live Evening Concert
FREE FOOD AND DIFFERENT VENDOOR STALL
FREE MELA
FREE FOOD
OPEN TO PUBLIC
FREE PARKING
FOR SPONSORSHIP AND EVENT INFO VISIT OUR WEBSITE:
WWW.PUNJABFCMI.COM


PUNJAB FC MELA 2024
PUNJAB FC 9TH ANNUAL KHED MELA 2024
PUNJAB FC
KABADDI CUP 2024
SATURDAY 7TH SEPTEMBER 2024
HERITAGE PARK 1150 S CANTON CENTER RD, CANTON, MI 48188
DESIGN BY BALJIT RURKA
HARSHDEEP SINGH GILL
RANJIT SINGH
CHARNJIT SEKHON
GOLDY DHILLON
DAVINDER SINGH GREWAL
PARDIP SINGH SANGHA
GURINDER SINGH DHANOA
ARWINDER BADESHA
GURINDER SINGH MANGAT
KEEPA TANDA
PARMJIT SINGH SAGINAW
JASWINDER SANDHU
NAVDEEP SINGH GILL
LALI MANGAT
MAIN ORGANIZERS